# ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਤੇ ਵੈਰਾਗ

**GURU TEG BAHADAR TE FARID BANI VICH BIRHON TE VAIRAG**

ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)

ਦੀ ਭਾਸ਼ਾ ਅਤੇ ਕਲ਼ਾ ਫ਼ੈਕਲਟੀ ਦੇ ਪੰਜਾਬੀ ਵਿਭਾਗ

ਵਿੱਚ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**


ਖੋਜਾਰਥੀ

ਸ਼ਵਿੰਦਰ ਸਿੰਘ

ਯੂਨੀਵਰਸਿਟੀ ਰੋਲ ਨੰ: 136811016

ਨਿਗਰਾਨ

ਡਾ. ਬਲਜਿੰਦਰ ਸਿੰਘ



ਯੂਨੀਵਰਸਿਟੀ ਕਾਲਜ ਆੱਫ਼ ਬੇਸਿਕ ਸਾਇੰਸ ਐਂਡ ਹਿਊਮੈਨਟੀਜ਼

ਗੁਰੂ ਕਾਸ਼ੀ ਯੂਨੀਵਰਸਿਟੀ

ਤਲਵੰਡੀ ਸਾਬੋ, ਬਠਿੰਡਾ, ਪੰਜਾਬ (ਭਾਰਤ)

2020

# ਧੰਨਵਾਦ


ਸਭ ਤੋਂ ਪਹਿਲਾਂ ਉਸ ਵਾਹਿਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਟਿ-ਕੋਟਿ ਧੰਨਵਾਦ ਜਿਨ੍ਹਾਂ ਦੀ ਅਪਾਰ ਕਿਰਪਾ ਸਦਕਾ ਇਹ ਖੋਜ ਕਾਰਜ ਨੇਪਰੇ ਚੜਿਆ।

ਮੈਂ ਧੰਨਵਾਦੀ ਹਾਂ ਆਪਣੇ ਸਤਿਕਾਰਯੋਗ ਨਿਗਰਾਨ ਡਾ. ਬਲਜਿੰਦਰ ਸਿੰਘ ਦਾ ਜਿਨ੍ਹਾਂ ਦੀ ਯੋਗ ਅਗਵਾਈ ਰਾਹੀਂ ਮੇਰਾ ਇਹ ਖੋਜ ਕਾਰਜ ਮੁਕੰਮਲ ਹੋਇਆ।

ਮੈਂ ਸ਼ੁਕਰਗੁਜ਼ਾਰ ਹਾਂ ਵੀ.ਸੀ. ਡਾ. ਐੱਚ.ਐੱਸ. ਰੋਜ਼, ਡੀਨ ਯੂਨੀਵਰਸਿਟੀ ਕਾਲਜ ਆੱਫ ਬੇਸਿਕ ਸਾਇੰਸ ਐਂਡ ਹਿਊਮੈਨਟੀਜ਼ ਡਾ. ਸਤਨਾਮ ਸਿੰਘ ਜੱਸਲ, ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਕੌਰ ਵਿਰਕ, ਡਾ. ਬਲਵੰਤ ਸਿੰਘ ਸੰਧੂ, ਡਾ. ਸਾਕ ਮੁਹੰਮਦ, ਡਾ. ਰਮਨਦੀਪ ਕੌਰ ਅਤੇ ਬਾਕੀ ਅਧਿਆਪਕਾਂ ਦਾ ਜਿਨ੍ਹਾਂ ਦੇ ਪਿਆਰ, ਹੱਲਾਸ਼ੇਰੀ ਅਤੇ ਅਗਵਾਈ ਸਦਕਾ ਮੇਰਾ ਇਹ ਖੋਜ ਕਾਰਜ ਸੰਪੂਰਨ ਹੋਇਆ।

ਮੈਂ ਧੰਨਵਾਦੀ ਹਾਂ ਡੀਨ ਰੀਸਰਚ ਅਤੇ ਸਮੂਹ ਰੀਸਰਚ ਫ਼ੈਕਲਟੀ ਦਾ ਜਿਨ੍ਹਾਂ ਨੇ ਸਮੇਂ ਸਮੇਂ 'ਤੇ ਜ਼ਰੂਰੀ ਤਕਨੀਕੀ ਨੁਕਤਿਆਂ ਤੋਂ ਜਾਣੂ ਕਰਵਾਇਆ।

ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੀਆਂ ਸੰਸਥਾਵਾਂ, ਲਾਇਬ੍ਰੇਰੀਆਂ, ਲੇਖਕਾਂ ਅਤੇ ਵਿਦਵਾਨਾਂ ਦਾ ਜਿਨ੍ਹਾਂ ਦੀ ਖੋਜ ਸਮੱਗਰੀ ਮੇਰੇ ਖੋਜ ਕਾਰਜ ਲਈ ਮੱਦਦਗਾਰ ਸਾਬਤ ਹੋਈ।

ਮੈਂ ਵਿਸ਼ੇਸ਼ ਤੌਰ 'ਤੇ ਰਿਣੀ ਹਾਂ ਡਾ. ਕੁਲਬੀਰ ਮਲਿਕ, ਡਾ. ਸੁਨੀਲ ਡੱਬਵਾਲੀ, ਡਾ. ਜਗਵਿੰਦਰ ਸਿੰਘ, ਡਾ. ਰਜਿੰਦਰ ਸਿੰਘ ਰੱਲੀ, ਰਾਜ ਸਿੰਘ ਰਾਜ, ਸਰਬਜੀਤ ਸਿੰਘ ਖੰਨਾ ਆਦਿ ਦਾ ਜਿਨ੍ਹਾਂ ਦੀ ਨਿਰਸੁਆਰਥ ਅਤੇ ਮੁੱਲਵਾਨ ਅਗਵਾਈ ਤੋਂ ਵਗੈਰ ਮੇਰਾ ਇਹ ਖੋਜ ਕਾਰਜ ਅਧੂਰਾ ਰਹਿਣਾ ਸੀ।

ਮੈਂ ਆਪਣੇ ਪੂਰੇ ਪਰਿਵਾਰ ਤੇ ਖ਼ਾਸ ਕਰਕੇ ਆਪਣੀ ਮਾਤਾ ਅਤੇ ਜੀਵਨ ਸਾਥਣ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਹਮੇਸ਼ਾ ਹੀ ਆਪਣੇ ਕੰਮਾਂ ਨੂੰ ਪਿੱਛੇ ਰੱਖ ਕੇ ਮੇਰੇ ਇਸ ਰੀਸਰਚ ਕਾਰਜ ਨੂੰ ਸੰਪੂਰਨ ਕਰਨ ਵਿੱਚ ਦਿਲੋਂ ਮੱਦਦ ਕੀਤੀ।

ਅੰਤ ਵਿੱਚ ਮੈਂ ਮਨਪ੍ਰੀਤ ਸਿੰਘ ਮੁਕਤਸਰ, ਵਿੱਕੀ ਅਬੁਲ ਖੁਰਾਣਾ ਅਤੇ ਗੁਰਪ੍ਰੀਤ ਸਿੰਘ ਅਬੁਲ ਖੁਰਾਣਾ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ ਕਾਰਜ ਨੂੰ ਅੱਖਰੀ ਰੂਪ ਦਿੱਤਾ।

ਸ਼ਵਿੰਦਰ ਸਿੰਘ

1. Name of Student : **Shavinder Singh**
2. Roll No. : **136811016**
3. Area/Discipline of research : **PUNJABI**

| **Name of Author** | **Title of paper** | **Name of Research Journal** | **Month/year of Publication** | **Page No** | **ISSN** | **UGC Journal No** |
|---|---|---|---|---|---|---|
| Shavinder Singh | Guru Nank Bani : Ik adhyian | PRAMANA | July.Sept.2018 | 39-43 | 2249-2976 | 41241 |
| Shavinder Singh | Ajmer Singh Aulakh de natak Satt Bagane da : vastu te roop | CHINTAN | July.Sept.2018 | 42-45 | 2229-7227 | 41243 |

Shavinder Singh

# ਤਤਕਰਾ


**ਭੂਮਿਕਾ** **i-ii**

**ਅਧਿਆਇ ਪਹਿਲਾ** **1-31**

ਗੁਰਮਤਿ ਕਾਵਿ ਤੇ ਸੂਫੀ ਕਾਵਿ ਦੀ ਤੁਲਨਾ ਦੇ ਆਧਾਰ ਮਾਪਦੰਡ

(ੳ) ਤੁਲਨਾਤਮਕ ਅਧਿਐਨ ਵਿਧੀ : ਸਿਧਾਂਤਕ ਪਰਿਪੇਖ

(ਅ) ਚਿੰਤਨ ਸਮੱਗਰੀ ਦੀ ਰੂਪ ਰੇਖਾ (ਗੁਰਮਤਿ ਕਾਵਿ ਅਤੇ ਸੂਫੀ ਕਾਵਿ)

(ੲ) ਖੋਜ ਕਾਰਜ ਦਾ ਸਰੂਪ (ਗੁਰਮਤਿ ਕਾਵਿ ਅਤੇ ਸੂਫੀ ਕਾਵਿ)

**ਅਧਿਆਇ ਦੂਸਰਾ** **32-84**

ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਦਾ ਸੰਕਲਪ

(ੳ) ਗੁਰਮਤਿ ਵਿੱਚ ਬਿਰਹੋਂ ਦਾ ਸੰਕਲਪ

(ਅ) ਗੁਰੂ ਤੇਗ ਬਹਾਦਰ ਬਾਣੀ ਵਿੱਚ ਬਿਰਹੋਂ ਦਾ ਸੰਕਲਪ

(ੲ) ਭਾਰਤੀ ਦਰਸ਼ਨ ਨਾਲ ਸਾਂਝ

(ਸ) ਸੂਫੀ ਕਾਵਿ ਵਿੱਚ ਬਿਰਹੋਂ ਦਾ ਸੰਕਲਪ

(ਹ) ਕਲਾਮ ਫ਼ਰੀਦ ਵਿੱਚ ਬਿਰਹੋਂ ਦਾ ਸੰਕਲਪ

(ਕ) ਸਾਮੀ ਅਤੇ ਵੇਦਾਂਤ ਨਾਲ ਸਾਂਝ

**ਅਧਿਆਇ ਤੀਸਰਾ** **85-142**

ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਵੈਰਾਗ ਦਾ ਸੰਕਲਪ

(ੳ) ਗੁਰਮਤਿ ਵਿੱਚ ਵੈਰਾਗ ਦਾ ਸੰਕਲਪ

(ਅ) ਗੁਰੂ ਤੇਗ ਬਹਾਦਰ ਬਾਣੀ ਵਿੱਚ ਵੈਰਾਗ ਦਾ ਸੰਕਲਪ

(ੲ) ਗੁਰਮਤਿ ਦਰਸ਼ਨ ਨਾਲ ਸਾਂਝ

(ਸ) ਸੂਫ਼ੀ ਕਾਵਿ ਵਿੱਚ ਵੈਰਾਗ ਦਾ ਸੰਕਲਪ

(ਹ) ਕਲਾਮ ਫ਼ਰੀਦ ਵਿੱਚ ਵੈਰਾਗ ਦਾ ਸੰਕਲਪ

(ਕ) ਸੂਫ਼ੀਮਤ ਨਾਲ ਸਾਂਝ

**ਅਧਿਆਇ ਚੌਥਾ** **143-192**

ਗੁਰੂ ਤੇਗ ਬਾਹਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਤੇ ਵੈਰਾਗ

(ੳ) ਸਾਂਝਾਂ

(ਅ) ਵਖਰੇਵੇਂ

**ਸਾਰ ਤੇ ਸਥਾਪਨਾਵਾਂ** **193-204**

**ਪੁਸਤਕ ਸੂਚੀ** **205-217**

# ਭੂਮਿਕਾ

ਸਾਹਿਤ ਮਾਨਵੀ ਜੀਵਨ ਵਿੱਚਲੇ ਹਰ ਪ੍ਰਕਾਰ ਦੇ ਵੇਰਵਿਆਂ ਨੂੰ ਪ੍ਰਸਤੁਤ ਕਰਨ ਦੀ ਸਮਰੱਥਾ ਰੱਖਦਾ ਹੈ। ਸਾਹਿਤ ਮਾਨਵੀ ਸਮਾਜ ਅੰਦਰਲੀ ਹਰ ਪ੍ਰਕਾਰ ਦੀ ਵਿਚਾਰਧਾਰਾ ਨੂੰ ਸਮੋਈ ਰੱਖਦਾ ਹੈ ਅਤੇ ਉਸਦੇ ਇਤਿਹਾਸ ਨੂੰ ਸਮਕਾਲ ਨਾਲ ਬਾਵਾਸਤਾ ਵੀ ਕਰਦਾ ਰਹਿੰਦਾ ਹੈ। ਇਸੇ ਪ੍ਰਕਾਰ ਸਾਹਿਤ ਆਪਣੀਆਂ ਵੱਖ ਵੱਖ ਰੂਪ ਵੰਨਗੀਆਂ ਰਾਹੀਂ ਹਰ ਦੌਰ ਦੇ ਸਾਹਿਤਕ ਪ੍ਰਵਚਨ ਨੂੰ ਮੂਰਤੀਮਾਨ ਕਰਦਾ ਹੈ। ਸਾਹਿਤ ਦੇ ਨਾਲ ਨਾਲ ਖੋਜ ਕਾਰਜਾਂ ਦੀ ਵੀ ਆਪਣੀ ਵਿਸ਼ੇਸ਼ਤਾ ਹੈ ਜੋ ਕੀ ਹੈ, ਕਿਵੇਂ ਹੈ ਆਦਿ ਰਾਹੀਂ ਹਰ ਪ੍ਰਕਾਰ ਦੀ ਸਾਹਿਤਕ ਕ੍ਰਿਤ ਦਾ ਮੁਤਾਲਿਆ ਕਰਦਿਆਂ ਉਸ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਕੇ ਸਹੀ ਜਾਣਕਾਰੀ ਦਾ ਰਾਹ ਖੋਲਦੀ ਹੈ।

ਸਾਡੀ ਖੋਜ ਦਾ ਵਿਸ਼ਾ '**ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਤੇ ਵੈਰਾਗ**' ਹੈ। ਦੋਨੋਂ ਮਹਾਂਕਵੀ ਪੰਜਾਬੀ ਸਾਹਿਤ ਜਗਤ ਦੇ ਪ੍ਰਸਿੱਧ ਰਚਨਾਕਾਰ ਹਨ। ਗੁਰੂ ਤੇਗ ਬਹਾਦਰ ਅਤੇ ਬਾਬਾ ਫ਼ਰੀਦ ਦੋਨਾਂ ਨੇ ਹੀ ਪੰਜਾਬੀ ਸਾਹਿਤ ਜਗਤ ਦੀਆਂ ਦੋ ਵੱਡੀਆਂ ਵਿਚਾਰਧਾਰਾਵਾਂ ਗੁਰਮਤਿ ਅਤੇ ਸੂਫ਼ੀ ਕਾਵਿ ਵਿੱਚ ਸਨਮਾਣਯੋਗ ਸਥਾਨ ਪ੍ਰਾਪਤ ਕੀਤਾ ਹੈ। ਦੋਨਾਂ ਹੀ ਮਹਾਂਪੁਰਖਾਂ ਦੀ ਬਾਣੀ ਲੋਕਾਂ ਵਿੱਚ ਪਿਆਰੀ ਅਤੇ ਸਤਿਕਾਰੀ ਜਾਂਦੀ ਹੈ, ਜਿਸ ਦੀ ਸਮਕਾਲੀ ਦੌਰ ਵਿੱਚ ਵੀ ਕਾਫ਼ੀ ਮਹੱਤਤਾ ਹੈ। ਦੋਨਾਂ ਧਾਰਾਵਾਂ ਦੇ ਕਵੀਆਂ ਨੇ ਸੰਸਾਰ ਦੇ ਸੱਚ ਨੂੰ ਵਿਅਕਤ ਕਰਦਿਆਂ ਸੋਹਣੇ ਮਾਨਵ ਦੀ ਘਾਟਤ ਵੱਲ ਸੰਕੇਤ ਕੀਤਾ ਹੈ। ਸਾਡਾ ਖੋਜ ਮਨੋਰਥ ਦੋਨਾਂ ਹੀ ਮਹਾਂਪੁਰਖਾਂ ਦੇ ਕਾਵਿ ਚਿੰਤਨ ਦਾ ਤੁਲਨਾਤਮਕ ਅਧਿਐਨ ਕਰਦਿਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਲੱਭ ਕੇ ਖੋਜ ਖੇਤਰ ਵਿੱਚ ਇਜਾਫ਼ਾ ਕਰਨਾ ਹੈ। ਇਸ ਕਾਰਜ ਨੂੰ ਨੇਪਰੇ ਚਾੜਣ ਲਈ ਅਸੀਂ ਸਮੁੱਚੇ ਖੋਜ ਕਾਰਜ ਨੂੰ ਚਾਰ ਪ੍ਰਮੁੱਖ ਅਧਿਆਇਆਂ ਵਿੱਚ ਵੰਡਿਆ ਹੈ ਅਤੇ ਪੰਜਵਾਂ ਸਾਰ ਤੇ ਸਥਾਪਨਾਵਾਂ ਹਨ।

'ਗੁਰਮਤਿ ਕਾਵਿ ਤੇ ਸੂਫ਼ੀ ਕਾਵਿ ਦੀ ਤੁਲਨਾ ਦੇ ਆਧਾਰ ਮਾਪਦੰਡ' ਪਹਿਲਾ ਅਧਿਆਇ ਹੈ ਜਿਸ ਨੂੰ ਅੱਗੋਂ(ੳ) ਤੁਲਨਾਤਮਕ ਅਧਿਐਨ ਵਿਧੀ : ਸਿਧਾਂਤਕ ਪਰਿਪੇਖ (ਅ) ਚਿੰਤਨ ਸਮੱਗਰੀ ਦੀ ਰੂਪ ਰੇਖਾ (ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ) (ੲ) ਖੋਜ ਕਾਰਜ ਦਾ ਸਰੂਪ (ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ) ਉਪ-ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਜਿਸ ਵਿੱਚ ਤੁਲਨਾ ਦੇ ਆਧਾਰ ਨਿਸ਼ਚਿਤ ਕਰਦਿਆਂ ਤੁਲਨਾਤਮਕ

ਵਿਧੀ ਦੇ ਸਿਧਾਂਤਕ ਪ੍ਰਸੰਗ ਨੂੰ ਵਿਚਾਰਿਆ ਗਿਆ ਹੈ ਅਤੇ ਇਸ ਦੇ ਨਾਲ ਨਾਲ ਚਿੰਤਨ ਸਮੱਗਰੀ ਅਤੇ ਖੋਜ ਕਾਰਜ ਦੇ ਮਹਾਂਦਰੇ ਨੂੰ ਵੀ ਸਪੱਸ਼ਟ ਕੀਤਾ ਗਿਆ ਹੈ।

ਅਧਿਆਇ ਦੂਸਰਾ 'ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਦਾ ਸੰਕਲਪ' ਨੂੰ ਛੇ ਉਪ ਭਾਗਾਂ (ੳ) ਗੁਰਮਤਿ ਵਿੱਚ ਬਿਰਹੋਂ ਦਾ ਸੰਕਲਪ (ਅ) ਗੁਰੂ ਤੇਗ ਬਹਾਦਰ ਬਾਣੀ ਵਿੱਚ ਬਿਰਹੋਂ ਦਾ ਸੰਕਲਪ (ੲ) ਭਾਰਤੀ ਦਰਸ਼ਨ ਨਾਲ ਸਾਂਝ (ਸ) ਸੂਫ਼ੀ ਕਾਵਿ ਵਿੱਚ ਬਿਰਹੋਂ ਦਾ ਸੰਕਲਪ (ਹ) ਕਲਾਮ ਫ਼ਰੀਦ ਵਿੱਚ ਬਿਰਹੋਂ ਦਾ ਸੰਕਲਪ (ਕ) ਸਾਮੀ ਅਤੇ ਵੇਦਾਂਤ ਨਾਲ ਸਾਂਝ ਵਿੱਚ ਵੰਡ ਕੇ ਗੁਰਮਤਿ ਅਤੇ ਸੂਫ਼ੀ ਵਿਚਾਰਧਾਰਾ ਦੇ ਸਮੁੱਚ ਵਿੱਚ ਦੋਨਾਂ ਮਹਾਂਪੁਰਖਾਂ ਦੀ ਬਾਣੀ ਦਾ ਮੁਤਾਲਿਆ ਪ੍ਰਸਤੁਤ ਕੀਤਾ ਹੈ ਅਤੇ ਦੋਨਾਂ ਹੀ ਮੂਲ ਧਾਰਾਵਾਂ ਨਾਲ ਮੁਲਾਂਕਣ ਕੀਤਾ ਗਿਆ ਹੈ।

'ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਵੈਰਾਗ ਦਾ ਸੰਕਲਪ' ਇਸ ਖੋਜ ਕਾਰਜ ਦਾ ਤੀਸਰਾ ਅਧਿਆਇ ਹੈ, ਜਿਸ ਨੂੰ ਅੱਗੇ (ੳ) ਗੁਰਮਤਿ ਵਿੱਚ ਵੈਰਾਗ ਦਾ ਸੰਕਲਪ (ਅ) ਗੁਰੂ ਤੇਗ ਬਹਾਦਰ ਬਾਣੀ ਵਿੱਚ ਵੈਰਾਗ ਦਾ ਸੰਕਲਪ (ੲ) ਗੁਰਮਤਿ ਦਰਸ਼ਨ ਨਾਲ ਸਾਂਝ (ਸ) ਸੂਫ਼ੀ ਕਾਵਿ ਵਿੱਚ ਵੈਰਾਗ ਦਾ ਸੰਕਲਪ (ਹ) ਕਲਾਮ ਫ਼ਰੀਦ ਵਿੱਚ ਵੈਰਾਗ ਦਾ ਸੰਕਲਪ (ਕ) ਸੂਫ਼ੀਮਤ ਨਾਲ ਸਾਂਝ ਉਪ ਭਾਗਾਂ ਵਿੱਚ ਵੰਡਿਆ ਹੋਇਆ ਹੈ। ਇਸ ਅਧਿਆਇ ਵਿੱਚ ਵੈਰਾਗ ਨੂੰ ਪਰਿਭਾਸ਼ਿਤ ਕਰਦਿਆਂ ਇਸ ਦੇ ਆਦਿ ਤੋਂ ਦੋਨਾਂ ਮਹਾਂਪੁਰਖਾਂ ਦੇ ਚਿੰਤਨ ਤੱਕ ਦੇ ਸਫ਼ਰ ਨੂੰ ਪਛਾਨਣ ਦਾ ਯਤਨ ਕੀਤਾ ਗਿਆ ਹੈ ਅਤੇ ਦੋਨਾਂ ਵਿਚਾਰਧਾਰਾਵਾਂ ਵਿੱਚ ਇਸ ਦੇ ਸਵਰੂਪ ਨੂੰ ਸਪੱਸ਼ਟ ਕੀਤਾ ਗਿਆ ਹੈ।

ਇਸ ਖੋਜ ਕਾਰਜ ਦਾ ਚੌਥਾ ਮਹੱਤਵਪੂਰਨ ਅਧਿਆਇ 'ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਤੇ ਵੈਰਾਗ' ਹੈ ਜਿਸ ਨੂੰ ਦੋ ਉਪ ਭਾਗਾਂ (ੳ) ਸਾਂਝਾਂ (ਅ) ਵਖਰੇਵੇਂ ਵਿੱਚ ਵੰਡ ਕੇ ਪਾਰਦਰਸ਼ੀ ਬਣਾਉਣ ਦਾ ਕਾਰਜ ਕੀਤਾ ਗਿਆ ਹੈ। ਇਨ੍ਹਾਂ ਵਖਰੇਵਿਆਂ ਅਤੇ ਸਾਂਝਾਂ ਵਿੱਚ ਵਸਤੂ ਅਤੇ ਰੂਪ ਦੋਨਾਂ ਨੂੰ ਧਿਆਨ ਵਿੱਚ ਰੱਖ ਕੇ ਮੁਤਾਲਿਆ ਪ੍ਰਸਤੁਤ ਕੀਤਾ ਗਿਆ ਹੈ।

ਸਾਰ ਤੇ ਸਥਾਪਨਾਵਾਂ ਸਮੁੱਚੀ ਖੋਜ ਨੂੰ ਸਿਰੇ ਚਾੜਣ ਵਾਲਾ ਅਧਿਆਇ ਹੈ ਜਿਸ ਵਿੱਚ ਸਮੁੱਚੇ ਖੋਜ ਕਾਰਜ ਨੂੰ ਸੰਖੇਪ ਵਿੱਚ ਪ੍ਰਸਤੁਤ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ ਅਤੇ ਅੰਤ ਵਿੱਚ ਵਿਧੀਵਧ ਰੂਪ ਵਿੱਚ ਪੁਸਤਕ ਸੂਚੀ ਨੱਥੀ ਹੈ।

# ਅਧਿਆਇ ਪਹਿਲਾ

# ਗੁਰਮਤਿ ਕਾਵਿ ਤੇ ਸੂਫ਼ੀ ਕਾਵਿ ਦੀ ਤੁਲਨਾ ਦੇ ਆਧਾਰ ਮਾਪਦੰਡ

**(ੳ) ਤੁਲਨਾਤਮਕ ਅਧਿਐਨ ਵਿਧੀ : ਸਿਧਾਂਤਕ ਪਰਿਪੇਖ**

ਅਜੋਕੇ ਯੁੱਗ ਵਿੱਚ ਸੰਸਾਰ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਗਿਆਨ ਅਤੇ ਸੂਚਨਾਵਾਂ ਦਾ ਅਦਾਨ-ਪ੍ਰਦਾਨ ਨਿਤ ਦਾ ਵਰਤਾਰਾ ਬਣ ਚੁੱਕਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਅਤੇ ਤਕਨੀਕੀ ਵਿਗਿਆਨ ਦੇ ਸਦਕਾ ਸਮੁੱਚਾ ਸੰਸਾਰ ਇੱਕ ਪਿੰਡ ਦੇ ਰੂਪ ਵਿੱਚ ਤਬਦੀਲ ਹੁੰਦਾ ਜਾ ਰਿਹਾ ਹੈ। ਇਸ ਵਰਤਾਰੇ ਨੇ ਮਨੁੱਖ ਦੇ ਅੰਦਰ ਆਪਣੇ ਘੇਰੇ ਤੋਂ ਬਾਹਰ ਦੇ ਸੰਸਾਰ ਨੂੰ ਵੇਖਣ, ਸਮਝਣ ਅਤੇ ਮਾਣਨ ਦੀ ਇੱਛਾ ਪੈਦਾ ਕਰ ਦਿਤੀ ਹੈ। ਇਸ ਇੱਛਾ ਅਨੁਸਾਰ ਹੀ ਮਨੁੱਖ ਕਿਸੇ ਹੋਰ ਦੇਸ ਜਾਂ ਇਲਾਕੇ ਦੀ ਸੱਭਿਅਤਾ, ਇਤਿਹਾਸ ਅਤੇ ਸਾਹਿਤ ਤੋਂ ਜਾਣੂ ਹੋਣਾ ਚਾਹੁੰਦਾ ਹੈ। ਇਸ ਜਾਣਨ ਦੀ ਪ੍ਰਕਿਰਿਆ ਸਦਕਾ ਹੀ ਮਨੁੱਖ ਅੰਦਰ ਸਮਾਨਤਾਵਾਂ ਅਤੇ ਵਖਰੇਵਿਆਂ ਦਾ ਭਾਵ ਪੈਦਾ ਹੁੰਦਾ ਹੈ। ਇਸ ਪ੍ਰਕਿਰਿਆ ਵਿੱਚੋਂ ਹੀ ਤੁਲਨਾ ਦਾ ਜਨਮ ਹੁੰਦਾ ਹੈ। ਕਿਸੇ ਹੋਰ ਸੱਭਿਆਚਾਰ, ਇਤਿਹਾਸ ਜਾਂ ਸਾਹਿਤ ਨੂੰ ਵੇਖਣ ਜਾਂ ਪੜ੍ਹਨ ਉਪਰੰਤ ਉਸ ਦੀ ਤੁਲਨਾ ਆਪਣੇ ਸੱਭਿਆਚਾਰ, ਇਤਿਹਾਸ ਜਾਂ ਸਾਹਿਤ ਨਾਲ ਕੀਤੀ ਜਾਂਦੀ ਹੈ, ਜਿੱਥੋਂ ਤੁਲਨਾਤਮਕ ਅਧਿਐਨ ਦਾ ਜਨਮ ਹੁੰਦਾ ਹੈ। ਸ਼ੁਰੂ ਵਿੱਚ ਇਸ ਅਧਿਐਨ ਨੂੰ ਕੁੱਝ ਵਿਦਵਾਨਾਂ ਨੇ ਸਾਹਿਤ ਆਲੋਚਨਾ ਜਾਂ ਸਾਹਿਤ ਇਤਿਹਾਸ ਦਾ ਹੀ ਇੱਕ ਰੂਪ ਬਿਆਨ ਕੀਤਾ ਸੀ ਪਰੰਤੂ ਅਜੋਕੇ ਅਕਾਦਮਿਕ ਜਗਤ ਵਿੱਚ ਤੁਲਨਾਤਮਕ ਅਧਿਐਨ ਇੱਕ ਸੁਤੰਤਰ ਸਾਹਿਤ ਅਧਿਐਨ ਬਣ ਕੇ ਸਥਾਪਿਤ ਹੋ ਚੁੱਕਾ ਹੈ। ਹਰਚੰਦ ਸਿੰਘ ਬੇਦੀ ਤੁਲਨਾਤਮਕ ਸਾਹਿਤ ਅਧਿਐਨ ਦੀ ਵਿਕਾਸ ਪ੍ਰਕਿਰਿਆ ਬਾਰੇ ਲਿਖ਼ਦੇ ਹਨ ਕਿ :-

"ਪਹਿਲਾਂ ਪਹਿਲ ਜਿੱਥੇ ਇਸ ਅਨੁਸ਼ਾਸਨ ਦੇ ਵਜੂਦ ਨੂੰ ਹੀ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਰਿਹਾ ਹੈ। ਉੱਥੇ ਕਈ ਚਿੰਤਕਾਂ ਨੇ ਇਸ ਨਾਲ ਬੜੇ ਸੰਕੀਰਣ ਅਰਥ ਵੀ ਜੋੜੇ ਪਰੰਤੂ ਅਜੋਕੇ ਯੁੱਗ ਵਿੱਚ ਇਸ ਅਨੁਸ਼ਾਸਨ ਸੰਬੰਧੀ ਵਿਭਿੰਨ ਮੁਲਕਾਂ ਵਿੱਚ ਨਿੱਠ ਕੇ ਵਿਚਾਰ ਚਰਚਾ ਹੋਈ ਹੈ ਅਤੇ ਹੁਣ ਇਹ ਸੰਕਲਪ ਅਨਿਸ਼ਚਿਤ ਜਾਂ ਧੁੰਦਲਾ ਨਹੀਂ ਰਿਹਾ।"[1]

ਕੁਲਦੀਪ ਸਿੰਘ ਧੀਰ ਨੇ ਤੁਲਨਾਤਮਕ ਸਾਹਿਤ ਅਧਿਐਨ ਬਾਰੇ ਕਿਹਾ ਹੈ :-

"ਤੁਲਨਾਤਮਕ ਸਾਹਿਤ ਦਾ ਸਰਲ ਜਿਹਾ ਅਰਥ ਤਾਂ ਸਾਹਿਤ ਦੇ ਉਹ ਅਧਿਐਨ ਹਨ ਜੋ ਤੁਲਨਾ ਨੂੰ ਆਪਣਾ ਮੂਲ ਆਧਾਰ ਬਣਾਉਂਦੇ ਹਨ। ਸਾਧਾਰਨ ਸਾਹਿਤ ਹੋਵੇ ਭਾਵੇਂ ਤੁਲਨਾਤਮਕ ਸਾਹਿਤ, ਤੁਲਨਾ ਸਾਹਿਤਕ ਮੁਲਾਂਕਣ/ਆਲੋਚਨਾ ਦੀ ਮੁੱਢਲੀ ਲੋੜ ਹੈ।"[2]

ਤੁਲਨਾਤਮਕ ਸਾਹਿਤ ਅਧਿਐਨ ਅੰਗਰੇਜ਼ੀ ਦੇ 'Comparative Literature' ਦਾ ਪੰਜਾਬੀ ਅਨੁਵਾਦ ਹੈ, ਜਿਸ ਦਾ ਅਰਥ ਕਿਸੇ ਦੋ ਜਾਂ ਦੋ ਤੋਂ ਵੱਧ ਸਾਹਿਤਕ ਰਚਨਾਵਾਂ ਜਾਂ ਰਚਨਾਕਾਰਾਂ ਨੂੰ ਸਾਹਮਣੇ ਰੱਖ ਕੇ ਇੱਕ ਦੂਜੇ ਦੀ ਤੁਲਨਾ ਦੇ ਆਧਾਰ 'ਤੇ ਪਰਖਣਾ, ਪੜਚੋਲਣਾ ਜਾਂ ਤੋਲਨਾ ਹੈ। ਸਾਹਿਤ ਕੋਸ਼ ਅਨੁਸਾਰ :-

"ਇਹ ਤੁਲਨਾ ਦੋ ਵੱਖਰੀਆਂ –ਵੱਖਰੀਆਂ ਭਾਸ਼ਾਵਾਂ ਵਿੱਚ ਲਿਖਣ ਵਾਲੇ ਲੇਖਕਾਂ ਵਿੱਚਕਾਰ ਵੀ ਹੋ ਸਕਦੀ ਹੈ। ਅਜਿਹੀ ਆਲੋਚਨਾ ਨੂੰ ਤੁਲਨਾਤਮਕ ਆਲੋਚਨਾ ਆਖ਼ਦੇ ਹਨ।"[3]

Oxford Dictionary ਵਿੱਚ ਇਸ ਦੀ ਪਰਿਭਾਸ਼ਾ ਦਿੱਤੀ ਗਈ ਹੈ, "ਤੁਲਨਾ ਕਿਸੇ ਦੋ ਜਾਂ ਦੋ ਤੋਂ ਵੱਧ ਵਸਤੂਆਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਘੋਖਣ ਜਾਂ ਤੋਲਣ ਦੀ ਪ੍ਰਕਿਰਿਆ ਹੁੰਦੀ ਹੈ।"[4]

ਤੁਲਨਾਤਮਕ ਸ਼ਬਦ 'ਤੁਲਨਾ' ਤੋਂ ਹੋਂਦ ਵਿੱਚ ਆਇਆ ਹੈ ਅਤੇ 'ਤੋਲ' ਇਸ ਦਾ ਮੂਲ ਧਾਤੂ ਹੈ। ਅਸਲ ਵਿੱਚ ਕਿਸੇ ਕ੍ਰਿਤ ਦੀ ਮੌਲਿਕਤਾ ਦੀ ਪਹਿਚਾਣ ਉਸ ਦੀ ਕਿਸੇ ਹੋਰ ਕ੍ਰਿਤ ਨਾਲ ਤੁਲਨਾ ਕਰਨ ਉਪਰੰਤ ਹੀ ਸਾਹਮਣੇ ਅਉਂਦੀ ਹੈ। ਹਰਚੰਦ ਸਿੰਘ ਬੇਦੀ ਅਨੁਸਾਰ :-

"ਤੁਲਨਾਤਮਕ ਸ਼ਬਦ ਬਾਰੇ ਅੰਕਿਤ ਹੈ ਕਿ ਜਿਸ ਵਿੱਚ ਦੋ ਜਾਂ ਕਈ ਚੀਜ਼ਾਂ ਦੇ ਗੁਣਾਂ ਦੀ ਸਮਾਨਤਾ ਜਾਂ ਅਸਮਾਨਤਾ ਦਿਖਾਈ ਗਈ ਹੋਵੇ, ਜਿਸ ਵਿੱਚ ਕਿਸੇ ਨਾਲ ਤੁਲਨਾ ਕਰਦੇ ਹੋਏ ਵਿਚਾਰ ਕੀਤਾ ਗਿਆ ਹੋਵੇ।"[5]

ਕਿਸੇ ਇੱਕ ਸਾਹਿਤਕ ਰਚਨਾ ਦੀ ਤੁਲਨਾ ਕਿਸੇ ਹੋਰ ਰਚਨਾ ਨਾਲ ਕਰਕੇ ਉਸ ਦੀ ਗੌਰਵਤਾ ਨੂੰ ਸਥਾਪਿਤ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੋ ਜਾਂ ਦੋ ਤੋਂ ਵੱਧ ਰਚਨਾਵਾਂ ਦੇ ਅੰਤਰ-ਸੰਬੰਧਾਂ ਨੂੰ ਸਮਝਦਿਆਂ ਸਾਹਿਤਕ ਰਚਨਾ ਦੀ ਨਵੀਨਤਾ, ਸਾਧਾਰਨਤਾ, ਵਿਲੱਖਣਤਾ, ਮੌਲਿਕਤਾ ਅਤੇ ਸਰਵ-ਵਿਆਪਕਤਾ ਦੀ ਪਹਿਚਾਣ ਕੀਤੀ ਜਾਂਦੀ ਹੈ। ਅਜਿਹੀ ਪ੍ਰਕਿਰਿਆ ਵਿੱਚੋਂ ਤੁਲਨਾਤਮਕ ਸਾਹਿਤ ਅਧਿਐਨ ਦਾ ਸੰਕਲਪ ਪੈਦਾ ਹੁੰਦਾ

ਹੈ। ਕੁਲਦੀਪ ਸਿੰਘ ਧੀਰ ਅਨੁਸਾਰ, "ਸਹੀ ਤੇ ਵਿਸ਼ਾਲ ਪਰਿਪੇਖ ਵਿੱਚ ਮੂਲ ਨਿਰਣੇ ਦੇਣ ਵਾਸਤੇ ਜ਼ਰੂਰੀ ਹੈ ਕਿ ਤੁਲਨਾਤਮਕ ਸਾਹਿਤ ਦਾ ਸਹਾਰਾ ਲਿਆ ਜਾਵੇ।"[6]

ਇੰਦਰਨਾਥ ਚੌਧਰੀ ਨੇ ਤੁਲਨਾਤਮਕ ਅਧਿਐਨ ਸੰਬੰਧੀ ਕਿਹਾ ਹੈ, "ਤੁਲਨਾਤਮਕ ਸ਼ਬਦ ਵਿੱਚ ਤੁਲਨਾ ਕਰਨ ਦੀ ਕਿਰਿਆ ਜੁੜੀ ਹੋਈ ਹੈ। ਤੁਲਨਾ ਵਿੱਚ ਵਸਤੂਆਂ ਨੂੰ ਕੁੱਝ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਸਾਂਝਾਂ ਤੇ ਵਖਰੇਵਿਆਂ ਦਾ ਪਤਾ ਲਗ ਸਕੇ।"[7]

ਸਾਹਿਤ ਦਾ ਤੁਲਨਾਤਮਕ ਅਧਿਐਨ ਬਹੁ-ਪਰਤੀ ਅਤੇ ਬਹੁ-ਪਸਾਰੀ ਅਧਿਐਨ ਹੈ ਕਿਉਂਕਿ ਇਸ ਵਿੱਚ ਇੱਕ ਤੋਂ ਵਧੀਕ ਭਾਸ਼ਾਵਾਂ ਸ਼ਾਮਲ ਹੁੰਦੀਆਂ ਹਨ। ਹਰ ਇੱਕ ਭਾਸ਼ਾ ਕਿਸੇ ਵਿਸ਼ੇਸ਼ ਇਲਾਕਾਈ ਸੱਭਿਆਚਾਰਕ ਕੀਮਤਾਂ ਨਾਲ ਜੁੜੀ ਹੁੰਦੀ ਹੈ। ਸਾਹਿਤ ਅਤੇ ਸਮਾਜ ਇੱਕ ਦੂਜੇ ਨਾਲ ਅੰਤਰ-ਸਬੰਧਿਤ ਹਨ ਅਤੇ ਸਾਹਿਤ ਉਸ ਸਮਾਜ ਦਾ ਦਰਪਣ ਹੁੰਦਾ ਹੈ। ਇਸ ਲਿਹਾਜ਼ ਨਾਲ ਤੁਲਨਾਤਮਕ ਅਧਿਐਨ ਇੱਕ ਤੋਂ ਵਧੇਰੇ ਭਾਸ਼ਾਵਾਂ ਵਿੱਚ ਰਚਿਤ ਸਾਹਿਤ ਦਾ ਅਧਿਐਨ ਹੈ ਅਤੇ ਤੁਲਨਾ ਇਸ ਦਾ ਪ੍ਰਮੁੱਖ ਅੰਗ ਹੈ, ਜਿਸ ਵਿੱਚ ਆਪਸੀ ਸਮਾਨਤਾਵਾਂ ਜਾਂ ਵੱਖਰਤਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਾਹਿਤਕ ਕ੍ਰਿਤ ਦੀ ਵੱਖਰਤਾ ਲੇਖਕ ਦੇ ਚੇਤਨ ਅਤੇ ਅਵਚੇਤਨ ਦੋਨਾਂ ਨਾਲ ਸਬੰਧਿਤ ਹੋ ਸਕਦੀ ਹੈ। ਵੈਸੇ ਹਰ ਲੇਖਕ ਬਾਕੀ ਲੇਖਕਾਂ ਨਾਲੋਂ ਭਿੰਨ ਹੋ ਕੇ ਲਿਖ਼ਦਾ ਹੈ ਪਰੰਤੂ ਕਈ ਵਾਰ ਇਹ ਪ੍ਰਕਿਰਿਆ ਚੇਤਨ ਰੂਪ ਵਿੱਚ ਵਰਤਦੀ ਹੈ। ਲੇਖਕ ਰਚਨਾ ਕਰਨ ਤੋਂ ਪਹਿਲਾਂ ਹੀ ਮਨੋਰਥ ਧਾਰਦਾ ਹੈ ਕਿ ਮੇਰੀ ਰਚਨਾ ਬਾਕੀਆਂ ਨਾਲੋਂ ਵਿਲੱਖਣ ਹੋਵੇ। ਜਦੋਂ ਅਜਿਹਾ ਲੇਖਕ ਆਪਣੇ ਰਚਨਾਤਮਕ ਪਲਾਂ ਵਿੱਚ ਸੁਚੇਤ ਹੋ ਕੇ ਆਪਣੀ ਰਚਨਾ ਵਿਧਾ ਨਾਲ ਸਬੰਧਿਤ ਹੋਰ ਰਚਨਾਵਾਂ ਬਾਰੇ ਖਿਆਲ ਕਰਦਾ ਹੈ ਤਾਂ ਉਹ ਉਸ ਸਮੇਂ ਕਿਸੇ ਨਾ ਕਿਸੇ ਪੱਧਰ ’ਤੇ ਤੁਲਨਾਤਮਕ ਸਾਹਿਤ ਨਾਲ ਜੁੜਿਆ ਹੁੰਦਾ ਹੈ। ਅਜਿਹੇ ਮਨੋਰਥ ਲਈ ਉਹ ਆਪਣੇ ਮੌਲਿਕ ਪ੍ਰਗਟਾਅ ਮਾਧਿਅਮ ਦੀ ਵਰਤੋਂ ਕਰਦਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਕਲਾ ਕ੍ਰਿਤਾਂ ਆਪੋ ਆਪਣੇ ਮਾਧਿਅਮ ਅਨੁਸਾਰ ਹੋਣ ਸਦਕਾ ਇੱਕ ਦੂਜੇ ਤੋਂ ਵੱਖਰੀਆਂ ਹੋ ਜਾਂਦੀਆਂ ਹਨ। ਇੱਕ ਗੱਲ ਜਿਸ ਪ੍ਰਕਾਰ ਸ਼ਬਦ ਵਿੱਚ ਪ੍ਰਗਟਾਈ ਜਾਂਦੀ ਹੈ, ਉਸੇ ਪ੍ਰਕਾਰ ਰੰਗ ਵਿੱਚ ਨਹੀਂ ਪ੍ਰਗਟਾਈ ਜਾ ਸਕਦੀ।"[8]

ਤੁਲਨਾਤਮਕ ਅਧਿਐਨ ਲਈ ਇਹ ਜ਼ਰੂਰੀ ਹੈ ਕਿ ਤੁਲਨਾ ਸਿਰਫ਼ ਉਨ੍ਹਾਂ ਕ੍ਰਿਤਾਂ ਦੀ ਹੀ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੀ ਆਪਸੀ ਤੁਲਨਾ ਕੀਤੀ ਜਾ ਸਕੇ। ਕਈ ਵਾਰ ਕਿਸੇ ਅਜਿਹੇ ਲੇਖਕ ਦੀ ਤੁਲਨਾ ਜੋ ਸਿਰਫ਼ ਕਿਸੇ ਵਿਕਸਤ ਮੁਲਕ ਨਾਲ ਸਬੰਧਿਤ ਹੋਵੇ ਉਸ ਨੂੰ ਮਹਾਨ ਸਮਝ ਕੇ, ਕਿਸੇ ਸਥਾਪਿਤ ਸਾਹਿਤਕਾਰ ਨਾਲ ਕਰ ਦਿੱਤੀ ਜਾਂਦੀ ਹੈ ਜੋ ਕਿ ਤੁਲਨਾਤਮਕ ਸਾਹਿਤ ਅਧਿਐਨ ਦੇ ਖੇਤਰ ਵਿੱਚ ਇੱਕ ਅਨ੍ਹਿਆ ਹੈ। ਤੁਲਨਾ ਦਾ ਆਧਾਰ ਬਣਨ ਵਾਲੀਆਂ ਰਚਨਾਵਾਂ ਜਾਂ ਸ਼ਖ਼ਸੀਅਤਾਂ ਦਾ ਕੱਦ-ਕਾਠ ਇਸ ਦੇ ਅਧਿਐਨ ਦੀ ਕਸੌਟੀ ’ਤੇ ਪੂਰਾ ਉਤਰਨ ਵਾਲਾ ਹੋਣਾ ਚਾਹੀਦਾ ਹੈ। ਤੁਲਨਾਤਮਕ ਸਾਹਿਤ ਆਲੋਚਨਾ ਵਿੱਚ ਇੱਕ ਸਾਹਿਤਕ ਕ੍ਰਿਤ ਦਾ ਦੂਜੀ ਸਾਹਿਤਕ ਕ੍ਰਿਤ ਜਾਂ ਸਾਹਿਤਕ ਸ਼ਖ਼ਸੀਅਤ ਦਾ ਦੂਜੇ ਉੱਤੇ ਪਏ ਪ੍ਰਭਾਵ ਨੂੰ ਵੀ ਅਧਿਐਨ ਦਾ ਆਧਾਰ ਬਣਾਇਆ ਜਾ ਸਕਦਾ ਹੈ। ਪ੍ਰੋ. ਈਸ਼ਰ ਸਿੰਘ ਤਾਂਘ ਅਨੁਸਾਰ, “ਇਸ ਰਾਹੀਂ ਇੱਕ ਕਲਾਕਾਰ ਦੇ ਦੂਜੇ ਕਲਾਕਾਰ ਤੇ ਪਏ ਸਾਹਿਤਕ ਪ੍ਰਭਾਵਾਂ ਦੀ ਖੋਜ ਕੀਤੀ ਜਾਂਦੀ ਹੈ। ਆਲੋਚਕ, ਸਾਹਿਤ ਅਤੇ ਸਾਹਿਤਕ ਸ਼ੈਲੀਆਂ ਉੱਤੇ ਦੂਜੇ ਸਾਹਿਤਕਾਰਾਂ ਅਤੇ ਸ਼ੈਲੀਆਂ ਦੇ ਪਏ ਪ੍ਰਭਾਵ ਨੂੰ ਸਪੱਸ਼ਟ ਕਰਦਾ ਹੈ।”[9]

ਉਪਰੋਕਤ ਵਿਚਾਰ ਅਨੁਸਾਰ ਇਹ ਸਪੱਸ਼ਟ ਹੈ ਕਿ ਸ਼ਬਦ ‘ਤੁਲਨਾਤਮਕ’ ਤੁਲਨਾ ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਹੈ। ਇਸ ਵਿੱਚ ਰਚਨਾਵਾਂ ਨੂੰ ਸਮਾਨਤਾਵਾਂ ਅਤੇ ਵਖਰੇਵਿਆਂ ਦੀ ਨਿਰੰਤਰਤਾ ਵਿੱਚ ਪੇਸ਼ ਕੀਤਾ ਜਾਂਦਾ ਹੈ। ਤੁਲਨਾਤਮਕ ਅਧਿਐਨ ਵਿਧੀ ਦੀ ਰੁਚੀ ਸਾਹਿਤਕ ਖੇਤਰ ਵਿੱਚ ਵਿਸ਼ਵ ਵਿਆਪੀ ਅਦਾਨ-ਪ੍ਰਦਾਨ ਦੀ ਇੱਕਸਾਰਤਾ ਦੇ ਰਸਤੇ ਵੱਲ ਹੈ ਜੋ ਕਿ ਅਜੋਕੇ ਸਮੇਂ ਵਿੱਚ ਇੱਕ ਵੱਖਰੀ ਵਿਧਾ ਦੇ ਰੂਪ ਵਿੱਚ ਸਥਾਪਿਤ ਹੋ ਚੁੱਕੀ ਹੈ ਜੋ ਸਾਹਿਤਕ ਰਚਨਾਵਾਂ ਦੀ ਤਹਿ ਤੱਕ ਪਹੁੰਚ ਕੇ ਬਾਰੀਕੀ ਨਾਲ ਖੋਜ ਪੜਤਾਲ ਕਰਨ ਦੇ ਸਮਰੱਥ ਹੈ। ਇਸ ਪ੍ਰਕਾਰ ਤੁਲਨਾਤਮਕ ਸਾਹਿਤ ਅਧਿਐਨ ਇੱਕ ਅਜਿਹਾ ਵਿਸ਼ਾਲ ਘੇਰੇ ਵਾਲਾ ਅਨੁਸ਼ਾਸਨ ਹੈ ਜਿਸ ਵਿੱਚ ਇੱਕ ਲੇਖਕ ਦੀ ਦੂਜੇ ਲੇਖਕ ਨਾਲ, ਇੱਕ ਰਚਨਾ ਦੀ ਦੂਜੀ ਰਚਨਾ ਨਾਲ, ਇੱਕ ਭਾਸ਼ਾ ਦੀ ਦੂਜੀ ਭਾਸ਼ਾ ਨਾਲ ਤੁਲਨਾ, ਇੱਕ ਯੁੱਗ ਵਿੱਚ ਰਚੇ ਸਾਹਿਤ ਦੀ ਦੂਜੇ ਯੁੱਗ ਦੇ ਸਾਹਿਤ ਨਾਲ ਤੁਲਨਾ ਅਤੇ ਵੱਖ ਵੱਖ ਸਾਹਿਤਕ ਪ੍ਰਵਿਰਤੀਆਂ ਦੀ ਆਪਸੀ ਤੁਲਨਾ ਕੀਤੀ ਜਾਂਦੀ ਹੈ।

**ਤੁਲਨਾਤਮਕ ਅਧਿਐਨ ਦਾ ਵਿਕਾਸ**

ਤੁਲਨਾਤਮਕ ਅਧਿਐਨ 16ਵੀਂ ਸਦੀ ਦੇ ਅੰਤਲੇ ਵਰ੍ਹਿਆਂ ਤੋਂ ਲੈ ਕੇ 21ਵੀਂ ਸਦੀ ਤੱਕ ਲਗਾਤਾਰ ਨਿਰੰਤਰ ਵਿਕਾਸ ਕਰਦਾ ਹੋਇਆ ਅੱਜ ਇੱਕ ਸੁਤੰਤਰ ਸਾਹਿਤ ਅਧਿਐਨ ਦਾ ਰੂਪ ਧਾਰਨ ਕਰ ਚੁੱਕਾ ਹੈ। ਤੁਲਨਾਤਮਕ ਸਾਹਿਤ ਦੀ ਆਧਾਰ ਭੂਮੀ ਫਰਾਂਸ ਦੀ ਰਾਜਧਾਨੀ ਪੈਰਿਸ ਨੂੰ ਮੰਨਿਆ ਜਾਂਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਦਾ ਵਿਕਾਸ 16ਵੀਂ ਸਦੀ ਤੋਂ ਲੈ ਕੇ 19ਵੀਂ ਤੱਕ ਨਿਰੰਤਰ ਵਿਕਾਸ ਪ੍ਰਕਿਰਿਆ ਵਿੱਚੋਂ ਗੁਜ਼ਰਿਆ ਹੈ। ਇਸ ਅਨੁਸ਼ਾਸਨ ਦਾ ਵਧੇਰੇ ਵਿਕਾਸ 19ਵੀਂ ਸਦੀ ਵਿੱਚ ਪੈਦਾ ਹੋਈ ਸੰਕੀਰਣ ਰਾਸ਼ਟਰਵਾਦੀ ਸੋਚ ਦੇ ਵਿਰੋਧ ਵਜੋਂ ਹੋਇਆ। ਤੁਲਨਾਤਮਕ ਸਾਹਿਤ ਅਧਿਐਨ ਨੂੰ ਵਿਕਸਤ ਕਰਨ ਵਾਲੇ ਉਹ ਚਿੰਤਕ ਸਨ ਜਿਨ੍ਹਾਂ ਦਾ ਸੰਬੰਧ ਇੱਕ ਤੋਂ ਵਧੇਰੇ ਰਾਸ਼ਟਰਾਂ ਨਾਲ ਸੀ। ਅਜਿਹੇ ਸਮੇਂ ਵਿੱਚ ਤੁਲਨਾਤਮਕ ਅਧਿਐਨ ਨੇ ਸੰਕੀਰਣ ਰਾਸ਼ਟਰੀ ਹੱਦਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਦੇ ਸਾਂਝੇ ਮੁੱਦਿਆਂ ਨੂੰ ਸਾਹਮਣੇ ਲਿਆਉਣ ਵਿੱਚ ਯੋਗਦਾਨ ਪਾਇਆ। ਉਲਰਿਚ ਵਾਇਸਟਾਇਨ ਨੇ ਆਪਣੀ ਪੁਸਤਕ 'Comparative Literature and Literary Theory'(1973) ਵਿੱਚ ਤੁਲਨਾਤਮਕ ਸਾਹਿਤ ਦੀ ਵੰਡ ਨੂੰ ਦੋ ਵਰਗਾਂ ਵਿੱਚ ਰੱਖਿਆ ਹੈ :-

1. ਫਰੈਂਚ ਜਰਮਨ ਸਕੂਲ
2. ਅਮਰੀਕਨ ਸਕੂਲ

ਇਨ੍ਹਾਂ ਨੂੰ ਅਸੀਂ ਤੁਲਨਾਤਮਕ ਸਾਹਿਤ ਅਧਿਐਨ ਦੀਆਂ ਦੋ ਸੰਪਰਦਾਵਾਂ ਕਹਿ ਸਕਦੇ ਹਾਂ। ਹਰਚੰਦ ਸਿੰਘ ਬੇਦੀ ਤੁਲਨਾਤਮਕ ਅਧਿਐਨ ਦੀ ਆਰੰਭਤਾ ਬਾਰੇ ਲਿਖ਼ਦੇ ਹਨ :-

"ਪਹਿਲਾਂ ਪਹਿਲ ਤੁਲਨਾਤਮਕ ਅਧਿਐਨ ਦੋ ਰੂਪਾਂ ਵਿੱਚ ਉਭਰਿਆ ਅਤੇ ਵਿਕਸਿਤ ਹੋਇਆ :-

(ੳ) ਕਿਸੇ ਸਾਹਿਤਕਾਰ ਜਾਂ ਸਾਹਿਤਕ ਧਾਰਾ ਦੇ ਸਰੋਤਾਂ ਦਾ ਅਧਿਐਨ।

(ਅ) ਕਿਸੇ ਸਾਹਿਤਕਾਰ ਜਾਂ ਧਾਰਾ ਦੇ ਪਰਵਰਤੀ ਸਾਹਿਤਕਾਰਾਂ, ਧਾਰਾਵਾਂ ਅਤੇ ਪ੍ਰਭਾਵਾਂ ਦਾ ਅਧਿਐਨ।"[10]

ਪੱਛਮੀ ਦੇਸਾਂ ਯੂਰਪ ਅਤੇ ਅਮਰੀਕਾ ਆਦਿ ਦੀਆਂ ਯੂਨੀਵਰਸਿਟੀਆਂ ਹਾਰਵਰਡ, ਪਿੰਸਟਨ, ਸ਼ਿਕਾਗੋ,

ਬੋਸਟਨ ਵਿੱਚ ਤੁਲਨਾਤਮਕ ਸਾਹਿਤ ਅਧਿਐਨ ਦੀ ਸ਼ੁਰੂਆਤ ਹੋਈ। ਭਾਰਤ ਵਿੱਚ ਇਸ ਦੀ ਅਕਾਦਮਿਕ ਆਰੰਭਤਾ ਜਾਦਵਪੁਰ ਯੂਨੀਵਰਸਿਟੀ (ਕਲਕੱਤਾ) ਵਿੱਚ ਹੋਈ।

ਅਮਰੀਕੀ ਅਤੇ ਫਰੈਂਚ ਸਕੂਲ ਦੇ ਚਿੰਤਕ ਇਸ ਗੱਲ ਉੱਤੇ ਸਹਿਮਤ ਹਨ ਕਿ ਤੁਲਨਾਤਮਕ ਸਾਹਿਤ ਮੂਲ ਰੂਪ ਵਿੱਚ ਸਾਹਿਤਕ ਸਮੱਸਿਆਵਾਂ ਦਾ ਅਜਿਹਾ ਅਧਿਐਨ ਹੈ ਜਿਸ ਵਿੱਚ ਇੱਕ ਤੋਂ ਵਧੇਰੇ ਸਾਹਿਤਕ ਕ੍ਰਿਤਾਂ ਦੀ ਵਰਤੋਂ ਹੁੰਦੀ ਹੈ। ਇਹ ਵੀ ਸਪੱਸ਼ਟ ਹੈ ਕਿ ਸੁਚੇਤ ਰੂਪ ਵਿੱਚ ਤੁਲਨਾ ਇਸ ਅਨੁਸ਼ਾਸਨ ਦੀ ਮੂਲ ਪੱਧਤੀ ਹੈ। ਮੂਲ ਪੱਧਤੀ ਹੋਣ ਦੇ ਬਾਵਜੂਦ ਤੁਲਨਾ ਹੀ ਇਸ ਅਨੁਸ਼ਾਸਨ ਦਾ ਸਭ ਕੁੱਝ ਨਹੀਂ ਹੈ।

ਅਮਰੀਕੀ ਸਕੂਲ ਬਾਰੇ ਹਰਚੰਦ ਸਿੰਘ ਬੇਦੀ ਲਿਖ਼ਦੇ ਹਨ :- "ਤੁਲਨਾਤਮਕ ਸਾਹਿਤ ਦਾ ਅਮਰੀਕੀ ਸਕੂਲ ਸਾਹਿਤ ਇਤਿਹਾਸ ਦੀ ਸਮਾਨਯ ਸੰਰਚਨਾ ਦੇ ਅੰਤਰਗਤ, ਤੁਲਨਾਤਮਕ ਸਾਹਿਤ ਦੇ ਸਥਾਨ ਨੂੰ ਨਿਰਧਾਰਿਤ ਕਰਦਾ ਹੋਇਆ ਇੱਕ ਪਾਸੇ ਗਿਆਨ ਦੇ ਦੂਸਰੇ ਖੇਤਰਾਂ ਦੇ ਨਾਲ ਸਾਹਿਤ ਦੇ ਸੰਬੰਧਾਂ ਦਾ ਅਧਿਐਨ ਕਰਦਾ ਹੈ ਅਤੇ ਦੂਜੇ ਪਾਸੇ ਸਾਹਿਤ ਆਲੋਚਨਾ ਨੂੰ ਤੁਲਨਾਤਮਕ ਅਧਿਐਨ ਲਈ ਇੱਕ ਮਹੱਤਵਪੂਰਨ ਅੰਗ ਦੇ ਰੂਪ ਵਿੱਚ ਸਵੀਕਾਰ ਕਰਦਾ ਹੈ।"[11]

ਪੰਜਾਬੀ ਵਿੱਚ ਤੁਲਾਤਮਕ ਸਾਹਿਤ ਦੀ ਆਰੰਭਤਾ ਆਦਿ ਗ੍ਰੰਥ ਤੋਂ ਮੰਨੀ ਜਾ ਸਕਦੀ ਹੈ। ਇਸ ਦੇ ਸੰਪਾਦਨਾ ਸਿਧਾਂਤ ਵਿੱਚ ਵੱਖ ਵੱਖ ਰਚਨਾਵਾਂ ਅਤੇ ਰਚਨਾਕਾਰਾਂ ਵਿੱਚਕਾਰ ਸਮਾਨਤਾਵਾਂ ਅਤੇ ਵਿਸ਼ੇਸ਼ਤਾਵਾਂ ਨੂੰ ਦਰਸਾਇਆ ਗਿਆ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਪੰਜਾਬੀ ਵਿੱਚ ਤੁਲਨਾਤਮਕ ਸਾਹਿਤ ਦੀ ਗੱਲ ਸਹਿਜੇ ਹੀ ਆਦਿ ਗ੍ਰੰਥ ਤੋਂ ਆਰੰਭ ਕੀਤੀ ਜਾ ਸਕਦੀ ਹੈ। ਆਦਿ ਗ੍ਰੰਥ ਨੂੰ ਬਿਨਾਂ ਵਿਵਾਦ, ਪ੍ਰਥਮ ਭਾਰਤੀ ਤੁਲਨਾਤਮਕ ਬਾਣੀ ਸੰਗ੍ਰਹਿ ਕਿਹਾ ਜਾ ਸਕਦਾ ਹੈ, ਜੋ ਭਾਸ਼ਾਈ ਤੇ ਇਲਾਕਾਈ ਸਰਹੱਦਾਂ ਨੂੰ ਸਹਿਜੇ ਹੀ ਉਲੰਘਦਾ ਵੀ ਹੈ ਤੇ ਪਰੰਪਰਾ ਦੀ ਨਿਰੰਤਰਤਾ ਵੱਲ ਸੰਕੇਤ ਵੀ ਕਰਦਾ ਹੈ।"[12]

ਇਸੇ ਪ੍ਰਕਾਰ ਕਿੱਸਾ ਕਾਵਿ ਵਿੱਚ ਵੀ ਕਿਤੇ ਕਿਤੇ ਤੁਲਨਾਤਮਿਕਤਾ ਦੇ ਅੰਸ਼ ਸੁਚੇਤ ਜਾਂ ਅਚੇਤ ਰੂਪ ਵਿੱਚ ਪ੍ਰਾਪਤ ਹੁੰਦੇ ਹਨ ਜਿੱਥੇ ਕੁੱਝ ਕਵੀਆਂ ਨੇ ਹੋਰ ਕਵੀਆਂ ਦੀਆਂ ਰਚਨਾਵਾਂ ਬਾਰੇ ਟਿੱਪਣੀਆਂ ਕੀਤੀਆਂ ਹਨ। ਇਹ ਟਿੱਪਣੀਆਂ ਕਿਸੇ ਕਵੀ ਦੀ ਸਿਫ਼ਤ ਜਾਂ ਉਸ ਦੀ ਕਵਿਤਾ ਦੇ ਦੋਸ਼ ਨੂੰ ਪ੍ਰਗਟ ਕਰਦੀਆਂ ਹਨ।

**ਤੁਲਨਾਤਮਕ ਸਾਹਿਤ ਅਧਿਐਨ ਦੀਆਂ ਵਿਸ਼ੇਸ਼ਤਾਵਾਂ**

ਤੁਲਨਾਤਮਕ ਸਾਹਿਤ ਅਧਿਐਨ ਨੇ ਅਕਾਦਮਿਕ ਪੱਧਰ 'ਤੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ ਨਾਲ ਸਾਹਿਤਕ ਗੁਣਾਂ ਦੀ ਸਾਂਝ ਨੂੰ ਵੀ ਵਧਾਇਆ ਹੈ। ਇਸ ਅਧਿਐਨ ਨੇ ਇੱਕ ਸਾਹਿਤ ਦੇ ਵੱਖ ਵੱਖ ਰੂਪਾਂ, ਧਾਰਾਵਾਂ, ਲਹਿਰਾਂ ਦੇ ਅਧਿਐਨ ਰਾਹੀਂ ਨਵੀਆਂ ਦ੍ਰਿਸ਼ਟੀਆਂ ਅਤੇ ਦਿਸ਼ਾਵਾਂ ਦੀ ਖੋਜ ਕੀਤੀ ਹੈ। ਤੁਲਨਾਤਮਕ ਸਾਹਿਤ ਅਧਿਐਨ ਦੇ ਕਾਰਨ ਹੀ ਖੇਤਰੀ ਸਾਹਿਤ ਵਿਸ਼ਵ ਸਾਹਿਤ ਦੇ ਦਰਜ਼ੇ ਨੂੰ ਪ੍ਰਾਪਤ ਕਰ ਪਾਇਆ ਹੈ। ਜਦੋਂ ਤੱਕ ਸਮੁੱਚੇ ਵਿਸ਼ਵ ਦੇ ਵੱਖ ਵੱਖ ਖੇਤਰਾਂ ਵਿੱਚ ਰਚੇ ਜਾਣ ਵਾਲੇ ਸਾਹਿਤ ਇੱਕ ਦੂਜੇ ਦੇ ਪਰਸਪਰ ਸਾਹਮਣੇ ਨਹੀਂ ਆਏ ਉਦੋਂ ਤੱਕ ਮਹਾਨ ਤੋਂ ਮਹਾਨ ਸਾਹਿਤ ਵੀ ਆਪਣੇ ਖੇਤਰ ਤੱਕ ਹੀ ਸੀਮਤ ਸਨ। ਵੱਖ ਵੱਖ ਭਾਸ਼ਾਵਾਂ ਵਿੱਚ ਰਚੇ ਗਏ ਸਾਹਿਤ ਇੱਕ ਦੂਜੇ ਦੇ ਸਾਹਮਣੇ ਆ ਕੇ ਹੀ ਪੂਰੇ ਵਿਸ਼ਵ ਤੱਕ ਪਹੁੰਚੇ। ਇਸ ਵਰਤਾਰੇ ਵਿੱਚ ਤੁਲਨਾਤਮਕ ਅਧਿਐਨ ਦਾ ਯੋਗਦਾਨ ਮਹੱਤਵਪੂਰਨ ਹੈ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਨੁਸਾਰ, "ਉੱਤਰ-ਆਧੁਨਿਕਤਾ ਨੇ ਕਬੀਲਿਆਂ ਦੇ ਲੋਕ-ਸਾਹਿਤ, ਕਾਲਿਆਂ ਦੇ ਸਾਹਿਤ ਅਤੇ ਪੂਰਬੀ ਸਾਹਿਤ ਨੂੰ ਮਾਨਤਾ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਸੰਦਰਭਾਂ ਵਿੱਚ ਪਛਾਣਨ ਦੀ ਲੋੜ 'ਤੇ ਜ਼ੋਰ ਦਿੱਤਾ।"[13]

ਭਾਰਤ ਵਰਗੇ ਭਿੰਨਤਾਵਾਂ ਭਰਪੂਰ ਦੇਸ ਵਿੱਚ ਤੁਲਨਾਤਮਕ ਸਾਹਿਤ ਅਧਿਐਨ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਇਸ ਦੇ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਵੱਖ ਵੱਖ ਭਾਸ਼ਾਵਾਂ ਅਤੇ ਸੱਭਿਆਚਾਰ ਸਥਾਪਿਤ ਹਨ। ਇਨ੍ਹਾਂ ਵੱਖਰਤਾਵਾਂ ਵਿੱਚ ਫ਼ਰਕ ਅਤੇ ਸਮਾਨਤਾ ਲੱਭਣ ਲਈ ਤੁਲਨਾਤਮਕ ਸਾਹਿਤ ਅਧਿਐਨ ਇੱਕ ਯੋਗ ਅਨੁਸ਼ਾਸਨ ਵਜੋਂ ਸਾਹਮਣੇ ਆਉਂਦਾ ਹੈ ਕਿਉਂਕਿ :-

1. ਤੁਲਨਾਤਮਕ ਸਾਹਿਤ ਅਧਿਐਨ ਨਾਲ ਨਵੀਆਂ ਅੰਤਰ-ਦ੍ਰਿਸ਼ਟੀਆਂ ਪੈਦਾ ਹੁੰਦੀਆਂ ਹਨ।
2. ਦੋ ਭਾਸ਼ਾਵਾਂ ਦੇ ਆਪਸੀ ਸੰਬੰਧ ਪੈਦਾ ਹੋ ਸਕਦੇ ਹਨ।
3. ਤੁਲਨਾਤਮਕ ਸਾਹਿਤ ਅਧਿਐਨ ਰਾਹੀਂ ਵਿਸ਼ਵ ਪੱਧਰੀ ਸਾਹਿਤਕ ਗੁਣ ਪ੍ਰਾਪਤ ਹੁੰਦੇ ਹਨ।
4. ਵੱਖ ਵੱਖ ਸੱਭਿਆਚਾਰਾਂ ਦੀ ਪਹਿਚਾਣ ਨਿਸ਼ਚਿਤ ਹੁੰਦੀ ਹੈ ਅਤੇ ਆਪਸੀ ਸਹਿ-ਸੰਬੰਧ ਸਥਾਪਿਤ ਹੁੰਦੇ ਹਨ।

5. ਤੁਲਨਾਤਮਕ ਸਾਹਿਤ ਅਧਿਐਨ ਨਾਲ ਵੱਖ ਵੱਖ ਸਾਹਿਤ ਰੂਪਾਂ ਦਾ ਪ੍ਰਚਲਣ ਵਧ ਜਾਂਦਾ ਹੈ।
6. ਵਰਤਮਾਨ ਗਿਆਨ ਵਿੱਚ ਵਾਧਾ ਹੁੰਦਾ ਹੈ।
7. ਸਾਹਿਤ ਸਿਧਾਂਤਾਂ ਦੀ ਸਾਂਝ ਵਧਦੀ ਹੈ।
8. ਨਵੇਂ ਸਾਹਿਤ ਰੂਪ ਪ੍ਰਚਲਿਤ ਹੁੰਦੇ ਹਨ।

**ਤੁਲਨਾਤਮਕ ਸਾਹਿਤ ਅਧਿਐਨ ਦਾ ਖੇਤਰ**

ਤੁਲਨਾਤਮਕ ਸਾਹਿਤ ਅਧਿਐਨ ਦਾ ਖੇਤਰ ਅਤਿ ਵਿਸ਼ਾਲ ਹੈ। ਇਹ ਅਧਿਐਨ ਹੁਣ ਸਿਰਫ਼ ਸਾਹਿਤ ਤੱਕ ਸੀਮਤ ਨਹੀਂ ਰਿਹਾ, ਇਸ ਵਿੱਚ ਤੁਲਨਾਤਮਕ ਸੱਭਿਆਚਾਰਕ ਅਧਿਐਨ, ਤੁਲਨਾਤਮਕ ਭਾਸ਼ਾ ਅਧਿਐਨ ਜਿਹੇ ਕਈ ਅਨੁਸ਼ਾਸਨ ਜਾਂ ਵਿਧੀਆਂ ਸ਼ਾਮਲ ਹੋ ਗਏ ਹਨ।

ਸੁਤਿੰਦਰ ਸਿੰਘ ਨੂਰ ਅਨੁਸਾਰ, "ਤੁਲਨਾਤਮਕ ਸਾਹਿਤ ਦੇ ਕਈ ਮਹੱਤਵਪੂਰਨ ਅਧਿਐਨ ਖੇਤਰ ਹਨ, ਸੁਹਜ ਮੁੱਲਾਂ ਦੇ ਵਿਹਾਰ ਦਾ ਅਧਿਐਨ, ਕਿਸੇ ਯੁੱਗ ਦੀਆਂ ਵਿਭਿੰਨ ਸਾਹਿਤ ਧਾਰਾਵਾਂ ਤੇ ਪ੍ਰਵਿਰਤੀਆਂ ਦੀ ਸਮਝਦਾਰੀ, ਵੱਖ ਵੱਖ ਸਾਹਿਤਾਂ ਦੇ ਥੀਮਾਂ ਤੇ ਵਿਚਾਰਾਂ ਦਾ ਅਧਿਐਨ, ਰੂਪਾਕਾਰਾਂ, ਸੰਰਚਨਾ ਤੇ ਪੈਟਰਨਾਂ ਦਾ ਅਧਿਐਨ ਅਤੇ ਸਭ ਤੋਂ ਮਹੱਤਵਪੂਰਨ ਖੇਤਰ ਹੈ: ਸਾਹਿਤ ਤੇ ਜੀਵਨ ਦੇ ਆਪਸੀ ਸੰਬੰਧਾਂ ਦਾ ਵਿਸ਼ੇਸ਼ ਅਧਿਐਨ।"[14]

ਤੁਲਨਾਤਮਕ ਸਾਹਿਤ ਅਧਿਐਨ ਵਿਭਿੰਨ ਅਨੁਸ਼ਾਸਨਾਂ ਜਿਵੇਂ ਦਰਸ਼ਨ, ਧਰਮ, ਇਤਿਹਾਸ, ਸਮਾਜ-ਵਿਗਿਆਨ ਆਦਿਕ ਨਾਲ ਸਬੰਧਿਤ ਸਾਹਿਤਕ ਰਚਨਾਵਾਂ ਨੂੰ ਵੀ ਆਪਣੇ ਘੇਰੇ ਵਿੱਚ ਲੈਂਦਾ ਹੈ। ਇਸ ਪ੍ਰਕਾਰ ਸਾਹਿਤ ਦਾ ਅੰਤਰ-ਅਨੁਸ਼ਾਸ਼ਨੀ ਅਧਿਐਨ ਤੁਲਨਾਤਮਕ ਸਾਹਿਤ ਅਧਿਐਨ ਦਾ ਵਿਸ਼ਾ ਬਣ ਜਾਂਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਰਾਸ਼ਟਰੀ ਹੱਦਾਂ ਤੋਂ ਪਾਰ ਜਾਣ ਵਾਲਾ ਅਨੁਸ਼ਾਸਨ ਹੈ। ਇਸ ਵਿੱਚ ਅੰਤਰ-ਰਾਸ਼ਟਰੀ ਸੰਸਕ੍ਰਿਤੀਆਂ ਦੇ ਚਿੰਨ੍ਹ ਪ੍ਰਬੰਧਾਂ ਵਿੱਚ ਸਮਾਨਤਾਵਾਂ ਤੇ ਵੱਖਰਤਾਵਾਂ ਦੀ ਨਿਸ਼ਾਨਦੇਹੀ ਕਰਦਿਆਂ ਸੰਵਾਦ ਸਥਾਪਿਤ ਕੀਤਾ ਜਾਂਦਾ ਹੈ ਜਿਸ ਕਾਰਨ ਨਵੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਕੁਲਦੀਪ ਸਿੰਘ ਧੀਰ

ਅਨੁਸਾਰ, "ਇਹ ਇਨ੍ਹਾਂ ਵਿਭਿੰਨ ਪ੍ਰਬੰਧਾਂ ਵਿੱਚਕਾਰ ਸੰਵਾਦ ਸਥਾਪਿਤ ਕਰਦਾ ਹੈ ਤਾਂ ਕਿ ਉਨ੍ਹਾਂ ਵਿੱਚ ਆਦਾਨ-ਪ੍ਰਦਾਨ ਅਤੇ ਪ੍ਰਭਾਵ ਦੀਆਂ ਸੰਭਾਵਨਾਵਾਂ ਪਛਾਣੀਆਂ ਜਾ ਸਕਣ।"[15]

ਸ਼ੁਰੂ ਵਿੱਚ ਤੁਲਨਾਤਮਕ ਅਧਿਐਨ ਨੂੰ ਆਲੋਚਨਾ ਦੇ ਖੇਤਰ ਤੋਂ ਬਾਹਰ ਰੱਖਿਆ ਗਿਆ ਕਿਉਂਕਿ ਆਲੋਚਨਾ ਨੂੰ ਇਤਿਹਾਸਕ ਤੱਥਾਂ ਦੇ ਮੁਲਾਂਕਣ ਵਿੱਚ ਰੁਕਾਵਟ ਦਾ ਕਾਰਨ ਸਮਝਿਆ ਗਿਆ। ਇਹ ਸਪੱਸ਼ਟ ਹੈ ਕਿ ਸਾਹਿਤ ਵਿੱਚ ਨਿਰਪੱਖਤਾ ਦੀ ਜਗ੍ਹਾ ਪ੍ਰਸੰਗਿਕਤਾ ਹੁੰਦੀ ਹੈ ਅਤੇ ਇਸ ਦੇ ਇਤਿਹਾਸ ਦਾ ਵਿਵੇਚਨ ਆਲੋਚਨਾ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ। ਇਸ ਪ੍ਰਕਾਰ ਸਿਧਾਂਤਕ ਆਲੋਚਨਾ ਦੇ ਨਾਲ ਨਾਲ ਤੁਲਨਾਤਮਕ ਅਧਿਐਨ ਵਿੱਚ ਸੌਂਦਰਯ ਸ਼ਾਸਤਰ ਦਾ ਸਮਾਵੇਸ਼ ਵੀ ਹੁੰਦਾ ਹੈ। ਇਸ ਪ੍ਰਕਾਰ ਸਾਹਿਤ ਨੂੰ ਉਸ ਦੇ ਸਮਾਜਿਕ, ਸੰਸਕ੍ਰਿਤਕ, ਦਾਰਸ਼ਨਿਕ ਤੇ ਇਤਿਹਾਸਕ ਸੰਦਰਭ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਸਾਹਿਤ ਦੀ ਤੁਲਨਾ ਗਿਆਨ ਦੇ ਹੋਰ ਖੇਤਰਾਂ ਨਾਲ ਕਰਨ ਕਰਕੇ ਅਤੇ ਸਾਹਿਤ ਦਾ ਇੱਕ ਸੁਤੰਤਰ ਤੇ ਨਿਸ਼ਚਤ ਸਰੂਪ ਹੋਣ ਕਰਕੇ ਹੀ ਇਸ ਦਾ ਤੁਲਨਾਤਮਕ ਅਧਿਐਨ ਸੰਭਵ ਹੋਇਆ।

ਤੁਲਨਾਤਮਕ ਸਾਹਿਤ ਅਧਿਐਨ ਦੇ ਦੋ ਮੁੱਖ ਸਕੂਲਾਂ ਫਰਾਂਸੀਸੀ ਜਰਮਨ ਸਕੂਲ ਅਤੇ ਅਮਰੀਕੀ ਸਕੂਲ ਨੇ ਤੁਲਨਾਤਮਕ ਸਾਹਿਤ ਅਧਿਐਨ ਦੀ ਵਿਆਖਿਆ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਨ੍ਹਾਂ ਦੋਨਾਂ ਸਕੂਲਾਂ ਦੇ ਵਿਸ਼ੇਸ਼ਗ ਇਸ ਮੱਤ 'ਤੇ ਸਹਿਮਤ ਹਨ ਕਿ ਤੁਲਨਾਤਮਕ ਸਾਹਿਤ ਅਧਿਐਨ ਸਾਹਿਤਕ ਸਮੱਸਿਆਵਾਂ ਦਾ ਅਧਿਐਨ ਹੈ ਜਿਸ ਵਿੱਚ ਵੱਖ ਵੱਖ ਭਾਸ਼ਾਵਾਂ ਨਾਲ ਸਬੰਧਿਤ ਸਾਹਿਤ ਸ਼ਾਮਲ ਹੁੰਦੇ ਹਨ।

ਤੁਲਨਾਤਮਕ ਸਾਹਿਤ ਅਧਿਐਨ ਦੇ ਖੇਤਰ ਵਿੱਚ ਰੂਸੀ ਸਕੂਲ ਨੇ ਵੀ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਰੂਸੀ ਸਕੂਲ ਵਿੱਚ ਸਾਹਿਤ ਨੂੰ ਸਮਾਜ ਦੀ ਉਪਜ ਸਮਝਿਆ ਜਾਂਦਾ ਹੈ ਅਤੇ ਇਸ ਉੱਪਰ ਮਾਰਕਸਵਾਦ ਦਾ ਪ੍ਰਭਾਵ ਹੈ। ਇਸ ਕਾਰਨ ਇਸ ਸਕੂਲ ਦੇ ਚਿੰਤਕ ਮਾਰਕਸਵਾਦ ਨੂੰ ਆਧਾਰ ਬਿੰਦੂ ਬਣਾ ਕੇ ਅਧਿਐਨ ਕਰਦੇ ਹਨ। ਇਹ ਸਕੂਲ ਸਮਾਜਿਕ ਵਿਧਾਨ ਵਿੱਚਲੇ ਨੀਂਹ ਅਤੇ ਉਸਾਰ ਦੇ ਅੰਤਰ-ਸੰਬੰਧਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ। ਇਸ ਪ੍ਰਕਾਰ ਰੂਸੀ ਸਕੂਲ ਸਾਹਿਤ ਨੂੰ ਸਮਾਜ ਦੀ ਉਪਜ ਮੰਨ ਕੇ ਸਾਹਿਤ ਨੂੰ ਸਮਾਜ ਉੱਪਰਲੇ ਉਸਾਰ ਦੇ ਰੂਪ ਵਿੱਚ ਗ੍ਰਹਿਣ ਕਰਦਾ ਹੈ।

ਤੁਲਨਾਤਮਕ ਸਾਹਿਤ ਅਧਿਐਨ ਲੋਕ ਸਾਹਿਤ ਅਤੇ ਵਿਸ਼ੇਸ਼ ਸਾਹਿਤ ਵਿੱਚਕਾਰ ਵੀ ਅੰਤਰ ਸਪੱਸ਼ਟ ਕਰਦਾ ਹੈ। ਸਾਹਿਤ ਦੀਆਂ ਹੋਰ ਵੰਨਗੀਆਂ ਕਵਿਤਾ, ਕਹਾਣੀ, ਨਾਟਕ, ਨਾਵਲ ਆਦਿ ਨਾਲ ਸਬੰਧਿਤ ਲੇਖਕਾਂ ਦੀਆਂ ਰਚਨਾਵਾਂ ਨੂੰ ਤੁਲਨਾਤਮਕ ਅਧਿਐਨ ਦਾ ਆਧਾਰ ਬਣਾਇਆ ਜਾ ਸਕਦਾ ਹੈ। ਇਨ੍ਹਾਂ ਸਾਹਿਤ ਰੂਪਾਂ ਵਿੱਚੋਂ ਕਿਸੇ ਇੱਕ ਦੇ ਵਿਸ਼ੇ, ਬਿੰਬ, ਪ੍ਰਤਿਬਿੰਬ, ਸੰਕਲਪ ਨੂੰ ਆਧਾਰ ਬਣਾ ਕੇ ਕਿਸੇ ਸਾਂਝੇ ਵਿਸ਼ੇ ਨੂੰ ਵੀ ਆਧਾਰ ਬਣਾ ਕੇ ਤੁਲਨਾਤਮਕ ਸਾਹਿਤ ਅਧਿਐਨ ਕੀਤਾ ਜਾ ਸਕਦਾ ਹੈ। ਉਦਾਹਰਨ ਵਜੋਂ:- ਦੇਸ-ਵੰਡ, ਦਾਜ-ਪ੍ਰਥਾ, ਨਾਰੀਵਾਦ, ਦਲਿਤ-ਚੇਤਨਾ ਆਦਿ। ਇਨ੍ਹਾਂ ਰਚਨਾਵਾਂ ਵਿੱਚ ਰਚਨਹਾਰਿਆਂ ਦੀ ਕਲਾਤਮਕ ਪੇਸ਼ਕਾਰੀ ਨੂੰ ਵੀ ਤੁਲਨਾਤਮਕ ਸਾਹਿਤ ਅਧਿਐਨ ਦਾ ਆਧਾਰ ਬਣਾਇਆ ਜਾ ਸਕਦਾ ਹੈ ਕਿਉਂਕਿ ਇੱਕ ਹੀ ਵਿਸ਼ੇ ਪ੍ਰਤੀ ਵੱਖ ਵੱਖ ਰਚਨਹਾਰਿਆਂ ਦੀ ਦ੍ਰਿਸ਼ਟੀ ਆਪੋ ਆਪਣੀ (ਵੱਖ ਵੱਖ) ਹੁੰਦੀ ਹੈ ਅਤੇ ਇਸ ਦ੍ਰਿਸ਼ਟੀ ਨੂੰ ਪਾਠਕਾਂ ਸਾਹਮਣੇ ਰੱਖਣ ਲਈ ਰਚਨਾਕਾਰ ਵਿਸ਼ੇਸ਼ ਕਲਾਤਮਿਕਤਾ ਦੀ ਵਰਤੋਂ ਕਰਦਾ ਹੈ। ਜਿਵੇਂ ਕਿ ਕਿਸੇ ਧਾਰਮਿਕ ਵਿਸ਼ੇ ਨੂੰ ਬਿਆਨ ਕਰਨ ਹਿਤ ਉਹ ਕਿਸ ਤਰ੍ਹਾਂ ਦੀ ਸਾਹਿਤ ਸਮਗਰੀ ਦੀ ਚੋਣ ਕਰਦਾ, ਕਿਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਵਿਸ਼ੇਸ਼ਤਾ ਦਿੰਦਾ ਹੈ ? ਹਰਚੰਦ ਸਿੰਘ ਬੇਦੀ ਅਨੁਸਾਰ, "ਆਮ ਤੌਰ 'ਤੇ ਤੁਲਨਾਤਮਕ ਸਾਹਿਤ ਉਹ ਅਧਿਐਨ ਹੈ, ਜਿਸ ਵਿੱਚ ਦੋ ਜਾਂ ਦੋ ਤੋਂ ਵਧੇਰੇ ਭਾਸ਼ਾਵਾਂ ਦੇ ਸਾਹਿਤ ਦੇ ਪਰਸਪਰ ਪ੍ਰਭਾਵ, ਏਕਤਾ, ਆਦਾਨ-ਪ੍ਰਦਾਨ ਆਦਿ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।"[16]

ਤੁਲਨਾਤਮਕ ਸਾਹਿਤ ਅਧਿਐਨ ਦੇ ਖੇਤਰ ਵਿੱਚ ਅਨੁਵਾਦ ਦਾ ਯੋਗਦਾਨ ਵੀ ਵਿਸ਼ੇਸ਼ ਹੈ। ਅਨੁਵਾਦ ਦੇ ਸਦਕਾ ਤੁਲਨਾ ਕਰਤਾ ਕਿਸੇ ਅਣਜਾਣ ਭਾਸ਼ਾ ਜਾਂ ਸੱਭਿਆਚਾਰ ਦੇ ਸਾਹਿਤ ਨੂੰ ਆਪਣੀ ਭਾਸ਼ਾ ਵਿੱਚ ਪੜ੍ਹ ਸਕਦਾ ਹੈ। ਅਜਿਹੀ ਰਚਨਾ ਜਿਸ ਨੂੰ ਉਹ ਪੜ੍ਹਨਾ ਚਾਹੁੰਦਾ ਹੈ ਪਰ ਭਾਸ਼ਾ ਦੀ ਸਮੱਸਿਆ ਕਰਕੇ ਪੜ੍ਹਨ ਤੋਂ ਅਸਮਰੱਥ ਹੁੰਦਾ ਹੈ, ਉਸ ਨੂੰ ਉਹ ਅਨੁਵਾਦਤ ਰਚਨਾ ਰਾਹੀਂ ਪੜ੍ਹ ਸਕਦਾ ਹੈ। ਇਸੇ ਪ੍ਰਕਾਰ ਪ੍ਰਵਾਸੀ ਸਾਹਿਤ ਵੀ ਤੁਲਨਾਤਮਕ ਸਾਹਿਤ ਅਧਿਐਨ ਦੇ ਘੇਰੇ ਵਿੱਚ ਲਿਆ ਜਾ ਸਕਦਾ ਹੈ। ਇੱਕ ਜਾਂ ਇੱਕ ਤੋਂ ਵਧੇਰੇ ਭਾਸ਼ਾਵਾਂ ਵਿੱਚ ਰਚੇ ਗਏ ਪ੍ਰਵਾਸੀ ਸਾਹਿਤ ਨੂੰ ਉਸ ਦੇ ਵਿਸ਼ੇ, ਰੂਪ, ਸ਼ੈਲੀ ਜਾਂ ਕਿਸੇ ਹੋਰ ਸਾਹਿਤਕ ਆਧਾਰ 'ਤੇ ਤੁਲਨਾਤਮਕ ਅਧਿਐਨ ਵਜੋਂ ਲਿਆ ਜਾ ਸਕਦਾ ਹੈ। ਅਜਿਹੇ ਬਹੁਤ ਸਾਰੇ ਵਿਸ਼ੇ ਪ੍ਰਾਪਤ ਹੁੰਦੇ ਹਨ ਜੋ ਦੋ ਵੱਖ ਵੱਖ ਭਾਸ਼ਾਵਾਂ

ਅਤੇ ਖੇਤਰਾਂ ਵਿੱਚ ਸਾਂਝੇ ਹੁੰਦੇ ਹਨ, ਜਿਨ੍ਹਾਂ ਨੂੰ ਤੁਲਨਾਤਮਕ ਅਧਿਐਨ ਵਿੱਚ ਆਧਾਰ ਬਣਾਇਆ ਜਾ ਸਕਦਾ ਹੈ। ਉਦਾਹਰਨ ਵਜੋਂ ਇਸਤਰੀ ਦੀ ਵਰਤਮਾਨ ਸਥਿਤੀ, ਅਜੋਕੇ ਮਨੁੱਖ ਦੀਆਂ ਸਮਾਜਿਕ ਸਮੱਸਿਆਵਾਂ ਆਦਿ ਅਜਿਹੇ ਵਿਸ਼ੇ ਹਨ ਜੋ ਕਿਸੇ ਵੀ ਭਾਸ਼ਾ ਦੀਆਂ ਸਾਹਿਤਕ ਰਚਨਾਵਾਂ ਵਿੱਚ ਮਿਲ ਜਾਂਦੇ ਹਨ।

**ਤੁਲਨਾਤਮਕ ਸਾਹਿਤ ਦਾ ਪ੍ਰਯੋਜਨ**

ਤੁਲਨਾਤਮਕ ਸਾਹਿਤ ਅਧਿਐਨ ਦਾ ਮੁੱਖ ਪ੍ਰਯੋਜਨ ਵੱਖ ਵੱਖ ਭਾਸ਼ਾਵਾਂ, ਸੱਭਿਆਚਾਰਾਂ, ਸਮਾਜਿਕ ਇਕਾਈਆਂ, ਵਸਤੂਆਂ ਅਤੇ ਸਾਹਿਤਕ ਰਚਨਾਵਾਂ ਵਿੱਚ ਆਪਸੀ ਸਮਾਨਤਾਵਾਂ, ਵੱਖਰਤਾਵਾਂ ਅਤੇ ਵਿਸ਼ੇਸ਼ਤਾਵਾਂ ਦੀ ਖੋਜ ਕਰਨਾ ਹੈ। ਇਹ ਅਧਿਐਨ ਸੂਚਨਾ ਪ੍ਰਦਾਨ ਕਰਨ ਦੇ ਨਾਲ ਨਾਲ ਸੁਹਜਾਤਮਕ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਸਾਨੂੰ ਕਿਸੇ ਦੇਸ, ਧਰਮ ਤੇ ਸਥਾਨ ਦੀਆਂ ਹੱਦਾਂ ਤੋਂ ਉੱਪਰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਚੇਤਨਾ ਅਤੇ ਸਾਹਿਤ ਸਿਰਜਣ ਦੀਆਂ ਸਮਾਨਤਾਵਾਂ, ਵਿਵਧਤਾਵਾਂ ਤੇ ਵਿਲੱਖਣਤਾਵਾਂ ਤੋਂ ਜਾਣੂ ਕਰਵਾਉਂਦਾ ਹੈ। ਇਸ ਅਧਿਐਨ ਵਿੱਚ ਆਪਣੇ ਸਾਹਿਤ ਖੇਤਰ, ਪਰੰਪਰਾ ਤੋਂ ਬਾਹਰ ਨਿਕਲ ਕੇ ਹੋਰਨਾਂ ਭਾਸ਼ਾਵਾਂ, ਸਾਹਿਤ ਰੂਪਾਂ ਅਤੇ ਬਾਹਰੀ ਪਰੰਪਰਾਵਾਂ ਨੂੰ ਸਮਝ ਕੇ ਨਵੀਂਆਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਕੁਲਦੀਪ ਸਿੰਘ ਧੀਰ ਅਨੁਸਾਰ, "ਵਿਭਿੰਨ ਸੰਸਕ੍ਰਿਤੀਆਂ ਦੇ ਚਿਹਨ ਪ੍ਰਬੰਧਾਂ ਵਿੱਚ ਸਮਰੂਪਤਾ ਹੈ, ਪਰ ਵਖਰੇਵੇਂ ਵੀ ਹਨ। ਤੁਲਨਾਤਮਕ ਸਾਹਿਤ, ਵਿਭਿੰਨ ਚਿਹਨ ਵਿਗਿਆਨਕ ਪ੍ਰਬੰਧਾਂ ਦੀ ਸਮਰੂਪਤਾ ਦਾ ਅਧਿਐਨ ਕਰਦੇ ਹੋਏ ਆਪਣੇ ਆਪ ਇਨ੍ਹਾਂ ਦੇ ਵਖਰੇਵਿਆਂ ਨੂੰ ਵੀ ਉਜਾਗਰ ਕਰਦਾ ਜਾਂਦਾ ਹੈ।"[17]

ਤੁਲਨਾਤਮਕ ਸਾਹਿਤ ਆਲੋਚਨਾ ਦਾ ਮਨੋਰਥ ਸਮੁੱਚੇ ਵਿਸ਼ਵ ਨੂੰ ਇੱਕੋ ਰੰਗ ਵਿੱਚ ਰੰਗਣ ਦਾ ਨਾ ਹੋ ਕੇ ਵਿਸ਼ਵ ਨੂੰ ਇਸ ਦੇ ਆਪੋ ਆਪਣੇ ਸੱਭਿਆਚਾਰ ਅਤੇ ਸੰਸਕ੍ਰਿਤੀ ਅਨੁਸਾਰ ਮੌਲਣ ਦੇਣ ਦਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਸੱਭਿਆਚਾਰ ਇੱਕ ਦੂਜੇ ਵਿੱਚ ਰਲਗੱਡ ਹੋ ਰਹੇ ਹਨ ਅਤੇ ਛੋਟੇ ਸੱਭਿਆਚਾਰ ਜਿਨ੍ਹਾਂ ਦੀ ਸੀਮਾ ਭੂਗੋਲਿਕ ਇਕਾਈ ਜਾਂ ਭਾਸ਼ਾ ਦੇ ਬੁਲਾਰਿਆਂ ਦੇ ਆਧਾਰ 'ਤੇ ਘੱਟ ਹੈ, ਉਨ੍ਹਾਂ ਸੱਭਿਆਚਾਰਾਂ ਨੂੰ ਵੱਡੀ ਇਕਾਈ ਦੇ ਸਮਰੱਥ ਸੱਭਿਆਚਾਰਾਂ ਵਿੱਚ ਜਜ਼ਬ ਹੋਣ ਦਾ ਖ਼ਤਰਾ ਹੈ। ਅਜਿਹਾ ਵਰਤਾਰਾ ਅਜੋਕੀ ਤਕਨੀਕ ਦੀ ਵਜ੍ਹਾ ਕਾਰਨ ਹੋਰ ਵੀ ਜਿਆਦਾ ਫ਼ੈਲ ਰਿਹਾ ਹੈ। ਅਜਿਹੇ ਹਾਲਾਤ ਵਿੱਚ ਜ਼ਰੂਰੀ ਹੋ ਜਾਂਦਾ ਹੈ ਕਿ ਧਰਤੀ ਦੇ ਹਰ ਖਿੱਤੇ

ਵਿੱਚ ਵਸਦੇ ਮਨੁੱਖੀ ਸੱਭਿਆਚਾਰ ਅਤੇ ਸੰਸਕ੍ਰਿਤੀ ਨੂੰ ਉੱਥੋਂ ਦੇ ਸਾਹਿਤ ਦੇ ਆਧਾਰ ’ਤੇ ਵਾਚਿਆ ਜਾਵੇ। ਇਸ ਤਰ੍ਹਾਂ ਦੇ ਅਧਿਐਨ ਵਿੱਚ ਤੁਲਨਾਤਮਕ ਸਾਹਿਤ ਆਲੋਚਨਾ ਆਪਣੀ ਵਿਲੱਖਣ ਭੂਮਿਕਾ ਨਿਭਾਅ ਸਕਦਾ ਹੈ। ਤੁਲਨਾਤਮਕ ਸਾਹਿਤ ਆਲੋਚਨਾ ਵਿੱਚ ਅਸੀਂ ਕਿਸੇ ਖੇਤਰ ਦੀ ਭਾਸ਼ਾ, ਇਤਿਹਾਸ, ਰੀਤੀ-ਰਿਵਾਜ਼ ਆਦਿ ਨੂੰ ਉੱਥੋਂ ਦੇ ਧਰਾਤਲੀ ਪੱਧਰ ’ਤੇ ਸਮਝ ਸਕਦੇ ਹਾਂ। ਕੁਲਦੀਪ ਸਿੰਘ ਧੀਰ ਗੈਟੇ ਦਾ ਹਵਾਲਾ ਦੇ ਕੇ ਲਿਖ਼ਦਾ ਹੈ, “ਉਹ ਇਹ ਵੀ ਚਾਹੁੰਦਾ ਸੀ ਕਿ ਪਰਸਪਰ ਆਦਾਨ-ਪ੍ਰਦਾਨ ਤੇ ਪੁਨਰ ਮੁਲਾਂਕਣ ਦੀ ਇਸ ਪ੍ਰਕਿਰਿਆ ਦੌਰਾਨ ਵਿਭਿੰਨ ਰਾਸ਼ਟਰਾਂ ਦੇ ਸਾਹਿਤ ਦੀ ਆਪਸੀ ਵਿਲੱਖਣ ਪਹਿਚਾਣ ਜ਼ਰੂਰੀ ਬਣੀ ਰਹੇ। ਸਾਰੇ ਲੋਕਾਂ ਨੂੰ ਇੱਕੋ ਸੋਚਣੀ ਦੇ ਧਾਰਨੀ ਬਣਾ ਕੇ ਦੁਨੀਆਂ ਦੇ ਬਾਗ ਦੀ ਵਿਵਿਧਤਾ ਨੂੰ ਖ਼ਤਮ ਕਰਨ ਦੇ ਹੱਕ ਵਿੱਚ ਉਹ ਨਹੀਂ ਸੀ।”[18]

ਇਸ ਪ੍ਰਕਾਰ ਤੁਲਨਾਤਮਕ ਸਾਹਿਤ ਆਲੋਚਨਾ ਅੰਤਰ-ਰਾਸ਼ਟਰੀ ਪੱਧਰ ਦਾ ਅਜਿਹਾ ਸਾਹਿਤ ਆਲੋਚਨਾ ਅਨੁਸ਼ਾਸਨ ਹੈ ਜੋ ਵੱਖ ਵੱਖ ਰਾਸ਼ਟਰਾਂ ਵਿੱਚ ਉਤਪੰਨ ਹੋਏ ਸਾਹਿਤ ਕਾਰਜਾਂ ਨੂੰ ਉਨ੍ਹਾਂ ਦੀ ਮੌਲਿਕਤਾ ਦੇ ਆਧਾਰ ’ਤੇ ਵਿਸ਼ਵ ਸਾਹਮਣੇ ਪੇਸ਼ ਕਰਦਾ ਹੈ। ਤੁਲਨਾਤਮਕ ਸਾਹਿਤ ਆਲੋਚਨਾ ਨੇ ਸਿੱਧ ਕੀਤਾ ਹੈ ਕਿ ਸਾਹਿਤ ਦੀਆਂ ਉਹੀ ਰਚਨਾਵਾਂ ਵਿਸ਼ਵ ਪੱਧਰ ’ਤੇ ਪਾਠਕਾਂ ਵਿੱਚ ਪ੍ਰਵਾਨ ਹੋਈਆਂ ਹਨ ਜਿਨ੍ਹਾਂ ਦਾ ਸੰਬੰਧ ਕਿਸੇ ਸੰਕੀਰਣ ਸੰਦਰਭ ਨਾਲ ਹੋਣ ਦੀ ਬਜਾਇ ਮਾਨਵੀ ਸਰੋਕਾਰਾਂ ਨਾਲ ਹੈ। ਤੁਲਨਾਤਮਕ ਸਾਹਿਤ ਆਲੋਚਨਾ ਦੇ ਕਾਰਨ ਹੀ ਵੱਖ ਵੱਖ ਰਾਸ਼ਟਰ ਆਪਣੇ ਤੋਂ ਇਲਾਵਾ ਹੋਰਨਾਂ ਸੰਸਕ੍ਰਿਤੀਆਂ ਨੂੰ ਸਮਝ ਕੇ ਨਵੀਆਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਕਰਨ ਵੱਲ ਰੁਚਿਤ ਹੋਏ ਹਨ। ਇਸ ਪ੍ਰਕਾਰ ਤੁਲਨਾਤਮਕ ਸਾਹਿਤ ਸਾਨੂੰ ਸੰਕੀਰਨ ਰਾਸ਼ਟਰੀ ਚੇਤਨਾ ਤੋਂ ਮੁਕਤ ਕਰਦਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ, “ਇੱਕ ਤਰ੍ਹਾਂ ਨਾਲ ਵਿਲੱਖਣਤਾ ਸਮੁੱਚੀ ਮਾਨਵਤਾ ਦਾ ਸਾਂਝਾ ਗੁਣ ਹੈ। ਅਸੀਂ ਆਪਣੀ ਵਿਲੱਖਣਤਾ ਦੇ ਬਾਵਜੂਦ ਹੀ ਨਹੀਂ, ਇਸ ਕਾਰਣ ਵੀ ਇੱਕ ਦੂਜੇ ਨਾਲ ਸਾਂਝ ਪਾਉਂਦੇ ਹਾਂ।”[19]

### ਤੁਲਨਾਤਮਕ ਸਾਹਿਤ ਅਧਿਐਨ ਦੇ ਪ੍ਰਮੁੱਖ ਸਿਧਾਂਤ

ਕੋਈ ਵੀ ਖੇਤਰ ਜਾਂ ਕੋਈ ਵੀ ਅਨੁਸ਼ਾਸਨ ਆਪਣੇ ਮੁੱਢਲੇ ਅਤੇ ਪ੍ਰਮੁੱਖ ਸਿਧਾਤਾਂ ਤੋਂ ਬਿਨ੍ਹਾਂ ਆਪਣੀ ਅਭਿਵਿਅਕਤੀ ਨਹੀਂ ਕਰ ਸਕਦਾ। ਹਰੇਕ ਵਿਧਾ ਜਾਂ ਵਾਦ ਨੂੰ ਆਪਣੀ ਪਛਾਣ ਨਹਿਤ ਕੁੱਝ ਸਿਧਾਤਾਂ ਜਾਂ

ਨਿਯਮਾਂ ਦੀ ਜ਼ਰੂਰਤ ਹੁੰਦੀ ਹੈ। ਇਸੇ ਪ੍ਰਕਾਰ ਤੁਲਨਾਤਮਕ ਸਾਹਿਤ ਅਧਿਐਨ ਦੇ ਖੇਤਰ ਵਿੱਚ ਪ੍ਰਮੁੱਖ ਸਿਧਾਂਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਸਦ੍ਰਿਸ਼ਤਾ ਅਧਿਐਨ:- ਇਹ ਤੁਲਨਾਤਮਕ ਸਾਹਿਤ ਅਧਿਐਨ ਦਾ ਅਜਿਹਾ ਸਿਧਾਂਤ ਹੈ ਜਿਸ ਵਿੱਚ ਵੱਖ ਵੱਖ ਸਮਾਜਾਂ ਅਤੇ ਪ੍ਰਸਥਿਤੀਆਂ ਵਿੱਚ ਰਚੇ ਗਏ ਸਾਹਿਤ ਨੂੰ ਆਧਾਰ ਬਣਾ ਕੇ ਅਧਿਐਨ ਕੀਤਾ ਜਾਂਦਾ ਹੈ। ਇਸ ਵਿੱਚ ਸਮਾਜਿਕ ਸੰਰਚਨਾ ਦੀ ਸਦ੍ਰਿਸ਼ਤਾ ਦੇ ਆਧਾਰ ’ਤੇ ਰਚਨਾਵਾਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਦੀ ਪਛਾਣ ਕੀਤੀ ਜਾਂਦੀ ਹੈ।
2. ਪਰੰਪਰਾ ਅਧਿਐਨ:- ਇਸ ਵਿੱਚ ਇੱਕ ਇਤਿਹਾਸਕ ਕਾਲ ਦ੍ਰਿਸ਼ਟੀ ਦੇ ਸਾਹਿਤਕ ਰੂਪ ਦਾ ਦੋ ਸਾਹਿਤਕ ਰਚਨਾਵਾਂ ਦੇ ਸੰਦਰਭ ਵਿੱਚ ਅਧਿਐਨ ਕੀਤਾ ਜਾਂਦਾ ਹੈ।
3. ਪ੍ਰਭਾਵ ਅਧਿਐਨ:- ਇਸ ਵਿੱਚ ਪ੍ਰਭਾਵਿਤ ਕਰਨ ਵਾਲੇ ਸ੍ਰੋਤਾਂ ਦੀ ਪੜਚੋਲ ਕਰਨ ਦੇ ਨਾਲ ਨਾਲ ਪ੍ਰਭਾਵਿਤ ਹੋਣ ਵਾਲਾ ਲੇਖਕ ਕਿਵੇਂ ਅਤੇ ਕਿੰਨਾ ਪ੍ਰਭਾਵਿਤ ਹੋਇਆ ਹੈ, ਇਸ ਉੱਪਰ ਵੀ ਧਿਆਨ ਦਿੱਤਾ ਜਾਂਦਾ ਹੈ।
4. ਸਵੀਕ੍ਰਿਤੀ ਅਤੇ ਸੰਚਾਰ ਅਧਿਐਨ:- ਇਹ ਇੱਕ ਵਿਸ਼ਾਲ ਖੇਤਰ ਵਾਲਾ ਅਧਿਐਨ ਹੈ। ਇਸ ਦਾ ਸੰਬੰਧ ਮਨੋਵਿਗਿਆਨ ਅਤੇ ਸਮਾਜਸ਼ਾਸਤਰ ਨਾਲ ਹੈ।
5. ਸੁਭਾਗ ਅਧਿਐਨ:- ਕਿਸੇ ਸਾਹਿਤਕਾਰ ਦੀ ਮੌਤ ਉਪਰੰਤ ਜੇਕਰ ਉਸ ਦੀ ਰਚਨਾ ਨੂੰ ਪ੍ਰਸਿੱਧੀ ਪ੍ਰਾਪਤ ਹੋ ਜਾਵੇ ਇਹ ਉਸ ਦਾ ਸੁਭਾਗ ਮੰਨਿਆ ਜਾਂਦਾ ਹੈ। ਅਜਿਹੀ ਰਚਨਾ ਦੇ ਤੁਲਨਾਤਮਕ ਅਧਿਐਨ ਨੂੰ ਸੁਭਾਗ ਅਧਿਐਨ ਕਿਹਾ ਜਾਂਦਾ ਹੈ।
6. ਥੀਮ ਅਤੇ ਮੋਟਿਫ਼ ਅਧਿਐਨ:- ਇਸ ਵਿੱਚ ਲੇਖਕ ਦੀ ਰਚਨਾ ਸਮਗਰੀ ਦੀ ਚੋਣ ਅਤੇ ਪੇਸ਼ਕਾਰੀ ਨੂੰ ਸਾਹਮਣੇ ਰੱਖਿਆ ਜਾਂਦਾ ਹੈ। ਇਸ ਵਿੱਚ ਅਧਿਐਨ ਕੀਤਾ ਜਾਂਦਾ ਹੈ ਕਿ ਕਿਸੇ ਇੱਕ ਲੇਖਕ ਦੀ ਰਚਨਾ ਵਿੱਚ ਵਰਤੇ ਗਏ ਥੀਮ ਅਤੇ ਮੋਟਿਫ਼ ਕੋਈ ਹੋਰ ਲੇਖਕ ਕਿਵੇਂ ਵਰਤਦਾ ਹੈ?

7. ਰੂਪਾਕਾਰ ਅੰਦੋਲਨ ਅਤੇ ਕਾਲ-ਖੰਡ ਅਧਿਐਨ:- ਇਹ ਅਧਿਐਨ ਸਾਹਿਤ ਇਤਿਹਾਸ ਅਤੇ ਸਾਹਿਤ ਸਿਧਾਂਤ ਨੂੰ ਅੰਤਰ-ਰਾਸ਼ਟਰੀ ਸੰਦਰਭ ਪ੍ਰਦਾਨ ਕਰਦਾ ਹੈ। ਜਿਸ ਸਦਕਾ ਹਰੇਕ ਨਵੀਂ ਰਚਨਾ ਰੂਪਾਕਾਰਾਂ ਦੀ ਸਬੰਧਿਤ ਪਰੰਪਰਾ ਨੂੰ ਅਮੀਰ ਕਰਦੀ ਹੈ ਅਤੇ ਉਸ ਵਿੱਚ ਕੁੱਝ ਪਰਿਵਰਤਨ ਵੀ ਲਿਆਉਂਦੀ ਹੈ।
8. ਸੰਰਚਨਾ ਅਤੇ ਵਿਚਾਰ ਅਧਿਐਨ:- ਤੁਲਨਾਤਮਕ ਅਧਿਐਨ ਦਾ ਅੰਤਮ ਸੰਬੰਧ ਸੰਪੂਰਨ ਸੰਰਚਨਾ ਨਾਲ ਹੋਣਾ ਚਾਹੀਦਾ ਹੈ ਕਿਉਂਕਿ ਸਤਹੀ ਸੰਰਚਨਾ ਦੇ ਹੇਠ ਇੱਕ ਡੂੰਘੀ ਸੰਰਚਨਾ ਹੁੰਦੀ ਹੈ, ਜਿਸ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਸੰਰਚਨਾ ਅਧਿਐਨ ਵਿੱਚ ਖੋਜ ਕੀਤੀ ਜਾਂਦੀ ਹੈ ਕਿ ਦੋ ਰਚਨਾਵਾਂ ਦੀ ਕਥਾ-ਵਸਤੂ ਵੱਖ ਵੱਖ ਪਰੰਤੂ ਦੋਨਾਂ ਦੀ ਸੰਰਚਨਾ ਇੱਕੋ ਜਿਹੀ ਹੁੰਦੀ ਹੈ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਤੁਲਨਾਤਮਕ ਸਾਹਿਤ ਅਧਿਐਨ ਦਾ ਸੰਕਲਪ ਇੱਕ ਨਿਰੰਤਰ ਵਿਕਾਸ ਪ੍ਰਕਿਰਿਆ ਵਿੱਚੋਂ ਲੰਘਿਆ ਹੈ। ਆਰੰਭਤਾ ਵਿੱਚ ਇਸ ਅਨੁਸ਼ਾਸਨ ਨੂੰ ਪ੍ਰਵਾਨ ਹੋਣ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਇਹ ਅਨੁਸ਼ਾਸਨ ਸ਼ੱਕੀ ਨਿਗਾਹਾਂ ਦਾ ਸ਼ਿਕਾਰ ਰਿਹਾ ਅਤੇ ਸੰਕੀਰਣ ਭਰੀਆਂ ਟਿੱਪਣੀਆਂ ਵੀ ਪ੍ਰਾਪਤ ਹੋਈਆਂ ਪਰੰਤੂ ਵਰਤਮਾਨ ਸਮੇਂ ਵਿੱਚ ਇਹ ਅਧਿਐਨ ਸਮੁੱਚੇ ਸੰਸਾਰ ਵਿੱਚ ਆਪਣੀ ਸਥਿਰਤਾ ਕਾਇਮ ਕਰ ਚੁੱਕਾ ਹੈ। ਇਸ ਪ੍ਰਕਾਰ ਤੁਲਨਾਤਮਕ ਸਾਹਿਤ ਅਧਿਐਨ ਸਾਹਿਤ ਇਤਿਹਾਸ ਨਾਲੋਂ ਇੱਕ ਸੁਤੰਤਰ ਅਨੁਸ਼ਾਸਨ ਹੈ ਜਿਸ ਵਿੱਚ ਵੱਖ ਵੱਖ ਭਾਸ਼ਾਵਾਂ ਦਾ ਸਾਹਿਤ ਵਿਆਪਕ ਪਹਿਚਾਣ ਪ੍ਰਾਪਤ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਅਧਿਐਨ ਲਈ ਜ਼ਰੂਰੀ ਹੈ ਕਿ ਅਧਿਐਨ ਕਰਤਾ ਨੂੰ ਬਹੁ-ਖੇਤਰੀ ਗਿਆਨ ਅਤੇ ਅਨੁਭਵ ਪ੍ਰਾਪਤ ਹੋਵੇ।

**(ਅ) ਚਿੰਤਨ ਸਮੱਗਰੀ ਦੀ ਰੂਪ ਰੇਖਾ (ਗੁਰਮਤਿ ਕਾਵਿ ਅਤੇ ਸੂਫੀ ਕਾਵਿ)**

**ਗੁਰਮਤਿ ਕਾਵਿ**

ਗੁਰਮਤਿ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖ਼ਦੇ ਹਨ:- ਸਤਿਗੁਰੂ ਦਾ ਸਿਧਾਂਤ, ਗੁਰੂ ਦਾ ਥਾਪਿਆ ਧਰਮ ਦਾ ਨਿਯਮ, ਗੁਰੂ ਦੀ ਰਾਇ, ਸਤਿਗੁਰੂ ਦੀ ਇੱਛਾ, ਗੁਰੂ ਦੀ ਨਸੀਹਤ, ਗੁਰਮਤਿ ਦਵਾਰਾ।"[20]

ਇਸਲਾਮ ਦੇ ਪੈਗ਼ੰਬਰ, ਸੂਫੀਆਂ ਦੇ ਮੁਰਸ਼ਦ ਅਤੇ ਜੈਨੀਆਂ ਦੇ ਤੀਰਥੰਕਰ ਦੀ ਤਰ੍ਹਾਂ ਹੀ ਸਿੱਖ ਧਰਮ ਵਿੱਚ ਗੁਰੂ ਨੂੰ ਸਰਵੋਤਮ ਸਥਾਨ ਪ੍ਰਾਪਤ ਹੈ। 'ਮਤਿ' ਭਾਰਤੀ ਦਰਸ਼ਨ ਦਾ ਪੁਰਾਣਾ ਸ਼ਬਦ ਹੈ ਜਿਸ ਵਿੱਚ ਕਿਸੇ ਕੌਮ ਜਾਂ ਧਰਮ ਦੇ ਸਿਧਾਂਤ ਸਮਾਏ ਹੁੰਦੇ ਹਨ। ਇਸੇ ਆਧਾਰ 'ਤੇ ਸਿੱਖ ਧਰਮ ਦੇ ਉਹ ਸਿਧਾਂਤ ਜੋ ਗੁਰੂ ਸਾਹਿਬਾਨ ਵੱਲੋਂ ਦਿੱਤੇ ਗਏ ਹਨ, ਉਨ੍ਹਾਂ ਨੂੰ ਗੁਰਮਤਿ ਕਿਹਾ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਨੇ 'ਗੁਰੂ ਗ੍ਰੰਥ ਵਿਸ਼ਵਕੋਸ਼' ਵਿੱਚ ਲਿਖਿਆ ਹੈ:-

"ਇਸ ਸ਼ਬਦ ਦੇ ਦੋ ਅਰਥ ਵਿਵਹਾਰ ਵਿੱਚ ਆਉਂਦੇ ਹਨ। ਪਹਿਲਾ ਅਰਥ ਗੁਰੂ ਦੀ ਮਤ, ਗੁਰੂ ਦੀ ਰਾਇ, ਗੁਰੂ ਦੀ ਨਸੀਹਤ, ਗੁਰੂ ਦੀ ਸੰਮਤੀ, ਦੂਜਾ ਅਰਥ ਹੈ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤਾ ਸਿਧਾਂਤ। ਇਸ ਤੋਂ ਵਿਸਤਰਿਤ ਹੋਇਆ ਅਰਥ ਗੁਰੂਆਂ ਦੁਆਰਾ ਸਥਾਪਿਤ ਸਿਧਾਂਤਾਂ ਨੂੰ ਆਧਾਰ ਬਣਾ ਕੇ ਚਲਣ ਵਾਲਾ ਧਰਮ।"[21]

ਡਾ. ਅੰਮ੍ਰਿਤਪਾਲ ਕੌਰ ਅਨੁਸਾਰ:-

"ਗੁਰਮਤਿ ਤੋਂ ਭਾਵ ਹੈ ਗੁਰੂ ਰਾਇ, ਗੁਰੂ ਦੁਆਰਾ, ਗੁਰੂ ਦਾ ਥਾਪਿਆ ਨਿਯਮ ਆਦਿ।"[22]

ਗੁਰਮਤਿ ਇੱਕ ਨਵੀਨ ਕ੍ਰਾਂਤੀਕਾਰੀ ਵਿਚਾਰਧਾਰਾ ਹੈ ਜਿਸ ਨੇ ਮੱਧ ਕਾਲੀ ਮਨੁੱਖੀ ਜੀਵਨ ਨੂੰ ਅਧਿਆਤਮਿਕ ਅਤੇ ਸਮਾਜਿਕ ਅਗਵਾਈ ਦਿੱਤੀ।

ਗੁਰਮਤਿ ਦੇ ਮੋਢੀ ਗੁਰੂ ਨਾਨਕ ਦੇਵ ਜੀ ਹਨ ਜਿਸ ਨੂੰ ਬਾਕੀ ਨੌਂ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰਮਤਿ ਦਾ ਆਧਾਰ ਸਿੱਖ ਰਹਿਤ ਮਰਿਯਾਦਾ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਸਮੁੱਚੀ ਬਾਣੀ ਹੈ, ਜਿਸ ਵਿੱਚ 06 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 04 ਸਿੱਖਾਂ ਦੀ ਬਾਣੀ ਸ਼ਾਮਲ ਹੈ।

ਡਾ. ਦੀਵਾਨ ਸਿੰਘ ਅਨੁਸਾਰ:-

"ਗੁਰਮਤਿ ਦਾ ਸਾਹਿਤਕ ਪ੍ਰਕਾਸ਼ ਨਿਰੀ ਕਥਨੀ ਨਹੀਂ, ਮਾਨਸਿਕ ਪ੍ਰਚਾਵਾ ਨਹੀਂ, ਸਗੋਂ ਮਹਾਨ ਆਤਮਾ ਦੀਆਂ ਗੌਰਵਤਾ ਭਰੀਆਂ ਡੂੰਘਾਈਆਂ ਵਿੱਚੋਂ ਨਿਕਲੇ ਮਨੋਹਰ ਬਚਨ ਹਨ, ਜਿਵੇਂ ਅਥਾਹ ਸਾਗਰ ਵਿੱਚੋਂ ਅਮੁੱਲੇ ਮੋਤੀ ਨਿਕਲੇ ਹੋਣ। ਇਹ ਸਾਧ ਬਚਨ ਅਟੱਲ ਹਨ, ਇਨ੍ਹਾਂ ਦੀ ਸੱਚਾਈ ਸਦੀਵੀ ਸੱਚਾਈ ਹੈ।"[23]

ਇਸ ਪ੍ਰਕਾਰ ਗੁਰਮਤਿ ਸਿੱਖ ਗੁਰੂ ਸਾਹਿਬਾਨ ਵੱਲੋਂ ਦਿੱਤਾ ਗਿਆ ਜੀਵਨ ਦਰਸ਼ਨ ਹੈ ਜਿਸ ਵਿੱਚ ਹੋਰ ਭਗਤਾਂ ਅਤੇ ਭੱਟਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਗੁਰਮਤਿ ਚਿੰਤਨ ਦਾ ਸੰਬੰਧ ਸਿੱਧਾ ਮਨੁੱਖੀ ਜੀਵਨ ਦੇ ਵਿਹਾਰ ਨਾਲ ਹੈ। ਇਹ ਮਨੁੱਖ ਨੂੰ ਸਚਿਆਰ ਹੋਣ ਲਈ ਪ੍ਰੇਰਦਾ ਹੈ। ਇਸੇ ਲਈ ਸਿੱਖ ਫ਼ਲਸਫ਼ੇ ਵਿੱਚ ਜਿਸ ਤਰ੍ਹਾਂ ਗੁਰਮੁੱਖ ਦਾ ਵਿਰੋਧੀ ਸ਼ਬਦ ਮਨਮੁੱਖ ਹੈ, ਗੁਰਮਤਿ ਦਾ ਵਿਰੋਧੀ ਸ਼ਬਦ ਦੁਰਮਤਿ ਹੈ। ਭਾਈ ਗੁਰਦਾਸ ਜੀ ਨੇ ਕਈ ਥਾਂਵਾਂ ’ਤੇ ਗੁਰਮਤਿ ਅਤੇ ਦੁਰਮਤਿ ਨੂੰ ਇੱਕ ਦੂਜੇ ਦੇ ਵਿਰੋਧ ਵਜੋਂ ਪੇਸ਼ ਕੀਤਾ ਹੈ। ਉਦਾਹਰਨ ਵਜੋਂ:-

ਗੁਰ ਸਿਖੀ ਦਾ ਨਾਵਣਾ ਗੁਰਮਤਿ ਲੈ ਦੁਰਮਤਿ ਮਲੁ ਧੋਵੈ।[24]

ਗੁਰਮਤਿ ਮਨੁੱਖ ਦੇ ਵਿਵਹਾਰਕ ਜੀਵਨ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਹ ਅਧਿਆਤਮਿਕ ਅਤੇ ਅੰਦਰੂਨੀ ਜੀਵਨ ਨੂੰ ਸੇਧ ਪ੍ਰਦਾਨ ਕਰਦੀ ਹੈ। ਇਸ ਲਈ ਗੁਰਬਾਣੀ ਵਿੱਚ ਨਾਮ ਸਿਮਰਨ ਰਾਹੀਂ ਅਧਿਆਤਮਿਕ ਜੀਵਨ ਨੂੰ ਉੱਚਾ ਚੁੱਕਣ ਅਤੇ ਸਚਿਆਰ ਹੋਣ ਦੇ ਨਾਲ ਨਾਲ ਸਮਾਜਿਕ ਮੁੱਦਿਆਂ ਬਾਰੇ ਵੀ ਗੱਲ ਕੀਤੀ ਗਈ ਹੈ।

**ਉਦਭਵ ਤੇ ਵਿਕਾਸ**

ਉੱਤਰੀ ਭਾਰਤ ਵਿੱਚ ਅਮੀਰ ਵਿਰਸੇ ਦੇ ਮਾਲਕ ਪੰਜਾਬ ਵਿੱਚ ਸਮੇਂ ਸਮੇਂ ਗੁਰੂ, ਰਿਸ਼ੀ, ਵਿਦਵਾਨ ਅਤੇ ਕਵੀ ਪੈਦਾ ਹੋਏ, ਜਿਨ੍ਹਾਂ ਨੇ ਸਾਹਿਤ ਰਚਨਾ ਕਰਕੇ ਇਸ ਨੂੰ ਹੋਰ ਅਮੀਰ ਕੀਤਾ। ਇੱਥੋਂ ਦੇ ਇਤਿਹਾਸਕ ਪਿਛੋਕੜ ਨੂੰ ਸਮਝ ਕੇ ਹੀ ਇੱਥੋਂ ਦੇ ਸਾਹਿਤ ਦੇ ਸਿਧਾਂਤਾਂ ਨੂੰ ਸਮਝਿਆ ਜਾ ਸਕਦਾ ਹੈ। ਮੱਧ ਕਾਲੀ ਭਾਰਤ ਦੀਆਂ ਧਾਰਮਿਕ, ਇਤਿਹਾਸਕ, ਰਾਜਨੀਤਕ ਅਤੇ ਸਮਾਜਿਕ ਪ੍ਰਸਥਿਤੀਆਂ ਨੂੰ ਸਾਹਮਣੇ ਰੱਖ ਕੇ ਗੁਰਮਤਿ ਕਾਵਿ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਲਗਭਗ 500 ਸਾਲ ਪਹਿਲਾਂ ਭਾਰਤੀ ਸਮਾਜ ਇਸਲਾਮੀ ਰਾਜ ਦੇ ਅਧੀਨ ਹੋ ਚੁੱਕਾ ਸੀ। ਇਸਲਾਮੀ ਬਾਦਸ਼ਾਹਾਂ ਦੇ ਨਾਲ ਭਾਰਤ ਆਏ ਬਹੁਤ ਸਾਰੇ ਸੂਫੀ ਅਤੇ ਮੁਸਲਮਾਨ ਵਿਦਵਾਨ ਵੀ ਇੱਥੇ ਵਸ ਗਏ। ਭਾਰਤੀ ਸਮਾਜ ਮੁੱਖ ਦੋ ਧਰਮਾਂ ਹਿੰਦੂ ਅਤੇ ਮੁਸਲਮਾਨ ਵਿੱਚ ਵੰਡਿਆ ਗਿਆ ਸੀ। ਇਸਲਾਮੀ ਸੱਭਿਆਚਾਰ ਨੇ ਭਾਰਤੀ ਸੱਭਿਆਚਾਰ ਨੂੰ ਵੱਡੇ ਪੱਧਰ ’ਤੇ ਪ੍ਰਭਾਵਿਤ ਕੀਤਾ ਅਤੇ ਖ਼ੁਦ ਵੀ ਪ੍ਰਭਾਵਿਤ ਹੋਇਆ। ਇਹ ਪਰਸਪਰ ਪ੍ਰਭਾਵ ਸਿਰਫ਼ ਖਾਣ, ਪਹਿਨਣ ਜਾਂ ਵਪਾਰ ਤੱਕ ਸੀਮਤ ਨਹੀਂ ਸੀ, ਬਲਕਿ ਇਸ ਸਮੇਂ ਭਾਸ਼ਾ ਅਤੇ ਬੋਲੀ ਵਿੱਚ ਵੀ ਪਰਿਵਰਤਨ ਆਇਆ। ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾਵਾਂ ਦੇ

ਬਹੁਤ ਸਾਰੇ ਸ਼ਬਦਾਂ ਦਾ ਅਦਾਨ-ਪ੍ਰਦਾਨ ਹੋਇਆ। ਇਸ ਪ੍ਰਕਾਰ ਇਸ ਦੌਰ ਵਿੱਚ ਪੈਦਾ ਹੋਇਆ ਸਾਹਿਤ ਮਿਸ਼ਰਤ ਸੱਭਿਆਤਾਵਾਂ ਨਾਲ ਸਬੰਧਿਤ ਹੈ। ਜਿੱਥੇ ਹਿੰਦੂ ਧਰਮ ਬਹੁ-ਦੇਵਵਾਦ, ਮੂਰਤੀ ਪੂਜਾ ਤੇ ਤਿਆਗੀ ਭਾਵਨਾਵਾਂ ਵਾਲਾ ਸੀ, ਉੱਥੇ ਇਸਲਾਮ ਇੱਕ-ਈਸ਼ਵਰਵਾਦ ਅਤੇ ਬੁੱਤ-ਪ੍ਰਸਤੀ ਦਾ ਖੰਡਨ ਕਰਨ ਵਾਲਾ ਸੀ। ਹਿੰਦੂ ਧਰਮ ਵਿੱਚ ਪਾਖੰਡਵਾਦ ਦਾ ਬੋਲਬਾਲਾ ਵਧ ਜਾਣ ਕਾਰਨ ਭਗਤੀ ਲਹਿਰ ਦੀ ਬਾਣੀ ਇਸ ਦੇ ਵਿਰੋਧ ਵਿੱਚ ਉਪਦੇਸ਼ ਦੇ ਰਹੀ ਸੀ। ਡਾ. ਇੰਦਰਜੀਤ ਸਿੰਘ ਵਾਸੂ ਅਨੁਸਾਰ, "ਇਸ ਸਮੇਂ ਭਾਰਤ ਵਿੱਚ ਹਿੰਦੂ ਧਰਮ ਦੀ ਪੁਨਰ-ਸੁਰਜੀਤੀ ਦੀ ਲਹਿਰ ਨੇ ਤੇਜੀ ਪਕੜ ਲਈ ਸੀ। ਰਾਮਾਨੁਜ, ਮਾਧਵ, ਵਲਭ ਸੁਆਮੀ, ਰਾਮਾਨੰਦ, ਭਗਤ ਕਬੀਰ, ਭਗਤ ਰਵਿਦਾਸ ਆਦਿ ਨੇ ਇਸ ਲਹਿਰ ਨੂੰ ਪ੍ਰਚੰਡ ਕੀਤਾ।"[25]

ਇਸ ਕਾਵਿ ਧਾਰਾ ਦੇ ਕਵੀ ਜਿੱਥੇ ਇੱਕ ਪਾਸੇ ਨਿਰੰਕਾਰ ਨਾਲ ਅਭੇਦ ਸਨ ਉੱਥੇ ਉਹ ਇਸ ਸੰਸਾਰ ਨਾਲ ਵੀ ਜੁੜੇ ਹੋਏ ਸਨ। ਇਸੇ ਲਈ ਉਨ੍ਹਾਂ ਨੇ ਬਾਣੀ ਨੂੰ ਆਮ ਲੋਕਾਂ ਦੀ ਭਾਸ਼ਾ ਅਤੇ ਕਾਵਿ ਰੂਪਾਂ ਵਿੱਚ ਹੀ ਉਚਾਰਨ ਕੀਤਾ। ਧਰਮ ਦਾ ਅਥਾਹ ਗਿਆਨ ਰੱਖਣ ਦੇ ਨਾਲ ਨਾਲ ਉਹ ਇਸ ਗਿਆਨ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਪ੍ਰਗਟਾਉਣ ਦੀ ਮੁਹਾਰਤ ਵੀ ਰੱਖਦੇ ਸਨ। ਬਾਣੀਕਾਰ ਆਪਣੀ ਬਾਣੀ ਨੂੰ ਸਿਰਫ਼ ਕਵਿਤਾ ਤੱਕ ਹੀ ਸੀਮਤ ਨਹੀਂ ਰੱਖਦੇ। ਗੁਰਬਾਣੀ ਸਿਰਫ਼ ਗਾਇਨ ਕਰਨ ਵਾਲਾ ਗੀਤ ਨਹੀਂ ਹੈ, ਇਹ ਤਾਂ ਬ੍ਰਹਮ ਦੀ ਵਿਚਾਰ ਹੈ। ਭਗਤ ਕਬੀਰ ਜੀ ਅਨੁਸਾਰ :-

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥[26]

ਗੁਰਮਤਿ ਕਾਵਿ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਹੁੰਦੀ ਹੈ ਜੋ ਮੱਧ ਕਾਲ ਦੇ ਪੰਜਾਬੀ ਸਾਹਿਤ ਦੀ ਅਜਿਹੀ ਮੌਲਿਕ ਅਤੇ ਗੌਰਵਮਈ ਰਚਨਾ ਹੈ ਜੋ ਸੁਤੰਤਰ ਵੀ ਹੈ ਅਤੇ ਵਿਵਹਾਰਕ ਵੀ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਸਾਹਿਤ ਦੇ ਵੱਖ ਵੱਖ ਕਾਵਿ ਰੂਪਾਂ ਦੀ ਵਰਤੋਂ ਕਰਕੇ ਬਾਣੀ ਰਾਹੀਂ ਮਨੁੱਖਤਾ ਨੂੰ ਧਰਮ ਦਾ ਉਪਦੇਸ਼ ਦਿੱਤਾ ਹੈ ਜਿਨ੍ਹਾਂ ਦਾ ਉਦੇਸ਼ ਮਨੁੱਖੀ ਜੀਵਨ ਦਾ ਸਰਬ-ਪੱਖੀ ਕਲਿਆਣ ਕਰਨਾ ਹੈ। ਹੋਰਨਾਂ ਧਰਮਾਂ ਨਾਲੋਂ ਨਵੀਨ ਹੋਣ ਕਾਰਨ ਸਿੱਖ ਧਰਮ ਦੇ ਸਿਧਾਂਤਾਂ ਦੀ ਅਕਾਦਮਿਕ ਪੱਧਰ 'ਤੇ ਚਰਚਾ ਘੱਟ ਹੋਈ ਹੈ ਜੋ ਕਿ ਸਮੇਂ ਦੀ ਲੋੜ ਹੈ।

ਗੁਰੂ ਸਾਹਿਬਾਨ ਨੇ ਆਪਣੇ ਉਪਦੇਸ਼ਾਂ ਨੂੰ ਬਾਣੀ ਵਿੱਚ ਹੀ ਸੁਰੱਖਿਅਤ ਕੀਤਾ ਹੈ। ਉਨ੍ਹਾਂ ਦੁਆਰਾ ਵਰਤੇ ਗਏ ਛੰਦ ਅਤੇ ਕਾਵਿ ਰੂਪ ਉਸ ਸਮੇਂ ਭਾਰਤ ਦੇ ਵੱਖ ਵੱਖ ਹਿੱਸਿਆਂ ਅਤੇ ਭਾਸ਼ਾਵਾਂ ਵਿੱਚ ਪ੍ਰਚਲਿਤ ਸਨ।

ਸਿੱਖ ਧਰਮ ਵਿੱਚ ਗੁਰੂ ਤੇਗ ਬਹਾਦਰ ਜੀ (1621-1675) ਨੌਵੇਂ ਗੁਰੂ ਹੋਏ ਹਨ। ਆਪ ਜੀ ਨੇ 15 ਰਾਗਾਂ ਵਿੱਚ 59 ਪਦੇ ਅਤੇ 57 ਸਲੋਕਾਂ ਦੀ ਰਚਨਾ ਕੀਤੀ ਜਿਸ ਦਾ ਸੰਖ਼ੇਪ ਵੇਰਵਾ ਇਸ ਪ੍ਰਕਾਰ ਹੈ :-

| | |
|---|---|
| 1. ਰਾਗ ਗਉੜੀ | 9 ਸ਼ਬਦ |
| 2. ਰਾਗ ਆਸਾ | 1 ਸ਼ਬਦ |
| 3. ਰਾਗ ਦੇਵਗੰਧਾਰੀ | 3 ਸ਼ਬਦ |
| 4. ਰਾਗ ਬਿਹਾਗੜਾ | 1 ਸ਼ਬਦ |
| 5. ਰਾਗ ਸੋਰਠਿ | 12 ਸ਼ਬਦ |
| 6. ਰਾਗ ਧਨਾਸਰੀ | 4 ਸ਼ਬਦ |
| 7. ਰਾਗ ਜੈਤਸਰੀ | 3 ਸ਼ਬਦ |
| 8. ਰਾਗ ਟੋਡੀ | 1 ਸ਼ਬਦ |
| 9. ਰਾਗ ਤਿਲੰਗ(ਕਾਫੀ) | 3 ਸ਼ਬਦ |
| 10. ਰਾਗ ਬਿਲਾਵਲ | 3 ਸ਼ਬਦ |
| 11. ਰਾਗ ਰਾਮਕਲੀ | 3 ਸ਼ਬਦ |
| 12. ਰਾਗ ਮਾਰੂ | 3 ਸ਼ਬਦ |
| 13. ਰਾਗ ਬਸੰਤ | 5 ਸ਼ਬਦ (1 ਬਸੰਤ ਹਿੰਡੋਲ+ 4 ਬਸੰਤ) |
| 14. ਰਾਗ ਸਾਰੰਗ | 4 ਸ਼ਬਦ |
| 15. ਰਾਗ ਜੈਜਾਵੰਤੀ | 4 ਸ਼ਬਦ |
| (ੳ) ਰਾਗਾਂ ਵਿੱਚ ਕੁੱਲ ਸ਼ਬਦ | 59 |

(ਅ) ਰਾਗਾਂ ਤੋਂ ਬਾਹਰ ਕੁੱਲ ਸਲੋਕ 57[27]

ਗੁਰੂ ਤੇਗ ਬਹਾਦਰ ਜੀ ਨੇ ਗੁਰਮਤਿ ਦਰਸ਼ਨ ਦੇ ਆਧਾਰ ’ਤੇ ਹੀ ਬਾਣੀ ਦੀ ਰਚਨਾ ਕੀਤੀ ਇਸ ਲਈ ਉਨ੍ਹਾਂ ਨੇ ਪਹਿਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਹੀ ਨਾਨਕ ਸ਼ਬਦ ਦੀ ਵਰਤੋਂ ਕੀਤੀ। ਭਾਵੇਂ ਕਿ ਉਸ ਸਮੇਂ ਭਾਰਤੀ ਸਾਹਿਤ ਅੰਦਰ ਅਨੇਕ ਤਰ੍ਹਾਂ ਦੇ ਫ਼ਲਸਫ਼ੇ ਪ੍ਰਚਲਿਤ ਸਨ, ਪਰ ਗੁਰੂ ਸਾਹਿਬ ਦੀ ਬਾਣੀ ਪੂਰਵ ਗੁਰੂ ਸਾਹਿਬਾਨ ਦੇ ਘੇਰੇ ਅੰਦਰ ਹੀ ਰਹਿੰਦੀ ਹੈ। ਇਸ ਦਾ ਇੱਕ ਕਾਰਨ ਉਨ੍ਹਾਂ ਦੁਆਰਾ ਖੁਦ ਲੰਮਾ ਸਮਾਂ ਬੰਦਗੀ ਨਾਲ ਜੁੜੇ ਰਹਿਣਾ ਅਤੇ ਆਪਣੇ ਆਸ ਪਾਸ ਦੇ ਇਲਾਕੇ ਵਿੱਚ ਪ੍ਰਚਾਰ ਕਰਨਾ ਹੈ। ਬਿਕਰਮ ਸਿੰਘ ਘੁੰਮਣ ਅਨੁਸਾਰ, ਲਗਭਗ ਤੀਹ ਸਾਲ ਬਕਾਲੇ ਟਿਕੇ ਰਹਿਣ ਪਿੱਛੋਂ ਗੁਰੂ ਤੇਗ ਬਹਾਦਰ ਸਾਹਿਬ ਬਾਹਰ ਆਲੇ-ਦੁਆਲੇ ਦੇ ਇਲਾਕੇ ਵਿੱਚ ਗੁਰੂ ਨਾਨਕ ਸਾਹਿਬ ਦਾ ਸੁਨੇਹਾ ਲੋਕਾਂ ਵਿੱਚ ਪ੍ਰਚਾਰਨ ਲਈ ਚੱਲ ਪਏ।[28]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਮਹਾਨਤਾ ਦਾ ਸੰਬੰਧ ਇਸ ਦਾ ਰੱਬੀ ਇਲਹਾਮ ਹੋਣ ਦੇ ਨਾਲ ਨਾਲ ਗੁਰੂ ਸਾਹਿਬ ਦਾ ਪੂਰਵ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਜੀ ਵਰਗੇ ਵਿਦਵਾਨ ਗੁਰਮੁੱਖਾਂ ਦੀ ਸੰਗਤ ਨਾਲ ਵੀ ਹੈ। ਇਸ ਸੰਗਤ ਵਿੱਚੋਂ ਉਨ੍ਹਾਂ ਨੇ ਅਜਿਹੀ ਉੱਚ ਅਧਿਆਤਮਿਕ ਸ਼ਖ਼ਸੀਅਤ ਦੀ ਪ੍ਰਾਪਤੀ ਕੀਤੀ ਜੋ ਗੁਰਬਾਣੀ ਨੂੰ ਅੱਖਰੀ ਜਾਮਾ ਪਹਿਨਾ ਸਕੇ। ਕਾਵਿ ਰਚਨਾ ਦੇ ਨਾਲ ਨਾਲ ਗੁਰੂ ਤੇਗ ਬਹਾਦਰ ਸਾਹਿਬ ਸੰਗੀਤ ਵਿੱਦਿਆ ਵਿੱਚ ਵੀ ਨਿਪੁੰਨ ਸਨ। ਗੁਰੂ ਗ੍ਰੰਥ ਸਾਹਿਬ ਵਿੱਚ ਆਖਰੀ ਰਾਗ, ਰਾਗ ਜੈਜਾਵੰਤੀ ਵਿੱਚ ਸਿਰਫ਼ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਸ਼ਾਮਲ ਹੈ ਕਿਉਂਕਿ ਇਸ ਰਾਗ ਦੀ ਰਚਨਾ ਗੁਰੂ ਜੀ ਨੇ ਖੁਦ ਕੀਤੀ ਸੀ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀਆਂ ਕੁੱਝ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :-

**ਕਾਵਿ ਸ਼ੈਲੀ**

ਗੁਰੂ ਤੇਗ ਬਹਾਦਰ ਜੀ ਨੇ ਬਾਣੀ ਦੇ ਪ੍ਰਗਟਾਅ ਲਈ ਗੁਰੂ ਨਾਨਕ ਦੇਵ ਅਤੇ ਹੋਰ ਗੁਰੂ ਸਾਹਿਬਾਨ ਦੀ ਤਰ੍ਹਾਂ ਕੋਈ ਪ੍ਰਬੰਧ-ਕਾਵਿ ਜਾਂ ਲੰਮੀ ਬਾਣੀ ਰਚਨਾ ਕਰਨ ਦੀ ਥਾਂ ਦੋ ਪਦੇ ਸਲੋਕ ਜਾਂ ਛੇ ਪਦੇ ਸ਼ਬਦਾਂ ਦੀ ਸਿਰਜਣਾ ਕੀਤੀ। ਗੁਰੂ ਤੇਗ ਬਹਾਦਰ ਜੀ ਵੈਰਾਗ ਜਾਂ ਤਿਆਗ ਨੂੰ ਬਿਆਨ ਕਰਦਿਆਂ ਲੋੜ ਤੋਂ ਵੱਧ ਵਿਸਥਾਰ ਵਿੱਚ ਨਹੀਂ ਜਾਂਦੇ ਜਿਸ ਕਾਰਨ ਉਨ੍ਹਾਂ ਦੀ ਬਾਣੀ ਨੂੰ ਪੜ੍ਹਨ ਵਾਲਾ ਨੀਰਸ ਨਹੀਂ ਹੁੰਦਾ। ਬਿਕਰਮ ਸਿੰਘ ਘੁੰਮਣ

ਅਨੁਸਾਰ, ''ਆਪ ਦੀ ਸ਼ੈਲੀ ਵਿੱਚ ਵਿਚਾਰਾਂ ਦੀ ਸਪੱਸ਼ਟਤਾ, ਬਿਆਨ ਵਿੱਚ ਸੰਖ਼ੇਪਤਾ ਅਤੇ ਪ੍ਰਭਾਵਸ਼ਾਲੀ ਪ੍ਰਗਟਾ ਹੈ। ਰਚਨਾ ਵਿੱਚ ਬੇਅੰਤ ਮਿਠਾਸ ਅਤੇ ਬੇਰੋਕ ਰਵਾਨਗੀ ਹੈ।''[29]

ਸਮੁੱਚੀ ਗੁਰਬਾਣੀ ਦੀ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨੁੱਖੀ ਜੀਵਨ ਨੂੰ ਅਧਿਆਤਮਿਕ ਅਤੇ ਵਿਵਹਾਰਕ ਪੱਧਰ 'ਤੇ ਬਿਆਨ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਪ੍ਰਭਾਵਸ਼ਾਲੀ ਢੰਗ ਨਾਲ ਸੰਬੋਧਨੀ ਸ਼ਬਦਾਂ ਮਨ, ਪ੍ਰਾਨੀ, ਸਾਧੋ, ਨਰ, ਮਾਈ, ਅਤੇ ਪ੍ਰੀਤਮ ਆਦਿਕ ਦੀ ਵਰਤੋਂ ਕੀਤੀ ਹੈ।

ਉਦਾਹਰਨ ਵਜੋਂ :-

ਸਾਧੋ ਇਹੁ ਮਨੁ ਗਹਿਓ ਨ ਜਾਈ।। [30]

**ਧੁਨੀ**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਪ੍ਰਯੋਜਨ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਨੂੰ ਪੇਸ਼ ਕਰਦਿਆਂ ਮਨੁੱਖੀ ਕਲਿਆਣ ਕਰਨਾ ਹੈ। ਇਹ ਕਲਿਆਣ ਮਨੁੱਖ ਦੇ ਬਾਹਰੀ ਸਮਾਜਿਕ ਅਤੇ ਅੰਦਰੂਨੀ ਅਧਿਆਤਮਿਕ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੀ ਬਾਣੀ ਮਨੁੱਖੀ ਮਨ ਵਿੱਚ ਵੈਰਾਗ ਦੀ ਅਜਿਹੀ ਤੀਬਰਤਾ ਉਤਪੰਨ ਕਰਦੀ ਹੈ ਜੋ ਮਨੁੱਖ ਨੂੰ ਸੰਸਾਰਕ ਮੋਹ ਤੋਂ ਉੱਪਰ ਉਠਾ ਕੇ ਗੁਰੂ ਨਾਲ ਜੁੜਨ ਲਈ ਪ੍ਰੇਰਿਤ ਕਰਦੀ ਹੈ। ਪ੍ਰੋ. ਬ੍ਰਹਮਜਗਦੀਸ਼ ਅਨੁਸਾਰ, "ਇਉਂ ਇਸ ਬਾਣੀ ਦੀ ਧੁਨੀ ਉਦਾਸੀ ਅਤੇ ਕਰੁਣਾ ਦੇ ਭਾਵ ਜਾਗ੍ਰਿਤ ਕਰਦੀ ਹੈ।"[31]

ਇਹ ਕਰੁਣਾਮਈ ਧੁਨੀ ਸੰਸਾਰ ਦੀ ਨਾਸ਼ਮਾਨਤਾ ਨੂੰ ਪੇਸ਼ ਜ਼ਰੂਰ ਕਰਦੀ ਹੈ ਪਰੰਤੂ ਪਾਠਕ ਨੂੰ ਨਿਰਾਸ਼ਾਵਾਦੀ ਨਹੀਂ ਬਣਾਉਂਦੀ। ਇਸ ਵਿੱਚ ਅਜਿਹੀ ਜੀਵਨ ਸੇਧ ਸ਼ਾਮਲ ਹੈ ਜੋ ਮਨੁੱਖੀ ਮਨ ਨੂੰ ਆਨੰਦ ਦੀ ਅਵਸਥਾ ਤੱਕ ਲੈ ਜਾ ਸਕੇ।

**ਕਾਵਿ ਰਸ**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਕਰੁਣਾ ਅਤੇ ਸ਼ਾਤ ਰਸ ਦੀ ਪ੍ਰਧਾਨਤਾ ਹੈ। ਜੀਵਨ ਦੀ ਨਾਸ਼ਮਾਨਤਾ ਪੇਸ਼ ਕਰਨ ਲਈ ਆਪ ਕਰੁਣਾ ਦੀ ਵਰਤੋਂ ਕਰਦੇ ਹਨ। ਮਾਇਆਧਾਰੀ ਮਨੁੱਖ ਸਮੁੱਚੇ ਜੀਵਨ ਨੂੰ ਭਟਕਣਾ ਵਿੱਚ ਬਤੀਤ ਕਰਦਿਆਂ ਜਦੋਂ ਮੌਤ ਸਮੇਂ ਉਦਾਸ ਹੁੰਦਾ ਹੈ ਅਤੇ ਦੰਡ ਦਾ ਅਧਿਕਾਰੀ ਬਣ ਜਾਂਦਾ ਹੈ ਤਾਂ ਅਜਿਹੇ ਦ੍ਰਿਸ਼ ਨੂੰ ਪੇਸ਼ ਕਰਦਿਆਂ ਗੁਰੂ ਸਾਹਿਬ ਕਰੁਣਾ ਰਸ ਦੀ ਨਿਸ਼ਪਤੀ ਕਰਦੇ ਹਨ:-

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥

ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥

ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ ਰਹਾਉ॥[32]

**ਅਲੰਕਾਰ**

ਅਲੰਕਾਰ ਕਾਵਿ ਦਾ ਅਜਿਹਾ ਗਹਿਣਾ ਹੈ ਜੋ ਕਹੀ ਜਾਣ ਵਾਲੀ ਗੱਲ ਨੂੰ ਵਿਸ਼ੇਸ਼ਤਾ ਦੇਣ ਲਈ ਕਿਸੇ ਇੱਕ ਅੰਗ 'ਤੇ ਜ਼ੋਰ ਦਿੰਦਾ ਹੈ ਅਤੇ ਉਨ੍ਹਾਂ ਸ਼ਬਦਾਂ ਨੂੰ ਸ਼ਿੰਗਾਰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਵੀ ਗੁਰਮਤਿ ਸਿਧਾਂਤਾਂ ਦੀ ਦ੍ਰਿੜਤਾ ਲਈ ਬਾਣੀ ਵਿੱਚ ਕਈ ਪ੍ਰਕਾਰ ਦੇ ਅਲੰਕਾਰ ਪੇਸ਼ ਕੀਤੇ ਹਨ। ਡਾ. ਬਲਬੀਰ ਸਿੰਘ ਦਿਲ ਅਨੁਸਾਰ, "ਕਿਉਂਕਿ ਸਹਜ-ਗਿਆਨ ਅਤੇ ਸਮ ਅਵਸਥਾ ਰੱਬ ਜੇਡੀਆਂ ਉੱਚੀਆਂ ਆਤਮਿਕ ਅਵਸਥਾਵਾਂ ਹੋਣ ਕਰਕੇ ਸ਼ਬਦਾਂ ਦੁਆਰਾ ਪੂਰੀ ਤਰ੍ਹਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ, ਇਸ ਲਈ ਉਹ ਕਾਵਿਕ ਸ਼ਬਦ-ਚਿੱਤਰਾਂ ਨਾਲੋਂ ਨਿੱਜੀ ਅਨੁਭਵ ਦੁਆਰਾ ਪ੍ਰਤੱਖ ਕਰਨ ਦਾ ਵਿਸ਼ਾ ਹਨ।"[33] ਗੁਰੂ ਸਾਹਿਬ ਨੇ ਵਿਸ਼ੇਸ਼ ਕਰਕੇ ਅਨੁਪ੍ਰਾਸ, ਉਪਮਾ, ਰੂਪਕ, ਦ੍ਰਿਸ਼ਟਾਂਤ ਅਤੇ ਲੋਕੋਕਤੀ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਉਦਾਹਰਨ ਵਜੋਂ ਨਾਮ ਸਿਮਰਨ ਦੀ ਮਹੱਤਤਾ ਬਿਆਨ ਕਰਨ ਲਈ ਰੂਪਕ ਅਲੰਕਾਰ ਦੀ ਵਰਤੋਂ ਕੀਤੀ ਗਈ ਹੈ:-

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥

ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥[34]

**ਬਿੰਬ**

ਗੁਰੂ ਤੇਗ ਬਹਾਦਰ ਬਾਣੀ ਦੀ ਬਿੰਬਾਵਲੀ ਦਾ ਕੇਂਦਰੀ ਸੰਕਲਪ ਮਨੁੱਖੀ ਮਨ ਦੀ ਅਡੋਲ ਅਵਸਥਾ ਹੈ। ਇਸ ਦੇ ਨਿਰੂਪਨ ਲਈ ਗੁਰੂ ਸਾਹਿਬ ਇਸ ਦੇ ਨਾਲ ਮਿਲਦੇ-ਜੁਲਦੇ ਹੋਰ ਸ਼ਬਦਾਂ ਦੀ ਵਰਤੋਂ ਕਰਦੇ ਹਨ-ਨਿਰਭੈ ਪਦ, ਅਭੈ ਪਦ ਜਾਂ ਨਿਰਬਾਨ ਪਦ। ਡਾ. ਬਲਬੀਰ ਸਿੰਘ ਦਿਲ ਅਨੁਸਾਰ, "ਸਤਿ ਦੀ ਅਡੋਲਤਾ ਅਤੇ ਅਸਤਿ ਦੀ ਡੋਲਣਹਾਰ ਸਥਿਤੀ ਦਾ ਬਲਵਾਨ ਅਨੁਭਵ ਦੁਆਰਾ ਵਿਸਥਾਰ ਸਹਿਤ ਵਰਣਨ ਗੁਰੂ ਜੀ ਰਚਿਤ ਕਾਵਿਕ ਬਿੰਬਾਂ ਅਤੇ ਅਲੰਕਾਰਾਂ ਦੀ ਭਗਤੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ।"[35] ਗੁਰੂ ਤੇਗ ਬਹਾਦਰ ਜੀ ਨੇ

ਸਮੁੱਚੀ ਗੁਰਬਾਣੀ ਦੀ ਤਰ੍ਹਾਂ ਹੀ ਲੌਕਿਕ ਅਤੇ ਪ੍ਰਾਲੌਕਿਕ ਸੁਭਾਅ ਦੇ ਬਿੰਬ ਪੇਸ਼ ਕੀਤੇ ਹਨ। ਜਿਸ ਲੌਕਕਿਤਾ ਤੋਂ ਪ੍ਰਾਲੌਕਿਕਤਾ ਤੱਕ ਦੇ ਰਹੱਸਆਤਮਿਕ ਸਫ਼ਰ ਨੂੰ ਵਿਸਮਾਦ ਦੀ ਪੂੰਜੀ ਕਿਹਾ ਜਾਂਦਾ ਹੈ। ਪ੍ਰੋ. ਬ੍ਰਹਮਜਗਦੀਸ਼ ਸਿੰਘ ਅਨੁਸਾਰ, "ਗੁਰਮਤਿ ਕਾਵਿ ਪਰੰਪਰਾ ਵਿੱਚ ਵਰਤੇ ਜਾਣ ਵਾਲੇ ਬਹੁਤੇ ਬਿੰਬ ਪਰਾਸਰੀਰਕ ਸੁਭਾਉ ਦੇ ਹਨ। ਇਨ੍ਹਾਂ ਵਿੱਚ ਏਂਦ੍ਰਿਕ-ਵਰਣਨ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ ਪਰ ਤਾਂ ਵੀ ਗੁਰੂ ਸਾਹਿਬਾਨ ਵੱਲੋਂ ਲਗਭਗ ਹਰ ਸ਼੍ਰੇਣੀ ਦੇ ਬਿੰਬਾਂ ਦੀ ਸਿਰਜਣਾ ਕੀਤੀ ਗਈ ਹੈ।"[36]

**ਭਾਸ਼ਾ**

ਗੁਰੂ ਤੇਗ ਬਹਾਦਰ ਬਾਣੀ ਦੀ ਭਾਸ਼ਾ ਪੰਜਾਬੀ ਸ਼ਬਦਾਵਲੀ ਦੇ ਵਧੀਕ ਨੇੜੇ ਹੈ। ਉਨ੍ਹਾਂ ਦੀ ਬਾਣੀ ਵਿੱਚ ਸਾਧ ਭਾਸ਼ਾ ਅਤੇ ਬ੍ਰਿਜ ਭਾਸ਼ਾ ਦਾ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ ਪਰੰਤੂ ਗੁਰੂ ਸਾਹਿਬ ਨੇ ਫ਼ਾਰਸੀ ਜਾਂ ਅਰਬੀ ਦੀ ਸ਼ਬਦਾਵਲੀ ਨੂੰ ਨਾ ਦੇ ਬਰਾਬਰ ਹੀ ਵਰਤਿਆ ਹੈ। ਇਸ ਦਾ ਇੱਕ ਕਾਰਨ ਬਿਕਰਮ ਸਿੰਘ ਘੁੰਮਣ ਨੇ ਇਸ ਪ੍ਰਕਾਰ ਦੱਸਿਆ ਹੈ, ''ਉਨ੍ਹਾਂ ਦੀ ਬਾਣੀ ਵਿੱਚ ਇਸ ਮਿਸ਼ਰਣ ਦਾ ਇੱਕ ਕਾਰਨ ਉਨ੍ਹਾਂ ਨੇ ਸਾਰੇ ਉੱਤਰੀ ਪੂਰਬੀ ਭਾਰਤ ਦਾ ਰਟਣ ਕਰਨਾ ਅਤੇ ਥਾਂ-ਥਾਂ ਦੀਆਂ ਸਥਾਨਕ ਬੋਲੀਆਂ ਦਾ ਉਨ੍ਹਾਂ ਦੀ ਬੋਲੀ ਉੱਤੇ ਪ੍ਰਭਾਵ ਪੈਣਾ ਹੈ।''[37]

ਪ੍ਰੋ. ਬ੍ਰਹਮਜਗਦੀਸ਼ ਸਿੰਘ ਅਨੁਸਾਰ, "ਭਾਵੇਂ ਪੂਰਵਵਰਤੀ ਗੁਰੂ ਸਾਹਿਬਾਨ ਦੀ ਭਾਸ਼ਾ ਵਿੱਚ ਅਰਬੀ ਅਤੇ ਫ਼ਾਰਸੀ ਦੇ ਬਹੁਤ ਸਾਰੇ ਸ਼ਬਦ ਮਿਲ ਜਾਂਦੇ ਹਨ ਪਰੰਤੂ ਗੁਰੂ ਤੇਗ ਬਹਾਦਰ ਜੀ ਨੇ ਸੰਸਕ੍ਰਿਤ ਦੇ ਤਤਸਮ ਜਾਂ ਤਤਭਵ ਸ਼ਬਦਾਂ ਦੇ ਮਾਧਿਅਮ ਦੁਆਰਾ ਆਪਣੇ ਅਧਿਆਤਮਿਕ ਚਿੰਤਨ ਨੂੰ ਰੂਪਮਾਨ ਕੀਤਾ।"[38]

ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਨੇ ਅਜਾਮਲ, ਗਨਿਕਾ, ਕਨ੍ਹਾਈ, ਗਜਰਾਜ, ਦ੍ਰੋਪਦੀ ਅਤੇ ਧਰੂ ਭਗਤ ਜਿਹੇ ਪੌਰਾਣਿਕ ਸੰਕੇਤਾਂ ਦੀ ਵਰਤੋਂ ਕਰਕੇ ਆਪਣਾ ਉਪਦੇਸ਼ ਨਿਰੂਪਿਤ ਕੀਤਾ ਹੈ। ਇਨ੍ਹਾਂ ਪੌਰਾਣਿਕ ਸੰਕੇਤਾਂ ਦਾ ਮਨੋਰਥ ਗੁਰਮਤਿ ਦੀ ਦ੍ਰਿੜਤਾ ਕਰਨਾ ਹੈ।

**ਪੰਜਾਬੀ ਸੂਫੀ ਕਾਵਿ**

ਸੂਫੀਮਤ ਆਪਣੇ ਆਪ ਵਿੱਚ ਕੋਈ ਵੱਖਰਾ ਧਰਮ ਨਹੀਂ ਸਗੋਂ ਇਸਲਾਮ ਦਾ ਹੀ ਇੱਕ ਅੰਗ ਹੈ। ਸੂਫੀਮਤ ਇਸਲਾਮ ਦਾ ਰਹੱਸਵਾਦ ਹੈ ਜਿਸ ਨੂੰ ਤਸੱਵੁਫ ਵੀ ਕਿਹਾ ਜਾਂਦਾ ਹੈ। ਵਿਦਵਾਨਾਂ ਨੇ 'ਸੂਫੀ' ਸ਼ਬਦ ਦੇ

ਬਹੁਤ ਸਾਰੇ ਅਰਥ ਦਿੱਤੇ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਇਹ ਹੈ ਕਿ ਸੂਫੀ ਉਹ ਹੈ ਜੋ ਸੂਫ (ਉੱਨ) ਦੇ ਕੱਪੜੇ ਪਹਿਨਦਾ ਹੈ । ਡਾ. ਰਤਨ ਸਿੰਘ ਜੱਗੀ ਅਨੁਸਾਰ, ''ਭਾਸ਼ਾ ਦੀ ਦ੍ਰਿਸ਼ਟੀ ਤੋਂ ਇਹ ਸ਼ਬਦ ਸਹੀ ਹੈ ਅਤੇ ਵਿਹਾਰਕ ਤੌਰ 'ਤੇ ਠੀਕ ਹੈ ਕਿਉਂਕਿ ਅਧਿਅਕਾਂਸ ਸੂਫੀ ਲੋਕ ਪਵਿੱਤਰਤਾ ਦੇ ਚਿੰਨ੍ਹ ਵਜੋਂ ਆਮ ਕਰਕੇ ਉੱਨ ਦੇ ਕੱਪੜੇ ਪਾਉਂਦੇ ਸਨ।'' [39]

ਇਸ ਪ੍ਰਕਾਰ ਪਵਿੱਤਰ ਅਤੇ ਵੈਰਾਗਮਈ ਜੀਵਨ ਬਤੀਤ ਕਰਨ ਵਾਲੇ ਤੇ ਇਸਲਾਮ ਦੇ ਰਹੱਸਵਾਦੀ ਫ਼ਲਸਫ਼ੇ ਵਿੱਚ ਵਿਸ਼ਵਾਸ਼ ਰੱਖਣ ਵਾਲੇ ਨੂੰ ਸੂਫੀ ਕਿਹਾ ਜਾਂਦਾ ਹੈ।

**ਉਦਭਵ ਤੇ ਵਿਕਾਸ**

10ਵੀਂ ਸਦੀ ਤੋਂ ਬਾਅਦ ਭਾਰਤ ਦੇ ਉੱਤਰੀ ਖਿੱਤੇ ਵਿੱਚ ਮੁਸਲਮਾਨੀ ਰਾਜ ਕਾਇਮ ਹੋਣ ਕਾਰਨ ਇੱਥੋਂ ਦੇ ਸੱਭਿਆਚਾਰਕ ਰੂਪਾਂ ਵਿੱਚ ਤਬਦੀਲੀਆਂ ਵਾਪਰੀਆਂ। ਮੁਸਲਮਾਨੀ ਹਮਲਾਵਰਾਂ ਦੇ ਵੱਖ ਵੱਖ ਦੇਸ਼ਾਂ ਉੱਪਰ ਕੀਤੇ ਹਮਲਿਆਂ ਨਾਲ ਸੂਫੀਵਾਦ ਵੀ ਫ਼ੈਲਦਾ ਗਿਆ ਅਤੇ ਇਸ ਵਿੱਚ ਵੱਖ ਵੱਖ ਸੱਭਿਆਚਾਰਾਂ ਦਾ ਮਿਸ਼ਰਨ ਹੁੰਦਾ ਗਿਆ। ਉੱਤਰੀ ਭਾਰਤ ਵਿੱਚ ਮੁਸਲਮਾਨ ਰਾਜਿਆਂ ਦੇ ਨਾਲ ਸੂਫੀ ਸੰਤਾਂ ਦਾ ਵੀ ਪਰਵੇਸ਼ ਹੋਇਆ। ਇਨ੍ਹਾਂ ਸੂਫੀ ਸੰਤਾਂ ਨੇ ਇੱਥੋਂ ਦੇ ਸੱਭਿਆਚਾਰ ਤੋਂ ਬਹੁਤ ਕੁੱਝ ਸਿੱਖਿਆ ਅਤੇ ਸਿਖਾਇਆ। ਹਰਜਿੰਦਰ ਸਿੰਘ ਢਿੱਲੋਂ ਅਨੁਸਾਰ, "ਅਸਲ ਵਿੱਚ 712 ਈ. ਵਿੱਚ ਮੁਹੰਮਦ ਬਿਨ ਕਾਸਿਮ ਦੇ ਸਿੰਧ ਉੱਤੇ ਆਕ੍ਰਮਣ ਤੋਂ ਹੀ ਇਸਲਾਮੀ ਅਤੇ ਭਾਰਤੀ ਚਿੰਤਨ ਇੱਕ ਦੂਜੇ ਦੇ ਸੰਪਰਕ ਵਿੱਚ ਆਉਣੇ ਸ਼ੁਰੂ ਹੋ ਗਏ ਸਨ ਅਤੇ ਇਹ ਸੁਭਾਵਿਕ ਸੀ ਕਿ ਉਹ ਇੱਕ ਦੂਜੇ ਪਾਸੋਂ ਵਿਚਾਰ ਗ੍ਰਹਿਣ ਕਰਦੇ।"[40] ਪੰਜਾਬ ਵਿੱਚ ਮੁਲਤਾਨ ਅਤੇ ਲਹੌਰ ਸੂਫੀਆਂ ਦੇ ਗੜ੍ਹ ਬਣੇ। ਮੁਲਤਾਨ ਤਾਂ ਇਸਲਾਮੀ ਸੱਭਿਅਤਾ ਦਾ ਕੇਂਦਰ ਬਣ ਗਿਆ ਸੀ।

ਸੂਫੀ ਕਾਵਿ ਦਾ ਆਧਾਰ ਇਸਲਾਮੀ ਰਹੱਸਵਾਦ ਹੈ। ਰਹੱਸਵਾਦ ਸੰਸਾਰ ਦੇ ਹਰ ਧਰਮ ਦਾ ਮੁੱਖ ਅੰਗ ਹੈ। ਸਿਰਫ਼ ਧਰਮ ਹੀ ਨਹੀਂ ਸਗੋਂ ਮਾਨਵ ਦੀਆਂ ਗਿਆਨ ਇੰਦਰੀਆਂ ਨਾਲ ਜੁੜਿਆ ਹੋਇਆ ਹਰ ਪ੍ਰਕਾਰ ਦਾ ਰਹੱਸਆਤਮਿਕ ਵਰਤਾਰਾ ਜਿੱਥੇ ਮਾਨਵ ਲਈ ਗਿਆਨ ਪ੍ਰਾਪਤੀ ਦਾ ਸਾਧਨ ਬਣਦਾ ਹੈ। ਉੱਥੇ ਉਹ ਉਸਨੂੰ ਜਗਿਆਸੂ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸਲਾਮ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੇ

ਸਮੇਂ ਤੋਂ ਹੀ ਰਹੱਸਵਾਦੀ ਬਿਰਤੀ ਰੱਖਣ ਵਾਲੇ ਸੰਤਾਂ ਨੂੰ ਸੂਫੀ ਕਿਹਾ ਜਾਣ ਲੱਗਿਆ, ਜਿਨ੍ਹਾਂ ਦੀ ਪਹਿਚਾਣ ਉੱਨ ਦੇ ਬਣੇ ਸੂਫ ਪਹਿਨਣ ਤੋਂ ਹੁੰਦੀ ਸੀ। ਹਰਜਿੰਦਰ ਸਿੰਘ ਢਿੱਲੋਂ ਅਨੁਸਾਰ, "ਸੂਫੀ ਲਹਿਰ ਦੇ ਮੁੱਢ ਵਿੱਚ ਉਨ੍ਹਾਂ ਲੋਕਾਂ ਦਾ ਵਰਣਨ ਆਉਂਦਾ ਹੈ, ਜਿਹੜੇ ਮੁੱਢਲੇ ਰੂਪ ਵਿੱਚ ਤਿਆਗਵਾਦੀ ਰੁਚੀਆਂ ਦੇ ਸਨ। ਅਜਿਹੇ ਵਿਅਕਤੀਆਂ ਨੂੰ ਜ਼ੁਹਾਦ (Zuhhad) ਜਾਂ 'ਕੁਰਾਨ ਦੇ ਉਚਾਰਣ ਵਾਲੇ' (Reciters of the Quran) ਕਿਹਾ ਜਾਂਦਾ ਸੀ।"[41]

ਪੰਜਾਬੀ ਸੂਫੀ ਕਵੀ ਇੱਕ ਪਾਸੇ ਇਸਲਾਮ ਦੇ ਅੰਤਰੀਵ ਸਿਧਾਂਤਾਂ ਅਤੇ ਦੂਜੇ ਪਾਸੇ ਪੰਜਾਬ ਦੇ ਸੱਭਿਆਚਾਰਕ ਵਾਤਾਵਰਨ ਨਾਲ ਜੁੜੇ ਹੋਏ ਸਨ। ਪੰਜਾਬ ਵਿੱਚ ਸੂਫੀਆਂ ਦੀਆਂ ਪ੍ਰਚਲਿਤ ਸੰਪਰਦਾਵਾਂ ਵਿੱਚ ਚਿਸ਼ਤੀ, ਸੁਹਰਾਵਰਦੀ, ਕਾਦਰੀ, ਮਲਾਮਤੀ ਅਤੇ ਨਕਸ਼ਬੰਦੀ ਵਿਸ਼ੇਸ਼ ਹਨ। ਇਨ੍ਹਾਂ ਸੂਫੀ ਸੰਪਰਦਾਵਾਂ ਵਿੱਚ ਇਸਲਾਮ ਦੇ ਬਾਹਰੀ ਵਿਕਾਸ ਨਾਲੋਂ ਅੰਦਰੂਨੀ ਉੱਚ ਅਵਸਥਾ ਨੂੰ ਵਧੇਰੇ ਮਹੱਤਵ ਦਿੱਤਾ ਗਿਆ। ਡਾ. ਮੁਹੰਮਦ ਹਬੀਬ ਅਨੁਸਾਰ, "ਇਨ੍ਹਾਂ ਦੇ ਦਰਵਾਜ਼ੇ ਹਰ ਧਰਮ ਤੇ ਸੰਪਰਦਾਇ ਵਾਸਤੇ ਖੁੱਲ੍ਹੇ ਹੋਏ ਸਨ। ਇਨ੍ਹਾਂ ਦਾ ਮਕਸਦ ਸਿਰਫ਼ ਇਹ ਸੀ ਕਿ ਲੋਕ 'ਖਾਹਿਸ਼-ਏ-ਨਫ਼ਸ਼' ਭਾਵ ਵਾਸ਼ਨਾਵਾਂ ਨੂੰ ਛੱਡ ਦੇਣ ਤੇ 'ਮਾਦਾ ਪ੍ਰਸਤੀ' ਭਾਵ ਸੰਸਾਰਿਕਤਾ ਤੋਂ ਨਿਕਲ ਕੇ ਰੱਬ ਦੀ ਉਪਾਸ਼ਨਾ ਵਿੱਚ ਲੱਗ ਜਾਣ ਤਾਂ ਜੋ ਸਮਾਜ ਵਿੱਚ ਸੁੱਖ ਸ਼ਾਂਤੀ ਬਣੀ ਰਹੇ, ਸਭ ਦੇ ਹੱਕ ਪੂਰੇ ਹੋਣ ਅਤੇ ਰੱਬ ਦੇ ਬੰਦੇ ਵਧੇਰੇ ਤਰੱਕੀ ਕਰਨ।"[42]

**ਸ਼ੇਖ ਫ਼ਰੀਦ**

ਮੁਲਤਾਨ ਦੇ ਇੱਕ ਪਿੰਡ ਖੋਤਵਾਲ ਵਿੱਚ ਬਾਬਾ ਸ਼ੇਖ ਫ਼ਰੀਦ ਦਾ ਜਨਮ ਹੋਇਆ ਜੋ ਸੂਫੀ ਪਰੰਪਰਾ ਵਿੱਚੋਂ ਪੰਜਾਬੀ ਦੇ ਪਹਿਲੇ ਸੂਫੀ ਕਵੀ ਹੋਏ। ਆਪ ਇਸਲਾਮੀ ਸ਼ਰ੍ਹਾ ਵਿੱਚ ਪਰਪੱਕ ਅਤੇ ਦਰਵੇਸ਼ ਵਿਅਕਤੀ ਸਨ। ਡਾ. ਮੁਹੰਮਦ ਹਬੀਬ ਅਨੁਸਾਰ, "ਬਾਬਾ ਫ਼ਰੀਦ ਦਾ ਅਸਲ ਦਾ ਨਾਂ ਮਸਊਦ ਸੀ। ਇਹ ਮੁਲਤਾਨ ਦੇ ਨੇੜੇ ਖੋਤਵਾਲ ਜਾਂ ਕੋਤਵਾਲ ਵਿਖੇ ਪੈਦਾ ਹੋਏ ਸਨ। ਇੱਥੇ ਇਨ੍ਹਾਂ ਦੇ ਬਜ਼ੁਰਗ ਚੰਗ਼ੇਜੀ ਹਮਲੇ ਦੇ ਦੌਰਾਨ ਕਾਬੁਲ ਤੋਂ ਹਿਜਰਤ ਕਰਕੇ ਅਏ ਸਨ ਅਤੇ ਕਾਜ਼ੀ ਦੇ ਅਹੁਦੇ ਉੱਤੇ ਸੇਵਾ ਕਰਦੇ ਰਹੇ ਸਨ।"[43]

ਬਾਬਾ ਸ਼ੇਖ ਫ਼ਰੀਦ ਜੀ ਦੇ ਮੁਰਸ਼ਦ ਖ਼ੁਆਜਾ ਕੁਤਬੁਦੀਨ ਬਖ਼ਤਿਆਰ ਕਾਕੀ ਸਨ ਜਿਨ੍ਹਾਂ ਦੇ ਬਹੁਤ ਸਾਰੇ ਮੁਰੀਦ ਉੱਚ ਪੱਧਰ ਦੇ ਦਰਵੇਸ਼ ਹੋਏ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ

ਸ਼ੇਖ ਫ਼ਰੀਦ ਜੀ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ। ਹਥਲੇ ਖੋਜ ਕਾਰਜ ਵਿੱਚ ਸ਼ੇਖ ਫ਼ਰੀਦ ਜੀ ਦੀ ਉਸੇ ਬਾਣੀ ਦਾ ਅਧਿਐਨ ਕੀਤਾ ਜਾਵੇਗਾ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ।

**ਬਾਣੀ**

ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਦੇ ਕੁੱਲ 04 ਸ਼ਬਦ ਦਰਜ਼ ਹਨ ਜਿਨ੍ਹਾਂ ਵਿੱਚੋਂ ਦੋ ਸ਼ਬਦ ਰਾਗ ਆਸਾ ਵਿੱਚ ਅਤੇ ਦੋ ਸ਼ਬਦ ਰਾਗ ਸੂਹੀ ਵਿੱਚ ਦਰਜ਼ ਹਨ। ਇਨ੍ਹਾਂ 04 ਸ਼ਬਦਾਂ ਤੋਂ ਇਲਾਵਾ 'ਸਲੋਕ ਸ਼ੇਖ ਫ਼ਰੀਦ ਕੇ' ਸਿਰਲੇਖ ਹੇਠ 130 ਸਲੋਕ ਅੰਕਿਤ ਹਨ। ਜਿਨ੍ਹਾਂ ਵਿੱਚੋਂ 112 ਸਲੋਕ ਨਿਰੋਲ ਬਾਬਾ ਫ਼ਰੀਦ ਜੀ ਦੀ ਰਚਨਾ ਹਨ ਅਤੇ ਬਾਕੀ 18 ਸਲੋਕ ਸਿੱਖ ਗੁਰੂ ਸਾਹਿਬਾਨਾਂ ਵੱਲੋਂ ਬਾਬਾ ਫ਼ਰੀਦ ਦੇ ਸਲੋਕਾਂ ਦਾ ਵਿਸਥਾਰ ਹਨ।

ਬਾਬਾ ਫ਼ਰੀਦ ਜੀ ਦੀ ਬਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਬਾਣੀ ਮੱਧਕਾਲੀਨ ਵਿਚਾਰ ਦਰਸ਼ਨ ਅਤੇ ਸਾਹਿਤਕ ਪਰੰਪਰਾ ਦੀਆਂ ਦੋ ਪ੍ਰਮੁੱਖ ਧਾਰਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਬਾਣੀ ਦੀ ਸਿਧਾਂਤਕ ਪੱਖੋਂ ਜਿੰਨੀ ਮਹੱਤਤਾ ਸੂਫੀਮਤ ਵਿੱਚ ਹੈ ਉਨੀ ਹੀ ਗੁਰਮਤਿ ਵਿੱਚ ਹੈ। ਅਜਿਹੀ ਗੌਰਵਤਾ ਕਿਸੇ ਹੋਰ ਪੰਜਾਬੀ ਕਵੀ ਨੂੰ ਪ੍ਰਾਪਤ ਨਹੀਂ ਹੈ। ਫ਼ਰੀਦ ਬਾਣੀ ਦਾ ਮੁੱਖ ਸਰੋਕਾਰ ਦਰਵੇਸ਼ੀ ਜੀਵਨ ਹੈ ਜੋ ਧਾਰਮਿਕ ਰਹਿਤ ਮਰਯਾਦਾ ਵਿੱਚ ਬੱਝ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿਰਪਾਲ ਸਿੰਘ ਕਸੇਲ ਅਨੁਸਾਰ, "ਇਹ ਦਰਵੇਸ਼ੀ ਜੀਵਨ ਬੜਾ ਕਠਿਨ ਹੈ ਅਤੇ ਬਚਪਨ ਦੀ ਸਾਧਨਾ ਤੇ ਅਨੁਸ਼ਾਸਨ ਤੋਂ ਸ਼ੁਰੂ ਹੋ ਕੇ ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ ਦੀਆਂ ਮੰਜ਼ਿਲਾਂ ਦੀ ਸੋਝੀ ਕਰਾਉਂਦਾ ਹੈ ਜਿਹਾ ਕਿ ਬਾਬਾ ਫ਼ਰੀਦ ਜੀ ਦਾ ਆਪਣਾ ਜੀਵਨ ਸੀ।"[44]

**ਕਾਵਿ ਸ਼ੈਲੀ**

ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਦੋ ਵਿਰੋਧੀ ਅਵਸਥਾਵਾਂ ਨੂੰ ਪਰਸਪਰ ਸਾਹਮਣੇ ਖੜ੍ਹਾ ਕੀਤਾ ਗਿਆ ਹੈ ਅਤੇ ਨਾਟਕੀਅਤਾ ਸਿਰਜੀ ਗਈ ਹੈ। ਇਸ ਪ੍ਰਕਾਰ ਮਨੁੱਖੀ ਮਨ ਦੇ ਦਵੰਦ ਨੂੰ ਪੇਸ਼ ਕੀਤਾ ਗਿਆ ਹੈ। ਡਾ. ਇੰਦਰਜੀਤ ਸਿੰਘ ਵਾਸੂ ਅਨੁਸਾਰ, "ਮੁਸਲਿਮ ਰਹੱਸਵਾਦੀਆਂ ਨੇ ਆਮ ਕਰਕੇ ਆਪਣੀ ਬਿੰਬਾਵਲੀ ਤੇ ਸੰਕੇਤਾਵਲੀ ਈਰਾਨ ਦੇ ਸਿਧਾਂਤਕ ਤੇ ਬੌਧਿਕ ਖੇਤਰ ਵਿੱਚੋਂ ਲਈ ਹੈ, ਪਰ ਫ਼ਰੀਦ ਜੀ ਨੇ ਇਸ ਪਰੰਪਰਾ ਨੂੰ ਤੋੜ

ਕੇ ਪੰਜਾਬ ਦੇ ਵਾਤਾਵਰਣ ਵਿੱਚੋਂ ਬਿੰਬਾਵਲੀ ਤੇ ਸੰਕੇਤਾਵਲੀ ਵਰਤੀ ਹੈ।"[45]

ਬਾਬਾ ਫ਼ਰੀਦ ਜੀ ਦੀ ਬਾਣੀ ਇੱਕ ਮੁਰਸ਼ਦ ਦੀ ਤਰ੍ਹਾਂ ਮਾਰਗ ਦਰਸ਼ਨ ਵੀ ਕਰਦੀ ਹੈ ਅਤੇ ਇਸ ਵਿੱਚ ਸਾਧਕ ਦੇ ਅਨੁਭਵ ਨੂੰ ਵੀ ਪੇਸ਼ ਕੀਤਾ ਗਿਆ ਹੈ।

**ਭਾਸ਼ਾ**

ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਵਿੱਚ ਮੁਲਤਾਨੀ ਰੰਗਤ ਸਪੱਸ਼ਟ ਵੇਖਣ ਨੂੰ ਮਿਲਦੀ ਹੈ। ਪੰਜਾਬੀ ਦੇ ਠੇਠ ਸ਼ਬਦਾਂ ਦੀ ਭਰਮਾਰ ਹੈ ਅਤੇ ਲਹਿੰਦੇ ਪੰਜਾਬ ਦੀ ਸ਼ਬਦਾਵਲੀ ਦੀ ਬਹੁਤਾਂਤ ਵੇਖਣ ਨੂੰ ਮਿਲਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਵਿੱਚ ਫ਼ਾਰਸੀ ਅਤੇ ਅਰਬੀ ਸ਼ਬਦਾਵਲੀ ਪ੍ਰਾਪਤ ਹੁੰਦੀ ਹੈ। ਡਾ. ਅੰਮ੍ਰਿਤਪਾਲ ਲਾਲ ਅਨੁਸਾਰ, ''ਉਨ੍ਹਾਂ ਦੀ ਬਾਣੀ ਅਰਬੀ ਅਤੇ ਫ਼ਾਰਸੀ ਸ਼ਬਦਾਵਲੀ ਦਾ ਮਿਲਗੋਭਾ ਹੈ ਜਿਸ ਨੂੰ ਕਵੀ ਨੇ ਤਤਸਮ ਤੇ ਤਤਭਵ ਦੋਨਾਂ ਹੀ ਰੂਪਾਂ ਵਿੱਚ ਪ੍ਰਯੁਕਤ ਕੀਤਾ ਹੈ।''[46]

ਇਸ ਪ੍ਰਕਾਰ ਬਾਬਾ ਸ਼ੇਖ ਫ਼ਰੀਦ ਦੀ ਭਾਸ਼ਾ ਆਮ ਲੋਕਾਂ ਦੇ ਵਧੀਕ ਨੇੜੇ ਹੋਣ ਕਰਕੇ ਲੋਕਪ੍ਰਿਯ ਹੋ ਗਈ ਅਤੇ ਅੱਜ ਵੀ ਉਨ੍ਹਾਂ ਦੇ ਸਲੋਕਾਂ ਨੂੰ ਆਮ ਲੋਕ ਰੌਚਕਤਾ ਨਾਲ ਸਰਵਣ ਕਰਦੇ ਹਨ।

**ਕਾਵਿ ਬਿੰਬ**

ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਵਿੱਚ ਬਿੰਬ ਸਿਰਜਨ ਦੀ ਬਹੁਲਤਾ ਹੈ। ਉਨ੍ਹਾਂ ਦਾ ਬਿਆਨ ਵਧੇਰੇ ਕਰਕੇ ਬਿੰਬਮਈ ਹੈ। ਫ਼ਰੀਦ ਜੀ ਨੇ ਆਪਣੇ ਸਥਾਨਕ ਆਲੇ ਦੁਆਲੇ ਨਾਲ ਸਬੰਧਿਤ ਕਈ ਅਜਿਹੇ ਬਿੰਬ ਘੜੇ ਹਨ ਜੋ ਅੱਜ ਤੱਕ ਪੰਜਾਬ ਵਾਸੀਆਂ ਦੀ ਜ਼ੁਬਾਨ 'ਤੇ ਮੁਹਾਵਰੇ ਬਣ ਕੇ ਚੜ੍ਹੇ ਹੋਏ ਹਨ। ਕਾਠ ਦੀ ਰੋਟੀ ਦਾ ਬਿੰਬ ਸਿਰਜ ਕੇ ਮਨੁੱਖ ਨੂੰ ਸੰਜਮੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਪਰੰਤੂ ਫ਼ਰੀਦ ਜੀ ਦੀ ਬਿਆਨੀਆ ਸ਼ੈਲੀ ਲੋਕਾਈ ਦੇ ਇੰਨੀ ਨੇੜੇ ਹੈ ਕਿ ਅੱਜ ਤੱਕ ਵੀ ਪਾਠਕ ਤੇ ਸਰੋਤੇ ਉਨ੍ਹਾਂ ਦੁਆਰਾ ਸਿਰਜੇ ਬਿੰਬਾਂ ਨੂੰ ਅਸਲੀ ਘਟਨਾਵਾਂ ਦੀ ਤਰ੍ਹਾਂ ਮਾਨਤਾ ਦਿੰਦੇ ਹਨ। ਉਦਾਹਰਨ ਵਜੋਂ :-

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥[47]

ਇਸੇ ਤਰ੍ਹਾਂ ਫ਼ਰੀਦ ਜੀ ਨੇ ਹੋਰ ਆਮ ਜੀਵਨ ਨਾਲ ਸਬੰਧਿਤ ਘਟਨਾਵਾਂ ਵਿੱਚੋਂ ਅਜਿਹੇ ਬਿੰਬ ਸਿਰਜੇ

ਹਨ ਜਿਨ੍ਹਾਂ ਕਰਕੇ ਫ਼ਰੀਦ ਜੀ ਦੇ ਨਾਲ ਕਈ ਕਾਲਪਨਿਕ ਘਟਨਾਵਾਂ ਵੀ ਕਥਾ ਬਣ ਕੇ ਜੁੜ ਗਈਆਂ ਹਨ। ਕਾਂ ਦੁਆਰਾ ਸਰੀਰ ਦੇ ਮਾਸ ਨੂੰ ਠੂੰਗਾਂ ਮਾਰਨ ਦਾ ਬਿੰਬ ਅਸਲੀ ਘਟਨਾ ਦੀ ਤਰ੍ਹਾਂ ਹੀ ਪ੍ਰਤੀਤ ਹੁੰਦਾ ਹੈ ਜਿਵੇਂ :-

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥[48]

ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਕਾਲ ਵਿੱਚ ਲਗਭਗ ਚਾਰ ਸਦੀਆਂ ਦਾ ਵਖਰੇਵਾਂ ਹੈ ਪਰੰਤੂ ਬਾਣੀ ਵਿੱਚ ਨਾਸ਼ਮਾਨਤਾ ਅਤੇ ਵੈਰਾਗ ਜਿਹੇ ਸੰਕਲਪਾਂ ਦੀ ਇੱਕਸਾਰਤਾ ਪ੍ਰਾਪਤ ਹੁੰਦੀ ਹੈ। ਦੋਨਾਂ ਸ਼ਖ਼ਸੀਅਤਾਂ ਦੇ ਜੀਵਨ ਢੰਗ ਵਿੱਚ ਭਾਵੇਂ ਭਿੰਨਤਾ ਨਜ਼ਰ ਆਉਂਦੀ ਹੈ ਜਿਵੇਂ ਕਿ ਬਾਬਾ ਫ਼ਰੀਦ ਦਾ ਜੀਵਨ ਇੱਕ ਦਰਵੇਸ਼ ਵਾਲਾ ਹੈ ਜੋ ਕਿਤੇ ਸਿੱਧੇ ਰੂਪ ਵਿੱਚ ਕੋਈ ਰਾਜਸੀ ਟਕਰਾਉ ਨਹੀਂ ਲੈਂਦਾ ਪਰੰਤੂ ਗੁਰੂ ਤੇਗ ਬਹਾਦਰ ਜੀ ਨੇ ਖੁਦ ਆਪਣੇ ਜੀਵਨ ਕਾਲ ਵਿੱਚ ਗੁਰਤਾਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਕੁੱਝ ਜੰਗਾਂ ਵਿੱਚ ਹਿੱਸਾ ਲਿਆ ਅਤੇ ਤੇਗ ਚਲਾਉਣ ਵਿੱਚ ਬਹਾਦਰੀ ਦਿਖਾਈ ਜਿਸ ਕਾਰਨ ਉਨ੍ਹਾਂ ਦਾ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਪਿਆ।

**(ੲ) ਖੋਜ ਕਾਰਜ ਦਾ ਸਰੂਪ (ਗੁਰਮਤਿ ਕਾਵਿ ਅਤੇ ਸੂਫੀ ਕਾਵਿ)**

ਖੋਜ ਨਾਲ ਜੁੜੇ ਹਰ ਵਿਸ਼ੇ ਦਾ ਖੇਤਰ ਅਸੀਮ ਹੀ ਹੁੰਦਾ ਹੈ ਪਰੰਤੂ ਖੋਜ ਕਾਰਜ ਨੂੰ ਸੰਤੁਲਿਤ ਅਤੇ ਮੁੱਲਵਾਨ ਬਣਾਉਣ ਲਈ ਵਿਸ਼ੇ ਦਾ ਨਿਰਧਾਰਨ ਅਤੇ ਉਸ ਦਾ ਸਰੂਪ ਨਿਸ਼ਚਿਤ ਕਰਨਾ ਅਨਿਵਾਰੀ ਹੁੰਦਾ ਹੈ। ਸਾਡੇ ਖੋਜ ਕਾਰਜ ਵਿੱਚ ਅਸੀਂ ਇਸ ਦੇ ਸਰੂਪ ਨੂੰ ਨਿਸ਼ਚਿਤ ਕਰਦਿਆਂ ਸੂਫੀ ਅਤੇ ਗੁਰਮਤਿ ਕਾਵਿ ਦੇ ਪ੍ਰਸੰਗ ਵਿੱਚ ਗੁਰੂ ਤੇਗ ਬਹਾਦਰ ਅਤੇ ਸ਼ੇਖ ਫ਼ਰੀਦ ਜੀ ਦੀ ਬਾਣੀ ਨੂੰ ਆਧਾਰ ਬਣਾ ਕੇ ਤੁਲਨਾਤਮਕ ਵਿਧੀ ਦੀ ਰੋਸ਼ਨੀ ਵਿੱਚ ਬਿਰਹੋਂ ਤੇ ਵੈਰਾਗ ਦੇ ਸੰਕਲਪਾਂ ਨੂੰ ਉਜਾਗਰ ਕਰਨ ਹਿੱਤ ਮੁਤਾਲਿਆ ਪੇਸ਼ ਕੀਤਾ ਹੈ। ਜਿਸ ਵਿੱਚ ਅਸੀਂ ਤੁਲਨਾਤਮਕ ਵਿਧੀ ਦੇ ਮਾਪਦੰਡ, ਸਿਧਾਂਤਕ ਪਰਿਪੇਖ, ਚਿੰਤਨ ਸਮੱਗਰੀ ਦੀ ਗੱਲ ਕਰਦਿਆਂ ਫ਼ਰੀਦ ਬਾਣੀ ਅਤੇ ਗੁਰੂ ਤੇਗ ਬਹਾਦਰ ਬਾਣੀ ਵਿੱਚ ਬਿਰਹੋਂ ਤੇ ਵੈਰਾਗ ਨੂੰ ਭਾਰਤੀ ਦਰਸ਼ਨ ਦੇ ਅੰਤਰਗਤ ਚਰਚਾ ਅਧੀਨ

ਲਿਆਉਂਦਿਆਂ ਫ਼ਰੀਦ ਬਾਣੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੀਆਂ ਆਪਸੀ ਸਾਂਝਾਂ ਅਤੇ ਵਖਰੇਵਿਆਂ ਨੂੰ ਵੀ ਉਜਾਗਰ ਕੀਤਾ ਹੈ।

ਨਿਰਸੰਦੇਹ ਇਹ ਧਾਰਨਾ ਬਿਲਕੁੱਲ ਸਪੱਸ਼ਟ ਹੈ ਕਿ ਦੋਨੋਂ ਮਹਾਨ ਕਵੀ ਵੱਡੇ ਦਾਰਸ਼ਨਿਕ ਚਿੰਤਨ ਦੇ ਸੰਚਾਰ ਨਾਲ ਜੁੜੇ ਹੋਏ ਹਨ ਜੋ ਜੀਵਨ, ਮਨੁੱਖ ਅਤੇ ਪਰਮਾਤਮਾ ਵਰਗੇ ਵੱਡੇ ਸੰਕਲਪਾਂ ਉੱਪਰ ਲੋਕ ਬੋਲੀ ਅਨੁਸਾਰ ਆਪਣਾ ਪ੍ਰਤੀਕਰਮ ਪ੍ਰਸਤੁਤ ਕਰਦੇ ਹਨ। ਇਹ ਪ੍ਰਤੀਕਰਮ ਲੌਕਿਕਤਾ ਤੋਂ ਪ੍ਰਾਲੌਕਿਕਤਾ ਦਾ ਸਫ਼ਰ ਤਹਿ ਕਰਦਾ ਹੋਇਆ ਮਾਨਵੀ ਜੀਵਨ ਦੀ ਬਿਹਤਰੀ ਲਈ ਕਾਰਜ ਹਿੱਤ ਉਸਨੂੰ ਵਿਸਮਾਦ ਦੀ ਪੂੰਜੀ ਨਾਲ ਜੋੜਨ ਦੇ ਆਹਰ ਨਾਲ ਜਾ ਜੁੜਦਾ ਹੈ। ਸ਼ੇਖ ਫ਼ਰੀਦ ਜੀ ਦੇ 112 ਸਲੋਕ ਅਤੇ 04 ਸ਼ਬਦ ਅਤੇ ਗੁਰੂ ਤੇਗ ਬਹਾਦਰ ਜੀ ਦੇ 57 ਸਲੋਕ ਅਤੇ 59 ਸ਼ਬਦ ਸਾਡੇ ਖੋਜ ਵਿਸ਼ੇ ਵਿੱਚ ਸ਼ਾਮਲ ਹਨ ਜਿਨ੍ਹਾਂ ਦੀ ਰੋਸ਼ਨੀ ਵਿੱਚ ਸਮੁੱਚਾ ਮੁਤਾਲਿਆ ਪ੍ਰਸਤੁਤ ਕੀਤਾ ਗਿਆ ਹੈ।

ਇਸ ਖੋਜ ਕਾਰਜ ਦਾ ਆਧਾਰ ਬਾਬਾ ਸ਼ੇਖ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਬਣਾਇਆ ਗਿਆ ਹੈ। ਇਹ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਸਮੁੱਚੀ ਬਾਣੀ ਨੂੰ ਗੁਰਬਾਣੀ ਦਾ ਦਰਜ਼ਾ ਪ੍ਰਾਪਤ ਹੈ। ਇਸ ਲਿਹਾਜ਼ ਨਾਲ ਗੁਰੂ ਤੇਗ ਬਹਾਦਰ ਜੀ ਅਤੇ ਬਾਬਾ ਫ਼ਰੀਦ ਜੀ ਦੀ ਬਾਣੀ ਸਤਿਕਾਰ ਪੱਖੋਂ ਇੱਕ ਹਨ।

## ਹਵਾਲੇ ਅਤੇ ਟਿੱਪਣੀਆਂ

1. ਹਰਚੰਦ ਸਿੰਘ ਬੇਦੀ, ਸਮੀਖਿਆ ਸੱਭਿਆਚਾਰ, ਪੰਨਾ – 18
2. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ-ਸ਼ਾਸਤਰ, ਪੰਨਾ – 01
3. ਰਤਨ ਸਿੰਘ ਜੱਗੀ, ਸਾਹਿਤ ਕੋਸ਼, ਪੰਨਾ – 576
4. ਆਕਸਫੋਰਡ ਡਿਕਸ਼ਨਰੀ, ਪੰਨਾ – 107
5. ਹਰਚੰਦ ਸਿੰਘ ਬੇਦੀ, ਸਮੀਖਿਆ ਸੱਭਿਆਚਾਰ, ਪੰਨਾ – 18
6. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ-ਸ਼ਾਸਤਰ, ਪੰਨਾ – 11
7. ਇੰਦਰਨਾਥ ਚੌਧਰੀ, ਤੁਲਨਾਤਮਕ ਸਾਹਿਤਯ : ਭਾਰਤੀ ਪਰਿਪੇਖ, ਪੰਨਾ – 14
8. ਡਾ. ਹਰਿਭਜਨ ਸਿੰਘ, ਸਾਹਿਤ ਤੇ ਸਿਧਾਂਤ, ਪੰਨਾ – 61
9. ਪ੍ਰੋ. ਈਸ਼ਰ ਸਿੰਘ ਤਾਂਘ, ਪੱਛਮੀ ਸਮੀਖਿਆ ਦੇ ਸਿਧਾਂਤ, ਪੰਨਾ – 44
10. ਹਰਚੰਦ ਸਿੰਘ ਬੇਦੀ, ਸਮੀਖਿਆ ਸੱਭਿਆਚਾਰ, ਪੰਨਾ – 11
11. ਉਹੀ, ਪੰਨਾ – 17
12. ਡਾ. ਹਰਿਭਜਨ ਸਿੰਘ, ਸਾਹਿਤ ਤੇ ਸਿਧਾਂਤ, ਪੰਨਾ – 107
13. ਡਾ. ਰਾਜਿੰਦਰ ਪਾਲ ਸਿੰਘ ਬਰਾੜ, ਉੱਤਰ-ਆਧੁਨਿਕਤਾ, ਪੰਨਾ – 70
14. ਸੁਤਿੰਦਰ ਸਿੰਘ ਨੂਰ, ਪੰਜਾਬੀ ਤੇ ਭਾਰਤੀ ਸਾਹਿਤ : ਤੁਲਨਾਤਮਕ ਅਧਿਐਨ, ਪੰਨਾ – 46
15. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ-ਸ਼ਾਸਤਰ, ਪੰਨਾ – 11
16. ਹਰਚੰਦ ਸਿੰਘ ਬੇਦੀ, ਸਮੀਖਿਆ ਸੱਭਿਆਚਾਰ, ਪੰਨਾ – 12
17. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ-ਸ਼ਾਸਤਰ, ਪੰਨਾ – 11
18. ਉਹੀ, ਪੰਨਾ – 08
19. ਡਾ. ਹਰਿਭਜਨ ਸਿੰਘ, ਸਾਹਿਤ ਤੇ ਸਿਧਾਂਤ, ਪੰਨਾ – 107

20. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ – 418

21. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਪਹਿਲਾ), ਪੰਨਾ – 402-403

22. ਡਾ. ਅੰਮ੍ਰਿਤਪਾਲ ਕੌਰ, ਸ਼ਬਦ ਅਨੁਕ੍ਰਮਣਿਕਾ ਤੇ ਕੋਸ਼, ਪੰਨਾ – 159

23. ਡਾ. ਦੀਵਾਨ ਸਿੰਘ, ਸਿੱਖ ਧਰਮ ਬਾਰੇ, ਪੰਨਾ – 112

24. ਭਾਈ ਗੁਰਦਾਸ, ਵਾਰਾਂ, ਵਾਰ-28, ਪਉੜੀ- 09, ਪੰਨਾ – 638

25. ਡਾ. ਇੰਦਰਜੀਤ ਸਿੰਘ ਵਾਸੂ, ਗੁਰਮਤਿ ਤੇ ਸੂਫੀ ਪੰਜਾਬੀ ਕਾਵਿ ਵਿੱਚ ਮਨੁੱਖ ਦਾ ਸੰਕਲਪ, ਪੰਨਾ – 96

26. ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 335

27. ਪ੍ਰੋ. ਬ੍ਰਹਮਜਗਦੀਸ਼ ਸਿੰਘ, ਸ਼ਬਦ ਤੇ ਸਲੋਕ ਗੁਰੂ ਤੇਗ ਬਹਾਦਰ: ਪਾਠ, ਵਿਆਖਿਆ ਤੇ ਪ੍ਰਵਚਨ, ਪੰਨਾ – 101

28. ਬਿਕਰਮ ਸਿੰਘ ਘੁੰਮਣ, ਗੁਰੂ ਤੇਗ ਬਹਾਦਰ ਜੀ ਜੀਵਨ, ਚਿੰਤਨ ਤੇ ਬਾਣੀ, ਪੰਨਾ – 34

29. ਉਹੀ, ਪੰਨਾ – 78

30. ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 219

31. ਪ੍ਰੋ: ਬ੍ਰਹਮਜਗਦੀਸ਼ ਸਿੰਘ, ਸ਼ਬਦ ਤੇ ਸਲੋਕ ਗੁਰੂ ਤੇਗ ਬਹਾਦਰ : ਪਾਠ, ਵਿਆਖਿਆ ਤੇ ਪ੍ਰਵਚਨ , ਪੰਨਾ – 102

32. ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1352

33. ਡਾ. ਬਲਵੀਰ ਸਿੰਘ ਦਿਲ, ਗੁਰੂ ਤੇਗ ਬਹਾਦਰ : ਜੀਵਨ ਤੇ ਰਚਨਾ, ਪੰਨਾ – 90

34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1428

35. ਡਾ. ਬਲਵੀਰ ਸਿੰਘ ਦਿਲ, ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ, ਪੰਨਾ – 91

36. ਪ੍ਰੋ. ਬ੍ਰਹਮਜਗਦੀਸ਼ ਸਿੰਘ, ਸ਼ਬਦ ਤੇ ਸਲੋਕ ਗੁਰੂ ਤੇਗ ਬਹਾਦਰ: ਪਾਠ, ਵਿਆਖਿਆ ਤੇ ਪ੍ਰਵਚਨ, ਪੰਨਾ – 108

37. ਬਿਕਰਮ ਸਿੰਘ ਘੁੰਮਣ, ਗੁਰੂ ਤੇਗ ਬਹਾਦਰ ਜੀ ਜੀਵਨ, ਚਿੰਤਨ ਤੇ ਬਾਣੀ, ਪੰਨਾ – 81

38. ਪ੍ਰੋ. ਬ੍ਰਹਮਜਗਦੀਸ਼ ਸਿੰਘ, ਸ਼ਬਦ ਤੇ ਸਲੋਕ ਗੁਰੂ ਤੇਗ ਬਹਾਦਰ: ਪਾਠ, ਵਿਆਖਿਆ ਤੇ ਪ੍ਰਵਚਨ, ਪੰਨਾ – 112

39. ਡਾ. ਰਤਨ ਸਿੰਘ ਜੱਗੀ, ਗੁਰਸ਼ਰਨ ਕੌਰ ਜੱਗੀ, ਫ਼ਰੀਦ : ਜੀਵਨ, ਚਿੰਤਨ ਅਤੇ ਬਾਣੀ, ਪੰਨਾ – 08

40. ਹਰਜਿੰਦਰ ਸਿੰਘ ਢਿੱਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ – 35

41. ਉਹੀ, ਪੰਨਾ – 25

42. ਡਾ. ਮੁਹੰਮਦ ਹਬੀਬ, ਸਾਈਂ ਮੀਆਂ ਮੀਰ : ਜੀਵਨ ,ਸਾਧਨਾ ਅਤੇ ਸਿੱਖਿਆਵਾਂ, ਪੰਨਾ – 76

43. ਉਹੀ, ਪੰਨਾ – 81

44. ਕਿਰਪਾਲ ਸਿੰਘ ਕਸੇਲ, ਬਾਬਾ ਫ਼ਰੀਦ ਦੀ ਸਾਹਿਤਕ ਪ੍ਰਤਿਭਾ, ਪੰਨਾ – 43

45. ਡਾ. ਇੰਦਰਜੀਤ ਸਿੰਘ ਵਾਸੂ, ਗੁਰਮਤਿ ਤੇ ਸੂਫ਼ੀ ਪੰਜਾਬੀ ਕਾਵਿ ਵਿੱਚ ਮਨੁੱਖ ਦਾ ਸੰਕਲਪ, ਪੰਨਾ – 153

46. ਡਾ. ਅੰਮ੍ਰਿਤਪਾਲ ਲਾਲ, ਬਾਬਾ ਫ਼ਰੀਦ ਜੀਵਨ ਤੇ ਰਚਨਾ, ਪੰਨਾ – 56

47. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

48. ਉਹੀ, ਪੰਨਾ – 1382

# ਅਧਿਆਇ ਦੂਸਰਾ

## ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਦਾ ਸੰਕਲਪ

ਸਾਰੇ ਜੀਵ ਜਗਤ ਦੇ ਸਮੁੱਚ ਵਿੱਚ ਮਨੁੱਖ ਇੱਕ ਅਜਿਹਾ ਜੀਵ ਹੈ ਜਿਸ ਕੋਲ ਸੋਚਣ-ਸਮਝਣ ਅਤੇ ਮਹਿਸੂਸ ਕਰਨ ਦੀ ਸਮਰੱਥਾ ਵਧੇਰੇ ਹੈ। ਇਹ ਸਮਰੱਥਾ ਹੀ ਉਸਨੂੰ ਗੰਭੀਰ ਪ੍ਰਵਚਨ ਨਾਲ ਜੋੜਦੀ ਹੈ ਤੇ ਉਸਨੂੰ ਚੇਤਨਾ ਦਾ ਰਾਹ ਸੁਝਾਉਂਦੀ ਹੈ। ਮਨੁੱਖੀ ਚੇਤਨਾ ਦੇ ਗੁੰਝਲਦਾਰ ਵਿਧਾਨ ਵਿੱਚ ਗ਼ਮ ਅਤੇ ਖ਼ੁਸ਼ੀ ਦੇ ਭਾਵ ਸਦਾ ਹੀ ਕਿਰਿਆਸ਼ੀਲ ਰਹਿੰਦੇ ਹਨ। ਹਰੇਕ ਮਨੁੱਖ ਇਨ੍ਹਾਂ ਭਾਵਾਂ ਨੂੰ ਆਪਣੀ ਹਯਾਤੀ, ਆਪਣੇ ਅਨੁਭਵ ਅਤੇ ਆਪਣੇ ਗਿਆਨ ਮੁਤਾਬਕ ਅਭਿਵਿਅਕਤ ਕਰਦਾ ਹੈ। ਦੁੱਖ-ਸੁੱਖ ਦੀ ਇਹ ਧਾਰਨਾ ਸਾਨੂੰ ਰਾਗ (Attachment) ਵੈਰਾਗ (detachment) ਮਨੁੱਖੀ ਜੀਵਨ ਦੀਆਂ ਦੋ ਮੂਲ ਪ੍ਰਵਿਰਤੀਆਂ ਦਾ ਸਾਹਮਣਾ ਕਰਵਾਉਂਦੀ ਹੈ। ਵਡੇਰੇ ਅਰਥਾਂ ਵਿੱਚ ਕੁਦਰਤ ਵਿੱਚਲੇ ਹਰੇਕ ਮਾਨਵ ਜਾਂ ਹਰੇਕ ਪ੍ਰਾਣੀ ਦਾ ਜੀਵਨ ਇਨ੍ਹਾਂ ਰਾਗ ਅਤੇ ਵੈਰਾਗ ਦੋ ਮੂਲ ਵਿਰੋਧੀ ਪ੍ਰਵਿਰਤੀਆਂ ਰਾਹੀਂ ਹੀ ਚੱਲਦਾ ਹੈ। ਵੇਖਿਆ ਜਾਵੇ ਤਾਂ ਹਰ ਪ੍ਰਾਣੀ ਦੀ ਸਿਰਜਣਾ ਦਾ ਸ੍ਰੋਤ ਰਾਗ (ਵਸਲ, ਮਿਲਾਪ) ਹੈ। ਰਾਗ ਤੋਂ ਪ੍ਰੇਰਿਤ ਹੋ ਕੇ ਵਿਰੋਧੀ ਲਿੰਗ ਨਰ ਅਤੇ ਮਾਦਾ, ਔਰਤ ਅਤੇ ਮਰਦ ਪਰਸਪਰ ਖਿੱਚ ਦਾ ਅਨੁਭਵ ਕਰਦੇ ਹੋਏ ਮਨ ਅਤੇ ਸਰੀਰ ਦੀ ਇੱਕਰੂਪਤਾ ਲਈ, ਅਭੇਦਤਾ ਲਈ ਤਾਂਘਦੇ ਹਨ ਕਿਉਂਕਿ ਇਸ ਪਰਸਪਰ ਖਿੱਚ ਤੇ ਇੱਕਰੂਪਤਾ ਵਿੱਚ ਸੁੱਖ ਦਾ ਭਾਵ ਸੰਮਲਿਤ ਹੈ ਅਤੇ ਪ੍ਰਾਣੀ ਸੁੱਖ ਦੀ ਪ੍ਰਾਪਤੀ ਅਤੇ ਦੁੱਖ ਤੋਂ ਨਵਿਰਤੀ ਲੋਚਦਾ ਹੈ। ਪਰ ਸੁੱਖ ਭੋਗਣ ਦੇ ਨਾਲ ਹੀ ਦੁੱਖ ਦੀ ਭਾਵਨਾ ਵੀ ਜੁੜੀ ਹੁੰਦੀ ਹੈ। ਸੁੱਖ ਅਤੇ ਦੁੱਖ ਦੋ ਵਿਰੋਧੀ ਜੁੱਟ ਹਨ। ਜਿਹੜੇ ਇੱਕ ਦੂਸਰੇ ਦੇ ਰੂਪ ਵਿੱਚ ਹੀ ਪਰਿਭਾਸ਼ਿਤ ਕੀਤੇ ਜਾ ਸਕਦੇ ਹਨ। ਇੱਕ ਦੂਸਰੇ ਤੋਂ ਬਿਨਾਂ ਦੋਨਾਂ ਦਾ ਕੋਈ ਅਸਤਿੱਤਵ ਨਹੀਂ ਰਹਿ ਜਾਂਦਾ। ਕਿਸੇ ਵੀ ਪ੍ਰਾਣਧਾਰੀ ਲਈ ਇਨ੍ਹਾਂ ਦੋਨੋਂ ਪ੍ਰਵਿਰਤੀਆਂ ਨਾਲ ਆਪਣੇ ਜੀਵਨ ਨੂੰ ਇੱਕਸਾਰ ਕਰਦੇ ਹੋਏ ਦੁਨਿਆਵੀ ਵਰਤਾਰਿਆਂ ਨਾਲ ਜੀਵਨ ਨਿਰਬਾਹ ਕਰਨਾ ਪੈਂਦਾ ਹੈ। ਇਸ ਕਾਰਨ ਇਹ ਦੋਨੋਂ ਵਰਤਾਰੇ ਇੱਕ ਦੂਸਰੇ ਦੇ ਪੂਰਕ ਵਜੋਂ ਵੀ ਸਪੱਸ਼ਟ ਹੁੰਦੇ ਹਨ। ਇਨ੍ਹਾਂ ਨਾਲ ਮਾਨਵੀ ਭਾਵਨਾਵਾਂ ਦੇ ਅੰਦਰੂਨੀ ਪੱਧਰ ਉੱਤੇ ਲਗਾਤਾਰ ਇੱਕ ਸੰਵਾਦ ਜਾਰੀ ਰਹਿੰਦਾ ਹੈ। ਇਸੇ ਸੰਵਾਦ ਦੇ ਕਾਰਨ ਇਹ ਦੋਨੋਂ ਸਬੰਧਿਤ ਸਮਿਆਂ ਵਿੱਚ ਆਪਣੀ ਆਪਣੀ ਭੂਮਿਕਾ ਅਦਾ ਕਰਦੇ ਰਹਿੰਦੇ ਹਨ। ਰਾਗ ਪ੍ਰਵਿਰਤੀ ਦੀ

ਪ੍ਰਬਲਤਾ ਉਪਰੰਤ ਪ੍ਰੇਮੀ ਪ੍ਰੇਮਿਕਾ ਵੱਲ ਜਾਂ ਪ੍ਰੇਮਿਕਾ ਪ੍ਰੇਮੀ ਵੱਲ ਖਿੱਚੇ ਜਾਂਦੇ ਹਨ। ਉਸ ਪ੍ਰੀਤਮ ਦੀ ਪ੍ਰਾਪਤੀ ਲਈ ਪ੍ਰੇਮੀ ਕਠੋਰ ਤਪੱਸਿਆ (ਜਿਵੇਂ ਸਾਡੀਆਂ ਸਾਰੀਆਂ ਲੋਕ ਕਹਾਣੀਆਂ ਜਿਨ੍ਹਾਂ ਵਿੱਚ ਪ੍ਰੇਮ ਕਥਾਵਾਂ ਵੀ ਹਨ ਅਤੇ ਆਦਰਸ਼ਕ ਕਥਾਵਾਂ ਵੀ, ਇਨ੍ਹਾਂ ਦੇ ਨਾਇਕਾਂ ਦੀ ਜੀਵਨ ਸ਼ੈਲੀ ਤੋਂ ਉਪਰੋਕਤ ਗੱਲ ਨੂੰ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ) ਕਰਦਾ ਹੈ। ਅਧਿਆਤਮ ਦੀ ਦੁਨੀਆਂ ਵਿੱਚ ਇੱਕ ਭਗਤ ਜਨ ਉਸ ਦੁਨਿਆਵੀ ਪ੍ਰੀਤ ਨੂੰ ਥੁੜ ਚਿਰੀ ਅਤੇ ਜੀਵਨ ਦੇ ਉੱਚ ਆਦਰਸ਼ਾਂ ਤੋਂ ਉਰਪਾਰ ਸਥਿਤ ਸਮਝ ਆਪਣੇ ਆਪ ਨੂੰ ਉਸ ਸਿਰਜਨਹਾਰ ਪ੍ਰਭੂ ਦੇ ਸਨਮੁੱਖ ਅਰਪਨ ਕਰਦਾ ਹੈ। ਦੁਨਿਆਵੀ ਮਿੱਤਰ ਤਾਂ ਅਨੇਕ ਬਣਦੇ ਹਨ ਪਰ ਜਿਸ ਨੂੰ ਜਿੰਦ ਜਾਨ ਅਰਪਨ ਕੀਤੀ ਜਾਂਦੀ ਹੈ, ਉਹ ਕੇਵਲ ਇੱਕੋ ਪ੍ਰੀਤਮ ਪਿਆਰਾ ਹੁੰਦਾ ਹੈ। ਜਿਸ ਤੋਂ ਭਗਤ ਜਨ ਬਲਿਹਾਰੀ ਜਾਂਦਾ ਹੈ :-

ਮੈ ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ ॥[1]

ਤੁਝ ਬਿਨੁ ਕਵਨੁ ਹਮਾਰਾ ॥

ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥[2]

ਇਸ ਬਲਿਹਾਰੀ ਪ੍ਰਭੂ ਨੂੰ ਆਪਣਾ ਆਪ ਅਰਪਨ ਕਰਨ ਉਪਰੰਤ ਭਗਤ ਜਨ ਸਭ ਸੰਸਾਰਕ ਸਹਾਰਿਆਂ ਨੂੰ ਪਰਾਇਆ ਦਰ ਮੰਨਦਾ ਹੈ। ਪਰਮਾਤਮਾ ਨੂੰ ਆਪਣਾ ਕੰਤ ਪ੍ਰੀਤਮ ਸਮਝ ਕੇ ਆਪਣੇ ਆਪ ਨੂੰ ਉਸ ਦੀ ਪਤਨੀ/ਪ੍ਰੇਮਿਕਾ ਸਮਝਦਾ ਹੈ। ਉਸ ਦਾ ਪ੍ਰੇਮ ਆਪਣੇ ਪ੍ਰਿਯ ਦੇ ਦਰਸ਼ਨ ਦੀਦਾਰ ਲਈ ਉੱਛਲ-ਉੱਛਲ ਪੈਂਦਾ ਹੈ। ਇਹ ਪਿਆਰ ਚਾਹੇ ਆਤਮਾ ਦਾ ਪਰਮਾਤਮਾ ਨਾਲ ਹੋਵੇ ਜਾਂ ਦੁਨਿਆਵੀ ਪਿਆਰ ਭਾਵ ਔਰਤ ਅਤੇ ਮਰਦ ਦਾ ਆਪਸੀ ਪਿਆਰ ਹੋਵੇ। ਭਾਰਤੀ ਕਾਵਿ ਸ਼ਾਸਤਰੀ ਪਰਿਪੇਖ ਤਹਿਤ ਪਰਮਾਤਮਾ ਨੂੰ ਸ਼ਹੁ ਦਾ ਦਰਜ਼ਾ ਦੇ ਕੇ ਭਗਤ ਜਨ ਆਪਣੇ ਆਪ ਨੂੰ ਇੱਕ ਇਸਤਰੀ ਵਜੋਂ ਪਰਿਭਾਸ਼ਿਤ ਕਰਦੇ ਰਹੇ ਹਨ ਜਿਸ ਦਾ ਕਾਰਨ ਉਨ੍ਹਾਂ ਅਨੁਸਾਰ ਕੋਈ ਵੀ ਹੋਵੇ, ਪਰ ਵਿਖਿਆਤਮਕ ਤੌਰ ’ਤੇ ਇਹੋ ਦਿਸਦਾ ਹੈ ਕਿ ਜਿਵੇਂ ਇੱਕ ਇਸਤਰੀ ਕਿਸੇ ਮਰਦ ਨੂੰ ਰਿਝਾਉਣ ਦਾ ਯਤਨ ਕਰਦੀ ਹੈ ਅਤੇ ਸਫ਼ਲ ਯਤਨ ਕਰਦੀ ਹੈ। ਉਸੇ ਹੀ ਪਰਿਪੇਖ ਤਹਿਤ ਭਾਰਤੀ ਕਾਵਿ ਵਿੱਚ ਪਰਮਾਤਮਾ ਨੂੰ ਮਰਦ ਅਤੇ ਜੀਵ ਆਤਮਾ ਨੂੰ ਔਰਤ ਵਜੋਂ ਵਿਆਖਿਆ ਦਿੱਤੀ ਗਈ ਹੈ। ਇਸੇ ਵਿਆਖਿਆ ਨੂੰ ਕਾਵਿ ਦੇ ਅਨੇਕਾਂ ਰੂਪਾਂ ਰਾਹੀਂ ਰਾਗ ਅਤੇ ਵੈਰਾਗ ਵਜੋਂ ਰੂਪਮਾਨ ਕੀਤਾ ਗਿਆ ਹੈ। ਭਾਰਤੀ ਕਾਵਿ ਪਰੰਪਰਾ ਨੇ

ਮਨੁੱਖ ਦੀ ਮੂਲ ਪ੍ਰਵਿਰਤੀ ਨੂੰ ਚਿਹਨਕ ਤੌਰ 'ਤੇ ਰੂਪਮਾਨ ਕਰਦਿਆਂ ਅਧਿਆਤਮਿਕ ਵਿਆਖਿਆਵਾਂ ਨੂੰ ਸਥੂਲ ਧਰਾਤਲ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਭਾਰਤੀ ਪਰੰਪਰਾ ਦੇ ਚੌਖਟੇ ਵਿੱਚ ਰੱਖ ਕੇ ਮਹਿੰਦਰ ਕੌਰ ਗਿੱਲ ਨੇ ਲਿਖਿਆ ਹੈ ਕਿ ਇਸ ਗ੍ਰੰਥ ਵਿੱਚ ਸਾਰੀਆਂ ਭਾਰਤੀ ਧਾਰਮਿਕ ਪਰੰਪਰਾਵਾਂ ਤੇ ਸੰਪਰਦਾਵਾਂ ਦਾ ਸੁਮੇਲ ਕੀਤਾ ਗਿਆ। ਇਹ ਗ੍ਰੰਥ ਇੱਕ ਸਾਂਝੇ ਉਦੇਸ਼ ਨੂੰ ਰੂਪਮਾਨ ਕਰਦਾ ਸੀ। ਇਸ ਨੇ ਪਹਿਲੀ ਵਾਰੀ ਭਾਰਤੀ ਲੋਕਾਂ ਵਿੱਚ ਏਕਤਾ ਦੀ ਭਾਵਨਾ ਨੂੰ ਉਜਾਗਰ ਕੀਤਾ।[3]

ਮਨੁੱਖ ਅੰਦਰ ਪਿਆਰੇ ਜਾਣ ਅਤੇ ਪਿਆਰ ਕਰਨ ਦੀ ਇੱਛਾ ਹਮੇਸ਼ਾ ਤੀਬਰ ਰਹਿੰਦੀ ਹੈ। ਇਸ ਤੀਬਰ ਇੱਛਾ ਦਾ ਵਾਹਨ ਕਿਸੇ ਵੀ ਦਿਸ਼ਾ ਵਿੱਚ ਹੋ ਸਕਦਾ ਹੈ। ਇਸ ਪ੍ਰਕਾਰ ਪਿਆਰ ਇੱਕ ਮਹਾਂ ਭਾਲ ਹੈ ਜਿਸ ਦਾ ਵਿਰਾਟ ਸਤਰ ਸੁੱਖ ਅਤੇ ਦੁੱਖ ਦੇ ਹਰ ਕੋਨੇ ਵਿੱਚ ਛੂਹ ਪ੍ਰਾਪਤ ਕਰਦਾ ਹੈ। ਇਹੋ ਕਾਰਨ ਹੈ ਕਿ ਭਾਵੇਂ ਮਨੋਵਿਗਿਆਨੀ ਹੋਣ, ਭਾਵੇਂ ਕਵੀ ਹੋਣ, ਭਾਵੇਂ ਦਾਰਸ਼ਨਿਕ ਹੋਣ ਜਾਂ ਸੌਂਦਰਯ ਸ਼ਾਸਤਰੀ ਹੋਣ ਸਭ ਪਿਆਰ ਨੂੰ ਮਨੁੱਖੀ ਮਨੋਭਾਵਨਾਵਾਂ ਦਾ ਸਰਵ-ਸ੍ਰੇਸ਼ਟ ਦਰਜ਼ਾ ਦਿੰਦੇ ਹਨ। ਕਾਵਿ ਜਗਤ ਵਿੱਚ ਜਿੱਥੇ ਪਿਆਰ ਦੇ ਸੁਖਾਵੇਂ ਅਨੁਭਵ ਨੂੰ ਗਾਇਆ ਗਿਆ ਹੈ ਉੱਥੇ ਹੀ ਵਿਛੋੜੇ ਦੇ ਦੁੱਖਦ ਭਾਵ ਨੂੰ ਵੀ ਗਾਇਆ ਗਿਆ ਹੈ। ਵਸਲ ਤੋਂ ਬਾਅਦ ਵਿਛੋੜੇ ਦੇ ਦਰਦ ਦਾ ਗਾਇਨ ਕਰਨਾ ਅਤੇ ਉਸ ਗਾਇਨ ਦੇ ਤਹਿਤ ਵਿਛੋੜੇ ਦੇ ਭਾਵਾਂ ਦੀ ਕਲਾਤਮਕ ਉੱਚਤਾ ਅਤੇ ਸੁੱਚਤਾ ਅਤੇ ਫਿਰ ਉਸ ਸਮੇਂ ਦੌਰਾਨ ਪ੍ਰਿਯ ਦੇ ਮਿਲਣ ਦੀ ਅਰਜੋਈ ਜਾਂ ਤਾਂਘ ਇਹ ਭਾਰਤੀ ਕਾਵਿ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਮਿਲਣਾ ਅਤੇ ਵਿਛੜਣਾ ਪ੍ਰਕਿਰਤੀ ਦੇ ਨਿਯਮਾਂ ਵਾਂਗ ਹੈ। ਸੁੱਖ ਪ੍ਰਾਪਤੀ ਦੀ ਭਾਵਨਾਵੱਸ ਮਨੁੱਖ ਪਿਆਰ ਕਰਦਾ ਹੈ। ਪਰੰਤੂ ਪਿਆਰ ਹੁੰਦੇ ਸਾਰ ਹੀ ਉਸ ਪ੍ਰੀਤਮ ਤੋਂ ਵਿਛੜ ਜਾਣ ਦੇ ਭਾਵ ਜਾਗ੍ਰਿਤ ਹੋ ਜਾਂਦੇ ਹਨ ਅਤੇ ਦੁੱਖ ਦੇ ਭਾਵ ਪ੍ਰਵਾਹਿਤ ਹੁੰਦੇ ਹਨ। ਪਿਆਰ ਦੇ ਪਹਿਲੇ ਛਿਣ ਵਿੱਚ ਹੀ ਮਿਲਣ ਦਾ ਸੁੱਖ ਅਤੇ ਵਿਛੜਨ ਦਾ ਦੁੱਖ ਏਕਾਕਾਰ ਹੋ ਸਕਦੇ ਹਨ। ਮਿਲਣ ਦੇ ਸੁੱਖ ਵਿੱਚ ਵੀ ਵਿਛੜਣ ਦੀ ਸ਼ੰਕਾ ਦਾ ਦੁੱਖ ਮਿਲਿਆ ਹੋ ਸਕਦਾ ਹੈ। ਇਸ ਪ੍ਰਕਾਰ ਸੰਵੇਦਨਸ਼ੀਲ ਪ੍ਰਾਣੀ ਇਸ ਦਿਸਦੇ ਸੰਸਾਰ ਵਿੱਚ ਦੁੱਖ ਅਤੇ ਸੁੱਖ ਦੇ ਅਨੁਭਵ ਤੋਂ ਮੁਕਤ ਨਹੀਂ ਹੋ ਸਕਦੇ। ਇਸੇ ਲਈ ਕਾਵਿ ਜਗਤ ਵਿੱਚ ਪ੍ਰੀਤ ਦੇ ਇਸ ਸੁੱਖ (ਵਸਲ, ਮਿਲਾਪ) ਅਤੇ ਦੁੱਖ (ਵਿਛੋੜੇ, ਬਿਰਹਾ) ਨੂੰ ਇੱਕੋ ਜਿੰਨਾ ਮਹੱਤਵ ਹਾਸਲ ਹੈ। ਬਲਕਿ ਇਹ ਕਹਿਣਾ ਜਿਆਦਾ ਦਰੁਸਤ ਹੈ ਕਿ ਵਿਛੋੜੇ ਦਾ ਭਾਵ

ਜਿਆਦਾ ਮੁੱਖ ਰੂਪ ਵਿੱਚ ਪੇਸ਼ ਹੋਇਆ ਹੈ ਕਿਉਂਕਿ ਮਿਲਾਪ ਤੋਂ ਬਾਅਦ ਸੰਭਾਵੀ ਡਰ ਵੱਲ ਅਤੇ ਡਰ ਮੁਕਤ ਹੋਣ ਵੱਲ ਵਧੇਰੇ ਯਤਨ ਕੀਤੇ ਜਾਂਦੇ ਰਹੇ ਹਨ। ਡਾ. ਤਾਰਨ ਸਿੰਘ ਮਨੁੱਖ ਦੇ ਪਰਮਾਤਮਾ ਤੋਂ ਪਏ ਵਿਛੋੜੇ ਸੰਬੰਧੀ ਲਿਖ਼ਦੇ ਹਨ, ''ਜੇ ਮਨੁੱਖ ਕੇਵਲ ਪ੍ਰਕਿਰਤੀ ਹੀ ਹੋਵੇ ਤਾਂ ਉਸ ਨੂੰ ਧਨ ਪਦਾਰਥ ਦੀ ਪ੍ਰਾਪਤੀ ਨਾਲ ਸੰਤੁਸ਼ਟਤਾ ਹੋ ਜਾਏ, ਫਿਰ ਉਹ ਦੁੱਖ ਕਿਉਂ ਅਨੁਭਵ ਕਰੇ। ਜੇ ਉਹ ਨਿਰਾ ਮਨ ਹੀ ਹੋਵੇ ਤਾਂ ਉਸ ਨੂੰ ਵਿੱਦਿਆ ਗਿਆਨ ਦੇ ਪ੍ਰਾਪਤ ਹੋਣ ਨਾਲ ਆਨੰਦ ਪ੍ਰਾਪਤ ਹੋ ਜਾਏ ਤੇ ਉਹ ਦੁਖੀ ਨਾ ਹੋਵੇ।[4]

ਇਨ੍ਹਾਂ ਹੀ ਯਤਨਾਂ ਭਾਵ ਕਾਵਿਕ ਪ੍ਰਗਟਾਵਿਆਂ ਵੱਲ ਜਿਆਦਾ ਕਲਮਕਾਰੀ ਹੋਈ ਹੈ। ਇੱਥੋਂ ਤੱਕ ਵੀ ਕਿਹਾ ਜਾ ਸਕਦਾ ਹੈ ਕਿ ਬਿਰਹਾ ਨੂੰ ਪ੍ਰੀਤ ਦੀ ਮਰਯਾਦਾ ਅਤੇ ਕਸੌਟੀ ਮੰਨਣ ਨਾਲ ਜਿਆਦਾ ਵਧੇਰੇ ਮਹੱਤਵ ਪ੍ਰਾਪਤ ਹੋਇਆ ਹੈ। ਸਾਡੇ ਪਹਿਲੇ ਸ਼੍ਰੋਮਣੀ ਸੂਫੀ ਸ਼ਾਇਰ ਬਾਬਾ ਫ਼ਰੀਦ ਸ਼ਕਰਗੰਜ ਨੇ ਬਿਰਹਾ ਨੂੰ ਸੁਲਤਾਨ ਦਾ ਦਰਜ਼ਾ ਦਿੱਤਾ ਹੈ। ਇਸ ਤੋਂ ਬਿਨਾਂ ਜੀਵਨ ਨੂੰ ਮਸਾਨ ਕਿਹਾ ਹੈ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥[5]

ਬਿਰਹਾ ਹੈ ਕੀ? ਇਸ ਸਵਾਲ ਦੇ ਜਵਾਬ ਵਿੱਚ ਹਜ਼ਾਰ ਜਵਾਬ ਹੋ ਸਕਦੇ ਹਨ ਅਤੇ ਹਜ਼ਾਰ ਮੌਨ ਵੀ। ਪਿਆਰੇ ਨੂੰ ਨਾ ਮਿਲਣ ਦੀ ਅਵਸਥਾ ਵਿੱਚ ਮਨੁੱਖੀ ਹਿਰਦੇ ਵਿੱਚੋਂ ਜੋ ਵੇਦਨਾ ਦੀ ਹੂਕ ਨਿਕਲਦੀ ਹੈ ਜਿਸ ਵਿੱਚ ਮਿਲਾਪ ਜਾਂ ਪ੍ਰਾਪਤੀ ਦੀ ਆਸ ਹੈ, ਚਾਹੇ ਉਹ ਪੀੜ੍ਹਾ ਹੀ ਪ੍ਰਦਾਨ ਕਰੇ ਪਰ ਫਿਰ ਵੀ ਉਸ ਵਿੱਚ ਆਨੰਦ ਹੈ, ਉਹ ਬਿਰਹਾ ਹੈ। ਇਹ ਹੂਕ ਸੂਖ਼ਮ ਅਤੇ ਸਥੂਲ ਦੋਵੇਂ ਤਰ੍ਹਾਂ ਦੀ ਹੋ ਸਕਦੀ ਹੈ। ਭਾਰਤੀ ਕਾਵਿ ਸ਼ਾਸ਼ਤਰ ਅਨੁਸਾਰ ਬਿਰਹਾ ਦਾ ਟਿਕਾਣਾ ਸ਼ਿੰਗਾਰ ਰਸ ਦੇ ਅੰਤਰਗਤ ਮੰਨਿਆ ਗਿਆ ਹੈ ਜੋ ਆਮ ਤੌਰ 'ਤੇ ਨਾਇਕ-ਨਾਇਕਾ ਦੇ ਸਰੀਰਕ ਵਿਯੋਗ ਦੇ ਪਰਿਣਾਮ ਵਜੋਂ ਉਤਪੰਨ ਹੁੰਦਾ ਹੈ। ਪਰੰਤੂ ਬਿਰਹਾ ਦੀ ਦੂਜੀ ਦਿਸ਼ਾ ਅਤੇ ਦਸ਼ਾ ਜਿਸ ਨੂੰ ਭਗਤਾਂ, ਸੰਤਾਂ, ਸੂਫੀਆਂ ਅਤੇ ਦਰਵੇਸ਼ਾਂ ਨੇ ਅਨੁਭਵ ਕੀਤਾ ਹੈ ਉਹ ਅਸਰੀਰਕ ਹੈ, ਭਾਵ ਉਹ ਸੂਖ਼ਮ ਰੂਪ ਵਿੱਚ ਮਾਨਸਿਕ ਵਿਛੋੜੇ ਦੀ ਭਾਵਨਾ ਹੈ ਜੋ ਕਿ ਆਤਮਾ ਨਾਲ ਸਬੰਧਿਤ ਹੈ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਆਤਮਾ ਆਪਣੇ ਅਸਲੇ (ਪਰਮਾਤਮਾ) ਤੋਂ ਵਿਛੜ ਚੁੱਕੀ ਹੈ ਅਤੇ ਇਸ ਵਿਛੋੜੇ ਤੋਂ ਬਾਅਦ ਨਾਸ਼ਮਾਨ ਸਰੀਰ ਦਾ ਹਿੱਸਾ

ਬਣ ਗਈ ਹੈ ਜਾਂ ਸਰੀਰ ਨਾਲ ਜੁੜ ਗਈ ਹੈ ਜਿਸ ਕਾਰਨ ਉਹ ਸਦਾ ਵਿਆਕੁਲ ਰਹਿੰਦੀ ਹੈ। ਇਸੇ ਵਿਆਕੁਲਤਾ ਦੇ ਕਾਰਨ ਹੀ ਬਿਰਹਾ ਬਣ ਕੇ ਵੇਦਨਾ ਪ੍ਰਗਟ ਹੁੰਦੀ ਹੈ। ਇਹ ਨਾਇਕ-ਨਾਇਕਾ ਦੇ ਸਰੀਰਕ ਵਿਯੋਗ ਤੋਂ ਵੱਖਰਾ ਬਿਰਹਾ ਰੂਪ ਹੈ ਜਿਸ ਵਿੱਚ ਇੱਕ ਇਕਾਈ ਆਪਣੀ ਪੂਰਨਤਾ ਤੋਂ ਵਿਛੜੀ ਹੁੰਦੀ ਹੈ ਅਤੇ ਉਸ ਨਾਲ ਦੁਬਾਰਾ ਮਿਲਣ ਲਈ ਤਾਂਘਦੀ ਰਹਿੰਦੀ ਹੈ। ਆਤਮਾ ਪਰਮਾਤਮਾ ਵਿੱਚ ਅਭੇਦਤਾ ਪ੍ਰਾਪਤ ਕਰਨ ਲਈ ਬਿਹਬਲ ਹੁੰਦੀ ਹੈ। ਮਾਨਵ ਪ੍ਰਾਣੀ ਦੀ ਆਪਣੇ ਪਰਸਪਰ ਸੋਮੇ ਨਾਲੋਂ ਬੇਗਾਨਗੀ ਅਤੇ ਵੈਰਾਗਈ ਨੂੰ ਦੂਰ ਕਰਨ ਲਈ ਪ੍ਰਬਲ ਕੋਸ਼ਿਸ਼ ਅਧਿਆਤਮਿਕ ਬਿਰਹਾ ਕਾਵਿ ਦੀ ਕੇਂਦਰ ਬਿੰਦੂ ਹੁੰਦੀ ਹੈ।[6]

ਇਸ ਤਰ੍ਹਾਂ ਬਿਰਹਾ ਸੰਬੰਧੀ ਰਹੱਸਵਾਦੀ ਮੱਤ ਇਸ ਨੂੰ (ਬਿਰਹਾ ਨੂੰ) ਨਿਰੋਲ ਅਧਿਆਤਮਿਕ ਤੇ ਪ੍ਰਾਸਰੀਰਕ ਖੇਤਰ ਵਿੱਚ ਸਥਿਤ ਕਰਦਾ ਹੈ। ਦੁਨਿਆਵੀ ਪ੍ਰੀਤ-ਕਿੱਸਿਆਂ (ਕਹਾਣੀਆਂ) ਵਿੱਚ ਬਿਰਹਾ ਦਾ ਭਾਵ ਪ੍ਰੇਮੀ-ਪ੍ਰੇਮਿਕਾ ਦਾ ਇੱਕ ਦੂਸਰੇ ਤੋਂ ਵਿਛੜੇ ਹੋਣਾ ਹੈ। ਪਰ ਅਧਿਆਤਮਿਕ ਖੇਤਰ ਵਿੱਚ ਪ੍ਰੇਮੀ-ਪ੍ਰੇਮਿਕਾ ਨੂੰ ਚਿਹਨਕ ਤੌਰ ’ਤੇ ਸਥਾਪਿਤ ਕਰਕੇ ਆਤਮਾ-ਪਰਮਾਤਮਾ ਦੇ ਵਿਛੋੜੇ ਨੂੰ ਰੂਪਮਾਨ ਕੀਤਾ ਜਾਂਦਾ ਹੈ। ਬਿਰਹਾ ਸੰਬੰਧੀ ਇੱਕ ਹੋਰ ਮੱਤ ਰਵਿੰਦਰ ਨਾਥ ਟੈਗੋਰ ਦਾ ਵੀ ਹੈ। ਉਹ ਬਿਰਹਾ ਨੂੰ ਸਰੀਰਕ-ਪ੍ਰਾਸਰੀਰਕ ਖ਼ੇਤਰਾਂ ਦੀ ਥਾਂ ’ਤੇ ਕਵੀ ਦੀ ਕਾਵਿ ਪ੍ਰਤਿਭਾ ਦੇ ਅੰਤਰਗਤ ਸਥਿਤ ਕਰਦਾ ਹੈ ਅਤੇ ਇਸ ਵਿੱਚ ਦੋਨਾਂ ਮੱਤਾਂ ਦੀ ਸੰਮਲਿਤ ਭਾਵਨਾ ਦ੍ਰਿਸ਼ਟੀਗੋਚਰ ਹੁੰਦੀ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਅੰਦਰ ਇੱਕ ਬਿਰਹਣ ਨਾਰ ਰਹਿੰਦੀ ਹੈ ਜੋ ਆਪਣੇ ਦੁੱਖ ਦੇ ਗੀਤ ਸੁਣਾਉਂਦੀ ਹੈ। ਅਸਲ ਵਿੱਚ ਇਹ ਬਿਰਹਣੀ ਦੀ ਬਿਰਹਾ ਕਾਵਿ ਪ੍ਰੇਰਣਾ ਦਾ ਸਰੋਤ ਹੈ। ਇਹ ਬਿਰਹਣ ਅਮਰ ਹੈ। ਗੁਰਮਤਿ ਕਾਵਿ ਵਿੱਚ ਇਹ ਬਿਰਹਣੀ ਇੱਕ ਭਗਤ ਦੀ ਆਪਣੇ ਗੁਰੂ ਲਈ, ਆਤਮਾ ਦੀ ਪਰਮਾਤਮਾ ਲਈ ਵਸਲ ਤਾਂਘ ਦੀ ਅਭਿਵਿਅੰਜਨਾ ਹੈ। ਇਸ ਦਾ ਸਰੋਤ ਅਸੀਂ ਭਾਰਤੀ ਕਾਵਿ ਦੇ ਅੰਤਰਗਤ ਵੇਖ ਸਕਦੇ ਹਾਂ। ਇਸ ਅੰਦਰ ਵਿਰਲਾਪ ਕਰਦੀ ਬਿਰਹਣ ਦੀ ਵੇਦਨਾ ਨੂੰ ਪ੍ਰਗਟ ਕੀਤਾ ਗਿਆ ਹੈ। ਇਹ ਵੇਦਨਾ ਆਪਣੇ ਪਿਆਰੇ ਤੋਂ ਵਿਛੋੜੇ ਦੇ ਰੂਪ ਵਿੱਚ ਹੀ ਪ੍ਰਗਟ ਕੀਤੀ ਗਈ ਹੈ ਪਰ ਇਸ ਰਾਹੀਂ ਅਸੀਂ ਉਸ ਭਾਵ ਤੀਕ ਪਹੁੰਚ ਸਥਾਪਿਤ ਕਰ ਸਕਾਂਗੇ ਜਿਸ ਜਰੀਏ ਅਸੀਂ ਭਾਵ ਨੂੰ ਅਰਥ ਤੱਕ ਲਿਜਾ ਕੇ ਸਮਝ ਸਕਾਂਗੇ। ਬਿਰਹਾ

ਵੇਦਨਾ ਗੁਰੂ ਅਰਜਨ ਦੇਵ ਜੀ ਅੰਦਰੋਂ ਆਪਣੇ ਗੁਰੂ ਪਿਤਾ ਲਈ ਲਿਖੇ ਪੱਤਰ ਵਿੱਚੋਂ ਗੁਰੂ ਚੇਲੇ ਦੇ ਪ੍ਰੇਮ ਸੰਬੰਧਾਂ ਦੀ ਬਿਰਹਾ ਅਮਰ ਤਰੰਗ ਬਣ ਕੇ ਇੰਜ ਪ੍ਰਗਟ ਹੁੰਦੀ ਹੈ :-

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਤ੍ਰਿਖਾ ਨ ਉਤਰੈ ਸਾਂਤਿ ਨਾ ਆਵੈ

ਬਿਨੁ ਦਰਸਨ ਸੰਤ ਪਿਆਰੇ ਜੀਉ ॥[7]

ਇਸ ਸਲੋਕ ਰਾਹੀਂ ਗੁਰੂ ਸਾਹਿਬ ਆਪਣੀ ਭਾਵਨਾ ਨੂੰ ਪ੍ਰਗਟ ਕਰਨ ਲਈ ਬਿਰਹਣ ਰੂਪ ਵਿੱਚ ਖੁਦ ਨੂੰ ਤਸੱਵਰ ਕਰਕੇ ਆਪਣੇ ਭਾਵਾਂ ਨੂੰ ਹੋਰ ਤਿੱਖਾ ਕਰਕੇ ਪ੍ਰਗਟ ਕਰ ਰਹੇ ਹਨ। ਇਹ ਉਹ ਸਥਿਤੀ ਹੈ ਜੋ ਕਿਸੇ ਕਵੀ ਲਈ ਅਤੇ ਕਵਿਤਾ ਲਈ ਬਹੁਤ ਜ਼ਰੂਰੀ ਸ਼ਰਤ ਹੈ ਕਿ ਭਾਵ ਪੂਰਨ ਰੂਪ ਵਿੱਚ ਪ੍ਰਗਟ ਹੋਣ। ਫ਼ਰੀਦ ਜੀ ਦਾ ਬਿਰਹਾ ਗੁਰਮਤਿ ਦੇ ਆਸੇ ਅਨੁਸਾਰ ਹੀ ਵਿਅਕਤ ਹੁੰਦਾ ਹੈ। ਡਾ. ਮਨਮੋਹਨ ਸਿੰਘ ਅਨੁਸਾਰ, ''ਫ਼ਰੀਦ ਕਾਵਿ ਵਿੱਚ ਭਗਤੀ ਦਾ ਤਾਤਵਿਕ ਅਤੇ ਵਿਵੇਚਨਾਤਮਕ ਨਿਰੂਪਣ ਨਹੀਂ ਸਗੋਂ ਭਗਤੀ ਭਾਵਨਾ ਦੀ ਭਰਪੂਰ ਅਭਿਵਿਅਕਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸੇ ਲਈ ਇਹ ਨਿਸ਼ਚਿਤ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਫ਼ਰੀਦ ਕਾਵਿ ਭਗਤੀ ਦਾ 'ਲਖਸ਼ਨ-ਕਾਵਿ' ਨਹੀਂ ਹੈ, 'ਲਖਸ਼-ਕਾਵਿ' ਹੈ।''[8]

ਬਿਰਹਾ ਦਾ ਇਹ ਸੰਕਲਪ ਭਾਰਤੀ ਕਾਵਿ ਵਿੱਚ ਸਦੀਆਂ ਤੋਂ ਇਉਂ ਹੀ ਤੁਰਿਆ ਆ ਰਿਹਾ ਹੈ। ਗੁਰੂ ਅਰਜਨ ਦੇਵ ਜੀ ਦੇ ਜਿਸ ਸਲੋਕ ਦੀ ਉਦਾਹਰਨ ਦਿੱਤੀ ਹੈ ਇਸ ਤਰ੍ਹਾਂ ਹੀ ਭਾਰਤੀ ਕਾਵਿ ਪਰੰਪਰਾ ਦੇ ਤਹਿਤ ਅਸੀਂ ਦੇਖ ਸਕਦੇ ਹਾਂ ਕਿ ਇਹੋ ਬਿਰਹਾ ਵੇਦਨਾ ਕਾਲੀਦਾਸ ਅੰਦਰੋਂ 'ਰਿਤੂ ਸੰਹਾਰ' ਵਿੱਚਲੀ ਪ੍ਰੇਮਿਕਾ ਦੀ ਹੂਕ ਬਣ ਕੇ ਨਿਕਲਦੀ ਹੈ। ਸੂਰਦਾਸ ਅੰਦਰੋਂ ਇਹ ਵੇਦਨਾ ਰਾਧਾ ਦੀ ਬਿਰਹੋਂ ਕੁੱਠੀ ਆਤਮਾ ਦੀ ਆਵਾਜ਼ ਬਣ ਕੇ ਗੂੰਜਦੀ ਹੈ ਫਿਰ ਇਹੋ ਬਿਰਹਣ ਮਲਕ ਮੁਹੰਮਦ ਜਾਇਸੀ ਦੀ ਪਦਮਾਵਤੀ ਵਿੱਚ ਵੀ ਹੈ। ਦਰਅਸਲ ਇਹ ਅੰਦਰ ਬੈਠੀ ਵਿਰਲਾਪ ਕਰਦੀ ਬਿਰਹਣ ਮਨੁੱਖ ਦੀ ਰਾਗਾਤਮਿਕ ਅਨੁਭੂਤੀ ਦੀ ਪ੍ਰਤੀਕਾਤਮਿਕ ਅਭਿਵਿਅੰਜਨਾ ਹੈ ਅਤੇ ਇਸ ਦਾ ਉਤਪਾਦਕ ਪ੍ਰੇਮ ਹੈ ਜੋ ਸ਼ਿੰਗਾਰ ਰਸ ਦੇ ਅੰਤਰਗਤ ਆਉਂਦਾ ਹੈ। ਬਿਰਹਾ ਭਾਵ ਭਰੇ ਕਾਵਿ ਦਾ

ਸ਼ਾਸਤਰੀ ਵਿਵੇਚਨ ਕਰਨ ਲਈ ਪ੍ਰੇਮ ਅਤੇ ਸ਼ਿੰਗਾਰ ਰਸ ਦਾ ਭਾਰਤੀ ਕਾਵਿ ਦੇ ਪਰਿਪੇਖ ਵਿੱਚ ਅਧਿਐਨ ਜ਼ਰੂਰੀ ਹੈ। ਵੈਦਿਕ ਕਾਲ ਵਿੱਚ ਪ੍ਰੇਮ ਸ਼ਬਦ ਦਾ ਪ੍ਰਯੋਗ ਨਾ-ਮਾਤਰ ਹੀ ਹੈ। ਜੇ ਕਿਧਰੇ ਹੈ ਤਾਂ ਪ੍ਰਿਯ, ਪ੍ਰਿਯਾ, ਪ੍ਰੀਤ ਆਦਿ ਸ਼ਬਦਾਂ ਦੇ ਰੂਪ ਵਿੱਚ ਹੈ। ਤਦ ਸਿਰਫ਼ ਕਾਲੀਦਾਸ ਦੀ ਰਚਨਾ ਜਿੱਥੇ ਖਟ-ਰਿਤੂ ਵਰਣਨ ਦੀ ਪਰੰਪਰਾ ਸਥਾਪਿਤ ਕਰਦੀ ਹੈ, ਉੱਥੇ ਇਹ ਸ਼ਿੰਗਾਰ ਰਸ ਨੂੰ ਕੇਂਦਰ ਬਣਾ ਕੇ ਇਸ ਨੂੰ ਕਾਵਿ ਭੇਦ ਵਜੋਂ ਸਥਾਪਿਤ ਕਰਦੀ ਹੈ ਅਤੇ ਪ੍ਰੇਮ ਸ਼ਬਦ ਦਾ ਪ੍ਰਯੋਗ ਕਰਦੀ ਹੈ। ਇਸ ਪ੍ਰਕਾਰ ਪ੍ਰੇਮ ਅਤੇ ਬਿਰਹਾ ਦੀ ਕਾਵਿ ਜਗਤ ਵਿੱਚ ਸਹੀ ਅਰਥਾਂ ਵਿੱਚ ਬਿਰਹਾ ਦੀ ਸਥਿਤੀ ਸ਼ਿੰਗਾਰ ਰਸ ਦੇ ਅੰਤਰਗਤ ਮੰਨੀ ਜਾਂਦੀ ਹੈ। ਨਾਟਯ ਸ਼ਾਸਤਰ ਵਿੱਚ ਭਰਤ ਮੁਨੀ ਨੇ ਸ਼ਿੰਗਾਰ ਰਸ ਦੇ ਲੱਛਣਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਰਤੀ ਸਥਾਈ ਭਾਵ ਤੋਂ ਉਤਪੰਨ ਸ਼ਿੰਗਾਰ ਰਸ ਉੱਜਵਲ ਵੇਸ਼ ਸੰਯੁਕਤ ਹੈ। ਇਸ ਸੰਸਾਰ ਵਿੱਚ ਜੋ ਵੀ ਪਵਿੱਤਰ ਤੇ ਦ੍ਰਿਸ਼ਟਮਾਨ ਹੈ, ਉਹ ਸ਼ਿੰਗਾਰ ਹੀ ਹੈ। ਜਿਸ ਤਰ੍ਹਾਂ ਸੰਸਾਰ ਵਿੱਚ ਪਰੰਪਰਾ ਅਨੁਸਾਰ ਅਤੇ ਰੀਤੀ ਅਨੁਸਾਰ ਵਿਅਕਤੀਆਂ ਦਾ ਨਾਮਕਰਣ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਨਾਟਕ ਵਿੱਚ ਮਨੋਵਿਕਾਰਾਂ ਦਾ ਤੇ ਭਾਵ ਵਿਰਤੀਆਂ ਦਾ ਵੀ ਨਾਮ ਕਰਨ ਹੁੰਦਾ ਹੈ।[9] ਸ਼ਿੰਗਾਰ ਰਸ ਦਾ ਸਥਾਈ ਭਾਵ ਰਤੀ ਜਾਂ ਪਿਆਰ ਹੈ ਜੋ ਪਤੀ-ਪਤਨੀ ਜਾਂ ਪ੍ਰੇਮੀ-ਪ੍ਰੇਮਿਕਾ ਦੇ ਵਿਵਹਾਰ ਦੁਆਰਾ ਪ੍ਰਵਜਲਤ ਹੁੰਦਾ ਹੈ ਅਤੇ ਇਹ ਸੰਸਕ੍ਰਿਤ ਆਚਾਰੀਆ ਭੋਜ ਅਨੁਸਾਰ ਅਭਿਮਾਨ ਜਾਂ ਅਹੰਕਾਰ ਉੱਤੇ ਆਧਾਰਤ ਹੁੰਦਾ ਹੈ। ਇਸ ਪ੍ਰਕਾਰ ਸ਼ਿੰਗਾਰ ਰਸ ਪ੍ਰੇਮੀ-ਪ੍ਰੇਮਿਕਾ ਜਾਂ ਪਤੀ-ਪਤਨੀ ਦੇ ਵਿਵਹਾਰ ਦੁਆਰਾ ਵਿਗਸਦਾ ਹੈ। ਇਹ ਰਸ ਵਸਲ ਦੇ ਪਲਾਂ ਨੂੰ ਪਰਦਰਸ਼ਿਤ ਕਰਦਾ ਹੈ। ਕਾਵਿ ਵਿੱਚ ਪ੍ਰਗਟ ਹੋ ਰਹੇ ਪ੍ਰੇਮਿਕਾ ਦੇ ਸਵੈ-ਅਭਿਮਾਨ ਦੀ ਥਾਂ ਸਵੈ-ਚੇਤਨਤਾ ਦੀ ਸੱਭਿਅਕ ਪ੍ਰਸਥਿਤੀ ਨੂੰ ਰੂਪਮਾਨ ਕਰਦਾ ਹੈ। ਇਸ ਤਰ੍ਹਾਂ ਪਿਆਰ ਦੇ ਸੰਬੰਧ ਵਿੱਚ ਪ੍ਰੇਮਿਕਾ ਦੀ ਇਹ ਸਵੈ-ਚੇਤਨਤਾ ਵਾਸਤਵਿਕ ਅਰਥਾਂ ਵਿੱਚ ''ਆਤਮ ਰਤੀ'' ਜਾਂ ਆਤਮ ਪਿਆਰ ਨੂੰ ਦਰਸਾਉਂਦੀ ਹੈ। ਇਸੇ ਆਤਮ ਰਤੀ ਜਾਂ ਅਭਿਮਾਨ ਨੂੰ ਕੇਵਲ ਇੱਕੋ ਇੱਕ ਮੁੱਖ ਰਸ ਦੇ ਤੌਰ 'ਤੇ ਵੀ ਮੰਨਿਆ ਗਿਆ ਹੈ ਜਿਸ ਦੀ ਆਚਾਰੀਆ ਭੋਜ ਨੇ ਵੀ ਪੁਸ਼ਟੀ ਕੀਤੀ ਹੈ। ਸੋ ਇਸ ਪ੍ਰਕਾਰ ਸ਼ਿੰਗਾਰ ਰਸ ਵਿੱਚ ਪ੍ਰੇਮਿਕਾ ਦਾ ਅਭਿਮਾਨ ਜਾਂ ਆਤਮ ਪਿਆਰ ਆਤਮ ਰਤੀ ਇੱਕ ਸਵੈ-ਚੇਤਨਤਾ ਜਾਂ ਸਵੈ-ਜਾਗਰਿਤੀ ਹੈ। ਪਿਆਰ ਦੀ ਇਹ ਸਵੈ-ਚੇਤਨਤਾ ਪ੍ਰੇਮਿਕਾ ਦੀ ਸੁੰਦਰ ਬਨਣ ਦੀ ਲੁਕਵੀਂ ਰੀਝ ਨੂੰ ਸ਼ਿੰਗਾਰ ਵੱਲ ਪ੍ਰੇਰਦੀ ਹੈ ਜੋ ਪ੍ਰੇਮੀ ਨੂੰ ਆਕਰਸ਼ਿਤ ਕਰਦੀ ਹੈ।

ਇਸੇ ਕਰਕੇ ਸ਼ਿੰਗਾਰ ਰਸ ਦੇ ਸਥਾਈ ਭਾਵ ਪਿਆਰ ਨੂੰ ਦਰਸਾਇਆ ਗਿਆ ਹੈ। ਪ੍ਰੇਮਿਕਾ ਆਪਣੇ ਜੋਬਨ ਨੂੰ ਗਹਿਣੇ, ਰਤਨ, ਫੁੱਲਾਂ, ਹਾਰ, ਚੰਦਨ ਆਦਿ ਨਾਲ ਸਜਾਉਂਦੀ ਹੈ। ਇਸੇ ਹੀ ਪਰਿਪੇਖ ਵਿੱਚ ਅਧਿਆਤਮਿਕ ਜਗਤ ਵਿੱਚ ਕੀਤੀ ਜਾਂਦੀ ਪੂਜਾ ਅਰਚਨਾ ਨੂੰ ਵੀ ਵੇਖਿਆ ਜਾ ਸਕਦਾ ਹੈ। ਇਹ ਵੀ ਬਿਲਕੁੱਲ ਇਵੇਂ ਦਾ ਹੀ ਵਰਤਾਰਾ ਹੈ। ਆਪਣੇ ਸ਼ਹੁ ਨੂੰ ਰਿਝਾਉਣ ਦੀ ਖ਼ਾਤਰ ਜਾਂ ਆਕਰਸ਼ਿਤ ਕਰਨ ਦੀ ਖ਼ਾਤਰ ਜਿਵੇਂ ਇੱਕ ਔਰਤ ਸ਼ਿੰਗਾਰ ਕਰਦੀ ਹੈ ਤਿਵੇਂ ਹੀ ਭਗਤ ਜਨ ਵੀ ਆਪਣੇ ਪ੍ਰੀਤਮ ਨੂੰ ਆਕਰਸ਼ਿਤ ਕਰਨ ਲਈ ਇਹ ਸਾਰੀ ਸ਼ਿੰਗਾਰ ਦੀ ਪ੍ਰਕਿਰਿਆ ਨੂੰ ਕਰਦੇ ਹਨ। ਇਸੇ ਸ਼ਿੰਗਾਰ ਦੇ ਵਿੱਚੋਂ ਹੀ ਵਿਛੋੜੇ ਨੇ ਪੈਦਾ ਹੋਣਾ ਹੁੰਦਾ ਹੈ। ਜੇਕਰ ਮਿਲਣ ਹੀ ਨਹੀਂ ਹੋਵੇਗਾ ਤਾਂ ਵਿਛੋੜਾ ਕਿਵੇਂ ਪਵੇਗਾ। ਇੱਥੇ ਆ ਕੇ ਸ਼ਿੰਗਾਰ ਰਸ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ। (ੳ) ਸੰਯੋਗ ਸ਼ਿੰਗਾਰ (ਅ) ਵਿਯੋਗ ਸ਼ਿੰਗਾਰ

ਸ਼ਿੰਗਾਰ ਰਸ ਦੀ ਇਹ ਵਰਗ ਵੰਡ ਆਚਾਰੀਆ ਰੁਦ੍ਰਟ ਨੇ ਕੀਤੀ ਹੈ। ਪੁਰਸ਼ ਅਤੇ ਨਾਰੀ ਦੇ ਮੇਲ ਸਮੇਂ ਦੇ ਰਤੀ (ਪਿਆਰ) ਵਿਵਹਾਰ ਨੂੰ ਸੰਯੋਗ ਅਤੇ ਪੁਰਸ਼ ਨਾਰੀ ਦੇ ਵਿਛੋੜੇ ਦੇ ਸਮੇਂ ਨੂੰ ਵਿਯੋਗ ਆਖ਼ਦੇ ਹਨ। ਉਂਝ ਇਹ ਦੋਨੋਂ ਹੀ ਸ਼ਿੰਗਾਰ ਰਸ ਦੇ ਹੀ ਹਿੱਸੇ ਹਨ। ਸੰਯੋਗ ਸ਼ਿੰਗਾਰ ਦੀ ਨਿਸ਼ਪਤੀ ਭਾਵੇਂ ਸਦਾਚਾਰਕ, ਵਿਵਹਾਰਕ, ਨੈਤਿਕ ਜਾਂ ਸਮਾਜਿਕ ਵਾਤਾਵਰਣ ਦੁਆਰਾ ਹੀ ਹੁੰਦੀ ਹੈ, ਪਰ ਅਜਿਹਾ ਵਾਤਾਵਰਣ ਕੇਵਲ ਸਮਾਜਿਕ ਅਰਥਾਂ ਤੀਕ ਹੀ ਸੀਮਤ ਨਹੀਂ ਹੁੰਦਾ। ਸੰਯੋਗ ਸ਼ਿੰਗਾਰ ਵਿੱਚ ਅਜਿਹੇ ਵਾਤਾਵਰਣ ਨੂੰ ਪ੍ਰਗਟਾਵੇ ਦੇ ਮਾਧਿਅਮ ਦਾ ਆਧਾਰ ਬਣਾ ਕੇ ਪ੍ਰਤੀਕਾਤਮਿਕ ਪੱਖ ਤੋਂ ਪ੍ਰਾਭੌਤਿਕ ਮਹੱਤਵ ਦਿੱਤਾ ਜਾਂਦਾ ਹੈ। ਗੁਰਮਤਿ ਕਾਵਿ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਬੜੀ ਸਫ਼ਲਤਾ ਨਾਲ ਅਧਿਆਤਮਿਕ ਅਰਥਾਂ ਵਿੱਚ ਪ੍ਰਗਟ ਕੀਤਾ ਹੈ। ਗੁਰੂ ਨਾਨਕ ਦੇਵ ਜੀ ਇਸ ਸੰਬੰਧੀ ਲਿਖ਼ਦੇ ਹਨ:-

ਹਮ ਘਰਿ ਸਾਜਨ ਆਏ ॥
ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥[10]

ਪੰਡਿਤ ਰਾਜ ਜਗਨ ਨਾਥ ਦੀ ਸੰਯੋਗ ਸੰਬੰਧੀ ਨਿਮਨਲਿਖਤ ਧਾਰਨਾ ਤੋਂ ਸੰਯੋਗ ਸ਼ਿੰਗਾਰ ਨਾਲ ਸਬੰਧਿਤ ਧਾਰਨਾ ਵਧੇਰੇ ਸਪੱਸ਼ਟ ਹੋ ਜਾਂਦੀ ਹੈ। ਉਹ ਲਿਖ਼ਦੇ ਹਨ ਕਿ ਜੇਕਰ ਇਸਤਰੀ ਪੁਰਸ਼ ਵਿੱਚ ਸੰਯੋਗ ਦੇ ਸਮੇਂ ਪ੍ਰੇਮ ਹੋਵੇ ਤਾਂ ਇਹ ਸੰਯੋਗ ਸ਼ਿੰਗਾਰ ਅਖਵਾਉਂਦਾ ਹੈ। ਪਰੰਤੂ ਸੰਯੋਗ ਦਾ ਅਰਥ ਇਸਤਰੀ ਪੁਰਸ਼ ਦਾ ਇੱਕ ਸਥਾਨ ’ਤੇ ਇਕੱਠੇ ਰਹਿਣਾ ਹੀ ਨਹੀਂ ਹੈ ਕਿਉਂਕਿ ਇੱਕੋ ਥਾਂ ’ਤੇ ਰਹਿੰਦਿਆਂ ਜੇ ਉਨ੍ਹਾਂ ਵਿੱਚ ਈਰਖਾ ਆਦਿ ਦੀ ਭਾਵਨਾ ਵਿਦਮਾਨ ਹੋਵੇ ਤਾਂ ਇਸ ਨੂੰ ਵਿਯੋਗ ਸ਼ਿੰਗਾਰ ਅਧੀਨ ਹੀ ਰੱਖਿਆ ਜਾਵੇਗਾ। ਇਸੇ ਤਰ੍ਹਾਂ ਵਿਯੋਗ ਦਾ ਅਰਥ ਅਲੱਗ ਰਹਿਣਾ ਨਹੀਂ ਕਿਉਂਕਿ ਇਹੋ ਦੋਸ਼ ਉੱਥੇ ਵੀ ਹੋ ਸਕਦਾ ਹੈ। ਅੰਤ ਵਿੱਚ ਇਹ ਮੰਨਣਾ ਚਾਹੀਦਾ ਹੈ ਕਿ ਸੰਯੋਗ ਅਤੇ ਵਿਯੋਗ ਦੋਨੋਂ ਹੀ ਇੱਕ ਤਰ੍ਹਾਂ ਦੀਆਂ ਮਨੋਅਵਸਥਾਵਾਂ ਹਨ ਅਤੇ ਉਹ ਹਨ ‘ਮਿਲਿਆ-ਹੋਇਆ ਹਾਂ’ ਜਾਂ ‘ਵਿਛੜਿਆ ਹੋਇਆ ਹਾਂ’। ਸਰੀਰਕ ਮਿਲਣ ਦੇ ਨਾਲ ਭਾਵਾਂ ਦੀ ਪੂਰਨ ਰੂਪ ਵਿੱਚ ਅਭੇਦਤਾ ਹੀ ਸੰਯੋਗ ਨੂੰ ਉਸ ਦੇ ਸੱਚੇ ਰੂਪ ਵਿੱਚ ਪੇਸ਼ ਕਰ ਸਕਦੀ ਹੈ।[11] ਜੇਕਰ ਸਮੁੱਚੇ ਰੂਪ ਵਿੱਚ ਕਿਹਾ ਜਾਵੇ ਤਾਂ ਕਹਿ ਸਕਦੇ ਹਾਂ ਕਿ ਇਹ ਇੱਕ ਅਜਿਹੀ ਪੌੜੀ ਹੈ ਜਿਸ ਦਾ ਇੱਕ ਪੈਰ ਦੁੱਖ ਤੇ ਦੂਸਰਾ ਸੁੱਖ ਹੈ ਅਤੇ ਚੜ੍ਹਨਾ ਜਾਂ ਤੁਰਨਾ ਸਾਧਨਾ ਹੈ ਅਤੇ ਪ੍ਰਾਪਤ ਅਨੁਭਵ ਬਿਰਹਾ ਹੈ।

ਬਿਰਹਾ ਦੇ ਜਿਸ ਭਾਵ ਅਰਥਾਂ ਦੀ ਗੱਲ ਪਹਿਲਾਂ ਹੋ ਚੁੱਕੀ ਹੈ ਉਨ੍ਹਾਂ ਨੂੰ ਹੀ ਹੋਰ ਸਪੱਸ਼ਟ ਕਰਨ ਲਈ ਵਿਯੋਗ ਸ਼ਿੰਗਾਰ ਦੀ ਚਰਚਾ ਵੀ ਜ਼ਰੂਰੀ ਹੈ। ਵਿਯੋਗ ਸ਼ਿੰਗਾਰ ਰਸ ਵਿੱਚ ਬਿਰਹਾ ਭਾਵ ਪ੍ਰਧਾਨ ਹੁੰਦਾ ਹੈ। ਇਸ ਵਿੱਚ ਪ੍ਰੇਮਿਕਾ ਦਾ ਸਾਰਾ ਸ਼ਿੰਗਾਰ ਨਾ ਕੇਵਲ ਅਰਥਹੀਣ ਹੀ ਹੁੰਦਾ ਹੈ ਸਗੋਂ ਮਾਨਸਿਕ ਕਲੇਸ਼ ਵੀ ਉਤਪੰਨ ਕਰਦਾ ਹੈ। ਇਹ ਬਿਰਹਾ ਵਿਛੋੜੇ (ਦੂਰੀ ਜੋ ਕਿ ਸਰੀਰਕ ਵੀ ਹੋ ਸਕਦੀ ਹੈ ਅਤੇ ਮਾਨਸਿਕ ਵੀ) ਦੇ ਕਾਰਨ ਉਪਜਦੀ ਹੈ। ਨਾਟਯ ਸ਼ਾਸਤਰ ਵਿੱਚ ਵਿਯੋਗ ਸ਼ਿੰਗਾਰ ਦੇ ਲੱਛਣ ਦੱਸਦੇ ਹੋਏ ਭਰਤ ਮੁਨੀ ਕਹਿੰਦੇ ਹਨ ਕਿ ਗਿਲਾਨੀ, ਚਿੰਤਾ, ਉਤਸੁਕਤਾ, ਨੀਂਦਰ, ਸੁਪਨਾ, ਉਨਮਾਦ, ਮਰਨ ਆਦਿ ਅਨੁਭਵਾਂ ਤੋਂ ਵਿਯੋਗ ਸ਼ਿੰਗਾਰ ਹੋਂਦ ਵਿੱਚ ਆਉਂਦਾ ਹੈ। ਭਰਤ ਮੁਨੀ ਦੀ ਉਪਰੋਕਤ ਧਾਰਨਾ ਇੱਕ ਸ਼ੰਕਾ ਪੈਦਾ ਕਰਦੀ ਹੈ ਕਿ ਸ਼ਿੰਗਾਰ ਰਸ ਜਿਸ ਦਾ ਮੂਲ ਰੂਪ ਭਾਵ ਰਤੀ ਹੈ, ਉਹ ਕਰੁਣਾ ਅਵਸਥਾਵਾਂ ਯੁਕਤ ਕਿਵੇਂ ਹੋਇਆ? ਇਸ ਦਾ ਸਿੱਧਾ ਉੱਤਰ ਇਹ ਹੈ ਕਿ ਸ਼ਿੰਗਾਰ ਵਿਯੋਗ ਅਤੇ ਸੰਯੋਗ ਦੋਨਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ, ਪਰੰਤੂ ਭਰਤ ਮੁਨੀ ਨੇ ਇਸ ਫ਼ਰਕ ਨੂੰ

ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਾਪ ਦੇ ਕਾਰਨ ਅਤੇ ਇਸ਼ਟ ਜਨ ਤੋਂ ਵਿਯੋਗ ਦੇ ਕਾਰਨ ਮੌਤ ਅਤੇ ਬੰਧਨ ਦੇ ਕਾਰਨ ਕਰੁਣਾ ਰਸ ਉਤਪੰਨ ਹੁੰਦਾ ਹੈ। ਇਸ ਵਿੱਚ ਨਿਰਲੇਪਤਾ ਦਾ ਭਾਵ ਪ੍ਰਧਾਨ ਹੁੰਦਾ ਹੈ, ਅਰਥਾਤ ਕਰੁਣਾ ਵਿੱਚ ਪੂਰਨ ਰੂਪ ਵਿੱਚ ਨਿਰਾਸ਼ਾ ਦੀ ਅਵਸਥਾ ਰਹਿੰਦੀ ਹੈ। ਪਰੰਤੂ ਵਿਯੋਗ ਵਿੱਚ ਸਥਿਤੀ ਸਾਪੇਖਤਾ ਵਾਲੀ ਹੁੰਦੀ ਹੈ ਅਰਥਾਤ ਵਿਯੋਗ ਵਿੱਚ ਅਭਿਲਾਸ਼ਾ ਨਿਰੰਤਰ ਬਣੀ ਰਹਿੰਦੀ ਹੈ। ਇਸ ਤਰ੍ਹਾਂ ਕਰੁਣਾ ਅਤੇ ਵਿਯੋਗ ਵਿੱਚ ਮੂਲ ਰੂਪ ਵਿੱਚ ਕਾਫੀ ਵੱਡਾ ਫ਼ਰਕ ਹੈ। ਭਾਰਤੀ ਕਾਵਿ ਜਗਤ ਵਿੱਚ ਆਦਿ ਕਾਲ ਤੋਂ ਹੀ ਇਸ ਤਰ੍ਹਾਂ ਦੇ ਭਾਵ ਦੀ ਪੇਸ਼ਕਾਰੀ ਕੀਤੀ ਜਾਂਦੀ ਰਹੀ ਹੈ। ਇਸ ਤਰ੍ਹਾਂ ਉਪਰੋਕਤ ਕਥਨਾਂ ਰਾਹੀਂ ਅਸੀਂ ਬਿਰਹਾ ਦੇ ਕਾਵਿ ਸ਼ਾਸਤਰੀ ਅਰਥਾਂ, ਚਿਹਨਾਂ ਅਤੇ ਉਸਦੇ ਪ੍ਰਕਾਰਜ ਤੱਕ ਪਹੁੰਚ ਸਥਾਪਿਤ ਕਰਨ ਦਾ ਯਤਨ ਕੀਤਾ ਹੈ।

**(ੳ) ਗੁਰਮਤਿ ਵਿੱਚ ਬਿਰਹੋਂ ਦਾ ਸੰਕਲਪ**

ਗੁਰਮਤਿ ਕਾਵਿ ਦੇ ਸਮੁੱਚ ਵਿੱਚ ਬਿਰਹੋਂ ਭਾਰਤੀ ਦਰਸ਼ਨ ਨਾਲੋਂ ਵੱਖਰੀ ਪਛਾਣ ਰੱਖਦਾ ਹੈ ਜਿਸ ਦਾ ਸਤਿ ਜਾਂ ਅਰਥ ਨਿਰਾਸ਼ਾ ਦੀ ਥਾਂ 'ਤੇ ਆਸ਼ਾ ਵਾਲਾ ਹੈ। ਜਿਸ ਵਿੱਚ ਜਗਿਆਸਾ ਅਤੇ ਸਾਧਨਾ ਨੂੰ ਆਸ਼ਾ ਨਾਲ ਜੋੜ ਕੇ ਵਿਸਮਾਦੀ ਗੁਣਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਗੁਰਮਤਿ ਕਾਵਿ ਵਿੱਚ ਆਤਮਾ ਨੂੰ ਪਰਮਾਤਮਾ ਤੋਂ ਵਿਛੜੀ ਹੋਈ ਦਰਸਾਇਆ ਗਿਆ ਹੈ। ਸਮੁੱਚੇ ਗੁਰਮਤਿ ਕਾਵਿ ਵਿੱਚ ਮਨੁੱਖ ਦਾ ਅੰਤਮ ਉਦੇਸ਼ ਪ੍ਰਭੂ ਮਿਲਾਪ ਦਰਸਾਇਆ ਗਿਆ ਹੈ। ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ, ਪਰਮਾਤਮਾ ਤੋਂ ਵਿਯੋਗਿਆ ਹੋਇਆ ਅੰਸ਼ ਜਿਹੜਾ ਇਸ ਦੁਨਿਆਵੀ ਸੰਸਾਰ ਵਿੱਚ ਪਦਾਰਥਕ ਆਸ਼ਾਵਾਂ, ਇੱਛਾਵਾਂ ਆਦਿ ਵਿੱਚ ਗ੍ਰਸਤ ਹੈ। ਇਸ ਵਿਯੋਗ ਤੋਂ ਵਸਲ ਵੱਲ ਜਾਣ ਦੇ ਮਾਰਗ ਦੀ ਤਲਾਸ਼ ਵਿੱਚ ਸਮੁੱਚਾ ਗੁਰਮਤਿ ਕਾਵਿ ਕੰਮ ਕਰਦਾ ਹੈ, ਨਾਲ ਹੀ ਇਸ ਵਿਯੋਗ ਦੇ ਵੇਲੇ ਦੀ ਹੂਕ ਨੂੰ ਗੁਰਬਾਣੀ ਵਿੱਚ ਥਾਂ-ਪੁਰ-ਥਾਂ ਦਰਸਾਇਆ ਗਿਆ ਹੈ:-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥[12]

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ

ਬਿਨੁ ਦਰਸਨ ਸੰਤ ਪਿਆਰੇ ਜੀਉ ॥[113]

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥

ਸੀਆਲੇ ਸੋਹੰਦੀਆ ਪਿਰ ਗਲਿ ਬਾਹੜੀਆਂ ॥[14]

ਇਸ ਵਿਛੋੜੇ ਦਾ ਅਰਥ ਸਰੀਰਕ ਵਿਛੋੜੇ ਤੋਂ ਨਾ ਹੋ ਕੇ ਮਾਨਸਿਕ ਵਿਛੋੜੇ ਤੋਂ ਹੈ। ਮਾਨਸਿਕ ਤੌਰ ’ਤੇ ਸ਼ਹੁ ਤੋਂ ਬਣਾਈ ਦੂਰੀ ਜਿੱਥੇ ਵਿਯੋਗ ਦੇ ਭਾਵ ਪੈਦਾ ਕਰਦੀ ਹੈ ਉੱਥੇ ਹੀ ਇਸ ਵਿਛੋੜੇ ਦਾ ਅਸਹਿ ਦਰਦ ਦਿਲੋਂ ਇੱਕ ਹੂਕ ਕੱਢਦਾ ਹੈ, ਜਿਸ ਨੂੰ ਗੁਰੂ ਸਾਹਿਬਾਨ ਕਾਵਿਕ ਜੁਗਤਾਂ ਰਾਹੀਂ ਪ੍ਰਗਟ ਕਰਦੇ ਹਨ। ਇਹ ਹੂਕ ਹੀ ਸਾਧਕ ਨੂੰ ਅਸਲ ਆਸੇ ਵੱਲ ਲਿਜਾਂਦੀ ਹੈ, ਜਿੱਥੇ ਪਰਮ ਆਨੰਦ ਲਿਸ਼ਕ ਰਿਹਾ ਹੁੰਦਾ ਹੈ। ਪੰਜਾਬੀ ਕਾਵਿ ਦੇ ਮੋਢੀ ਕਵੀ ਬਾਬਾ ਫ਼ਰੀਦ ਜਿੱਥੇ ਬਿਰਹਾ ਨੂੰ ਸੁਲਤਾਨ ਦਾ ਦਰਜ਼ਾ ਦਿੰਦੇ ਹਨ ਉੱਥੇ ਹੀ ਬਾਬਾ ਫ਼ਰੀਦ ਜੀ ਤੋਂ ਉਪਰੰਤ ਗੁਰੂ ਨਾਨਕ ਦੇਵ ਜੀ ਉਸੇ ਬਿਰਹੋਂ ਦੀ ਬਾਂਹ ਪਕੜ ਕੇ ਆਪਣੀ ਬਾਣੀ ਰਚਦੇ ਹਨ। ਗੁਰੂ ਨਾਨਕ ਬਾਣੀ ਵਿੱਚ ਜੀਵ ਰੂਪੀ ਆਤਮਾ ਦੇ ਆਪਣੇ ਪਰਮ ਤੱਤ ਤੋਂ ਵਿਛੜੇ ਹੋਣ ਕਾਰਨ ਉਪਜੀ ਵਿਆਕੁਲਤਾ ਨੂੰ ਕਵਿਤਾਇਆ ਗਿਆ ਹੈ ਤੇ ਆਪਣੇ ਪ੍ਰੀਤਮ ਤੋਂ ਬਿਨਾਂ ਸਾਰੇ ਸ਼ਿੰਗਾਰਾਂ ਨੂੰ ਵਿਅਰਥ ਦੱਸਿਆ ਅਤੇ ਪ੍ਰਿਯ ਦੀ ਅਣਹੋਂਦ ਕਾਰਨ ਕੀਤੇ ਸ਼ਿੰਗਾਰਾਂ ਦਾ ਪ੍ਰਤੀਕਰਮ ਇਸ ਤਰ੍ਹਾਂ ਚਿਤਵਿਆ ਹੈ:-

ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ॥

ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥

ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ ॥[15]

ਇਸੇ ਤਰ੍ਹਾਂ ਹੀ ਬਾਰ੍ਹਮਾਂਹ ਤੁਖਾਰੀ ਵਿੱਚ ਅੰਕਿਤ ਬਿਰਹਣੀ ਦੀ ਵੇਦਨਾ ਦੀ ਝਲਕ ਦੇਖੀ ਜਾ ਸਕਦੀ ਹੈ :-

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥

ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ

ਬਿਰਹਿ ਬਿਰੋਧ ਤਨੁ ਛੀਜੈ ॥[16]

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥[17]

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥[18]

ਇਹ ਗੱਲ ਦ੍ਰਿੜਤਾ ਨਾਲ ਕਹੀ ਜਾ ਸਕਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਰ੍ਹਾਮਾਹ ਤੁਖਾਰੀ ਵਿੱਚ ਸੰਸਕ੍ਰਿਤ ਦੇ ਸ਼੍ਰੇਸ਼ਠ ਕਵੀ ਕਾਲੀਦਾਸ ਦੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ ਅਤੇ ਪੰਜਾਬੀ ਬਿਰਹਾ ਕਾਵਿ ਨੂੰ ਗੌਰਵਤਾ ਪ੍ਰਦਾਨ ਕੀਤੀ। ਇਹ ਬਿਹਰਣ ਕਿਸ ਤਰ੍ਹਾਂ ਦੀ ਹੈ ਅਤੇ ਇਸ ਦੀ ਕਾਇਆ ਕਿਸ ਤਰ੍ਹਾਂ ਦੀ ਹੈ ਜੋ ਆਪਣੀ ਅਗਨੀ ਵਿੱਚ ਆਪ ਸੜੀ ਜਾ ਰਹੀ ਹੈ :-

ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥[19]

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰਮਤਿ ਕਾਵਿ ਦੇ ਵਿੱਚ ਬਿਰਹਾ ਕਾਵਿ ਦੀ ਪਰੰਪਰਾ ਹੋਰ ਵਧੇਰੇ ਵਿਕਾਸ ਕਰਦੀ ਹੈ। ਗੁਰੂ ਅਮਰਦਾਸ ਜੀ ਨੇ ਵੀ ਬਿਰਹਾ ਕਾਵਿ ਪਰੰਪਰਾ ਨੂੰ ਹੋਰ ਅਗਾਂਹ ਤੋਰਦਿਆਂ ਬਿਰਹਾ ਦਾ ਮਹੱਤਵ ਇੰਜ ਫੁਰਮਾਇਆ ਹੈ :-

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥[20]

ਇਸੇ ਪਰੰਪਰਾ ਨੂੰ ''ਮੈ ਮਨਿ ਤਨਿ ਬਿਰਹੁ ਅਤਿ ਅਗਲਾ'' ਕਹਿਣ ਵਾਲੇ ਗੁਰੂ ਰਾਮਦਾਸ ਜੀ ਨੇ ਬਿਰਹਾ ਨੂੰ ਗੁਰੂ ਦੇ ਨਾਮ ਨਾਲ ਜੋੜ ਕੇ ''ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ'' ਅਗਾਂਹ ਤੋਰਿਆ ਅਤੇ ਕਮਾਲ ਦੀ ਗੱਲ ਇਹ ਹੈ ਕਿ ਉਨ੍ਹਾਂ ਨੇ ਇਨ੍ਹਾਂ ਸੱਤ ਸ਼ਬਦਾਂ ਵਿੱਚ ਸੰਯੋਗ ਅਤੇ ਵਿਯੋਗ ਸ਼ਿੰਗਾਰ ਰਸ ਦੀ ਅਭਿਵਿਅੰਜਨਾ ਨੂੰ ਏਕਾਕਾਰ ਕਰ ਦਿੱਤਾ ਹੈ। ਵਜ਼ੀਰ ਸਿੰਘ ਅਨੁਸਾਰ, ਗਿਆਨਕਾਰੀ ਅਰਥ ਦੀ ਦ੍ਰਿਸ਼ਟੀ ਤੋਂ ਇਹ ਬਾਣੀ ਇੱਕ ਮਨੁੱਖੀ ਜੀਵ ਦੀ ਪਿਆਰ ਦੀ ਬਿਹਬਲਤਾ ਦਾ ਵਰਣਨ ਹੈ, ਜਿਸ ਵਿੱਚ ਰੁੱਤਾਂ ਅਨੁਸਾਰ ਭਵਰ, ਕੋਇਲ, ਵਰਖਾ ਤੇ ਬਿਜਲੀ, ਮੋਰ ਤੇ ਪਪੀਹੇ, ਦੀਪਕ ਤੇ ਹਾਰ-ਸ਼ਿੰਗਾਰ ਦਾ ਵਾਤਾਵਰਨ ਚਿਤਰਿਆ ਹੈ। ਇਸ ਪੱਖ ਤੋਂ ਇਹ ਰਚਨਾ ਮਨੁੱਖੀ ਸੰਸਾਰ ਦੀ ਪ੍ਰਤੀਨਿਧਤਾ ਕਰਦੀ ਹੈ।[21]

ਗੁਰੂ ਅਰਜਨ ਦੇਵ ਜੀ ਨਾਲ ਗੁਰੂ ਨਾਨਕ ਬਿਰਹਾ ਕਾਵਿ ਪਰੰਪਰਾ ਹੋਰ ਬਲਸ਼ਾਲੀ ਬਣਕੇ ਪ੍ਰਭਾਵਸ਼ਾਲੀ ਤੇ ਗੌਰਵਮਈ ਰੂਪ ਧਾਰਨ ਕਰਦੀ ਹੈ :-

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥[22]

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥[23]

ਗੁਰੂ ਅਰਜਨ ਦੇਵ ਜੀ ਨੇ ਦੁਨਿਆਵੀ ਪ੍ਰੀਤ ਤੋਂ ਉਤਪੰਨ ਹੋਏ ਬਿਰਹਾ ਨੂੰ ਕੋਈ ਮਹੱਤਵ ਨਹੀਂ ਦਿੱਤਾ। ਲੌਕਿਕਤਾ ਅੰਦਰੂਨੀ ਸੁਹਜ ਨੂੰ ਆਸੇ ਵੱਲੋਂ ਤੋੜ ਕੇ ਸਾਧਕ ਨੂੰ ਮਨਮੁੱਖੀਆ ਬਣਾਉਂਦੀ ਹੈ। ਦੁਨਿਆਵੀ ਬਿਰਹਾ ਅੰਦਰਲੀ ਤੜਫ਼ ਦਾ ਦੁਸ਼ਮਣ ਹੈ ਜੋ ਮਨੁੱਖ ਨੂੰ ਪ੍ਰਪੱਕ ਨਹੀਂ ਹੋਣ ਦਿੰਦਾ। ਸਗੋਂ ਅਜਿਹੇ ਆਸ਼ਕਾਂ ਨੂੰ ਕੱਚੇ ਪਿੱਲੇ ਬਿਰਹੀ ਸਮਝਦੇ ਹੋਏ ਇੰਝ ਫੁਰਮਾਇਆ ਹੈ :-

ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ ਕਾਰਿ ਨ ਆਈ ॥[24]

ਜਿਹੜੇ ਮਾਲਕ ਦੇ ਨਾਮ ਦੇ ਪੱਕੇ ਤੇ ਸੱਚੇ ਬਿਰਹੀ ਹਨ, ਉਹ ਉਸੇ ਦਰ ਦੇ ਬਣ ਕੇ ਰਹਿੰਦੇ ਹਨ ਤੇ ਥਾਂ-ਥਾਂ ਭਟਕਦੇ ਨਹੀਂ :-

ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ ॥[25]

ਇਸ ਦੇ ਨਾਲ ਹੀ ਉਹ ਆਪਣੀਆਂ ਸਿੱਖਿਆਤਮਕ ਭਾਵਨਾਵਾਂ ਨੂੰ ਪ੍ਰਗਟਾਉਂਦੇ ਗੁਰਮਤਿ ਮਰਯਾਦਾ ਨੂੰ ਪ੍ਰਚਾਰਨ ਹਿਤ ਫੁਰਮਾਉਂਦੇ ਹਨ :-

ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ ॥[26]

ਅਰਥਾਤ ਜੇ ਪ੍ਰੀਤ ਕਰਨੀ ਹੈ ਤਾਂ ਦਰਦ ਫ਼ਿਰਾਕ ਦੀ ਅੱਗ ਨਾਲ ਤਨ ਨੂੰ ਤਪਾਉਣਾ ਪੈਂਦਾ ਹੈ ਤਦ ਹੀ ਉਸ ਪਰਮਾਤਮਾ ਦੇ ਨਾਲ ਸੁਰ ਜੋੜ ਕੇ ਭਗਵੰਤੇ ਦਾ ਹੋ ਕੇ ਰਹੀਦਾ ਹੈ।

ਉਪਰੋਕਤ ਸਾਰੀਆਂ ਤੁਕਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਗੁਰਮਤਿ ਕਾਵਿ ਵਿੱਚ ਬਿਰਹਾ ਦਾ ਸੰਕਲਪ ਭਰਪੂਰ ਰੂਪ ਵਿੱਚ ਉਭਾਰਿਆ ਗਿਆ ਹੈ। ਬਿਰਹਾ ਦੀ ਹੂਕ ਬਿਰਹਣ ਦੀ ਚੇਤਨਾ ਵਜੋਂ ਪੇਸ਼ ਹੁੰਦੀ ਹੈ। ਆਤਮਾ ਰੂਪੀ ਪ੍ਰੇਮਿਕਾ ਪਰਮਾਤਮਾ ਰੂਪੀ ਪ੍ਰੇਮੀ ਦੀ ਪ੍ਰਾਪਤੀ ਲਈ ਵਿਛੋੜੇ ਦੇ ਸਮੇਂ ਜੋ ਸਿੱਕ ਮਹਿਸੂਸ ਕਰਦੀ ਹੈ ਉਸਨੂੰ ਗੁਰਮਤਿ ਕਾਵਿ ਵਿੱਚ ਬਿਰਹਾ ਦੇ ਅਧੀਨ ਰੱਖ ਕੇ ਵਿਖਿਆਇਆ ਗਿਆ ਹੈ। ਭਾਰਤੀ ਭਾਸ਼ਾਵਾਂ ਦੀ ਮੱਧ-ਕਾਲੀਨ ਪ੍ਰੇਮ ਸਾਧਨਾ ਦੇ ਅੰਤਰਗਤ ਬਿਰਹਾ ਵਰਣਨ ਦੀ ਜੋ ਜਯੋਤੀ ਪ੍ਰਜਵਲਤ ਹੈ, ਉਹ ਗੁਰਮਤਿ ਕਾਵਿ ਵਿੱਚ ਪੂਰਨ ਪ੍ਰਜਲਵਤ ਰੂਪ ਵਿੱਚ ਲਟ-ਲਟ ਜਗਦੀ ਗੁਰਮੁੱਖਾਂ, ਗੁਰੂ ਨਾਮ ਲੇਵਾ ਸੰਗਤਾਂ ਅਤੇ ਭਗਤਾਂ ਨੂੰ ਰਾਹ ਦਰਸਾਉਂਦੀ ਹੋਈ ਉਸ ਪਰਮਾਤਮਾ ਦੇ ਨਾਲ ਭਾਵਾਤਮਕ ਸਾਂਝ ਪੁਆਉਂਦੀ ਹੈ ਅਤੇ ਸਰੀਰ ਦੀਆਂ ਕੰਧਾਂ ਤੋਂ ਪਾਰ ਜਾ ਕੇ ਆਤਮਾ ਦੀ ਲੋਅ ਲਗਾਉਂਦੀ ਹੋਈ ਸੱਚਾ-ਸੁੱਚਾ ਜੀਵਨ ਜਿਊਣ ਦੀ ਜਾਂਚ ਸਿਖਾਉਂਦੀ ਹੈ।

**(ਅ) ਗੁਰੂ ਤੇਗ ਬਹਾਦਰ ਬਾਣੀ ਵਿੱਚ ਬਿਰਹੋਂ ਦਾ ਸੰਕਲਪ**

ਸਾਹਿਤਕ ਕ੍ਰਿਤਾਂ ਸੁਹਜ ਆਨੰਦ ਦੀ ਵਿਧੀ ਰਾਹੀਂ ਕਿਸੇ ਦਰਸ਼ਨ ਅਤੇ ਵਿਚਾਰਧਾਰਾ ਦਾ ਸੰਚਾਰ ਵੀ ਜ਼ਰੂਰ ਕਰਦੀਆਂ ਹਨ। ਇਸ ਤਰ੍ਹਾਂ ਮਨੁੱਖ ਸਿਰਜਕ ਰਚਨਾਵਾਂ ਮਾਨਵੀ ਸੰਦਰਭਾਂ ਤੋਂ ਨਿਰਲੇਪ ਨਹੀਂ ਹੁੰਦੀਆਂ।

ਇਹ ਰਚਨਾਵਾਂ ਹੀ ਮਨੁੱਖ ਦੇ ਸੱਭਿਆਚਾਰਕ ਜੀਵ ਹੋਣ ਦੀਆਂ ਗਵਾਹ ਹਨ। ਮੱਧਕਾਲੀਨ ਭਾਰਤ ਦੇ ਜਗੀਰੂ ਪ੍ਰਬੰਧ ਵਿੱਚ ਭਾਰਤੀ ਦਰਸ਼ਨ ਅਤੇ ਵਿਚਾਰਧਾਰਾ ਆਪਣਾ ਵੱਖਰਾ ਮੁਹਾਵਰਾ ਅਤੇ ਦ੍ਰਿਸ਼ਟੀ ਅਖ਼ਤਿਆਰ ਕਰਦਾ ਹੈ। ਗੁਰਬਾਣੀ ਅਜਿਹੇ ਸਮੇਂ ਵਿੱਚ ਭਾਰਤੀ ਮਨੁੱਖ ਲਈ ਇੱਕ ਨਵੀਂ ਕਿਸਮ ਦਾ ਪ੍ਰਵਚਨ ਉਸਾਰਦੀ ਹੈ। ਇਹ ਪ੍ਰਵਚਨ ਉਸ ਮਨੁੱਖ ਨੂੰ ਉਸਦੇ ਆਪਣੇ ਆਪ ਦੇ ਕੋਲ ਲਿਜਾਣ ਲਈ ਇੱਕ ਰਸਤਾ ਅਖ਼ਤਿਆਰ ਕਰਕੇ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਜੀਵਨ ਦੀਆਂ ਸਾਧਾਰਨ ਪ੍ਰਵਿਰਤੀਆਂ ਰਾਹੀਂ ਜਨ ਮਾਨਸ ਨੂੰ ਅਸਲ ਸੱਚ ਦੇ ਨਜਦੀਕ ਲਿਜਾਣ ਦੀ ਗੱਲ ਕਰਦੇ ਹਨ। ਮਨੁੱਖ ਕੀ ਹੈ? ਉਸਦਾ ਮਕਸਦ ਕੀ ਹੈ? ਬੇਮਕਸਦ ਮਨੁੱਖ ਕਿਸ ਤਰ੍ਹਾਂ ਦਾ ਸੰਤਾਪ ਹੰਢਾਉਂਦਾ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮੁੱਖ ਮੋਟਿਫ਼ ਹਨ। ਜੀਵ ਆਤਮਾ ਪਰਮਾਤਮਾ ਤੋਂ ਨਿਖੜ ਕੇ ਆਪਣਾ ਮੂਲ ਰੰਗ ਗਵਾ ਲੈਂਦੀ ਹੈ ਅਰਥਾਤ ਜੇ ਇਸ ਦੇ ਮੂਲ ਰੰਗ ਉੱਤੇ ਕੋਈ ਹੋਰ ਰੰਗ ਚੜ੍ਹ ਜਾਂਦਾ ਹੈ ਤਾਂ ਸਪੱਸ਼ਟ ਹੈ ਕਿ ਜੀਵ ਆਤਮਾ ਦਾ ਮੇਲ ਪਰਮਾਤਮਾ ਨਾਲ ਹੋਣਾ ਸੰਭਵ ਨਹੀਂ। ਸੰਸਾਰ ਦੇ ਅਨੇਕਾਂ ਰੰਗ ਹਨ। ਇਨ੍ਹਾਂ ਰੰਗਾਂ ਵਿੱਚ ਗੁਆਚ ਕੇ ਮਨੁੱਖ ਆਪਣੇ ਅਸਲੇ ਤੋਂ ਦੂਰ ਹੋ ਜਾਂਦਾ ਹੈ। ਇਸ ਵਰਤਾਰੇ ਨੂੰ ਲੈ ਕੇ ਭਾਰਤੀ ਦਰਸ਼ਨ ਅੰਦਰ ਦੋ ਤਰ੍ਹਾਂ ਦੇ ਸੰਕਲਪ ਪੈਦਾ ਹੋਏ ਹਨ, ਇੱਕ ਹੈ ਵੈਰਾਗ ਅਤੇ ਦੂਸਰਾ ਹੈ ਬਿਰਹਾ ਦਾ ਸੰਕਲਪ। ਬਹੁਤੀ ਵਾਰ ਦੋਨਾਂ ਨੂੰ ਸਮਾਨਅਰਥੀ ਸਮਝ ਲਿਆ ਜਾਂਦਾ ਹੈ, ਜਦਕਿ ਇਹ ਦੋਨੋਂ ਅਲੱਗ ਅਲੱਗ ਅੰਤਰ-ਸਬੰਧਿਤ ਸੰਕਲਪ ਹਨ। ਵਿਯੋਗ ਆਪਣੇ ਆਪ ਵਿੱਚ ਆਪਣੀ ਮੂਲ ਸਥਿਤੀ ਤੋਂ ਟੁੱਟੇ ਹੋਣਾ ਹੈ। ਗੁਰਬਾਣੀ ਦੇ ਪ੍ਰਸੰਗ ਵਿੱਚ ਇਹ ਮੂਲ ਸਥਿਤੀ ਜੀਵ ਆਤਮਾ ਦਾ ਪਰਮਾਤਮਾ ਤੋਂ ਟੁੱਟੇ ਹੋਣਾ ਹੈ, ਸਮਾਜਿਕ ਪ੍ਰਸੰਗ ਵਿੱਚ ਮਾਨਵ ਹਿਤੈਸ਼ੀ ਕਦਰਾਂ-ਕੀਮਤਾਂ ਤੋਂ ਟੁੱਟੇ ਹੋਣਾ ਹੈ। ਜਦੋਂ ਮਨੁੱਖ ਦੀ ਆਪਣੀ ਸਿਰਜਣਾ ਹੀ ਉਸਦੇ ਵਿਰੋਧੀ ਹੋ ਜਾਵੇ ਤਾਂ ਉਸ ਦੁੱਖਦਾਈ ਸਥਿਤੀ ਨੂੰ ਹੀ ਵਿਯੋਗ ਕਿਹਾ ਜਾਵੇਗਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀਆਂ ਮੂਲ ਮਾਨਵੀ ਰੁਚੀਆਂ ਮਨੁੱਖੀ ਜ਼ਿੰਦਗੀ ਦੀ ਸਿਰਜਣਾ ਦਾ ਇੱਕ ਸਾਧਨ ਮਾਤਰ ਹਨ। ਪਰ ਜਦੋਂ ਮਨੁੱਖ ਇਨ੍ਹਾਂ ਰੁਚੀਆਂ ਵਿੱਚ ਖਚਿਤ ਹੋ ਕੇ ਸਿਰਜਣਾ ਵਿਰੋਧੀ ਹੋ ਜਾਂਦਾ ਹੈ ਤਾਂ ਇਹ ਵਿਯੋਗ ਦੀ ਸਥਿਤੀ ਹੈ। ਵੈਰਾਗ ਦੀ ਸਥਿਤੀ ਵਿਯੋਗ ਦੇ ਉਲਟ ਹੈ ਪਰ ਵਿਯੋਗ ਦਾ ਅਹਿਸਾਸ ਵੈਰਾਗ ਵੱਲ ਤੋਰਦਾ ਹੈ। ਵੈਰਾਗ ਵਿਯੋਗ ਦੇ ਦੁੱਖ ਤੋਂ ਨਿਰਲੇਪਤਾ ਹੈ।[27] ਵਿਯੋਗ ਵਿੱਚ ਹੋਣਾ ਬਿਰਹਾ ਦੇ ਅਹਿਸਾਸ ਨਾਲ ਜਿਊਣ ਦਾ ਉਹ ਮੁਕਾਮ

ਹੈ ਜਦ ਬਿਰਹਣ ਦੇ ਅੰਦਰਲੀ ਹੂਕ ਸ਼ਿੱਦਤ ਨਾਲ ਪ੍ਰਵਾਹਿਤ ਹੋ ਕੇ ਬਾਹਰ ਨਿਕਲਦੀ ਹੈ। ਪੁਰਾਤਨ ਕਾਲ ਤੋਂ ਹੀ ਇਸ ਹੂਕ ਨੂੰ ਕਾਵਿ ਸਾਹਿਤ ਰਾਹੀਂ ਦਰਸਾਇਆ ਜਾਂਦਾ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਬਿਰਹਾ ਦੇ ਸੰਕਲਪ ਨੂੰ ਸਪੱਸ਼ਟ ਰੂਪ ਵਿੱਚ ਤਾਂ ਨਹੀਂ ਉਭਾਰਦੇ ਪਰ ਉਹ ਪਰਮਾਤਮਾ ਤੋਂ ਵਿਛੜੀ ਜੀਵ ਆਤਮਾ ਦੀ ਨਾਸ਼ਮਾਨਤਾ ਨੂੰ ਸਿੱਧ ਕਰਦੇ ਹਨ। ਉਨ੍ਹਾਂ ਦੀ ਕਾਵਿ ਅਨੁਭੂਤੀ ਵਿੱਚ ਬਿਰਹਾ ਅਮੂਰਤ ਰੂਪ ਵਿੱਚ ਵਿਦਮਾਨ ਹੈ। ਜਿਸ ਦੀ ਆਧਾਰ ਭੂਮੀ ਵਿਯੋਗ ਹੈ, ਜਿਸ ਨੂੰ ਉਹ ਨਿਮਨਲਿਖਤ ਅਨੁਸਾਰ ਦ੍ਰਿਸ਼ਟਮਾਨ ਕਰਦੇ ਹਨ:-

ਮਨ ਰੇ ਗਹਿਓ ਨ ਗੁਰ ਉਪਦੇਸੁ ॥
ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥
ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥
ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ ॥
ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥[28]

ਗੁਰਬਾਣੀ ਵਿੱਚ ਪਰਮਾਤਮਾ ਨੂੰ ਖ਼ਸਮ, ਪਤੀ ਆਦਿ ਮਰਦਾਵੇਂ ਵਿਸ਼ੇਸ਼ਣਾਂ ਨਾਲ ਸੰਬੋਧਿਤ ਹੁੰਦਿਆਂ ਖੁਦ ਜੀਵ ਆਤਮਾ ਨੂੰ ਪਤਨੀ ਰੂਪ ਵਿੱਚ ਤਸੱਵਰ ਕੀਤਾ ਗਿਆ ਹੈ। ਇਹ ਖਿਆਲ ਰੂਪੀ ਬਿੰਬ ਹਰੇਕ ਜਗ੍ਹਾ ਬਣਿਆ ਰਿਹਾ ਹੈ, ਕਿਤੇ ਉਜਾਗਰ ਰੂਪ ਵਿੱਚ ਕਿਤੇ ਅਦ੍ਰਿਸ਼ ਜਾਂ ਲੁਕਵੇਂ ਰੂਪ ਵਿੱਚ। ਇਹੋ ਸਥਿਤੀ ਉਪਰੋਕਤ ਸ਼ਬਦ ਵਿੱਚ ਵੀ ਹੈ। ਗੁਰੂ ਤੇਗ ਬਹਾਦਰ ਜੀ ਇੱਥੇ ਸਪੱਸ਼ਟ ਰੂਪ ਵਿੱਚ ਤਾਂ ਭਾਵੇਂ ਵਿਛੋੜੇ ਜਾਂ ਵਿਯੋਗ ਦਾ ਵਰਣਨ ਨਹੀਂ ਕਰਦੇ, ਪਰ ਮੂਲ ਭਾਵ ਇੱਥੇ ਵੀ ਪਰਮਾਤਮਾ ਤੋਂ ਵਿਛੜੀ ਜੀਵ ਆਤਮਾ ਦੇ ਵਿਛੋੜੇ ਦਾ ਹੈ। ਇਸ ਵਿਛੋੜੇ ਦੇ ਵੇਲੇ ਜੀਵ ਆਤਮਾ ਪਰਮਾਤਮਾ ਨਾਲੋਂ ਟੁੱਟ ਕੇ ਦੁਨਿਆਵੀ ਪਦਾਰਥਾਂ ਵਿੱਚ ਘਿਰ ਜਾਂਦੀ ਹੈ। ਦੁਨਿਆਵੀ ਪਦਾਰਥਾਂ ਵਿੱਚ ਉਲਝੀ ਉਹ ਹੋਰ ਅਨੇਕਾਂ ਦੁੱਖਾਂ ਦਾ ਸ਼ਿਕਾਰ ਹੁੰਦੀ ਹੈ। ਦੁਨਿਆਵੀ ਦੁੱਖਾਂ ਵਿੱਚੋਂ ਲਾਲਸਾਵਾਂ ਉਪਜਦੀਆਂ

ਹਨ। ਇਹ ਲਾਲਸਾਵਾਂ ਇੱਛਾਵਾਂ ਦਾ ਰੂਪ ਧਾਰਨ ਕਰਕੇ ਨਾਸ਼ਮਾਨ ਅਤੇ ਕੂੜੇ ਪਦਾਰਥਾਂ ਦੀ ਪ੍ਰਾਪਤੀ ਲਈ ਉਕਸਾਉਂਦੀਆਂ ਹਨ। ਜੋ ਕੁੱਝ ਮਨੁੱਖ ਇਕੱਠਾ ਕਰਦਾ ਹੈ ਉਹ ਸਭ ਨਾਸ਼ਮਾਨ ਹੁੰਦਾ ਹੈ। ਗੁਰੂ ਜੀ ਮਨੁੱਖ ਨੂੰ ਇਨ੍ਹਾਂ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਜੂਝਦਿਆਂ ਵੇਖ ਉਸ ਨੂੰ ਪਰਮਾਤਮਾ ਨਾਲੋਂ ਪਿਆ ਵਿਛੋੜਾ ਯਾਦ ਕਰਵਾਉਂਦੇ ਹਨ। ਵਿਛੋੜੇ ਦਾ ਭਾਵ ਪੈਦਾ ਹੋਣ ਨਾਲ ਬਿਰਹਾ ਦਾ ਭਾਵ ਉਪਜਦਾ ਹੈ। ਬਿਰਹੋਂ ਮਾਰੀ ਆਤਮਾ ਪਰਮਾਤਮਾ ਵੱਲ ਰੁਚਿਤ ਹੁੰਦੀ ਹੈ। ਗੁਰੂ ਜੀ ਇਸ ਸਾਰੀ ਸਥਿਤੀ ਨੂੰ ਆਪਣੇ ਇਸ ਸ਼ਬਦ ਵਿੱਚ ਇਉਂ ਦਰਸਾਉਂਦੇ ਹਨ :-

ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥
ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥
ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥
ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥
ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥[29]

ਗੁਰੂ ਤੇਗ ਬਹਾਦਰ ਸਾਹਿਬ ਬਿਰਹੀ ਅਵਸਥਾ ਵਿੱਚ ਵੀ ਆਸ਼ਾ ਦਾ ਪੱਲਾ ਨਹੀਂ ਛੱਡਦੇ। ਉਹ ਗੁਰਮੁੱਖ ਸਾਧਕ ਨੂੰ ਨਿਰਾਸ਼ਾ ਵਿੱਚੋਂ ਵੀ ਪਰਮ ਸੁੱਖ ਲੱਭ ਕੇ ਧਿਆਨ ਨੂੰ ਨਿਰੰਤਰ ਜਾਰੀ ਰੱਖਦਿਆਂ, ਦੁੱਖ-ਸੁੱਖ ਵਿੱਚੋਂ ਲੰਘਦਿਆਂ ਮੁੱਖ ਆਸੇ ਨਾਲ ਜੁੜਨ ਲਈ ਪ੍ਰੇਰਦੇ ਨਜ਼ਰੀਂ ਪੈਂਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਸਾਧਕ ਨੂੰ ਉਸਦੇ ਸਨਮੁੱਖ ਪੈਦਾ ਹੋ ਰਹੀਆਂ ਮੁਸ਼ਕਲਾਂ ਤੋਂ ਅਗਾਹ ਵੀ ਕਰਵਾਉਂਦੇ ਹਨ। ਗੁਰੂ ਜੀ ਦਾ ਕਹਿਣਾ ਹੈ ਕਿ ਦੁੱਖ ਹਉਮੈਂ ਕਾਰਨ ਆਉਂਦੇ ਹਨ। ਹਉਮੈਂ ਇਕੱਲੇ ਆਪਣੇ ਆਪ ਅੰਦਰ ਪੈਦਾ ਹੋਇਆ ਅਹੰਕਾਰ ਹੈ। ਇਹ ਅਹੰਕਾਰ ਦੁਨਿਆਵੀ ਵਸਤਾਂ ਦੀ ਪ੍ਰਾਪਤੀ ਨਾਲ ਜੋੜਦਾ ਹੈ ਅਤੇ ਫਿਰ ਇਸੇ ਪ੍ਰਾਪਤੀ ਵਿੱਚੋਂ ਦੁੱਖ ਪੈਦਾ ਹੁੰਦੇ ਹਨ। ‘‘ਕਾਮਯਾਬੀ ਅਤੇ ਨਾਕਾਮਯਾਬੀ ਦੋਨੋਂ ਹੀ ਦੁੱਖਦਾਈ ਹੋਣਗੇ ਕਿਉਂਕਿ ਕਾਮਯਾਬੀ ਵੀ ਖ਼ਤਮ ਹੋ ਜਾਵੇਗੀ ਜਿਸ ਕਰਕੇ ਦੁੱਖ ਹੋਵੇਗਾ ਅਤੇ ਉਹ ਦੁੱਖ ਵੀ ਨਾਕਾਮਯਾਬੀ ਜਿੰਨਾ ਹੋਵੇਗਾ। ਇਹ ਦੁਨੀਆਂ ਅਤੇ ਦੁਨੀਆਂ ਦੇ ਪਦਾਰਥ ਦੁੱਖ ਦਾ ਕਾਰਨ ਹਨ। ਜਦੋਂ ਕਿ ਪਰਮ ਸੱਚ ਨਾਲ ਜੁੜਨਾ ਸ਼ਾਂਤੀ ਤੇ ਅਸਥਿਰਤਾ ਪਰਦਾਨ ਕਰਦੀ ਹੈ।’’[30]

ਪਰਮਾਤਮਾ ਤੋਂ ਟੁੱਟਿਆ ਮਨੁੱਖ ਸੰਸਾਰ ਵਿੱਚ ਰਿਸ਼ਤੇ ਨਾਤਿਆਂ ਦਾ ਵਿਹਾਰ ਪ੍ਰਾਣੀ ਦੇ ਜੀਵਨ ਕਾਲ ਤੱਕ ਮਹਿਦੂਦ ਕਰ ਦਿੰਦਾ ਹੈ। ਮੌਤ ਉਪਰੰਤ ਉਸ ਦੇ ਅਤੀ ਨਿਕਟ ਸੰਬੰਧੀਆਂ ਦੀ ਪ੍ਰਵਿਰਤੀ ਵਿੱਚ ਵੀ ਪਰਿਵਰਤਨ ਆਉਂਦਾ ਹੈ। ਇੱਥੇ ਸਮੱਸਿਆ ਮਨੁੱਖ ਦੇ ਜੀਵਤ ਜਾਂ ਮ੍ਰਿਤ ਹੋਣ ਦੀ ਨਹੀਂ ਬਲਕਿ ਉਸਦੇ ਜੀਵਤ ਹੁੰਦੇ ਹੋਏ ਮਾਨਸਿਕ ਤੌਰ 'ਤੇ ਮ੍ਰਿਤ ਹੋਣ ਦੀ ਹੈ। ਅਜਿਹੀ ਅਵਸਥਾ ਦਾ ਕਾਰਨ ਉਸਦਾ ਆਪਣੇ ਪਿਆਰੇ ਤੋਂ ਵਿਯੋਗ ਦੀ ਸਥਿਤੀ ਵਿੱਚ ਆ ਜਾਣਾ ਹੈ। ਵਿਯੋਗਿਆ ਹੋਇਆ ਮਨੁੱਖ ਬਿਰਹਾ ਦੇ ਘੋਰ ਵਿਸ਼ਾਦ ਦਾ ਸ਼ਿਕਾਰ ਹੋਇਆ ਆਪਣੀ ਤ੍ਰਾਸਦੀ ਹੰਢਾਉਂਦਾ ਹੈ। ਗੁਰੂ ਸਾਹਿਬਾਨ ਇਸ ਤ੍ਰਾਸਦਿਕ ਸਥਿਤੀ ਨੂੰ ਮਨੁੱਖ ਦੇ ਪਰਿਵਾਰਕ ਰੁਝੇਵਿਆਂ ਵਿੱਚ ਉਲਝ ਕੇ ਓਝਲ ਕਰਨ ਨੂੰ ਦ੍ਰਿਸ਼ਪਟ 'ਤੇ ਲੈ ਕੇ ਆਉਂਦੇ ਹਨ। ਉਹ ਜੀਵਤ ਮਨੁੱਖ ਦੇ ਮਨ ਵਿੱਚ ਸੰਸਾਰਕ ਰਿਸ਼ਤਿਆਂ ਦੀ ਥੋੜਚਿਰਤਾ ਨੂੰ ਮ੍ਰਿਗ ਤ੍ਰਿਸ਼ਨਾ ਨਾਲ ਚਿਹਨਤ ਕਰਦੇ ਹਨ। ਮਨੁੱਖੀ ਹੋਂਦ ਦੀ ਅਸਥਿਰਤਾ ਵੀ ਕਾਲ ਅਸਥਿਰਤਾ ਵਿੱਚ ਅਤੇ ਵਸਤੂ ਅਸਥਿਰਤਾ ਵੀ ਕਾਲ ਅਸਥਿਰਤਾ ਵਿੱਚ ਲਗਾਤਾਰ ਬਦਲਦੀ ਹੈ। ਹਰ ਵਸਤੂ ਸਥਿਤੀ ਨੂੰ ਕਾਲ ਨਾਲ ਜੋੜ ਦਿੱਤਾ ਗਿਆ ਹੈ। ਗੁਰਬਾਣੀ ਵਿੱਚ ਜਗਤ ਦੀ ਚਲਾਏਮਾਨਤਾ ਦਾ ਪ੍ਰਵਚਨ ਸਿਰਜਿਆ ਗਿਆ ਹੈ। ਜਿਸ ਵਿੱਚ ਦ੍ਰਿਸ਼ਟਮਾਨ ਜਗਤ ਤੋਂ ਪ੍ਰਾਣੀ ਦੀ ਰੁਖ਼ਸਤੀ ਉਪਰਾਮਤਾ ਦੇ ਭਾਵ ਜਗਾਉਂਦੀ ਹੈ। ਉਪਰਾਮਤਾ ਦੇ ਭਾਵ ਨੂੰ 'ਦੁਨੀਆਂ ਚਾਰ ਦਿਹਾੜੇ' ਅਤੇ 'ਸਭੁ ਜਗੁ ਚਲਣਹਾਰੁ' ਆਦਿ ਸੰਕਲਪਾਂ ਰਾਹੀਂ ਦ੍ਰਿਸ਼ਟਮਾਨ ਕਰਨ ਦਾ ਯਤਨ ਕੀਤਾ ਗਿਆ ਹੈ। ਸੰਸਾਰ ਨੂੰ ਸੁਪਨੇ ਨਾਲ ਤੁਲਨਾਇਆ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮੌਤ ਨੂੰ ਅਗਰਭੂਮੀ ਵਿੱਚ ਚਿਹਨਤ ਕਰਨ ਲਈ ਇੱਕ ਪਾਸੇ ਪ੍ਰਾਕਿਰਤਕ ਚਿਹਨਾਂ ਨੂੰ ਸਿਰਜਿਆ ਗਿਆ ਹੈ ਅਤੇ ਦੂਸਰੇ ਪਾਸੇ ਉਨ੍ਹਾਂ ਦੀ ਕਿਰਿਆ ਰਾਹੀਂ ਜ਼ਿੰਦਗੀ ਦੀ ਅਸਥਿਰਤਾ ਨੂੰ ਪ੍ਰਗਟਾਇਆ ਗਿਆ ਹੈ। ਵਿਯੋਗ ਉਪਜਾਉਣ ਦਾ ਪ੍ਰਬਲ ਕਾਰਨ ਮੌਤ ਦਾ ਨਿਸ਼ਚਿਤ ਸਮੇਂ ਅਤੇ ਨਿਸ਼ਚਿਤ ਤੌਰ 'ਤੇ ਆਉਣਾ ਹੈ। ਮੌਤ ਵਿੱਚ ਵਿਯੋਗ ਦਾ ਅੰਤ ਨਹੀਂ। ਵਿਯੋਗ ਦਾ ਅੰਤ ਜਿਉਂਦੇ ਜੀਅ ਵੀ ਹੋ ਸਕਦਾ ਹੈ। ਗੁਰੂ ਜੀ ਆਪਣੀ ਬਾਣੀ ਵਿੱਚ ਸੰਕੇਤਕ ਰੂਪ ਵਿੱਚ ਇਸ਼ਾਰੇ ਇਸੇ ਪਾਸੇ ਕਰ ਰਹੇ ਹਨ :-

ਨਰ ਚਾਹਤ ਕਛੁ ਅਉਰ

ਅਉਰੈ ਕੀ ਅਉਰੈ ਭਈ ॥

ਚਿਤਵਤ ਰਹਿਓ ਠਗਉਰ

ਨਾਨਕ ਫਾਸੀ ਗਲਿ ਪਰੀ ॥[31]

ਉਪਰੋਕਤ ਕਾਵਿ ਪੰਗਤੀਆਂ ਵਿੱਚ ਇੱਛਾ ਅਤੇ ਵਾਸਤਵਿਕਤਾ ਜਾਂ ਅਵੱਸ਼ਕਤਾ ਦਾ ਵਰਤਾਰਾ ਪੇਸ਼ ਹੋਇਆ ਹੈ। ਮੌਤ ਵਾਸਤਵਿਕਤਾ ਹੈ, ਪਰ ਅਵੱਸ਼ਕਤਾ ਨਹੀਂ। ਅਵੱਸ਼ਕਤਾ ਦੀ ਪੱਧਰ 'ਤੇ ਜਾਣ ਤੋਂ ਪਹਿਲਾਂ ਇਸਦੇ ਰਹੱਸ ਨੂੰ ਜਾਣਨਾ ਜ਼ਰੂਰੀ ਹੈ। ਰਹੱਸ ਹੋਰ ਕੁੱਝ ਨਹੀਂ ਸਿਵਾਏ ਇਸਦੇ ਕਿ ਜੀਵ ਆਤਮਾ ਆਪਣੀ ਸਥਿਤੀ ਤੋਂ ਜਾਣੂ ਹੋ ਜਾਵੇ। ਸਥਿਤੀ ਜਿਹੜੀ ਇਸ ਕਰਕੇ ਬਣੀ ਹੈ ਕਿ ਜੀਵ ਆਤਮਾ ਆਪਣੇ ਅਸਲ ਕਰਮ ਤੋਂ ਭਟਕ ਚੁੱਕੀ ਹੈ। ਗੁਰੂ ਤੇਗ ਬਹਾਦਰ ਬਾਣੀ ਵਿੱਚ ਮੌਤ ਅਤੇ ਨਾਸ਼ਮਾਨਤਾ ਦੇ ਵਾਰ ਵਾਰ ਆਉਣ ਨਾਲ ਮੌਤ ਨੂੰ ਜ਼ਿੰਦਗੀ ਤੋਂ ਬਿਹਤਰ ਜਾਂ ਚੰਗੇਰੀ ਸਾਬਤ ਕਰਨ ਦਾ ਕੋਈ ਪ੍ਰਯੋਜਨ ਨਹੀਂ, ਬਲਕਿ ਮਨੁੱਖ ਨੂੰ ਬੀਤ ਰਹੀ ਉਮਰ ਅਤੇ ਕਾਲ ਦੀ ਯਥਾਰਥਕ ਸਥਿਤੀ ਤੋਂ ਸੁਚੇਤ ਕਰ ਕੇ ਅਧਿਆਤਮਿਕ ਤੌਰ 'ਤੇ ਵਕ਼ਤ ਵਿਹਾਜਣ ਬਾਰੇ ਜਾਗ੍ਰਿਤ ਕੀਤਾ ਜਾ ਰਿਹਾ ਹੈ। ਇਸ ਲੌਕਿਕ ਜੀਵਨ ਦੇ ਕਰਮਾਂ ਦਾ ਫ਼ਲ ਪ੍ਰਾਲੌਕਿਕ ਵਿੱਚ ਮਿਲਣ ਦੀ ਆਸ਼ਾ ਪ੍ਰਗਟਾਈ ਗਈ ਹੈ। ਪ੍ਰਾਲੌਕਿਕ ਜੀਵਨ ਦਾ ਅਰਥ ਕਿਸੇ ਸਵਰਗ ਦੀ ਪ੍ਰਾਪਤੀ ਤੋਂ ਨਹੀਂ ਬਲਕਿ ਆਪਣੇ ਉਸ ਸ਼ਹੁ ਦੇ ਮਿਲਣ ਤੋਂ ਹੈ ਜਿਸ ਤੋਂ ਕਿਸੇ ਕਾਰਨ ਇਹ ਜੀਵ ਆਤਮਾ ਵਿਛੜ ਗਈ ਹੈ। ਗੁਰਬਾਣੀ ਵਿੱਚ ਇਸ ਸਾਰੇ ਵਰਤਾਰੇ ਨੂੰ ਚਿਹਨਤ ਕਰਨ ਲਈ ਗੁਰਮੁੱਖ ਅਤੇ ਮਨਮੁੱਖ ਦੇ ਚਿਹਨਕ ਅਖ਼ਤਿਆਰ ਕਰ ਲਏ ਗਏ ਹਨ। ਗੁਰਮੁੱਖ ਨਿਰਲੇਪਤਾ ਧਾਰਨ ਕਰ ਲੈਂਦਾ ਹੈ ਜਿਸ ਨਾਲ ਇਹ ਲੌਕਿਕ ਜਗਤ ਦੇ ਸਾਰੇ ਪ੍ਰਪੰਚ, ਦੁੱਖ-ਸੁੱਖ, ਹਰਖ –ਸੋਗ, ਕੰਚਨ-ਮਾਟੀ, ਉਸਤਤ-ਨਿੰਦਾ ਆਦਿ ਉਸ ਲਈ ਬੰਧਨ ਹੋ ਜਾਂਦੇ ਹਨ। ਇਨ੍ਹਾਂ ਪ੍ਰਤੀ ਸਮਦ੍ਰਿਸ਼ਟੀ ਪ੍ਰਾਣੀ ਦੇ ਅੰਦਰ ਵਿਯੋਗ ਦੀ ਭਾਵਨਾ ਨੂੰ ਪ੍ਰਬਲ ਕਰਦੀ ਹੈ ਅਤੇ ਉਸ ਨੂੰ ਅਧਿਆਤਮਿਕ ਪੱਧਰ 'ਤੇ ਮੁਕਤ ਨਰ ਦੀ ਉਪਾਧੀ ਹਾਸਲ ਹੋ ਜਾਂਦੀ ਹੈ। ਜਿੱਥੋਂ ਤੱਕ ਪਰਮਾਤਮਾ ਜਾਂ ਬ੍ਰਹਮ ਦਾ ਸੰਬੰਧ ਹੈ, ਗੁਰੂ ਤੇਗ ਬਹਾਦਰ ਜੀ ਨੇ ਬ੍ਰਹਮ ਨੂੰ ਨਿਰਗੁਣ ਅਰਥਾਤ ਰੰਗ, ਰੂਪ ਅਤੇ ਰੇਖਾ ਤੋਂ ਨਿਆਰਾ ਮੰਨਦੇ ਹੋਏ ਸਭ ਜੀਵਾਂ ਵਿੱਚ ਉਸ ਦੀ ਜੋਤੀ ਦਾ ਪ੍ਰਕਾਸ਼ ਮੰਨਿਆ ਹੈ। ਇਹੋ ਸਾਂਝ ਹੈ ਜੋ ਗੁਰੂ ਜੀ ਨੇ ਮਨੁੱਖੀ ਜੀਵ ਤੇ ਬ੍ਰਹਮ ਦੇ ਵਿੱਚਕਾਰ ਦਰਸਾਈ ਹੈ ਕਿਉਂਕਿ ਗੁਰੂ ਜੀ ਨੇ ਪਰਮਾਤਮਾ ਦਾ

ਵਾਸ ਮਨੁੱਖ ਦੇ ਹਿਰਦੇ ਵਿੱਚ ਮੰਨਿਆ ਹੈ। ਇਸ ਲਈ ਮਨੁੱਖੀ ਯਤਨਾਂ ਨੂੰ ਉਸਨੇ ਆਪਣੇ ਵੱਲ ਪਰਤਣ ਨੂੰ ਸੰਕੇਤਕ ਰੂਪ ਵਿੱਚ ਦਰਸਾਇਆ ਹੈ। ਗੁਰੂ ਜੀ ਦੇ ਕਥਨ ਅਨੁਸਾਰ ਅੰਦਰ ਬਾਹਰ ਇੱਕੋ ਪਰਮਾਤਮਾ ਹੈ :-

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥[32]

ਇਸੇ ਹੀ ਮਨੁੱਖ ਅਤੇ ਪਰਮਾਤਮਾ ਦੇ ਰਿਸ਼ਤੇ ਨੂੰ ਉਹ ਆਪਣੇ ਇੱਕ ਹੋਰ ਸ਼ਬਦ ਰਾਹੀਂ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ :-

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥[33]

ਜੀਵ ਆਤਮਾ ਦਾ ਬ੍ਰਹਮ ਨਾਲ ਇਤਨਾ ਨਿਕਟ ਸੰਬੰਧ ਹੋਣ ਦੇ ਬਾਵਜੂਦ ਦੋਨਾਂ ਵਿੱਚ ਦੂਰੀ ਆ ਜਾਣ ਦਾ ਕੀ ਕਾਰਨ ਹੈ? ਇਸ ਕਾਰਨ ਦੀ ਤਲਾਸ਼ ਵਿੱਚ ਹੀ ਬਿਰਹਾ ਦੇ ਉਪਜਣ ਦਾ ਕਾਰਨ ਪਿਆ ਹੈ। ਗੁਰੂ ਜੀ ਇਸ ਨੂੰ ਮਾਇਆ ਦੇ ਵੱਖ ਵੱਖ ਸਰੂਪਾਂ ਰਾਹੀਂ ਦਰਸਾਉਂਦੇ ਹਨ। ਗੁਰੂ ਤੇਗ ਬਹਾਦਰ ਜੀ ਆਪਣੀ ਰਚਨਾ ਵਿੱਚ ਥਾਂ-ਪੁਰ-ਥਾਂ ਇਸ ਜਗਤ ਨੂੰ ਮਿਥਿਆ, ਕੂੜ, ਧੂਏਂ ਦਾ ਪਹਾੜ, ਬਾਲੂ ਕੀ ਭੀਤ, ਬੱਦਲਾਂ ਦੀ ਛਾਂ ਆਦਿ ਆਖ਼ਦੇ ਹਨ। ਇਹ ਸਭ ਮਾਇਆ ਦਾ ਪਸਾਰਾ ਹੈ ਜਿਹੜਾ ਜੀਵ ਆਤਮਾ ਨੂੰ ਵਿਯੋਗ ਵਿੱਚ ਪਾ ਦਿੰਦਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕੇਵਲ ਬ੍ਰਹਮ ਨੂੰ ਸੱਚ ਤੇ ਸਥਿਰ ਮੰਨ ਕੇ ਜਗਤ ਨੂੰ ਮਿਥਿਆ ਆਖਿਆ ਹੈ ਜਿਵੇਂ :-

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥[34]

ਜਿੱਥੋਂ ਤੱਕ ਜੀਵ ਆਤਮਾ ਦਾ ਸੰਬੰਧ ਹੈ, ਇਹ ਜਦੋਂ ਤੱਕ ਮਾਇਆ ਦੇ ਲਗਾਓ ਵਿੱਚ ਰਹਿੰਦੀ ਹੈ, ਇਹ ਅਸਤਿ ਹੁੰਦੀ ਹੈ। ਪਰ ਜਦੋਂ ਮਾਇਆ ਰੂਪੀ ਅਗਿਆਨ ਜਾਂ ਭਰਮ ਤੋਂ ਮੁਕਤ ਹੋ ਜਾਂਦੀ ਹੈ, ਇਹ ਸਤਿ ਸਰੂਪ ਹੋ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਮਨੋ ਵਿਕਾਰ ਮਾਇਆ ਦੇ ਪੰਜ ਦੂਤ ਜਾਂ ਵਾਹਕ ਹਨ ਜਿਹੜੇ ਪ੍ਰਭੂ ਦੇ ਘਰ ਜਾਂ ਮਨੁੱਖ ਦੇ ਅੰਤਹਕਰਣ ਨੂੰ ਪਤਿਤ ਕਰਦੇ ਹਨ ਜਾਂ ਮਲੀਨ ਕਰਦੇ ਹਨ ਅਤੇ ਇਨ੍ਹਾਂ ਦੁਆਰਾ ਉਪਜਾਏ ਭਰਮ ਪ੍ਰਭੂ ਮਾਹੀ ਦੇ ਨਜ਼ਦੀਕ ਹੁੰਦਿਆਂ ਵੀ ਉਸਨੂੰ ਪਰਮਾਤਮਾ ਦੇ ਮਾਰਗ ਤੋਂ ਭਟਕਾਉਂਦੇ ਹਨ ਭਾਵ ਦੂਰ ਕਰਦੇ ਹਨ। ਇਨ੍ਹਾਂ ਵਿਕਾਰਾਂ ਤੋਂ ਆਪਣੇ ਆਪ ਨੂੰ ਬਚਾਉਣਾ ਗੁਰੂ ਤੇਗ ਬਾਹਦਰ ਜੀ ਬਾਣੀ ਵਿੱਚ 'ਉਦਾਸ' ਸ਼ਬਦ ਨਾਲ ਪੇਸ਼ ਕੀਤਾ ਗਿਆ ਹੈ। ਪ੍ਰੋ. ਰਾਮ ਸਿੰਘ ਅਨੁਸਾਰ, ''ਜੇ ਨਿਸ਼ਕਾਮਤਾ ਅਤੇ ਨਿਰਲੇਪਤਾ ਵਰਗੇ ਸੰਕਲਪਾਂ ਨੂੰ ਗੁਰੂ ਸਾਹਿਬ ਦੇ ਆਪਣੇ ਵਰਤੇ ਸ਼ਬਦ 'ਉਦਾਸ' ਦੇ ਘੇਰੇ ਵਿੱਚ ਲੈ ਆਈਏ ਤਾਂ ਇਹ ਅਵਸਥਾ ਪ੍ਰੇਮ ਤੇ ਉਪਰਾਮਤਾ ਦੋਨਾਂ ਦਾ ਸਮਨਵੈ ਹੈ।[35]

ਇਸ ਮਾਰਗ 'ਤੇ ਚੱਲਣ ਦਾ ਧੁਰਾ ਗੁਰੂ ਜੀ ਨੇ ਪ੍ਰੇਮ ਦੱਸਿਆ ਹੈ। ਮਨੁੱਖਾ ਸਰੀਰ ਦਾ ਤਦ ਹੀ ਕੋਈ ਪ੍ਰਯੋਜਨ ਸੰਭਵ ਹੈ ਜੇਕਰ ਪਰਮਾਤਮਾ ਨਾਲ ਪ੍ਰੇਮ ਦਾ ਸੰਬੰਧ ਕਾਇਮ ਕੀਤਾ ਜਾ ਸਕੇ। ਗੁਰਬਾਣੀ ਵਿੱਚ ਪਤੀ-ਪਤਨੀ ਵਾਲੇ ਪ੍ਰੇਮ ਉੱਤੇ ਜ਼ੋਰ ਦਿੱਤਾ ਗਿਆ ਹੈ। ਜੇ ਅਜਿਹਾ ਪ੍ਰੇਮ ਸੰਬੰਧ ਕਾਇਮ ਕਰਕੇ ਭਗਤੀ ਨਹੀਂ ਕੀਤੀ ਜਾਂਦੀ ਤਾਂ ਗੁਰੂ ਜੀ ਅਨੁਸਾਰ ਮਨੁੱਖ ਸੰਸਾਰ ਵਿੱਚ ਬਾਵਲਾ ਹੋਇਆ ਫਿਰਦਾ ਰਹਿੰਦਾ ਹੈ। ਇਹ ਬਾਵਲਾਪਣ ਬਿਰਹਣ ਦਾ ਸਥੂਲ ਰੂਪ ਹੁੰਦਾ ਹੈ। ਇਸ ਸਥੂਲ ਰੂਪ ਵਿੱਚੋਂ ਬਿਰਹੋਂ ਦੀ ਅਸਹਿ ਪੀੜ੍ਹਾ ਦਾ ਉਜਾਗਰ ਪੱਖ ਉਜਾਗਰ ਹੁੰਦਾ ਹੈ। ਇਸ ਪੀੜ੍ਹਾ ਨੂੰ ਨਾ ਤਾਂ ਦਬਾਇਆ ਜਾ ਸਕਦਾ ਹੈ ਅਤੇ ਨਾ ਹੀ ਨਸ਼ਰ ਕੀਤਾ ਜਾ ਸਕਦਾ ਹੈ। ਅਜਿਹੀ ਸਥਿਤੀ ਵਿੱਚ ਆਪਣੀ ਤ੍ਰਾਸਦੀ ਭੋਗਦੀ ਜੀਵ ਆਤਮਾ ਪਰਮਾਤਮਾ ਤੋਂ ਆਪਣੇ ਵਿਯੋਗ ਨੂੰ ਮਹਿਸੂਸਦੀ ਹੈ ਅਤੇ ਉਸ ਦੀ ਪ੍ਰਾਪਤੀ ਜਾਂ ਉਸ ਵਿੱਚ ਜਾ ਮਿਲਣ ਲਈ ਤੱਤਪਰ ਹੁੰਦੀ ਹੈ। ਗੁਰਬਾਣੀ ਦਾ ਮੁੱਖ ਆਸਾ ਜੀਵ ਆਤਮਾ ਨੂੰ ਉਸਦੀ ਸਥਾਪਿਤ ਹੋਂਦ ਦੇ ਦਰਸ਼ਨ ਕਰਵਾ ਕੇ ਉਸਦੀ ਸਥਿਤੀ ਨੂੰ ਮਹਿਸੂਸ ਕਰਵਾਉਣਾ ਹੈ ਤਾਂ ਜੋ ਉਹ ਆਪਣੀ ਤ੍ਰਾਸਦਿਕ ਸਥਿਤੀ ਤੋਂ ਜਾਣੂ ਹੋ ਕੇ ਆਪਣੇ ਅਸਲੇ ਵੱਲ ਪਰਤਣ ਲਈ ਰੁਚਿਤ ਹੋਵੇ। ਇਸ ਸਾਰੀ ਸਥਿਤੀ ਨੂੰ ਦਰਸਾਉਣ ਲਈ ਗੁਰੂ ਸਾਹਿਬਾਨਾਂ ਨੇ ਕਿਤੇ ਉਜਾਗਰ ਰੂਪ ਵਿੱਚ ਕਿਤੇ ਸੰਕੇਤਕ ਰੂਪ ਵਿੱਚ ਆਪਣੀ

ਗੱਲ ਕਹਿਣ ਦਾ ਯਤਨ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਨੇ ਸੰਕੇਤਕ ਰੂਪ ਵਿੱਚ ਮਨੁੱਖ ਨੂੰ ਉਸਦੀ ਨਾਸ਼ਮਾਨਤਾ ਦੇ ਦਰਸ਼ਨ ਕਰਵਾ ਕੇ ਉਸਦੀ ਤ੍ਰਾਸਦੀ ਵਿਖਾਈ ਹੈ ਤਾਂ ਜੋ ਬਿਰਹੋਂ ਭਿੰਨੀ ਜੀਵ ਆਤਮਾ ਪਰਮਾਤਮਾ ਵੱਲ ਰੁਚਿਤ ਹੋ ਸਕੇ। ਗੁਰੂ ਜੀ ਮੱਛੀ ਦੀ ਉਦਾਹਰਨ ਦੇ ਕੇ ਆਖ਼ਦੇ ਹਨ ਕਿ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫ਼ਦੀ ਹੈ ਤਿਵੇਂ ਹੀ ਜੀਵ ਆਤਮਾ ਵੀ ਪਰਮਾਤਮਾ ਤੋਂ ਵਿਛੜ ਕੇ ਤੜਫ਼ਦੀ ਹੈ :-

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥[36]

ਉਪਰੋਕਤ ਸਾਰੇ ਵੇਰਵੇ ਇਹ ਦਰਸਾਉਂਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਬਿਰਹਾ ਦਾ ਵਿਵਰਣ ਸੰਕੇਤਕ ਰੂਪ ਵਿੱਚ ਹੀ ਸਾਹਮਣੇ ਆਇਆ ਹੈ, ਭਾਵੇਂ ਗੁਰੂ ਜੀ ਦਾ ਮੁੱਖ ਆਸਾ ਮਨੁੱਖੀ ਜੀਵ ਨੂੰ ਉਸਦੀ ਬਿਰਹਣ ਸਥਿਤੀ ਤੋਂ ਜਾਣੂ ਕਰਵਾਉਣਾ ਰਿਹਾ ਹੈ। ਗੁਰੂ ਜੀ ਮੌਤ ਅਤੇ ਵੈਰਾਗ ਦੇ ਸੰਕਲਪਾਂ ਰਾਹੀਂ ਕਾਲ-ਚੇਤਨਾ ਦੀ ਸੁਰ ਆਲਾਪਦੇ ਸੰਸਾਰੀ ਜੀਵ ਨੂੰ ਉਸਦੇ ਅਸਲੇ ਵੱਲ ਪ੍ਰੇਰਿਤ ਕਰਦੇ ਹਨ। ਗੁਰੂ ਜੀ ਉਜਾਗਰ ਰੂਪ ਵਿੱਚ ਬਿਰਹੋਂ ਬਾਰੇ ਕੁੱਝ ਨਹੀਂ ਆਖ਼ਦੇ ਪਰ ਬਿਰਹੋਂ ਦਾ ਭਾਵ ਉਨ੍ਹਾਂ ਦੀ ਬਾਣੀ ਵਿੱਚ ਥਾਂ-ਪੁਰ-ਥਾਂ ਵੇਖਿਆ ਜਾ ਸਕਦਾ ਹੈ। ਇਹ ਭਾਵ ਭਾਵਾਤਮਕ ਪੱਧਰ ਉੱਤੇ ਬਿਰਾਜਮਾਨ ਰਹਿੰਦਾ ਹੈ।

### (ੲ) ਭਾਰਤੀ ਦਰਸ਼ਨ ਨਾਲ ਸਾਂਝ

ਬਿਰਹਾ ਜਾਂ ਬਿਰਹੋਂ ਦੇ ਕਾਵਿ ਸ਼ਾਸਤਰੀ ਪਰਿਪੇਖ ਅਤੇ ਗੁਰਬਾਣੀ ਵਿੱਚ ਬਿਰਹੋਂ ਦੇ ਸੰਕਲਪਨਾਤਮਕ ਵਿਵਰਣ ਨੂੰ ਸਮਝਣ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਭਾਰਤੀ ਕਾਵਿ ਸੰਸਾਰ ਵਿੱਚ ਬਿਰਹਾ ਦੀ ਪਰੰਪਰਾ ਨੂੰ ਸਾਹਿਤ ਸਿਰਜਣਾ ਦੇ ਆਰੰਭ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਅਰਥਾਤ ਭਾਰਤੀ ਕਾਵਿ ਵਿੱਚ ਬਿਰਹਾ ਵਰਣਨ ਕਾਵਿ ਸਿਰਜਣ ਦੇ ਆਰੰਭ ਤੋਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਹੁੰਦਾ ਆਇਆ ਹੈ। ਸੋ ਸਾਡੇ ਕੋਲ ਬਿਰਹਾ ਦੀ ਕਾਫੀ ਲੰਬੀ ਕਾਵਿ ਪਰੰਪਰਾ ਰਹੀ ਹੈ। ਵੈਦਿਕ ਕਾਲ ਤੋਂ ਆਧੁਨਿਕ ਕਾਲ ਤੀਕ ਬਿਰਹਾ ਦੀ ਕਾਵਿ ਪਰੰਪਰਾ ਦਾ ਸੰਖ਼ੇਪਿਤ ਰੂਪ ਅਧਿਐਨ ਰਾਹੀਂ ਵੇਖਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਪੇਸ਼ ਸੰਕੇਤਕ ਰੂਪੀ ਬਿਰਹਾ ਵੈਦਿਕ ਕਾਲ ਤੋਂ ਸ਼ੁਰੂ ਹੋਏ ਮੰਨੇ ਜਾਂਦੇ ਭਾਰਤੀ ਦਰਸ਼ਨ ਨਾਲ ਕਿਵੇਂ ਸਾਂਝ ਨੂੰ

ਸਥਾਪਿਤ ਕਰਦੀ ਹੈ, ਇਸ ਬਾਰੇ ਇਤਿਹਾਸਕ ਦ੍ਰਿਸ਼ਟੀ ਤੋਂ ਪੁਰਾਤਨ ਲਿਖਤਾਂ ਦੇ ਅਧਿਐਨ ਰਾਹੀਂ ਅਸੀਂ ਇਸ ਸਾਂਝ ਨੂੰ ਦਰਸਾਉਣ ਦਾ ਯਤਨ ਕਰਾਂਗੇ।

ਬਿਰਹਾ ਕਾਵਿ ਦੀ ਸਭ ਤੋਂ ਪੁਰਾਤਨ ਉਦਾਹਰਨ ਰਿਗਵੇਦ ਦੇ ਦਸਵੇਂ ਮੰਡਲ ਵਿੱਚ ਮਿਲਦੀ ਹੈ, ਜਿਸ ਵਿੱਚ ਵੈਦਿਕ ਕਾਲ ਦੇ ਲੋਕ ਗੀਤ ਸੰਕਲਿਤ ਹਨ। ਦੈਵੀ ਸਰਾਪ ਦੇ ਕਾਰਨ ਉਰਵਸ਼ੀ ਆਪਣੇ ਪ੍ਰੇਮੀ ਰਾਜਾ ਪੁਰੂਰਵਾ ਨੂੰ ਛੱਡ ਕੇ ਜਾਣ ਲਈ ਮਜ਼ਬੂਰ ਹੁੰਦੀ ਹੈ। ਇਸ ਪ੍ਰਸਥਿਤੀ ਵਿੱਚ ਪੁਰੂਰਵਾ ਬੜੀ ਡਾਵਾਂ-ਡੋਲ ਅਵਸਥਾ ਵਿੱਚ ਵਿਚਰ ਰਿਹਾ ਹੈ। ਜਿਹੜੀ ਉਰਵਸ਼ੀ ’ਤੇ ਅੱਜ ਤੀਕ ਪੁਰੂਰਵਾ ਦੇ ਪਿਆਰ ਦਾ ਕਬਜ਼ਾ ਸੀ। ਉਸ ਸੰਬੰਧੀ ਉਰਵਸ਼ੀ ਖੁਦ ਇਹ ਆਖ਼ਦੀ ਹੈ ਕਿ ਜਿਸ ਦੇ ਆਲਿੰਗਨ ਵਿੱਚ ਉਹ ਦਿਨ ਰਾਤ ਅਜਿਹੇ ਸੁੱਖ ਦਾ ਅਨੁਭਵ ਕਰਦੀ ਸੀ ਜੋ ਵਰਣਨ ਨਹੀਂ ਕੀਤਾ ਜਾ ਸਕਦਾ। ਅੱਜ ਪੁਰੂਰਵਾ ਉਸ ਉਰਵਸ਼ੀ ਨੂੰ ਵਾਪਸ ਪਰਤ ਆਉਣ ਲਈ ਬੇਨਤੀਆਂ ਕਰ ਰਿਹਾ ਸੀ। ਇਸ ਦਾ ਮਤਲਬ ਇਹ ਨਹੀਂ ਕਿ ਉਰਵਸ਼ੀ ਪ੍ਰਿਯ ਵਿਯੋਗ ਵਿੱਚ ਪੀੜ੍ਹਤ ਨਹੀਂ ਸੀ। ਉਹ ਦੈਵੀ ਸਰਾਪ ਦਾ ਸੰਤਾਪ ਭੋਗ ਰਹੀ ਸੀ।

ਰਿਗਵੇਦ ਕਾਲ ਦੀ ਇਸ ਘਟਨਾ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵੈਦਿਕ ਕਾਲ ਵਿੱਚ ਹੀ ਬਿਰਹਾ ਦਾ ਸੰਕਲਪ ਪੈਦਾ ਹੋ ਚੁੱਕਾ ਸੀ। ਸਾਹਿਤ ਵਿੱਚ ਇਸ ਸੰਕਲਪ ਦੀ ਪੇਸ਼ਕਾਰੀ ਵੀ ਹੋਣ ਲੱਗ ਗਈ ਸੀ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਬਿਰਹਾ ਦੀ ਇਸ ਲੰਬੀ ਪਰੰਪਰਾ ਦੀਆਂ ਜੜ੍ਹਾਂ ਵੈਦਿਕ ਕਾਲ ਦੇ ਸਾਹਿਤ ਵਿੱਚ ਹਨ। ਬ੍ਰਾਹਮਣੀ ਅਤੇ ਬੁੱਧ ਸਾਹਿਤ ਵਿੱਚ ਸ਼ਿੰਗਾਰ ਰਸ ਨੂੰ ਕੋਈ ਵਿਸ਼ੇਸ਼ ਮਹੱਤਵ ਨਾ ਮਿਲਣ ਦੇ ਕਾਰਨ ਬਿਰਹਾ ਕਾਵਿ ਦੀ ਅਣਹੋਂਦ ਪ੍ਰਤੀਤ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਸਮੇਂ ਦਾਰਸ਼ਨਿਕਾਂ ਦਾ ਵਧੇਰੇ ਜ਼ੋਰ ਜਟਿਲਤਾਵਾਂ ਨੂੰ ਸੁਲਝਾਉਣ ਵੱਲ ਹੀ ਰਿਹਾ।

ਇਸ ਤੋਂ ਅਗਲੇ ਸਮੇਂ ਪੌਰਾਣਿਕ ਕਾਵਿ ਵਿੱਚ ਸ਼ਿੰਗਾਰ ਰਸ ਅੰਤਰਗਤ ਆਉਂਦੀ ਬਿਰਹਾ ਭਾਵਨਾ ਦੀ ਸਫ਼ਲ ਅਭਿਵਿਅੰਜਨਾ ਬਾਲਮੀਕੀ ਰਾਮਾਇਣ ਵਿੱਚ ਮਿਲਦੀ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਬਾਲਮੀਕੀ ਰਮਾਇਣ ਬਿਰਹਾ ਕਾਵਿ ਦੇ ਸੰਸਥਾਪਕ ਗ੍ਰੰਥਾਂ ਵਿੱਚੋਂ ਹੈ। ਇਸ ਧਰਮ ਗ੍ਰੰਥ ਵਿੱਚ ਬਾਲਮੀਕ ਦੇ ਸ਼ਰਧਾਲੂ ਕਵੀ ਹਿਰਦੇ ਨੇ ਇੱਕ ਪਾਸੇ ਸੀਤਾ ਹਰਣ ਦੇ ਬਿਰਤਾਂਤ ਦੁਆਰਾ ਰਾਮ ਚੰਦਰ ਦੇ ਮਨ ਵਿੱਚ ਪੈਦਾ ਹੋਏ

ਵਿਯੋਗ ਰਾਹੀਂ ਬਿਰਹਾ ਦੀ ਪੀੜ੍ਹਾ ਨੂੰ ਉਜਾਗਰ ਕੀਤਾ ਹੈ ਅਤੇ ਦੂਸਰੇ ਪਾਸੇ ਰਾਵਣ ਦੀ ਕੈਦ ਵਿੱਚ ਮਜ਼ਬੂਰ ਤੇ ਬੇਵੱਸ ਸੀਤਾ ਦੀ ਬਿਰਹਾ ਦੀ ਅਵਸਥਾ ਅਤੇ ਮਾਨਸਿਕ ਦਸ਼ਾ ਨੂੰ ਬੜੀ ਸੂਖ਼ਮਤਾ ਨਾਲ ਚਿਤਰਿਆ ਹੈ। ਸੀਤਾ ਬਿਰਛਾਂ, ਪੰਛੀਆਂ, ਵੇਲਾਂ, ਬੂਟਿਆਂ ਆਦਿ ਤੋਂ ਰਾਮ ਦੇ ਆਉਣ ਦਾ ਵੇਲਾ ਪੁੱਛਦੀ ਹੈ। ਇਹ ਬਿਰਹਣ ਦੀ ਪੀੜ੍ਹਾ ਹੀ ਹੈ ਜੋ ਪ੍ਰੇਮੀ ਦੇ ਮਿਲਾਪ ਲਈ ਲੁੱਛਦੀ ਹੈ, ਉਸਦੀ ਇਸੇ ਸਿੱਕ ਵਿੱਚ ਵਸਲ ਦੇ ਪਲ ਪਏ ਹਨ। ਬਾਲਮੀਕੀ ਰਮਾਇਣ ਵਿੱਚ ਬਿਰਹਾ ਦੀ ਅਭਿਵਿਅਕਤੀ ਦੀ ਭਾਵਨਾ ਬਹੁਤ ਤੀਬਰ ਹੈ ਜੋ ਵਿਪ੍ਰਲੰਬ ਸ਼ਿੰਗਾਰ ਰਸ ਦੀ ਥਾਂ ਕਰੁਣਾ ਰਸ ਦੇ ਅੰਤਰਗਤ ਸਥਿਤ ਹੁੰਦੀ ਹੈ। ਕਰੁਣਾਮਈ ਵੇਦਨਾ ਸਿਖ਼ਰਾਂ ਨੂੰ ਛੂੰਹਦੀ ਹੈ। ਸੰਸਕ੍ਰਿਤ ਸਾਹਿਤ ਵਿੱਚ ਕਾਲੀਦਾਸ ਦੇ ਨਾਟਕਾਂ ਵਿੱਚ ਅਭਿਆਗਿਆਨ ਸ਼ਕੁੰਤਲਮ ਅਤੇ ਮੇਘਦੂਤ ਵਿੱਚ ਬਿਰਹਾ ਕੁੰਠੀ ਆਤਮਾ ਦੀ ਪੀੜ੍ਹਾ ਦਾ ਭਰਪੂਰ ਵਰਣਨ ਹੋਇਆ ਹੈ। ਇਹੋ ਬਿਰਹਾ ਵਰਣਨ ਅਪਭ੍ਰੰਸ਼ ਸਾਹਿਤ ਰਾਹੀਂ ਹੁੰਦਾ ਹੋਇਆ ਆਧੁਨਿਕ ਆਰੀਆ ਭਾਸ਼ਾਵਾਂ ਦੇ ਰੂਪਾਂ ਵਿੱਚਲੇ ਸਾਹਿਤ ਤੱਕ ਪਹੁੰਚਦਾ ਹੋਇਆ ਪੰਜਾਬੀ ਦੇ ਸੰਦਰਭ ਵਿੱਚ ਬਾਬਾ ਫ਼ਰੀਦ ਰਾਹੀਂ ਦਾਖ਼ਲ ਹੁੰਦਾ ਹੈ। ਇਹ ਬਿਰਹਾ ਵਰਣਨ ਜਿਹੜਾ ਸਿਰਫ਼ ਲੌਕਿਕ ਪੱਧਰ ਤੱਕ ਦਾ ਸੀ ਬਾਬਾ ਫ਼ਰੀਦ ਉਸ ਨੂੰ ਅਧਿਆਤਮਿਕ ਰੰਗਣ ਦਿੰਦੇ ਹਨ। ਇਸੇ ਅਧਿਆਤਮਿਕਤਾ ਦਾ ਗ੍ਰਹਿਣੀ ਇਹ ਬਿਰਹੋਂ ਕਾਵਿ ਗੁਰਮਤਿ ਕਾਵਿ ਦਾ ਇੱਕ ਅਹਿਮ ਹਿੱਸਾ ਬਣ ਜਾਂਦਾ ਹੈ ਅਤੇ ਗੁਰੂ ਤੇਗ ਬਹਾਦਰ ਜੀ ਤੱਕ ਪਹੁੰਚਦਾ ਹੈ। ਪੌਰਾਣਿਕ ਜਾਂ ਵੇਦਾਂਤਿਕ ਸਾਹਿਤ ਦੇ ਵੇਲੇ ਤੋਂ ਸ਼ੁਰੂ ਹੋਇਆ ਬਿਰਹੋਂ ਵਰਣਨ ਜਾਂ ਵਿਯੋਗ ਦੀ ਅਵਸਥਾ ਦੀ ਪੇਸ਼ਕਾਰੀ ਦਾ ਅਮਲ ਗੁਰਮਤਿ ਸਾਹਿਤ ਵਿੱਚ ਆਪਣੇ ਪੂਰੇ ਜਲੌਅ ਸਹਿਤ ਪੇਸ਼ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਉਸੇ ਪਰੰਪਰਾ ਦਾ ਅਨੁਸਰਣ ਕਰਦੇ ਨਜ਼ਰ ਆਉਂਦੇ ਹਨ, ਜਿਸ ਦਾ ਆਗਾਜ਼ ਬਾਬਾ ਫ਼ਰੀਦ ਜੀ ਅਤੇ ਫਿਰ ਗੁਰੂ ਨਾਨਕ ਦੇਵ ਜੀ ਕਰਦੇ ਹਨ। ਇਸ ਪੱਖੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਪੇਸ਼ ਬਿਰਹਾ ਵਰਣਨ ਮੌਲਿਕ ਉਪਲਬਧਤਾ ਨਾ ਹੋ ਕੇ ਵਿਸ਼ੇ ਪੱਖੋਂ ਪੌਰਾਣਿਕ ਅਤੇ ਵੇਦਾਂਤਿਕ ਸਾਹਿਤ ਨਾਲ ਦਾਰਸ਼ਨਿਕ ਸਾਂਝ ਦਾ ਧਾਰਨੀ ਹੈ। ਵੇਦਾਂਤ ਵਿੱਚ ਵੀ ਸੰਸਾਰ ਨੂੰ ਮਿਥਿਆ ਅਤੇ ਅਸਤਿ ਕਿਹਾ ਗਿਆ ਹੈ ਅਤੇ ਗੁਰੂ ਤੇਗ ਬਹਾਦਰ ਬਾਣੀ ਵਿੱਚ ਵੀ, ਪਰੰਤੂ ਫਿਰ ਵੀ ਗੁਰੂ ਤੇਗ ਬਹਾਦਰ ਬਾਣੀ ਵਿੱਚ ਵੇਦਾਂਤ ਨਾਲੋਂ ਅੰਤਰ ਹੈ। ਇਸ ਅੰਤਰ ਨੂੰ ਭਿੰਨ ਕਰਦਿਆਂ ਪ੍ਰੋ. ਰਾਮ ਸਿੰਘ ਇਸ ਨੂੰ ਮਨੁੱਖ ਦੀ ਆਤਮਿਕ ਅਵਸਥਾ ਨਾਲ ਜੋੜ ਕੇ ਬਿਆਨ ਕਰਦੇ ਹਨ ਕਿ,

ਬ੍ਰਹਮ ਗਿਆਨੀ ਜਗਤ ਦਾ ਸੱਚ ਕਥਨ ਹੀ ਨਹੀਂ ਕਰਦਾ ਇਸ ਨੂੰ ਅਨੁਭਵ ਵੀ ਕਰਦਾ ਹੈ। ਜਿਹੜਾ ਮਨੁੱਖ ਬ੍ਰਹਮ ਗਿਆਨ ਤੋਂ ਬਹੁਤ ਹੇਠਾਂ ਹੈ, ਉਹ ਜਗਤ ਨੂੰ ਬ੍ਰਹਮ ਦਾ ਰੂਪ ਨਹੀਂ ਦੇਖਦਾ, ਇਸ ਨੂੰ ਸੱਚ ਅਨੁਭਵ ਨਹੀਂ ਕਰਦਾ।[37]

**(ਸ) ਸੂਫੀ ਕਾਵਿ ਵਿੱਚ ਬਿਰਹੋਂ ਦਾ ਸੰਕਲਪ**

ਸੂਫੀ ਕਾਵਿ ਬਿਰਹੋਂ ਕੁੱਠਿਆਂ ਦਾ ਕਾਵਿ ਹੈ। ਜਿਸ ਵਿੱਚ ਤੜਫ਼, ਵਿਛੋੜਾ, ਪੀੜ੍ਹ, ਦਰਦ ਅਤੇ ਬਿਰਹੋਂ ਸਿਖ਼ਰ ’ਤੇ ਹੈ। ਪਿਆਰ (ਇਸ਼ਕ) ਮਨੁੱਖ ਦੇ ਦਿਲ ਵਿੱਚ ਇੱਕ ਸਥਾਈ ਜਜ਼ਬਾ ਹੈ। ਜੋ ਕਿਸੇ ਵੇਲੇ ਵੀ ਠੋਕਰ ਲੱਗਣ ਨਾਲ ਜਾਗ ਪੈਂਦਾ ਹੈ। ਸੂਫੀਮਤ ਵਿੱਚ ਇਸ਼ਕ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ - ਇਸ਼ਕ ਹਕੀਕੀ ਅਤੇ ਇਸ਼ਕ ਮਜਾਜੀ। ਇਸ਼ਕ ਮਜਾਜੀ ਤੋਂ ਭਾਵ ਹੈ ਕਿ ਇੱਕ ਸੰਸਾਰੀ ਜੀਵ ਦਾ ਦੂਸਰੇ ਕਿਸੇ ਜੀਵ ਨਾਲ ਪਿਆਰ ਪੈਣਾ। ਜਦ ਪਿਆਰ ਪੈ ਜਾਂਦਾ ਹੈ ਤਾਂ ਦੋਨੋਂ ਜੀਵ ਇਕੱਠਾ ਰਹਿਣਾ ਪਸੰਦ ਕਰਦੇ ਹਨ। ਜੇ ਉਨ੍ਹਾਂ ਵਿੱਚ ਵਿਛੋੜਾ ਪੈ ਜਾਵੇ ਤਦ ਹਰੇਕ ਦੇ ਦਿਲ ਵਿੱਚ ਸੱਲ ਪੈਦਾ ਹੋ ਜਾਂਦਾ ਹੈ। ਸੋ ਇਸ ਵਿਛੋੜੇ ਦੇ ਸੱਲ ਨੂੰ ਬਿਰਹਾ ਕਿਹਾ ਜਾਂਦਾ ਹੈ। ਆਸ਼ਕ ਅਤੇ ਮਸੂਕ ਵਿੱਚ ਜੁਦਾਈ ਪੈਣ ’ਤੇ ਦੋਨਾਂ ਦੇ ਦਿਲਾਂ ਵਿੱਚ ਇੱਕ ਹੂਕ, ਇੱਕ ਪੀੜ੍ਹ ਤੇ ਇੱਕ ਚੀਸ ਜਿਹੀ ਉੱਠਦੀ ਹੈ ਤਾਂ ਦਿਲ ਮਿਲਾਪ ਦੀ ਤਾਂਘ ਵਿੱਚ ਤੜਫ਼ ਉੱਠਦਾ ਹੈ, ਜਿਵੇਂ ਮੱਛੀ ਪਾਣੀ ਬਿਨਾਂ ਤੜਫ਼ਦੀ ਹੈ। ਬਿਰਹਾ ਦੀ ਚੀਸ ਆਸ਼ਕ ਨੂੰ ਵੱਡੇ ਤੋਂ ਵੱਡੇ ਸੰਘਰਸ਼ ਲਈ ਤਿਆਰ ਕਰ ਦਿੰਦੀ ਹੈ। ਬਿਰਹਾ ਵਿੱਚ ਇੱਕ ਸੋਜ਼ (ਜਲਣ) ਪੈਦਾ ਹੁੰਦੀ ਹੈ। ਬਿਰਹਣ ਦੇ ਸਰੀਰ ਦਾ ਲਹੂ ਸੁੱਕ ਜਾਂਦਾ ਹੈ। ਇਹ ਸੋਜ਼ ਆਸ਼ਕ ਦੇ ਦਿਲ ਵਿੱਚ ਅੱਗ ਦੇ ਭਾਂਬੜ ਬਾਲ ਦਿੰਦੀ ਹੈ। ਆਸ਼ਕ ਉੱਪਰ ਹਿਜ਼ਰ ਦੀਆਂ ਘੜੀਆਂ ਬਹੁਤ ਹੀ ਸਖ਼ਤ ਹੁੰਦੀਆਂ ਹਨ ਪਰ ਉਹ ਮਿਲਾਪ ਕਿਰਨ ਦੇ ਸਹਾਰੇ ਜਿਉਂਦਾ ਰਹਿੰਦਾ ਹੈ, ਉਸ ਨੂੰ ਵਸਲ ਲਈ ਬਿਰਹਾ ਤੋਂ ਖ਼ਾਸ ਕਿਸਮ ਦੀ ਪ੍ਰੇਰਣਾ ਮਿਲਦੀ ਰਹਿੰਦੀ ਹੈ। ‘ਬਿਰਹਾ ਉਸ ਲਈ ਕੁਠਾਲੀ ਬਣ ਜਾਂਦੀ ਹੈ, ਜਿਸ ਵਿੱਚ ਵਿਕਾਰ-ਭਰਪੂਰ ਮਨ ਦਾ ਖੋਟਾ ਸੋਨਾ ਪਿਘਲਣਾ ਸ਼ੁਰੂ ਹੋ ਜਾਂਦਾ ਹੈ ਤੇ ਸੋਜ਼ ਦੀ ਅੱਗ ਮਨ ਨੂੰ ਸ਼ੁੱਧ ਕੁੰਦਨ ਬਣਾ ਦਿੰਦੀ ਹੈ, ਭਾਵ ਮਨ ਵਿੱਚੋਂ ਵਿਕਾਰ ਮਿਟ ਜਾਂਦੇ ਹਨ ਅਤੇ ਜੀਵ ਆਪਣੇ ਮਿਥੇ ਪੜਾਅ ਉੱਪਰ ਪਹੁੰਚ ਜਾਂਦੇ ਹਨ।’[38]

ਸੂਫੀ ਰਹੱਸਵਾਦ ਵਿੱਚ ਸਭ ਤੋਂ ਪਹਿਲਾਂ ਸੂਫੀ ਕਵੀ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਮੁੱਖ ਰਾਹ ਇਸ਼ਕ ਹਕੀਕੀ ਨੂੰ ਮੰਨਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਇੱਕੋ ਇੱਕ ਮਾਰਗ ਪ੍ਰੇਮ ਹੈ। ਪ੍ਰਭੂ ਨੂੰ ਗਿਆਨ ਨਾਲ ਨਹੀਂ ਸਗੋਂ ਸੱਚੇ ਇਸ਼ਕ ਨਾਲ ਪਾਇਆ ਜਾ ਸਕਦਾ ਹੈ। ਇਸ ਕਰਕੇ ਡਾ. ਜਗਬੀਰ ਸਿੰਘ ਵੀ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿੱਚ ਲਿਖ਼ਦੇ ਹਨ ਕਿ ਅਧਿਆਤਮਿਕ ਰਹੱਸ ਦੇ ਅੰਦਰਲੇ ਸੱਚ ਤੱਕ ਪਹੁੰਚਣ ਲਈ ਪ੍ਰੇਮ ਦੀ ਭਾਸ਼ਾ ਹੀ ਕੰਮ ਆਉਂਦੀ ਹੈ। ਉਹ ਲਿਖ਼ਦੇ ਹਨ ਕਿ ਸੂਫੀ ਜੀਵਨ ਜੁਗਤ ਵਿੱਚ ਗਿਆਨ ਅਤੇ ਪ੍ਰੇਮ ਵਿੱਚਕਾਰ ਸੰਤੁਲਨ ਪੈਦਾ ਕਰਨ ਉੱਤੇ ਜ਼ੋਰ ਦਿੱਤਾ ਹੈ। ਪ੍ਰੇਮ ਦੀ ਭਾਸ਼ਾ ਕੱਟੜ ਧਰਮ ਸ਼ਾਸਤਰੀ ਨੇਮਾਂ ਦਾ ਉਲੰਘਣ ਨਹੀਂ ਕਰਦੀ ਸਗੋਂ ਇਹ ਤਾਂ ਤਾਰਕਿਕ ਚਿੰਤਨ ਤੋਂ ਵੀ ਪਰੇਰੇ ਵਸਦੇ ਹੋਏ ਹਕੀਕੀ ਗਿਆਨ ਤੱਕ ਪਹੁੰਚਣ ਦਾ ਰਸਤਾ ਅਖ਼ਤਿਆਰ ਕਰਦੀ ਹੈ। ਇਸ਼ਕ ਹਕੀਕੀ ਦਾ ਸੰਕਲਪ ਇਸੇ ਤੱਥ ਦੀ ਪ੍ਰੋੜਤਾ ਕਰਦਾ ਹੈ। ਪੰਜਾਬੀ ਸੂਫੀ ਕਾਵਿ ਪਰੰਪਰਾ ਵਿੱਚ ਇਹ ਇਸ਼ਕ ਹਕੀਕੀ ਸੂਫੀਮਤ ਦੀ ਵਿਸ਼ੇਸ਼ ਪਹਿਚਾਣ ਬਣਕੇ ਪੇਸ਼ ਹੋਇਆ ਹੈ। ਸੂਫੀ ਰਹੱਸਵਾਦ ਵਿੱਚ ਸਰਬ ਸ਼ਕਤੀਮਾਨ ਰੱਬ ਨੂੰ ਵਿਵੇਕ ਦੁਆਰਾ ਨਹੀਂ ਸਗੋਂ ਉਸ ਨਾਲ ਇਸ਼ਕੀਆ ਸੰਬੰਧ ਸਥਾਪਿਤ ਕਰਕੇ ਪ੍ਰਾਪਤ ਕੀਤੇ ਜਾ ਸਕਣ ਦਾ ਵਿਧਾਨ ਹੈ। 'ਸੂਫੀਆਂ ਵਾਸਤੇ ਸੰਸਾਰਕ ਪ੍ਰੇਮ ਰੱਬੀ ਨਿਸ਼ਾਨੇ ਉੱਤੇ ਪੁੱਜਣ ਵਾਸਤੇ ਇੱਕ ਪੁਲ ਦਾ ਕੰਮ ਕਰਦਾ ਹੈ।'[39] ਇਸਨੂੰ ਪੰਜਾਬੀ ਸੂਫੀ ਸ਼ਾਇਰਾਂ ਨੇ ਸ਼ਰ੍ਹਾ ਦੇ ਵਿਰੋਧ ਵਿੱਚ ਰੱਖ ਕੇ ਪੇਸ਼ ਕੀਤਾ ਹੈ। ਪਰ ਵਾਸਤਵ ਵਿੱਚ ਇਹ ਸ਼ਰ੍ਹਾ ਅਤੇ ਇਸ਼ਕ ਦਾ ਵਿਰੋਧੀ ਜੁੱਟ ਇਸਲਾਮ ਦੇ ਅੰਦਰਲੇ ਜਾਹਿਰ ਅਤੇ ਬਾਤਿਨ ਸੰਕਲਪਾਂ ਵੱਲ ਸੰਕੇਤਕ ਹੈ। ਬਾਬਾ ਫ਼ਰੀਦ ਜਿੱਥੇ ਕੱਟੜ ਸ਼ਰ੍ਹਾ ਦੇ ਪਾਬੰਦ ਮੁਸਲਿਮ ਫ਼ਕੀਰ ਸਨ ਉੱਥੇ ਹੀ ਸੂਫੀਵਾਦ ਦੇ ਸੰਕਲਪਾਂ ਤਹਿਤ ਇਸ਼ਕੇ ਹਕੀਕੀ ਵਿੱਚੋਂ ਆਪਣੀ ਸਾਧਨਾ ਦਾ ਮਾਰਗ ਤਲਾਸ਼ਦੇ ਹਨ। ਸ਼ਰ੍ਹਾ ਬਾਹਰਮੁਖੀ ਵਿਧਾਨ ਨੇਮਾਂ ਦੀ ਸਥਾਪਨਾ ਕਰਦੀ ਹੈ ਜਦੋਂ ਕਿ ਸੂਫੀ ਇਸ਼ਕ 'ਤੇ ਬਲ ਦਿੰਦਾ ਹੈ। ਜੋ ਬੰਧਨ ਰਹਿਤ ਪ੍ਰੇਮ ਭਾਵਨਾ ਦਾ ਲਖਾਇਕ ਹੈ। ਇਸ਼ਕ ਕਿਸੇ ਬਾਹਰਲੇ ਬੰਧਨ ਨੂੰ ਸਵੀਕਾਰ ਨਹੀਂ ਕਰਦਾ, ਇਸਦੇ ਨੇਮ ਅੰਤਰਮੁਖੀ ਹੁੰਦੇ ਹਨ। ਇਸ ਤਰ੍ਹਾਂ ਇਸ਼ਕ ਅਤੇ ਸ਼ਰ੍ਹਾ ਦੇ ਸੰਯੋਗ ਰਾਹੀਂ ਸੂਫੀਆਂ ਨੇ ਇਸਲਾਮ ਦੇ ਧੁਰ ਅੰਦਰਲੇ ਕੇਂਦਰ ਨੂੰ ਫਰੋਲਣ ਦੀ ਕੋਸ਼ਿਸ਼ ਕੀਤੀ ਹੈ। ਬੰਦੇ ਅਤੇ ਖੁਦਾ ਵਿੱਚਲੀ ਆਪਸੀ ਵਿੱਥ ਇਸ਼ਕ ਦੀ ਅਭੇਦੀ ਚੇਤਨਤਾ ਨਾਲ ਹੀ ਮਿਟ ਸਕਦੀ ਹੈ। ਇਸੇ ਲਈ ਸੂਫੀਆਂ ਨੇ ਮਨੁੱਖ ਦੀ ਅਧਿਆਤਮਿਕ ਯਾਤਰਾ ਦਾ ਆਖ਼ਰੀ ਪੜਾਅ

ਪਰਮ ਸੱਚ ਵਿੱਚ ਅਭੇਦ ਹੋ ਜਾਣਾ ਹੀ ਮੰਨਿਆ ਹੈ। ਇਹ ਯਾਤਰਾ ਸ਼ਰੀਅਤ ਤੋਂ ਸ਼ੁਰੂ ਹੋ ਕੇ ਤਰੀਕਤ ਅਤੇ ਮਾਰਫ਼ਤ ਦੇ ਪੜਾਵਾਂ ਵਿੱਚੋਂ ਲੰਘਦੀ ਹੋਈ ਹਕੀਕਤ ਦੀ ਮੰਜ਼ਿਲ ਤੱਕ ਪਹੁੰਚਦੀ ਹੈ। ਇਸ ਸੰਦਰਭ ਵਿੱਚ ਹੀ ਬਾਬਾ ਫ਼ਰੀਦ ਜੀ ਦਾ ਇਹ ਸਲੋਕ ਵੇਖਣ ਯੋਗ ਹੈ:-

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥[40]

ਇਸ ਤਰ੍ਹਾਂ ਸੂਫੀਮਤ ਦਾ ਵਿਚਾਰ ਹੈ ਕਿ ਪਰਮਾਤਮਾ ਨਾਲ ਪੁਨਰ ਮਿਲਾਪ ਕੇਵਲ ਪ੍ਰੇਮ ਨਾਲ ਹੀ ਹੋ ਸਕਦਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਸਾਹਿਤ ਕੋਸ਼ ਵਿੱਚ ਇਸ ਨੂੰ ਹੋਰ ਅਧਿਕ ਸਪੱਸ਼ਟ ਕਰਦੇ ਹੋਏ ਲਿਖ਼ਦੇ ਹਨ ਕਿ ਪ੍ਰੇਮ ਜਾਂ ਇਸ਼ਕ ਸਾਹਿਤ ਦੀ ਵਿਚਾਰਧਾਰਾ ਦਾ ਮੂਲ ਆਧਾਰ ਹੈ। ਸੂਫੀਆਂ ਅਨੁਸਾਰ ਇਸ਼ਕ ਅੱਲ੍ਹਾ ਦੀ ਜਾਤ ਹੈ। ਇਸ਼ਕ ਦਾ ਰਾਹ ਕੋਈ ਸੌਖਾ ਨਹੀਂ। ਇਹ ਤਾਂ ਸੂਈ ਦੇ ਨੱਕੇ ਸਮਾਨ ਹੈ। ਜਿਸ ਵਿੱਚੋਂ ਧਾਗਾ ਬਣੇ ਬਿਨਾਂ ਲੰਘਣਾ ਮੁਸ਼ਕਲ ਹੈ। ਇਹ ਔਖੀ ਘਾਟੀ ਹੈ ਤੇ ਬਿਖੜਾ ਪੈਂਡਾ ਹੈ। ਇਸ ਦੀ ਸਾਰ ਉਹੀ ਜਾਣ ਸਕਦਾ ਹੈ ਜਿਹੜਾ ਇਸ ਰਸਤੇ ਤੁਰਿਆ ਹੋਵੇ। ਇਸ ਇਸ਼ਕ ਵਿੱਚ ਕਿਉਂਕਿ ਪ੍ਰਭੂ ਜਾਂ ਪਿਆਰੇ ਦੇ ਵਿਛੋੜੇ ਦੀ ਅਗਨੀ ਹੁੰਦੀ ਹੈ ਇਸ ਲਈ ਇਸਨੂੰ ਆਤਿਸ਼ ਵੀ ਕਿਹਾ ਗਿਆ ਹੈ। ਕਿਤੇ ਕਿਤੇ ਇਹ ਇਸ਼ਕ ਸੂਫੀ ਕਾਵਿ ਵਿੱਚ ਕਸਾਈ ਦੀ ਪਦਵੀ ਨੂੰ ਵੀ ਪਹੁੰਚ ਜਾਂਦਾ ਹੈ। ਬਿਰਹਾ ਸੂਫੀਆਂ ਦੇ ਇਸ਼ਕ ਵਿੱਚ ਇੱਕ ਅਨਿੱਖੜਵਾਂ ਅੰਗ ਹੈ। ਬਿਰਹਾ ਦੁੱਖਦਾਇਕ ਜ਼ਰੂਰ ਹੈ ਪਰ ਇਸ ਵਿੱਚੋਂ ਸੂਫੀਆਂ ਨੂੰ ਅਕਹਿ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਜੋ ਰਸ ਜਾਂ ਸੁਆਦ ਸੋਜ਼ ਅਤੇ ਤੜਫ਼ ਵਿੱਚ ਹੈ ਉਹ ਸੰਯੋਗ ਜਾਂ ਵਸਲ ਵਿੱਚ ਨਹੀਂ। ਸਿੱਕ ਤੋਂ ਬਿਨਾਂ ਪ੍ਰਭੂ ਦਾ ਦਰਸ਼ਨ ਅਸੰਭਵ ਹੈ। ਸਾਧਕ ਦੀ ਖ਼ੁਰਾਕ ਤੇ ਆਹਾਰ ਹੀ ਸਿੱਕ ਹੈ। ਲੁੱਛਣਾ ਅਤੇ ਤੜਫ਼ਣਾ ਹੀ ਉਸਦੇ ਜੀਵਨ ਦਾ ਆਧਾਰ ਹਨ। ਇਹੋ ਇੱਕੋ ਇੱਕ ਸਾਧਨ ਹੈ ਜੋ ਪ੍ਰਭੂ ਪ੍ਰੀਤਮ ਦੇ ਦਰਸ਼ਨ ਕਰਵਾ ਸਕਦਾ ਹੈ। ਸਿੱਕ ਤਾਂ ਇੱਕ ਅਜਿਹੀ ਪੌੜੀ ਹੈ ਜਿਸ ਦੀ ਸਹਾਇਤਾ ਨਾਲ ਸੂਫੀ ਸਾਧਕ ਉਸ ਚੁਬਾਰੇ ’ਤੇ ਪਹੁੰਚ ਸਕਦਾ ਹੈ ਜਿੱਥੇ ਉਸਦਾ ਪਿਆਰਾ ਪਤੀ ਪਰਮੇਸ਼ਰ ਮੌਜੂਦ ਹੈ। ਜੇ ਪ੍ਰੇਮੀ ਤੇ ਪ੍ਰੇਮਿਕਾ ਵਿੱਚ ਇੱਕ ਦੂਜੇ ਲਈ ਸਿੱਕ ਨਾ ਹੋਵੇ, ਤੜਫ਼ ਨਾ ਹੋਵੇ ਤਾਂ ਵਸਲ ਦਾ ਸੁੱਖ ਕਦੇ ਵੀ ਪ੍ਰਾਪਤ ਨਹੀਂ ਹੋ ਸਕਦਾ। ਸਿੱਕ ਹੀ ਵਿਛੜਿਆਂ ਨੂੰ ਇੱਕ ਦੂਜੇ ਦੇ ਸਾਹਮਣੇ ਲਿਆ ਖੜਾ ਕਰਦੀ ਹੈ। ਸੱਜਣ ਤੋਂ ਵਿਛੜੇ ਸੂਫੀ ਦੀਆਂ

ਰਾਤਾਂ ਲੰਮੀਆਂ ਹੋ ਜਾਂਦੀਆਂ ਹਨ ਤੇ ਜੋ ਮੁੱਕਣ ਵਿੱਚ ਨਹੀਂ ਆਉਂਦੀਆਂ। ਸਰੀਰ ਮਾਸ ਦੇ ਝੜ ਜਾਣ ਨਾਲ ਪਿੰਜਰ ਹੋ ਜਾਂਦਾ ਹੈ। ਸੂਫੀਆਂ ਦਾ ਮੱਤ ਹੈ ਕਿ ਬਿਰਹਾ ਦੀ ਭੱਠੀ ਵਿੱਚ ਤਪ ਕੇ ਹੀ ਸਰੀਰ ਕੁੰਦਨ ਰੂਪ ਹੋ ਸਕਦਾ ਹੈ ਅਤੇ ਅਜਿਹੇ ਹਿਰਦੇ ਵਿੱਚ ਹੀ ਖੁਦਾ ਦਾ ਵਾਸਾ ਹੁੰਦਾ ਹੈ। ਇਸੇ ਕਰਕੇ ਪੰਜਾਬੀ ਦੇ ਮੁੱਢਲੇ ਸੂਫੀ ਫ਼ਕੀਰ ਬਾਬਾ ਫ਼ਰੀਦ ਨੇ ਬਿਰਹਾ ਨੂੰ ਸੁਲਤਾਨ ਕਹਿ ਕੇ ਵਡਿਆਇਆ ਹੈ:-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥[41]

ਬਾਬਾ ਫ਼ਰੀਦ ਨੇ ਬਿਰਹਾ ਨੂੰ ਸੁਲਤਾਨ ਕਹਿ ਮਾਣ ਦਿੱਤਾ ਹੈ ਤੇ ਇਹ ਫੁਰਮਾਇਆ ਹੈ ਕਿ ਭਾਈ ਸੱਚਾ ਆਸ਼ਕ ਬਣਨਾ ਚਾਹੀਦਾ ਹੈ, ਕੇਵਲ ਮੂੰਹ ਨਾਲ ਵਿਛੋੜਾ ਵਿਛੋੜਾ ਕਹਿਣ ਨਾਲ ਵਿਛੋੜੇ ਜਾਂ ਬਿਰਹਾ ਦੀ ਚੀਸ ਪੈਦਾ ਨਹੀਂ ਹੁੰਦੀ ਤੇ ਨਾ ਹੀ ਜੁਬਾਨੀ ਜਮ੍ਹਾਂ ਖਰਚ ਕਰਨ ਨਾਲ ਸੱਚਾ ਆਸ਼ਕ ਹੀ ਬਣਿਆ ਜਾਂਦਾ ਹੈ। ਜਿਸ ਸਰੀਰ ਵਿੱਚ ਵਿਛੋੜੇ ਦਾ ਸੱਲ ਪੈਦਾ ਨਹੀਂ ਹੁੰਦਾ ਭਾਵ ਜਿਸ ਮਨੁੱਖ ਦੇ ਦਿਲ ਵਿੱਚ ਪਿਆਰ ਲਈ ਬਿਰਹਾ ਦੀ ਚੋਭ ਨਹੀਂ ਹੁੰਦੀ ਉਸ ਨੂੰ ਮਸਾਨ ਭੂਮੀ ਜਾਂ ਕਬਰਸਤਾਨ ਦੇ ਬਰਾਬਰ ਖਿਆਲ ਕਰਨਾ ਚਾਹੀਦਾ ਹੈ।

ਸੁਲਤਾਨ ਬਾਹੂ ਨੇ ਆਪਣੇ ਕਲਾਮ ਵਿੱਚ ਇੱਕ ਸ਼ਹਿਰ ਦਾ ਬਿੰਬ ਸਿਰਜ ਕੇ ਰੱਬੀ ਵਿਛੋੜੇ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :-

ਤੇ-ਤਨ ਮੈਂ ਯਾਰ ਦਾ ਸ਼ਹਿਰ ਬਣਾਇਆ, ਦਿਲ ਵਿਚ ਖਾਸ ਮਹੱਲਾ ਹੂ।

ਆਣ ਅਲਿਫ਼ ਦਿਲ ਵਸੋਂ ਕੀਤੀ, ਮੇਰੀ ਹੋਈ ਖ਼ੂਬ ਤਸੱਲਾ ਹੂ।

ਸਭ ਕੁੱਝ ਮੈਨੂੰ ਪਿਆ ਸੁਣੀਵੇ, ਜੋ ਬੋਲੇ ਸੋ ਅੱਲਾ ਹੂ ।

ਦਰਦਮੰਦਾਂ ਇਹ ਰਮਜ਼ ਪਛਾਤੀ ਬਾਹੂ, ਬੇਦਰਦਾਂ ਸਿਰ ਖੱਲਾ ਹੂ ।[42]

ਬੁੱਲ੍ਹੇ ਸ਼ਾਹ ਸੂਫੀਮਤ ਦਾ ਇੱਕ ਉਹ ਪ੍ਰਮੁੱਖ ਕਵੀ ਹੋਇਆ ਹੈ ਜਿਸ ਬਿਨਾਂ ਸੂਫੀਵਾਦ ਦੀ ਸਿਖ਼ਰ ਨਹੀਂ ਕਿਆਸੀ ਜਾ ਸਕਦੀ। ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਇਸ਼ਕ ਅਤੇ ਬਿਰਹਾ ਦਾ ਵਰਣਨ ਆਪਣੀ ਚਰਮਸੀਮਾ ਤੱਕ ਜਾ ਪਹੁੰਚਦਾ ਹੈ। ਬੁਲ੍ਹੇ ਸ਼ਾਹ ਪਹਿਲੀ ਵਾਰੀ ਸ਼ਰ੍ਹਾ ਦਾ ਮਾਰਗ ਤਿਆਗ ਕੇ ਇਸ਼ਕ ਦੇ ਮਾਰਗ ਤੁਰਦਾ ਹੈ। ਬੁੱਲ੍ਹਾ

ਕਿਸੇ ਕਰਮ ਕਾਂਡ ਵਿੱਚ ਨਹੀਂ ਪੈਂਦਾ, ਪ੍ਰੇਮ ਨੂੰ ਹੀ ਆਪਣਾ ਸਰਬ ਸ੍ਰੇਸ਼ਟ ਧਰਮ ਮੰਨਦਾ ਹੋਇਆ ਹਉਮੈਂ ਦੇ ਨਾਸ਼ ਦੀ ਪ੍ਰੇਰਨਾ ਦਿੰਦਾ ਹੈ :-

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ ।
ਮਸਜਦ ਕੋਲੋਂ ਜੀਉੜਾ ਡਰਿਆ ।
ਭਜ ਭਜ ਠਾਕਰ ਦਵਾਰੇ ਵੜਿਆ ।
ਘਰ ਵਿਚ ਪਾਯਾ ਮਹਿਰਮ ਯਾਰ ।
ਇਸ਼ਕ ਦੀ ਨਵੀਓਂ ਨਵੀਂ ਬਹਾਰ ।[43]

ਜਾਂ ਮੈਂ ਰਮਜ਼ ਇਸ਼ਕ ਦੀ ਪਾਈ ।
ਮੈਂਨਾ ਤੂਤੀ ਮਾਰ ਗਵਾਈ ।
ਅੰਦਰ ਬਾਹਰ ਹੋਈ ਸਫਾਈ ।
ਜਿਤ ਵਲ ਵੇਖਾਂ ਯਾਰੋ ਯਾਰ ।
ਇਸ਼ਕ ਦੀ ਨਵੀਓ ਨਵੀਂ ਬਹਾਰ ।।[44]

ਸੂਫੀ ਸਾਹਿਤ ਵਿੱਚ ਇਸ਼ਕ ਹਕੀਕੀ ਇਸ਼ਕ ਮਜਾਜੀ ਦੇ ਸੰਦਰਭ ਵਿੱਚ ਪੇਸ਼ ਹੁੰਦਾ ਹੈ। ਜਦੋਂ ਬੁੱਲ੍ਹੇ ਸ਼ਾਹ ਹੀਰ ਰਾਂਝੇ ਦੇ ਚਿਹਨਾਂ ਰਾਹੀਂ ਇਸ ਇਸ਼ਕ ਨੂੰ ਸਥੂਲ ਰੂਪ ਦਿੰਦਾ ਹੈ :-

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ ।
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ ।[45]

ਜਾਂ

ਸੱਜਣਾਂ ਦੇ ਵਿਛੋੜੇ ਕੋਲੋਂ ਤਨ ਦਾ ਲਹੂ ਛਾਣੀਦਾ ।[46]

ਇਸ ਇਸ਼ਕ ਵਿੱਚ ਵਸਲ ਹੈ। ਵਸਲ ਦੇ ਪਲ ਪਲਾਂ ਵਿੱਚ ਹੀ ਬੀਤ ਜਾਂਦੇ ਹਨ। ਸਾਈਂ ਬੁੱਲ੍ਹੇ ਸ਼ਾਹ ਦੀ ਰਚਨਾ ਵਿੱਚ ਸ਼ਿੰਗਾਰ ਦੇ ਵਰਣਨ ਦੇ ਸੁੰਦਰ ਉਦਾਹਰਨ ਮਿਲਦੇ ਹਨ, ਜਿਨ੍ਹਾਂ ਦਾ ਬਿਆਨ ਸਿਖ਼ਰਾਂ ਨੂੰ ਪੁੱਜਿਆ ਹੋਇਆ ਹੈ :-

ਘੜਿਆਲੀ ਦੇਹੋ ਨਿਕਾਲ ਨੀ, ਅੱਜ ਪੀ ਘਰ ਆਇਆ ਲਾਲ ।

ਮੈਨੂੰ ਆਪਣੀ ਖਬਰ ਨਾ ਕਾਈ, ਕਿਆ ਜਾਣਾ ਮੈਂ ਕਿਥੈ ਗੰਵਾਈ ।

ਇੱਕ ਗੱਲ ਕੀਕੂੰ ਛਪੈ ਛਪਾਈ, ਹੁਣ ਹੋਯਾ ਫ਼ਜ਼ਲ ਕਮਾਲ ।

ਘੜਿਆਲੀ ਦੇਹੋ ਨਿਕਾਲ ।[47]

ਜਿੱਥੇ ਇਹ ਵਸਲ ਉਸਦੀ ਕਾਵਿ ਸਿਰਜਣਾ ਵਿੱਚ ਇੱਕ ਸਿਖ਼ਰ ’ਤੇ ਪੁੱਜਾ ਹੋਇਆ ਹੈ ਉੱਥੇ ਹੀ ਇਹ ਵਸਲ ਜਦੋਂ ਵਿਛੋੜੇ ਵਿੱਚ ਤਬਦੀਲ ਹੁੰਦਾ ਹੈ ਤਾਂ ਵਿਯੋਗ ਵਰਣਨ ਵੀ ਕਮਾਲ ਨੂੰ ਛੂੰਹਦਾ ਹੈ :-

ਬਹੁੜੀਂ ਵੇ ਤਬੀਬਾ ਮੈਂਡੀ ਜਿੰਦ ਗਈਆ ।

ਤੇਰੇ ਇਸ਼ਕ ਨਚਾਇਆ ਕਰ ਥੱਈਆ ਥੱਈਆ ।[48]

ਜਾਂ

ਅਬ ਲਗਨ ਲਗੀ ਕਿਆ ਕਰੀਏ

ਨਾਂਹ ਜੀ ਸਕੀਏ ਨਾਂਹੀ ਮਰੀਏ ।[49]

ਬਿਰਹਾ ਜਾਂ ਵਿਛੋੜਾ ਪ੍ਰਭੂ ਤੋਂ ਵਿਛੜਣ ਅਤੇ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ ਤੋਂ ਪੈਦਾ ਹੁੰਦਾ ਹੈ। ਬੁੱਲ੍ਹਾ ਸ਼ਾਹ ਵਿਛੋੜੇ ਦੇ ਆਲਮ ਵਿੱਚ ਇੱਕ ਮਸਤ ਫ਼ਕੀਰ ਅਲਬੇਲਾ ਬਣ ਜਾਂਦਾ ਹੈ। ਪ੍ਰਭੂ ਨੂੰ ਮਿਲਣ ਦੀ ਤਾਂਘ ਵਿੱਚ ਉਹ ਮਤਵਾਲਾ ਹੋ ਕੇ ਗਾਉਂਦਾ ਹੈ। ਹਰ ਸਮੇਂ ਪਿਆਰ ਦੀ ਉਡੀਕ ਵਿੱਚ ਬਿਹਬਲ ਰਹਿੰਦਾ ਹੈ। ਬਿਰਹਾ ਦਾ ਦਰਦ ਬੇਹੱਦ ਉਦਾਸੀਨਤਾ ਵਾਲਾ ਹੁੰਦਾ ਹੈ। ਉਪਭਾਵੁਕਤਾ ਦੀਆਂ ਹੱਦਾ ਪਾਰ ਕਰਨ ਵਾਲਾ ਅਤੇ ਪਾਗਲਪਣ ਦੀ ਸਥਿਤੀ ਵਿੱਚ ਵਿਚਰਣ ਵਾਲਾ ਹੁੰਦਾ ਹੈ :-

ਦਰਦ ਫ਼ਿਰਾਕ ਬਥੇਰਾ ਕਰਿਆ ।

ਇਹ ਦੁਖ ਮੈਥੋਂ ਜਾਏ ਨਾ ਜਰਿਆ ।[50]

ਉਸ ਦਾ ਬਿਰਹੋਂ ਵਰਣਨ ਆਪਣੀ ਮਿਸਾਲ ਆਪ ਹੈ। ਭਾਵੇਂ ਇਸ ਪੱਖੋਂ ਉਹ ਸ਼ਾਹ ਹੁਸੈਨ ਤੋਂ ਇੱਕ ਕਦਮ ਪਿੱਛੇ ਹੈ। ਪਰ ਉਹ ਬਿਰਹੋਂ ਦੀ ਅਵਸਥਾ ਨੂੰ ਪੇਸ਼ ਕਰਨ ਵਾਲਾ ਉਸਤਾਦ ਕਵੀ ਹੈ ਵੇਖੋ :-

ਬਿਰਹੋਂ ਦਾ ਤਾਅ ਨ ਲਾਈਂ ਵੇ ਸਾਈਂ ਮੈਂਡਿਆ ।

ਵਿਛੋੜਿਆਂ ਦੇ ਭੱਠ ਨਾ ਤਾਈਂ ਵੇ ਸਾਈਂ ਮੈਂਡਿਆ ।[51]

ਬੁੱਲ੍ਹੇ ਸ਼ਾਹ ਤੋਂ ਇਲਾਵਾ ਸ਼ਾਹ ਹੁਸੈਨ ਇੱਕ ਸੱਚਾ ਆਸ਼ਕ ਸੀ, ਜਿਸ ਨੇ ਇਸ਼ਕ ਮਜਾਜੀ ਦੀ ਮੰਜ਼ਿਲ ਨੂੰ ਪਾਰ ਕਰਕੇ ਪਾਕ ਅਤੇ ਪਵਿੱਤਰ ਰਹਿ ਕੇ ਇਸ਼ਕ ਹਕੀਕੀ ਦੇ ਪੜਾਅ ਨੂੰ ਪ੍ਰਾਪਤ ਕੀਤਾ। ਇਸ ਲਈ ਇਸ ਸੱਚੇ ਆਸ਼ਕ ਨੂੰ ਬਿਰਹਾ ਦੀ ਮੰਜ਼ਿਲ ਵੀ ਲੰਘਣੀ ਪਈ। ਉਸਦੇ ਕਲਾਮ ਵਿੱਚੋਂ ਬਿਰਹਾ ਦੀ ਸਿੱਲੀ ਸਿੱਲੀ ਖੁਸ਼ਬੋਈ ਆਉਂਦੀ ਹੈ। ਇਸ ਬਿਰਹੋਂ ਕੁੱਠੀ ਆਤਮਾ ਦੇ ਦਿਲ ਅੰਦਰ ਆਪਣੇ ਹਕੀਕੀ ਸੋਮੇ ਨੂੰ ਮਿਲਣ ਦੀ ਤਾਂਘ ਹੈ। ਉਹ ਹਰ ਵੇਲੇ ਮਿਲਾਪ ਦੀ ਤਾਂਘ ਕਰਦਾ ਹੈ ਅਤੇ ਪ੍ਰੀਤਮ ਦੇ ਮਿਲਣ (ਵਸਲ) ਲਈ ਦਿਲ ਦੇ ਟੁਕੜੇ ਨੂੰ ਪ੍ਰਾਹੁਣਾਚਾਰੀ ਲਈ ਵਿਛਾਵਣ ਨੂੰ ਤਿਆਰ ਹੈ। ਹਿਜ਼ਰ ਵਿੱਚ ਦਿਲ ਅੰਦਰ ਇੱਕ ਚੀਸ ਉੱਠਦੀ ਹੈ, ਜੋ ਆਸ਼ਕ ਨੂੰ ਬੇਹਾਲ ਕਰ ਦਿੰਦੀ ਹੈ। ਪਰ ਇਹ ਦਿਲ ਦਾ ਦਰਦ, ਆਸ਼ਕ ਦਾ ਸਹਾਰਾ ਵੀ ਹੈ ਤੇ ਉਸ ਦੀ ਪੂਰਣਤਾ ਦੀ ਨਿਸ਼ਾਨੀ ਵੀ ਹੈ ਭਾਵ ਬਗੈਰ ਵਿਛੋੜੇ ਦੇ ਸੱਲ ਦੇ ਉਹ ਬੇਕਾਰ ਹੈ :-

ਦਿਲ ਦਰਦਾਂ ਕੀਤੀ ਪੂਰੀ ।

ਦਿਲ ਦਰਦਾਂ ਕੀਤੀ ਪੂਰੀ ।

ਕਹੈ ਹੁਸੈਨ ਫ਼ਕੀਰ ਸਾਂਈ ਦਾ ।

ਖਲਕਤ ਗਈ ਅਧੂਰੀ । [52]

ਇੱਕ ਬਿਰਹਣੀ ਦੇ ਬਿੰਬ ਵਿੱਚ ਸ਼ਾਹ ਹੁਸੈਨ ਬਿਰਹਾ ਦੇ ਸੱਲ ਦਾ ਚਿਤ੍ਰ ਇਸ ਪ੍ਰਕਾਰ ਖਿੱਚਦਾ ਹੈ :-

ਜੋਗਣਿ ਹੋਵਾਂ ਧੂੰਹਾਂ ਪਾਵਾਂ ।

ਤੇਰੇ ਕਾਰਣਿ ਮੈਂ ਮਰਿ ਜਾਵਾਂ ।

ਤੈਂ ਮਿਲਿਆਂ ਮੇਰੀ ਤਾਜ਼ਗੀ ਵੋ ।[53]

ਰਾਤੀਂ ਦਰਦੁ ਦਿਹੈਂ ਦਰਮਾਂਦੀ ।

ਮਰਨ ਅਸਾਡਾ ਵਾਜਬੀ ਵੋ ।[54]

ਲਿਟਾਂ ਖੋਲਿ ਗਲੇ ਵਿਚ ਪਾਈਆਂ ।

ਮੈਂ ਬੈਰਾਗਣਿ ਆਦਿ ਦੀ ਵੋ ।[55]

ਵਿਛੋੜੇ ਦੀ ਹਾਲਤ ਵਿੱਚ ਆਸ਼ਕ ਦੀ ਜਾਨ ਤੜਫ਼ਦੀ ਹੈ ਅਤੇ ਪਿਆਰੇ ਨੂੰ ਮਿਲਣ ਲਈ ਤਾਂਘਦੀ ਹੈ। ਬਿਰਹਾ ਦਾ ਸੋਜ਼ ਆਸ਼ਕ ਦੀ ਖੁਦੀ ਨੂੰ ਸਾੜ ਦਿੰਦਾ ਹੈ। ਉਸ ਵਿੱਚ ਤੇ ਮਹਿਬੂਬ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ। ਹਿਜ਼ਰ (ਵਿਛੋੜੇ) ਦੀ ਅੱਗ ਉਸ ਨੂੰ ਸਾੜਦੀ ਫੂਕਦੀ ਰਹਿੰਦੀ ਹੈ। ਬਿਰਹਾ ਦੀ ਇਹ ਗਰਮੀ ਤੇ ਤਾਪ ਕੇਵਲ ਮਹਿਬੂਬ ਦੇ ਵਸਲ ਰੂਪੀ ਅੰਮ੍ਰਿਤ ਨਾਲ ਹੀ ਸ਼ਾਂਤ ਹੁੰਦਾ ਹੈ :-

ਨੀ ਸਈਓ ਮੈਨੂੰ ਢੋਲ ਮਿਲੇ ਤਾਂ ਜਾਪੈ ।

ਬਿਰਹੁ ਬਲਾਇ ਘੱਤੀ ਤਨ ਅੰਦਰ ।

ਮੈਂ ਆਪੇ ਹੋਈ ਆਪੈ ।

.........................................

.........................................

ਸਿਕਣ ਦੂਰ ਨ ਥੀਵੇ ਦਿਲ ਤੋਂ ।

ਵੇਖਣ ਨੂੰ ਮਨ ਤਾਪੈ ।

ਕਹੈ ਹੁਸੈਨ ਸੁਹਾਗਣਿ ਸਾਈ ।

ਜਾਂ ਸ਼ਹੁ ਆਪ ਸਿੰਞਾਪੈ ।[56]

ਉਪਰੋਕਤ ਬਿਰਹਾ ਰੰਗ ਨੂੰ ਵੇਖਕੇ ਕੁਦਰਤੀ ਤੌਰ ’ਤੇ ਇਹ ਸਿੱਟਾ ਨਿਕਲਦਾ ਹੈ ਕਿ ਸੋਜ਼-ਗੁਦਾਜ਼ ਤੇ ਵਿਛੋੜੇ ਦੇ ਸੱਲ ਦੀ ਰੰਗਣ ਦੇ ਆਧਾਰ ’ਤੇ ਅਸੀਂ ਸ਼ਾਹ ਹੁਸੈਨ ਨੂੰ ਪੰਜਾਬੀ ਸੂਫੀ ਕਾਵਿ ਵਿੱਚ ਬਿਰਹਾ ਦੇ ਵੱਖਰੇ

ਆਯਾਮ ਸਿਰਜਣ ਵਾਲੇ ਕਵੀ ਦੇ ਤੌਰ 'ਤੇ ਵੇਖ ਸਕਦੇ ਹਾਂ। ਇਹ ਸਾਰੀ ਵਿਚਾਰ ਇਹ ਸਿੱਧ ਕਰ ਦਿੰਦੀ ਹੈ ਕਿ ਪੰਜਾਬੀ ਸੂਫ਼ੀ ਕਾਵਿ ਵਿੱਚ ਬਿਰਹਾ ਦਾ ਵੱਡਾ ਅਤੇ ਅਹਿਮ ਸਥਾਨ ਰਿਹਾ ਹੈ। ਸੂਫ਼ੀਵਾਦ ਦੀ ਮੂਲ ਸੁਰ ਬਿਰਹਾ ਆਧਾਰਤ ਹੀ ਰਹੀ ਹੈ। ਬਿਰਹਾ ਨੂੰ ਕੇਂਦਰੀ ਨੁਕਤੇ ਦੇ ਤੌਰ 'ਤੇ ਪੇਸ਼ ਕਰਦੇ ਹੋਏ ਪੰਜਾਬੀ ਸੂਫ਼ੀ ਕਵੀਆਂ ਨੇ ਬਿਰਹੋਂ ਦੀ ਤੜਫ਼ ਵਿੱਚੋਂ ਵਸਲ ਦਾ ਰਾਹ ਤਲਾਸ਼ਿਆ ਹੈ। ਪਿਆਰੇ ਦੇ ਵਿਛੋੜੇ ਦਾ ਸੱਲ ਅਤੇ ਫਿਰ ਉਸ ਸੱਲ ਦੇ ਵਿੱਚੋਂ ਪੈਦਾ ਹੋਈ ਸਿੱਕ ਪਿਆਰੇ ਦੇ ਕੋਲ ਜਾਣ ਦਾ, ਉਸ ਵੱਲ ਖਿੱਚੇ ਜਾਣ ਦਾ ਮੁੱਖ ਆਧਾਰ ਬਣਦੀ ਹੈ। ਸਾਰੇ ਸੂਫ਼ੀ ਕਵੀਆਂ ਨੇ ਇਹ ਰਾਹ ਹੀ ਅਖ਼ਤਿਆਰ ਕੀਤਾ ਹੈ। ਬਾਬਾ ਫ਼ਰੀਦ ਨੇ ਜਿਸ ਬਿਰਹੋਂ ਨੂੰ ਸੁਲਤਾਨ ਕਹਿ ਵਡਿਆਇਆ ਸੀ, ਬਾਕੀ ਦੇ ਉੱਤਰਵਰਤੀ ਸੂਫ਼ੀ ਕਵੀਆਂ ਨੇ ਉਸ ਸੁਲਤਾਨ ਦੀ ਸਲਤਨਤ ਹੇਠ ਆਪਣੀ ਗੱਲ ਰੱਖੀ ਹੈ।

### (ਹ) ਕਲਾਮ ਫ਼ਰੀਦ ਵਿੱਚ ਬਿਰਹੋਂ ਦਾ ਸੰਕਲਪ

ਕਿਸੇ ਵੀ ਮਹਾਨ ਸਾਹਿਤ ਦੀ ਵੱਡੀ ਪਛਾਣ ਇਹ ਹੁੰਦੀ ਹੈ ਕਿ ਉਹ ਆਪਣੇ ਦੇਸ਼ ਅਤੇ ਕਾਲ ਦੀਆਂ ਸੀਮਾਵਾਂ ਨੂੰ ਉਲੰਘ ਕੇ ਹੋਰ ਦੇਸ਼ਾਂ ਅਤੇ ਕਾਲਾਂ ਲਈ ਵੀ ਅਰਥਪੂਰਨ ਅਤੇ ਪ੍ਰਸੰਗਿਕ ਰਹਿੰਦਾ ਹੈ। ਮਹਾਨ ਸਾਹਿਤ ਵਿੱਚ ਮਨੁੱਖੀ ਜੀਵਨ ਨਾਲ ਸਬੰਧਿਤ ਅਤੇ ਇਸ ਨੂੰ ਸੇਧ ਦੇਣ ਵਾਲੇ ਕੁੱਝ ਅਜਿਹੇ ਬੁਨਿਆਦੀ ਸਵਾਲ ਉਠਾਏ ਜਾਂਦੇ ਹਨ ਜਿਹੜੇ ਕਿਸੇ ਵੀ ਯੁੱਗ ਲਈ ਪੁਰਾਤਨ ਜਾਂ ਅਪ੍ਰਸੰਗਿਕ ਨਹੀਂ ਬਣਦੇ। 'ਮਨੁੱਖੀ ਹੋਂਦ ਵਿੱਚ ਜੀਣ (Being) ਤੋਂ ਥੀਣ (Becoming) ਤੱਕ ਦਾ ਜੋ ਸੰਘਰਸ਼ ਨਿਰੰਤਰ ਛਿੜਿਆ ਰਹਿੰਦਾ ਹੈ, ਮਹਾਨ ਸਾਹਿਤ ਸਦਾ ਇਸੇ ਨਾਲ ਆਪਣਾ ਸਰੋਕਰ ਰੱਖਦਾ ਹੈ। ਭਾਵੇਂ ਜੀਣ ਤੋਂ ਥੀਣ ਤੱਕ ਮਨੁੱਖ ਦਾ ਸੰਘਰਸ਼ ਉਸ ਦੀਆਂ ਇਤਿਹਾਸਕ ਪਰਿਸਥਿਤੀਆਂ ਅਤੇ ਇਨ੍ਹਾਂ ਪਰਿਸਥਿਤੀਆਂ ਪ੍ਰਤੀ ਅਪਣਾਏ ਗਏ ਉਸ ਦੇ ਪੈਂਤੜੇ ਅਨੁਸਾਰ ਬਦਲਦਾ ਤਾਂ ਰਹਿੰਦਾ ਹੈ ਪਰ ਇਹ ਕਦੇ ਖ਼ਤਮ ਨਹੀਂ ਹੁੰਦਾ। ਇਸ ਲਈ ਹਰ ਮਹਾਨ ਸਾਹਿਤਕਾਰ ਚਾਹੇ ਉਸ ਦਾ ਸੰਬੰਧ ਅਲੌਕਿਕ ਨਾਲ ਹੋਵੇ, ਚਾਹੇ ਲੌਕਿਕ ਨਾਲ, ਇਸ ਸੰਘਰਸ਼ ਨੂੰ ਆਪਣੀ ਸਾਹਿਤ ਸਿਰਜਣਾ ਦੀ ਵਸਤੂ ਬਣਾਉਂਦਾ ਹੈ।'[57] ਇਹ ਸੰਘਰਸ਼ ਹੀ ਅਸਲ ਵਿੱਚ ਮਾਨਵੀ ਚੇਤਨਾ ਦਾ ਰਾਹ ਖੋਲਦਾ ਹੈ। ਜਿਸ ਨਾਲ ਉਹ ਆਪਣੇ

ਲੋਕਿਕ ਅਤੇ ਅਲੋਕਿਕ ਰਸਤੇ ਸਵਾਰਦਾ ਹੈ, ਜਿਸ ’ਤੇ ਤੁਰਦਿਆਂ ਉਹ ਆਪਣੀ ਮਿਥੀ ਹੋਈ ਮੰਜ਼ਿਲ ਪ੍ਰਾਪਤ ਕਰਦਾ ਹੈ।

ਸ਼ੇਖ ਫ਼ਰੀਦ ਅੱਜ ਤੋਂ ਅੱਠ ਸਦੀਆਂ ਪਹਿਲਾਂ ਪੰਜਾਬ ਵਿੱਚ ਆਏ। ਉਨ੍ਹਾਂ ਨੇ ਆਪਣੇ ਯੁੱਗ ਬੋਧ ਨੂੰ ਸਮਝਦੇ ਹੋਏ ਇੱਕ ਆਦਰਸ਼ ਮਨੁੱਖ ਦੀ ਸਥਾਪਨਾ ਦਾ ਸੰਕਲਪ ਉਲੀਕਿਆ। ਪਰ ਇਸ ਮਹਾਨ ਖਾਕੇ ਨੂੰ ਉਲੀਕਣ ਸਮੇਂ ਆਪ ਨੇ ਮਨੁੱਖ ਵਿੱਚ ਆਂਤਰਿਕ ਸੰਘਰਸ਼ ਨੂੰ ਇਤਨਾ ਵਿਸ਼ਾਲ ਧਰਾਤਲ ਪ੍ਰਦਾਨ ਕੀਤਾ ਕਿ ਅੱਜ ਦਾ ਮਨੁੱਖ ਵੀ ਇਸ ਖਾਕੇ ਨੂੰ ਆਪਣਾ ਮਾਡਲ ਬਣਾ ਸਕਦਾ ਹੈ। ਮਨੁੱਖੀ ਜੀਵਨ ਦਾ ਆਦਿ ਕਾਲ ਤੋਂ ਹੀ ਇਹ ਪ੍ਰਸ਼ਨ ਰਿਹਾ ਹੈ ਕਿ ਮਨੁੱਖੀ ਆਤਮਾ ਦਾ ਅੰਤਮ ਮਨੋਰਥ ਕੀ ਹੈ? ਇਸੇ ਅੰਤਮ ਮਨੋਰਥ ਨੂੰ ਜਾਣਨ ਸਮਝਣ ਦੀ ਰੁਚੀ ਹੇਠ ਅਨੇਕਾਂ ਫਲਸਫ਼ਿਆਂ ਦੀ ਬੁਨਿਆਦ ਤਹਿ ਹੋਈ ਅਤੇ ਇਹੋ ਬੁਨਿਆਦ ਵਿਕਾਸ ਤੈਅ ਕਰਦੀ ਵਿਗਸਦੀ ਗਈ। ਇਸੇ ਵਿਗਸਣ ਦੀ ਪ੍ਰਕਿਰਿਆ ਵਿੱਚ ਉਪਰੋਕਤ ਸਵਾਲ ਦਾ ਜਵਾਬ ਹੋਰ ਵਧੇਰੇ ਗੁੰਝਲਦਾਰ ਹੁੰਦਾ ਗਿਆ। ਸਮੁੱਚਾ ਅਧਿਆਤਮਿਕ ਚਿੰਤਨ ਇਸੇ ਸਵਾਲ ਦੇ ਦੁਵਾਲੇ ਉੱਸਰਦਾ ਅਤੇ ਵਿਗਸਦਾ ਹੈ। ਇਸ ਸਮੁੱਚੇ ਚਿੰਤਨ ਦੇ ਵਿੱਚੋਂ ਜੋ ਮੁੱਖ ਮਦ ਸਾਹਮਣੇ ਆਉਂਦੀ ਹੈ ਉਸਦਾ ਪ੍ਰਤੀਉੱਤਰ ਇਹੋ ਹੈ ਕਿ ਇੱਕ ਅਜਿਹੀ ਸਰਬਸ਼ਕਤੀਮਾਨ ਸ਼ਕਤੀ ਹੈ ਜਿਸ ਦਾ ਇਹ ਸਾਰਾ ਪਸਾਰਾ ਪਸਾਰਿਆ ਹੋਇਆ ਹੈ। ਇਹ ਸਮੁੱਚਾ ਸਥੂਲ ਜਗਤ ਉਸੇ ਸ਼ਕਤੀ ਦਾ ਪਸਾਰ ਹੈ। ਜੀਵ ਆਤਮਾ ਉਸ ਸਮੁੱਚ ਤੋਂ ਵਿਛੜਿਆ ਹੋਇਆ ਕਿਣਕਾ ਮਾਤਰ ਹੋਂਦਸ਼ੀਲ ਕਣ ਹੈ ਜਿਹੜਾ ਲਗਾਤਾਰ ਉਸ ਤੱਕ ਪਹੁੰਚਣ ਦੀ ਤਾਂਘ ਰੱਖਦਾ ਹੈ। ਇਹ ਵਿਯੋਗ ਦੀ ਅਵਸਥਾ ਹੀ ਹੈ ਜੋ ਉਸ ਨੂੰ ਉਸ ਸ਼ਕਤੀ ਤੱਕ ਪਹੁੰਚਾ ਸਕਦੀ ਹੈ ਜਿੱਥੇ ਪੁੱਜ ਕੇ ਇਹ ਵਿਛੋੜਾ ਵਸਲ ਵਿੱਚ ਵਟ ਸਕਦਾ ਹੈ ਅਤੇ ਸੰਪੂਰਨਤਾ ਦਾ ਭਵਮੰਡਲ ਉੱਸਰ ਸਕਦਾ ਹੈ। ਇਸ ਵਿਯੋਗ ਦੀ ਸਥਿਤੀ ਨੂੰ ਅਧਿਆਤਮਿਕ ਕਾਵਿ ਵਿੱਚ ਬਹੁਤਾਂਤ ਰੂਪ ਵਿੱਚ ਕਵੀਆਂ ਨੇ ਪਤੀ-ਪਤਨੀ ਦੇ ਵਿਛੋੜੇ ਵਜੋਂ ਚਿਹਨਤ ਕੀਤਾ ਹੈ। ਇਸ ਚਿਹਨੀਕਰਨ ਦੀ ਪ੍ਰਕਿਰਿਆ ਦਾ ਮੰਤਵ ਵਿਯੋਗ ਦੇ ਭਾਵ ਨੂੰ ਹੋਰ ਤਿਖ਼ੇਰਾ ਕਰਕੇ ਮਿਲਣ ਦੀ ਇੱਛਾ ਦੇ ਉਪਜਣ ਦਾ ਆਸਾਰ ਬਣਾਉਣਾ ਸੀ।

ਪੰਜਾਬੀ ਸੂਫੀ ਕਵੀ ਬਾਬਾ ਫ਼ਰੀਦ ਇਸੇ ਕਾਵਿ ਜੁਗਤ ਨੂੰ ਆਪਣੀ ਕਵਿਤਾ ਦਾ ਮੁੱਖ ਧੁਰਾ ਬਣਾ ਕੇ ਚਲਦੇ ਹਨ। ਇਸ ਸਥਿਤੀ ਨੂੰ ਕਿਸੇ ਘੋਰ ਦੁੱਖ ਜਾਂ ਵਿਸ਼ਾਦ ਦੀ ਸਥਿਤੀ ਨਾਲ ਜੋੜਦੇ ਹੋਏ ਜੀਵ ਆਤਮਾ ਨੂੰ

ਉਸਦੇ ਅਸਲ ਸੱਚ ਦੇ ਸਾਹਮਣੇ ਕਰਦੇ ਹਨ। ਇਹੀ ਕਾਰਨ ਹੈ ਕਿ ਫ਼ਰੀਦ ਬਾਣੀ ਦੇ ਵਿਸ਼ੇ ਦਾ ਸਮੁੱਚਾ ਪ੍ਰਭਾਵ ਵਿਸ਼ਾਦੀ ਅਨੁਭਵਲ ਕਰੁਣਾਮਈ ਵਿਚਾਰਧਾਰਾ ਅਤੇ ਨਿਰਾਸ਼ਾਵਾਦ ਦਾ ਪੈਂਦਾ ਹੈ। ਕੀ ਇਹ ਪ੍ਰਭਾਵ ਸਾਰਥਕ ਹੈ ਜਾਂ ਓਪਰੀ ਕਾਵਿਕ ਅਤਿਕਥਨੀ ਦਾ ਪ੍ਰਗਟਾਵਾ ਹੈ? ਫ਼ਰੀਦ ਬਾਣੀ ਵਿੱਚ ਬਿਰਹਾ ਦੇ ਭਾਵ ਦੇ ਅਸਲ ਮੁੱਦੇ ਤੱਕ ਪਹੁੰਚਣ ਲਈ ਇਸ ਪ੍ਰਸ਼ਨ ਉੱਪਰ ਵਿਚਾਰ ਕਰਨਾ ਬਹੁਤ ਜ਼ਰੂਰੀ ਬਣ ਜਾਂਦਾ ਹੈ। ਇਸ ਸਬੰਧੀ ਪ੍ਰੋ. ਪ੍ਰੀਤਮ ਸਿੰਘ ਲਿਖ਼ਦੇ ਹਨ ਕਿ 'ਜੇ ਫ਼ਰੀਦ ਬਾਣੀ ਦਾ ਸੂਤਰ ਉਸ ਦੇ ਅੰਦਰੋਂ ਹੀ ਟੋਲਣਾ ਹੋਵੇ ਤਾਂ ਮੇਰੇ ਵਿਚਾਰ ਵਿੱਚ ਜਿਸ ਸ਼ਬਦ ਉੱਤੇ ਧਿਆਨ ਟਿਕਾਉਣਾ ਪਵੇਗਾ, ਉਹ ਹੈ ਦੁੱਖ। ਇਸ ਸ਼ਬਦ ਦੇ ਇਤਨੇ ਸੰਦਰਭ, ਇਤਨੇ ਪਸਾਰ, ਇਤਨੇ ਰਹੱਸ ਸ਼ੇਖ ਫ਼ਰੀਦ ਦੀ ਰਚਨਾ ਵਿੱਚ ਉਜਾਗਰ ਹੁੰਦੇ ਹਨ ਕਿ ਦੁੱਖ ਇੱਕ ਲਿਹਾਜ਼ ਨਾਲ ਇਸ ਬਾਣੀ ਦੇ ਕਾਵਿਕ ਸੱਚ ਦਾ ਸੂਚਕ ਬਣ ਜਾਂਦਾ ਹੈ।'[58] ਪ੍ਰੋ. ਸਾਹਿਬ ਦੁੱਖ ਦੇ ਜਿਸ ਸੰਕਲਪ ਨੂੰ ਫ਼ਰੀਦ ਬਾਣੀ ਦਾ ਮੁੱਖ ਧੁਰਾ ਕਿਆਸਦੇ ਹਨ ਉਸ ਸੰਕਲਪ ਦੇ ਪਿੱਛੇ ਲੁਪਤ ਕਾਰਨ ਦੁੱਖ ਦੇ ਪੈਦਾ ਹੋਣ ਦੇ ਹਨ ਅਤੇ ਪੈਦਾ ਹੋਏ ਦੁੱਖ ਦੇ ਅੰਤ ਹੋਣ ਨਾਲ ਸਬੰਧਿਤ ਹਨ। ਦੁੱਖ ਦਾ ਕਾਰਨ ਆਪਣੇ ਪਿਆਰੇ ਤੋਂ ਦੂਰ ਹੋਣਾ ਹੈ ਅਤੇ ਦੂਰ ਹੋਣ ਨਾਲ ਹੀ ਦੁਖੀ ਹੋਈ ਜੀਵ ਆਤਮਾ ਬਿਰਹੋਂ ਮਹਿਸੂਸਦੀ ਹੈ। ਬਿਰਹਣ ਦੀ ਤੜਫ਼ ਹੀ ਉਸ ਪਿਆਰੇ ਨਾਲ ਮੇਲ ਲਈ ਸਿੱਕ ਪੈਦਾ ਕਰਦੀ ਹੈ ਅਤੇ ਪਿਆਰੇ ਨਾਲ ਮੇਲ ਹੋਣ ਦੀ ਸੂਰਤ ਵਿੱਚ ਹੀ ਦੁੱਖਾਂ ਦਾ ਖ਼ਾਤਮਾ ਹੁੰਦਾ ਹੈ। ਦੁੱਖ ਅਤੇ ਸੁੱਖ ਜੀਵਨ ਦੇ ਦੋ ਅਹਿਮ ਦ੍ਰਿਸ਼ਟੀਕੋਣ ਮੰਨੇ ਜਾਂਦੇ ਹਨ। ਸੁੱਖ ਇੱਕ ਅਸੰਭਵ ਜਿਹਾ ਆਦਰਸ਼, ਦੁਰੇਡਾ ਨਿਸ਼ਾਨਾ ਤੇ ਇੱਕ ਅਧੂਰੀ ਅਵਸਥਾ ਹੈ ਜਦੋਂ ਕਿ ਦੁੱਖ ਜੀਵਨ ਦੀ ਪਕੇਰੀ, ਸਥਾਈ ਤੇ ਪੂਰਨ ਅਵਸਥਾ ਹੈ। ਸਮੁੱਚੀ ਦੁਨੀਆ ਇੱਕ ਉਮੀਦ ਉੱਪਰ ਟਿਕੀ ਹੋਈ ਹੈ ਕਿ ਹਰ ਮਨੁੱਖ ਸੁੱਖ ਦੇ ਇੰਤਜ਼ਾਰ ਵਿੱਚ ਦੁੱਖ ਸਹਿ ਰਿਹਾ ਹੈ। ਸੂਫੀਮਤ ਵਿੱਚ ਇਸੇ ਦੁੱਖ ਦੀ ਅਵਸਥਾ ਵਿੱਚੋਂ ਹੀ ਜੀਵਨ ਆਨੰਦ ਦੀ ਪ੍ਰਾਪਤੀ ਵੱਲ ਵੀ ਸੰਕੇਤ ਮਿਲ਼ਦੇ ਹਨ। ਉਹ ਵਸਲ ਦੀ ਥਾਂਵੇ ਵਿਯੋਗ ਦੀ ਅਵਸਥਾ ਨੂੰ ਮਾਣਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵੀ ਦੁੱਖ ਨੂੰ ਦਾਰੂ ਅਤੇ ਸੁੱਖ ਨੂੰ ਰੋਗ ਕਿਹਾ ਹੈ। ਬਾਬਾ ਫ਼ਰੀਦ ਜੀ ਨੇ ਵੀ ਇਸੇ ਜੁਗਤ ਨੂੰ ਵਰਤਿਆ ਹੈ।

'ਸਰੀਰ ਦੀਆਂ ਸਥੂਲ ਇੰਦਰੀਆਂ ਦੁਆਰਾ ਰਹੱਸਪੂਰਨ ਅਧਿਆਤਮਿਕ ਮੰਡਲ ਦਾ ਗਿਆਨ ਪ੍ਰਾਪਤ ਕਰਨਾ ਬੜਾ ਔਖਾ ਕੰਮ ਹੁੰਦਾ ਹੈ। ਜਦ ਕੋਈ ਸਾਧਕ ਜਾਂ ਜਿਗਿਆਸੂ ਪੂਰਨ ਇਕਾਗਰਤਾ ਦੀ ਅਵਸਥਾ ਵਿੱਚ

ਪ੍ਰਭੂ ਦੇ ਧਿਆਨ ਵਿੱਚ ਲੀਨ ਹੁੰਦਾ ਹੈ ਤਾਂ ਉਸਦੇ ਸੂਖ਼ਮ ਸਰੀਰ ਦੇ ਸਾਰੇ ਬੰਦ ਦਰਵਾਜੇ ਖੁੱਲ੍ਹ ਜਾਂਦੇ ਹਨ ਅਤੇ ਉਸਨੂੰ ਰਹੱਸਪੂਰਨ ਅਧਿਆਤਮਿਕ ਜਗਤ ਦਾ ਅਲੌਕਿਕ ਗਿਆਨ ਹੋਣ ਲੱਗਦਾ ਹੈ। ਇਹ ਅਲੌਕਿਕ ਗਿਆਨ ਸੰਸਾਰ ਦੇ ਲੌਕਿਕ ਗਿਆਨ ਨਾਲੋਂ ਬਿਲਕੁੱਲ ਭਿੰਨ ਕਿਸਮ ਦਾ ਹੁੰਦਾ ਹੈ ਕਿਉਂਕਿ ਇਸ ਵਿਸ਼ੇਸ਼ ਗਿਆਨ ਦੁਆਰਾ ਹੀ ਸਾਧਕ ਜਗਤ ਵਿੱਚ ਸਿਰਜਣ, ਵਿਕਾਸ ਅਤੇ ਵਿਨਾਸ਼ ਦੀਆਂ ਕਿਰਿਆਵਾਂ ਦੇ ਰਹੱਸ ਦੀ ਸਾਖ਼ਿਆਤ ਅਨੁਭੂਤੀ ਕਰਦਾ ਹੈ।'[59] ਫ਼ਰੀਦ ਬਾਣੀ ਅੰਦਰਲੀ ਗਵਾਹੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਬਾਬਾ ਫ਼ਰੀਦ ਨੂੰ ਅਧਿਆਤਮਿਕ ਜਗਤ ਦੇ ਗੁਪਤ ਰਹੱਸਾਂ ਦਾ ਗਿਆਨ ਹੋ ਚੁੱਕਾ ਸੀ। ਆਪਣੀ ਅਧਿਆਤਮਿਕ ਅਨੁਭੂਤੀ ਅਤੇ ਆਲੌਕਿਕ ਗਿਆਨ ਦੇ ਆਧਾਰ ਉੱਤੇ ਹੀ ਉਨ੍ਹਾਂ ਨੇ ਦ੍ਰਿੜ ਨਿਸ਼ਚੈ ਨਾਲ ਇਸ ਸੱਚਾਈ ਦਾ ਪ੍ਰਗਟਾਵਾ ਕੀਤਾ ਸੀ ਕਿ ਇਸ ਸੰਸਾਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਮਨੁੱਖ ਦੀ ਆਤਮਾ, ਸੰਸਾਰ ਦੀ ਮੂਲ ਸਿਰਜਣ ਸ਼ਕਤੀ ਪਰਮਾਤਮਾ ਵਿੱਚ ਪੂਰੀ ਤਰ੍ਹਾਂ ਅਭੇਦ ਰਹਿੰਦੀ ਹੈ ਅਤੇ ਉਸ ਅਲੌਕਿਕ ਪ੍ਰਕਾਸ਼, ਅਲੌਕਿਕ ਅਨਾਹਦ ਸੰਗੀਤ ਅਤੇ ਚਿਰ ਸਦੀਵੀ ਅਲੌਕਿਕ ਆਨੰਦ ਦਾ ਨਿਰੰਤਰ ਅਨੁਭਵ ਕਰਦੀ ਰਹਿੰਦੀ ਹੈ ਜਿਸ ਤੋਂ ਪਰਮਾਤਮਾ ਦੀ ਹਸਤੀ, ਸ਼ਕਤੀ ਅਤੇ ਵਜੂਦ ਦਾ ਪਤਾ ਚੱਲਦਾ ਹੈ। ਭਾਵੇਂ ਇੱਕ ਸਾਧਾਰਨ ਮਨੁੱਖ ਦੀ ਆਤਮਾ ਇਸ ਸੰਸਾਰ ਵਿੱਚ ਆ ਕੇ ਨਾ ਕੇਵਲ ਮੋਹ ਮਾਇਆ ਦੇ ਜਾਲ ਵਿੱਚ ਫਸ ਜਾਂਦੀ ਹੈ ਬਲਕਿ ਉਸ ਨੂੰ ਪ੍ਰਭੂ ਤੋਂ ਵੱਖ ਹੋਣ ਦਾ ਅਹਿਸਾਸ ਵੀ ਨਹੀਂ ਹੁੰਦਾ ਜਦ ਕਿ ਇੱਕ ਸੁਚੇਤ ਸੂਫ਼ੀ ਸਾਧਕ ਦੀ ਰੂਹ ਆਪਣੇ ਪ੍ਰਭੂ ਤੋਂ ਵਿਛੜ ਕੇ ਬਿਰਹੋਂ-ਵੇਦਨਾ ਦੀ ਅੱਗ ਵਿੱਚ ਸੜਦੀ ਰਹਿੰਦੀ ਹੈ। ਪ੍ਰਭੂ ਤੋਂ ਵੱਖ ਹੋਣ ਦੀ ਇਹ ਤੜਫ਼ ਤੇ ਕਸਕ ਉਸ ਨੂੰ ਸਾਰੀ ਉਮਰ ਤਦ ਤੱਕ ਸਹਾਰਣੀ ਪੈਂਦੀ ਹੈ ਜਦ ਤੱਕ ਕਿਸੇ ਕਾਮਿਲ ਮੁਰਸ਼ਦ ਦੀ ਕਿਰਪਾ ਅਤੇ ਆਪਣੀ ਸਾਧਨਾ ਦੁਆਰਾ ਉਹ ਫਿਰ ਤੋਂ ਪ੍ਰਭੂ ਨੂੰ ਪ੍ਰਾਪਤ ਕਰਕੇ ਉਸ ਨਾਲ ਇੱਕਮਿਕ ਨਹੀਂ ਹੁੰਦੀ। ਬਾਬਾ ਫ਼ਰੀਦ ਨੇ ਸਪੱਸ਼ਟ ਸ਼ਬਦਾਂ ਵਿੱਚ ਲਿਖਿਆ ਹੈ ਕਿ :-

ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥[60]

ਇਸ ਪ੍ਰਕਾਰ ਸੂਫ਼ੀਮਤ ਅਨੁਸਾਰ ਪ੍ਰਭੂ ਤੋਂ ਵਿਛੜੀ ਰੂਹ ਨੂੰ ਬਿਰਹੋਂ ਦੀ ਅੱਗ ਵਿੱਚ ਤੜਫ਼ਣਾ ਪੈਂਦਾ ਹੈ ਅਤੇ ਪ੍ਰਭੂ ਨਾਲ ਮੇਲ਼ ਹੋਣ 'ਤੇ ਉਹ ਸਦੀਵੀ ਆਨੰਦ ਮਾਣਦੀ ਹੈ। ਬਾਬਾ ਫ਼ਰੀਦ ਨੇ ਪ੍ਰਭੂ ਤੋਂ ਵਿਛੜੀ ਰੂਹ ਦੀ

ਕਸਕ ਤੇ ਪੀੜ੍ਹਾ ਨੂੰ ਆਪਣੀ ਬਾਣੀ ਰਾਹੀਂ ਅਮਰ ਬਣਾ ਦਿੱਤਾ ਹੈ। ਇਸ ਬਿਰਹੋਂ-ਵੇਦਨਾ ਦੇ ਸਰੀਰ ਅਤੇ ਮਨ 'ਤੇ ਪਏ ਪ੍ਰਭਾਵ ਨੂੰ ਉਨ੍ਹਾਂ ਨੇ ਬੜੇ ਦਿਲ ਟੁੰਭਵੇਂ ਅੰਦਾਜ਼ ਵਿੱਚ ਪ੍ਰਗਟਾਇਆ ਹੈ। ਪ੍ਰੀਤ ਬਿਨਾਂ ਰੂਪ, ਸੁੰਦਰਤਾ ਅਤੇ ਜਵਾਨੀ ਕੋਈ ਆਕਰਸ਼ਨ ਨਹੀਂ ਰੱਖਦੀ। ਪ੍ਰੀਤ ਬਿਨਾਂ ਭਰਭੂਰ ਜੋਬਨ ਵੀ ਸੁੱਕ ਕੇ ਕੁਮਲਾ ਜਾਂਦਾ ਹੈ। ਇਸੇ ਭਾਵ ਨੂੰ ਪ੍ਰਗਟਾਉਂਦੇ ਹੋਏ ਬਾਬਾ ਫ਼ਰੀਦ ਲਿਖ਼ਦੇ ਹਨ ਕਿ ਮੈਨੂੰ ਆਪਣੀ ਜਵਾਨੀ ਦੇ ਜਾਣ ਦਾ ਕੋਈ ਦੁੱਖ ਨਹੀਂ। ਜੇਕਰ ਦੁੱਖ ਹੈ ਤਾਂ ਬਸ ਇਹੀ ਕਿ ਆਪਣੇ ਪ੍ਰਭੂ ਪ੍ਰਤੀ ਮੇਰੀ ਪ੍ਰੀਤ ਭਾਵਨਾ ਘੱਟ ਨਾ ਜਾਏ :-

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥[61]

'ਜੇ ਪ੍ਰਭੂ-ਪਰਮਾਤਮਾ ਨਾਲ ਮੇਰਾ ਪ੍ਰੇਮ ਨਾ ਟੁੱਟੇ ਤਾਂ ਮੈਨੂੰ ਜਵਾਨੀ ਦੇ ਗੁਜ਼ਰ ਜਾਣ ਦਾ ਕੋਈ ਭੈਅ ਨਹੀਂ ਹੈ। ਹੇ ਫ਼ਰੀਦ! ਪਰਮਾਤਮਾ ਦੀ ਪ੍ਰੀਤ ਤੋਂ ਰਹਿਤ ਕਿੰਨੇ ਹੀ ਜੋਬਨ ਸੁੱਕ ਕੁਮਲਾ ਗਏ ਹਨ। ਜੇ ਪ੍ਰਭੂ ਪਰਮਾਤਮਾ ਦੇ ਚਰਨਾਂ ਨਾਲ ਜੀਵ ਆਤਮਾ ਦੀ ਲਿਵ ਨਾ ਜੁੜੀ ਹੋਵੇ ਤਾਂ ਇਸ ਮਨੁੱਖਾ ਜੀਵਨ ਦੀ ਜਵਾਨੀ ਵਿਅਰਥ ਚਲੀ ਜਾਂਦੀ ਹੈ।'[62]

ਪ੍ਰਭੂ-ਪ੍ਰੀਤ ਤੋਂ ਵਿਛੜੀ ਰੂਹ ਨੂੰ ਬਿਰਹਾ ਇੱਕ ਜਾਬਰ ਵਾਂਗ ਆਪਣੇ ਅਧੀਨ ਕਰ ਲੈਂਦਾ ਹੈ, ਪਰ ਬਾਬਾ ਫ਼ਰੀਦ ਲਿਖ਼ਦੇ ਹਨ ਕਿ ਪ੍ਰਭੂ ਵਿਛੋੜੇ ਤੋਂ ਉਪਜਿਆ ਇਹ ਬਿਰਹਾ ਵੀ ਉਸ ਦੀ ਦਾਤ ਹੈ ਅਤੇ ਜਿਸ ਮਨੁੱਖ ਵਿੱਚ ਪ੍ਰਭੂ ਦੇ ਵਿਯੋਗ ਦਾ ਇਹ ਬਿਰਹਾ ਭਾਵ ਪੈਦਾ ਨਹੀਂ ਹੁੰਦਾ ਉਹ ਜਿਉਂਦੇ ਹੋਏ ਵੀ ਮਰੇ ਹੋਏ ਇਨਸਾਨ ਸਮਾਨ ਹੈ।

ਬਾਬਾ ਫ਼ਰੀਦ ਨੇ ਬਿਰਹਾ ਨੂੰ ਸੁਲਤਾਨ ਕਹਿ ਮਾਣ ਦਿੱਤਾ ਹੈ ਤੇ ਇਹ ਫੁਰਮਾਇਆ ਹੈ ਕਿ ਭਾਈ ਸੱਚਾ ਆਸ਼ਕ ਬਣਨਾ ਚਾਹੀਦਾ ਹੈ, ਕੇਵਲ ਮੂੰਹ ਨਾਲ ਵਿਛੋੜਾ ਵਿਛੋੜਾ ਕਹਿਣ ਨਾਲ ਵਿਛੋੜੇ ਜਾਂ ਬਿਰਹਾ ਦੀ ਚੀਸ ਪੈਦਾ ਨਹੀਂ ਹੁੰਦੀ ਤੇ ਨਾ ਹੀ ਜੁਬਾਨੀ ਜਮ੍ਹਾਂ ਖਰਚ ਕਰਨ ਨਾਲ ਸੱਚਾ ਆਸ਼ਕ ਹੀ ਬਣਿਆ ਜਾਂਦਾ ਹੈ। ਜਿਸ ਸਰੀਰ ਵਿੱਚ ਵਿਛੋੜੇ ਦਾ ਸੱਲ ਪੈਦਾ ਨਹੀਂ ਹੁੰਦਾ ਭਾਵ ਜਿਸ ਮਨੁੱਖ ਦੇ ਦਿਲ ਵਿੱਚ ਪਿਆਰ ਲਈ ਬਿਰਹਾ ਦੀ ਚੋਭ ਨਹੀਂ ਹੁੰਦੀ ਉਸ ਨੂੰ ਮਸਾਨ ਭੂਮੀ ਜਾਂ ਕਬਰਸਤਾਨ ਦੇ ਬਰਾਬਰ ਖਿਆਲ ਕਰਨਾ ਚਾਹੀਦਾ ਹੈ ਜਿਵੇਂ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥[63]

ਇਸੇ ਸਲੋਕ ਦੇ ਸਬੰਧ ਵਿੱਚ ਡਾ. ਪਰਬਜੀਤ ਕੌਰ ਲਿਖ਼ਦੇ ਹਨ, 'ਹੇ ਫ਼ਰੀਦ! ਲੋਕ ਰੱਬੀ ਵਿਛੋੜੇ ਭਾਵ ਪ੍ਰੇਮ ਵਿਛੋੜੇ ਨੂੰ ਨਿੰਦਦੇ ਹਨ, ਪਰੰਤੂ ਇਹ ਪ੍ਰੇਮ-ਪੀੜ੍ਹਾ ਹੀ ਤਾਂ ਸਭ ਦੀ ਸਿਰਤਾਜ ਹੈ। ਜਿਸ ਸਰੀਰ ਅੰਦਰ ਇਸ ਪ੍ਰੇਮ ਦੀ ਤੜਫ਼ ਨਹੀਂ ਉਪਜਦੀ, ਉਹ ਸਰੀਰ ਮੁਰਦਿਆਂ ਸਮਾਨ ਹਨ। ਪ੍ਰਭੂ-ਪ੍ਰੀਤਮ ਲਈ ਉਪਜੀ ਤੜਫ਼ ਹੀ ਜੀਵ ਆਤਮਾ ਨੂੰ ਉਸ ਸ਼ਕਤੀ ਤੱਕ ਲਿਜਾ ਸਕਦੀ ਹੈ। ਪ੍ਰਭੂ ਪ੍ਰੇਮ ਤੋਂ ਵਿਛੁੰਨਾ ਵਿਅਕਤੀ ਕਦੇ ਵੀ ਉਸ ਦੇ ਮਿਲਾਪ ਨੂੰ ਪ੍ਰਾਪਤ ਨਹੀਂ ਕਰ ਸਕਦਾ।'[64] ਅਧਿਆਤਮਿਕ ਬਿਰਹਾ ਵੇਦਨਾ ਵਾਲਾ ਫ਼ਰੀਦ ਬਾਣੀ ਦਾ ਇਹ ਅਮਰ ਸਲੋਕ ਸਮੁੱਚੇ ਪੰਜਾਬੀ ਸੂਫ਼ੀ ਕਾਵਿ ਵਿੱਚ ਬਿਰਹਾ ਕੀ ਹੈ ਜਿਹੇ ਅਤਿ ਸੂਖ਼ਮ ਤੇ ਕੋਮਲ ਭਾਵ ਦੇ ਮਨੁੱਖੀਕਰਨ ਦਾ ਇਹ ਪਹਿਲਾ ਤੇ ਅਨੂਠਾ ਉਦਾਹਰਨ ਹੈ। ਬਿਰਹੋਂ ਤੋਂ ਉਪਜੀ ਵੇਦਨਾ ਇਸ਼ਕ ਹਕੀਕੀ ਦਾ ਇੱਕ ਜ਼ਰੂਰੀ ਹਿੱਸਾ ਹੈ ਕਿਉਂਕਿ ਪ੍ਰੇਮ ਦੇ ਖੇਤਰ ਵਿੱਚ ਪ੍ਰੇਮੀ ਪਾਤਰਾਂ ਦੇ ਆਪਸੀ ਮਿਲਣ ਦਾ ਕੋਈ ਸਥਾਈ ਨਿਯਮ ਨਹੀਂ ਹੁੰਦਾ। ਫ਼ਰੀਦ ਬਾਣੀ ਵਿੱਚ ਬਿਰਹਾ-ਸੁਤਲਾਨ ਨੂੰ ਇਸ ਲਈ ਜੀਵਨ ਦਾਤੇ ਦੇ ਰੂਪ ਵਿੱਚ ਸਵੀਕਾਰਿਆ ਗਿਆ ਹੈ ਕਿਉਂਕਿ ਇਹ ਪੀੜ੍ਹਾਦਾਇਕ ਅਤੇ ਦੁੱਖਦਾਇਕ ਹੋਣ ਦੇ ਉਪਰੰਤ ਵੀ ਪ੍ਰਭੂ ਨਾਲ ਮਿਲਣ ਦੀ ਆਸ ਨੂੰ ਸਮਾਪਤ ਨਹੀਂ ਹੋਣ ਦਿੰਦਾ ਸਗੋਂ ਹੋਰ ਤਿਖ਼ੇਰਾ ਕਰਦਾ ਹੈ। ਸੱਚਾ ਪ੍ਰੇਮੀ ਬਿਰਹੋਂ ਦੀ ਅੱਗ ਵਿੱਚ ਸੜ-ਭੁੱਜ ਕੇ ਵੀ ਪ੍ਰੇਮ-ਪੰਧ ਤੋਂ ਥਿੜਕਦਾ ਨਹੀਂ। ਪ੍ਰਭੂ ਤੋਂ ਵਿਛੋੜੇ ਦੀ ਵੇਦਨਾ ਕਾਰਨ ਸੂਫ਼ੀ ਸਾਧਕ ਦੇ ਸਰੀਰ ਵਿੱਚ ਰੱਤੀ ਮਾਸਾ ਰੱਤ ਨਹੀਂ ਰਹਿੰਦੀ, ਸਰੀਰ ਹੱਡੀਆਂ ਦਾ ਇੱਕ ਢਾਂਚਾ ਬਣ ਕੇ ਰਹਿ ਜਾਂਦਾ ਹੈ, ਬਿਰਹੋਂ ਦੀ ਅੱਗ ਵਿੱਚ ਤਨ ਤੰਦੂਰ ਵਾਂਗ ਅਤੇ ਹੱਡੀਆਂ ਬਾਲਣ ਵਾਂਗ ਬਲਦੀਆਂ ਹਨ ਅਤੇ ਦੁਰਬਲ ਸਰੀਰ 'ਤੇ ਚਿੰਮੜੇ ਥੋੜ੍ਹੇ ਬਹੁਤੇ ਸੁੱਕੇ ਮਾਸ ਨੂੰ ਵੀ ਕਾਂ ਜਿਹੇ ਮਾਸ ਖੋਰੇ ਪੰਛੀ ਚੂੰਡ-ਚੂੰਡ ਕੇ ਖ਼ਾ ਜਾਂਦੇ ਹਨ, ਪਰ ਫਿਰ ਵੀ ਪ੍ਰਭੂ ਮਿਲਣ ਦੀ ਆਸ ਵਿੱਚ ਉਸ ਦਾ ਨਿਹਚਾ ਤੇ ਯਕੀਨ ਨਹੀ ਡੋਲਦਾ :-

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥ [65]

ਸੂਫੀ ਦਰਸ਼ਨ ਵਿੱਚ ਬਿਰਹੋਂ ਵੇਦਨਾ ਦਾ ਮਹੱਤਵ ਇਸ ਲਈ ਵੀ ਹੈ ਕਿਉਂਕਿ ਇਹ ਸੂਫੀ ਸਾਧਕ ਦੇ ਮਨ ਦੇ ਸਾਰੇ ਵਿਕਾਰਾਂ ਦਾ ਨਾਸ ਕਰਕੇ ਉਸਨੂੰ ਸ਼ੁੱਧ ਤੇ ਪਵਿੱਤਰ ਬਣਾ ਦਿੰਦੀ ਹੈ ਅਤੇ ਉਸ ਦੀ ਰੂਹ ਤੋਂ ਪਾਪਾਂ ਦੀ ਕਾਲ਼ਖ਼ ਨੂੰ ਧੋ ਕੇ ਉਸਨੂੰ ਨਿਰਮਲ ਕਰ ਦਿੰਦੀ ਹੈ। ਮਨ ਦੀ ਪਵਿੱਤਰਤਾ, ਬੁੱਧੀ ਦੀ ਸ਼ੁੱਧਤਾ ਅਤੇ ਆਤਮਾ ਦੀ ਨਿਰਮਲਤਾ ਕਾਰਨ ਹੀ ਸੂਫੀ ਸਾਧਕ ਪ੍ਰਭੂ ਨੂੰ ਮਿਲਣ ਦੇ ਯੋਗ ਹੁੰਦਾ ਹੈ। ਬਿਰਹੋਂ ਦੀ ਅੱਗ ਵਿੱਚ ਤਪ ਕੇ ਉਹ ਇਤਨਾ ਖ਼ਰਾ ਹੋ ਜਾਂਦਾ ਹੈ ਕਿ ਨਾ ਤਾਂ ਉਸਨੂੰ ਪ੍ਰਭੂ ਪ੍ਰਾਪਤੀ ਵਾਲੀ ਮੰਜ਼ਿਲ ਦੂਰ ਦਿੱਸਦੀ ਹੈ, ਨਾ ਹੀ ਉਸ ਨੂੰ ਗਲੀਆਂ ਦੇ ਚਿੱਕੜ ਦੀ ਕੋਈ ਪ੍ਰਵਾਹ ਹੁੰਦੀ ਹੈ ਅਤੇ ਨਾ ਹੀ ਮੂਸਲੇਧਾਰ ਮੀਂਹ ਕਾਰਨ ਆਪਣੀ ਕੰਬਲੀ ਦੇ ਭਿੱਜ ਜਾਣ ਦਾ ਡਰ ਹੁੰਦਾ ਹੈ। ਉਹ ਅਡੋਲ ਸੱਜਣ ਨਾਲ ਲਾਏ ਨੇਹੁ ਨੂੰ ਨਿਭਾਉਂਦੇ ਹੋਏ ਅੰਤ ਉਸਨੂੰ ਪ੍ਰਾਪਤ ਕਰਕੇ ਉਸ ਨਾਲ ਇੱਕਮਿਕ ਹੋ ਜਾਂਦਾ ਹੈ :-

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥[66]

ਫ਼ਰੀਦ ਬਾਣੀ ਦਾ ਅਨੂਠਾ ਪ੍ਰਵਚਨ ਮੁਹੱਬਤ ਹੈ। ਫ਼ਰੀਦ ਕਾਵਿ ਬੁਨਿਆਦੀ ਤੌਰ ’ਤੇ ਪਿਆਰ ਕਾਵਿ ਹੈ। ਪਿਆਰ ਵਿੱਚ ਵਿਛੋੜੇ ਦੀ ਹਾਲਤ ਦਾ ਵਿਵਰਣ ਹੈ। ਇਸ ਵਿੱਚਲੇ ਪਿਆਰ ਸੰਬੰਧ ਦਾ ਬੁਨਿਆਦੀ ਰੂਪਕ ਧਨ-ਪਿਰ ਵਾਲਾ ਹੈ। ਇੱਥੇ ਜੀਵ ਇਸਤਰੀ ਜਗਿਆਸੂ ਹੈ ਤੇ ਪ੍ਰਭੂ ਪ੍ਰੀਤਮ ਨਾਲ ਮਿਲਾਪ ਉਸਦੀ ਇੱਛਤ ਸਥਿਤੀ ਹੈ। ਸੂਫੀ ਕਵੀਆਂ ਨੇ ਇਸ ਪ੍ਰੇਮ ਸੰਬੰਧ ਨੂੰ ਜੀਵ ਇਸਤਰੀ ਵਲੋਂ ਪ੍ਰਭੂ-ਪ੍ਰੀਤਮ ਪ੍ਰਤੀ ਖਿੱਚ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਭਾਰਤੀ ਸਮਾਜ ਅਤੇ ਸੱਭਿਆਚਾਰ ਦੇ ਇਤਿਹਾਸ ਵਿੱਚ ਹੁਣ ਤੱਕ ਤਿੰਨ ਪ੍ਰਬੰਧ ਸਥਾਪਿਤ ਹੋਏ ਹਨ ਜਿਨ੍ਹਾਂ ਨੇ ਮਨੁੱਖ ਨੂੰ ਗੁਲ਼ਾਮ ਬਣਾਇਆ ਹੈ- 1 ਜਾਇਦਾਦੀ ਪ੍ਰਬੰਧ, 2 ਜਾਤ-ਪ੍ਰਥਾ, 3 ਪਿਤਰੀ ਪ੍ਰਬੰਧ। ਇਨ੍ਹਾਂ ਤਿੰਨ੍ਹਾਂ ਪ੍ਰਬੰਧਾਂ ਦਾ ਭਾਂਵੇਂ ਕੇਂਦਰ ਜਾਇਦਾਦੀ ਪ੍ਰਬੰਧ ਹੈ ਪਰ ਦੂਜੇ ਦੋ ਦਾ ਪਸਾਰ ਇਨ੍ਹਾਂ ਨਾਲ ਹੀ ਸਬੰਧਿਤ ਹੈ। ਪਿਤਰੀ ਅਤੇ ਮਾਤਰੀ ਸਮਾਜਾਂ ਦੀ ਟੱਕਰ ਵਿੱਚ ਔਰਤ ਹਾਰਦੀ ਆਈ ਹੈ। ਭਾਵੇਂ ਇਹ ਕੋਈ ਸਦੀਵੀ ਸੱਚਾਈ ਨਹੀਂ ਪਰ ਵਕਤੀ

ਹਕੀਕਤਾਂ ਇਹੋ ਦੱਸਦੀਆਂ ਹਨ। ਪਿਤਰੀ ਪ੍ਰਬੰਧ ਦੀ ਸਥਾਪਤੀ ਨਾਲ ਹੀ ਔਰਤ ਦੇ ਹਿੱਸੇ ਗ਼ੁਲਾਮੀ ਆ ਗਈ। ਫ਼ਰੀਦ ਕਾਵਿ ਤੋਂ ਪਹਿਲਾਂ ਔਰਤ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਨਾਥ-ਸਿੱਧ ਕਾਵਿ ਵਿੱਚ ਬਹੁਤ ਪ੍ਰਬਲ ਹੈ। ਸ਼ੇਖ ਫ਼ਰੀਦ ਤੋਂ ਪਹਿਲਾਂ ਪੰਜਾਬੀ ਕਾਵਿ ਵਿੱਚ ਔਰਤ ਦੀ ਮੁਹੱਬਤ ਦੇ ਪ੍ਰਵਚਨ ਦੀ ਅਣਹੋਂਦ ਦਿਖਾਈ ਦਿੰਦੀ ਹੈ। ਵੈਦਿਕ ਕਾਲ ਦੇ ਸਮੇਂ ਜੋ ਕੁੱਝ ਕੁ ਸੁਤੰਤਰਤਾ ਸੀ ਉਹ ਬਾਅਦ ਵਿੱਚ ਪੈਰੋ-ਪੈਰ ਲੋਪ ਹੁੰਦੀ ਗਈ। ਸਾਮੀ ਪਰੰਪਰਾ ਵਿੱਚ ਇਸਲਾਮ ਨੇ ਔਰਤ ਪ੍ਰਤੀ ਬਣੇ ਹੋਏ ਤੁਅੱਸਬ ਨੂੰ ਬਹੁਤ ਘਟਾਇਆ ਹੈ। ਪਰ ਇਹ ਸ਼ੇਖ ਫ਼ਰੀਦ ਹੀ ਸੀ ਜਿਸਦੀ ਕਵਿਤਾ ਵਿੱਚ ਔਰਤ ਮੁਹੱਬਤ ਦਾ ਵਕਤਾ ਤੇ ਪਰਵਕਤਾ ਬਣ ਕੇ ਬੋਲਦੀ ਹੈ। ਭਾਵੇਂ ਇਸ ਮੁਹੱਬਤ ਦਾ ਰੂਪ ਜ਼ਾਹਰਾ ਤੌਰ 'ਤੇ ਕੋਈ ਵੀ ਹੈ ਪਰ ਇਹ ਔਰਤ ਅਤੇ ਮਰਦ ਵਿੱਚ ਬਰਾਬਰੀ ਦੇ ਅਹਿਸਾਸ ਨੂੰ ਜਗਾਉਣ ਵਾਲਾ ਜਜ਼ਬਾ ਹੈ। ਮੁਹੱਬਤ ਦੇ ਇਸ ਵਾਤਾਵਰਣ ਵਿੱਚ ਬੰਦੇ ਦਾ ਬੰਦੇ ਨਾਲੋਂ ਵਿਯੋਗ ਮੁੱਕਦਾ ਹੈ। ਫ਼ਰੀਦ ਕਾਵਿ ਵਿੱਚ ਤਾਂਘਵਾਨ ਆਤਮਾ ਔਰਤ ਦੇ ਰੂਪ ਵਿੱਚ ਪੇਸ਼ ਹੋਈ ਹੈ। ਇਹ ਤੱਥ ਪੰਜਾਬੀ ਸੂਫੀ ਕਾਵਿ ਸੰਬੰਧੀ ਹੋਈ ਆਲੋਚਨਾ ਵਿੱਚ ਦ੍ਰਿੜ ਹੋ ਚੁੱਕਾ ਹੈ। ਇਹ ਪਿਆਰ ਖਿੱਚ ਕੇਵਲ ਮੁਹਾਵਰੇ ਦੇ ਤੌਰ 'ਤੇ ਨਹੀਂ ਹੈ ਸਗੋਂ ਇਸ ਦਾ ਨਾਰੀ ਦੇ ਸਮੁੱਚੇ ਅਨੁਭਵ ਸੰਸਾਰ ਦੀ ਵਿਲੱਖਣਤਾ ਨਾਲ ਗਹਿਰਾ ਰਿਸ਼ਤਾ ਹੈ। ਫ਼ਰੀਦ ਕਾਵਿ ਵਿੱਚ ਇਹ ਰਿਸ਼ਤਾ ਮੁੱਖ ਰੂਪ ਵਿੱਚ ਦੋਨਾਂ ਪੱਧਰਾਂ 'ਤੇ ਪੇਸ਼ ਹੋਇਆ ਹੈ – ਔਰਤ ਦਾ ਬਿਰਹਾ ਅਤੇ ਔਰਤ ਦੇ ਬਿਰਹੋਂ ਦਾ ਤਨਮੂਲਕ ਪਸਾਰ।

ਫ਼ਰੀਦ ਕਾਵਿ ਵਿੱਚ ਔਰਤ ਦੇ ਮਨ ਦਾ ਬਿਰਹਾ ਉਸਦੀ ਆਤਮਾ ਵਿੱਚੋਂ ਫੁੱਟੇ ਹੋਏ ਪ੍ਰੇਮ ਦਾ ਰੂਪ ਹੈ ਜੋ ਵੈਣਿਕ ਰੂਪ ਧਾਰ ਜਾਂਦਾ ਹੈ। ਮਨੁੱਖ ਦੀ ਪਰਿਭਾਸ਼ਾ ਇੱਥੇ ਆ ਕੇ ਬਦਲਦੀ ਹੈ। ਫ਼ਰੀਦ ਦੀ ਕਵਿਤਾ ਵਿੱਚ ਮਨੁੱਖ ਜਾਨਦਾਰ ਜੀਵਾਂ ਵਿੱਚੋਂ ਹੀ ਇੱਕ ਜੀਵ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਉਹ ਪ੍ਰਕਿਰਤੀ ਵਿੱਚੋਂ ਸਾਹਮਣੇ ਆਇਆ ਮਾਨਵੀ ਰੂਪ ਹੈ। ਇਸ ਮਾਨਵੀ ਰੂਪ ਦੀ ਵਕਤਾ ਇਸਤਰੀ ਹੈ। ਸਮਾਜਿਕ ਵਿਯੋਗ ਅਤੇ ਵਿਤਕਰੇ ਦੀ ਸ਼ਿਕਾਰ ਹੋਣ ਕਾਰਨ ਔਰਤ ਵਿੱਚ ਇਸ ਬਿਰਹੋਂ ਦਾ ਜਾਗਣਾ ਸੁਭਾਵਿਕ ਅਤੇ ਸੰਭਵ ਹੈ। 'ਮਨੁੱਖ ਜਦੋਂ ਇਸਤਰੀ ਰੂਪ ਵਿੱਚ ਪ੍ਰੇਮ ਦੇ ਜਜ਼ਬੇ ਦੇ ਅਧੀਨ ਆਉਂਦਾ ਹੈ ਤਾਂ ਉਸਨੂੰ ਆਪਣਾ ਪੁਰਸ਼ ਰੂਪ ਅਥਵਾ ਆਪਣੀ ਮਰਦਾਨਗੀ ਦੇ ਮਾਣ ਨੂੰ ਆਪਣੇ ਆਪ ਤੋਂ ਬਾਹਰ ਰੱਖਣਾ ਪੈਂਦਾ ਹੈ। ਇਹ ਮਨੁੱਖ ਦੀ ਆਤਮਾ ਸ਼ੁੱਧੀ ਦਾ ਪਹਿਲਾ ਕਦਮ ਹੈ।

ਫ਼ਰੀਦ ਕਾਵਿ ਵਿੱਚ ਮਨੁੱਖ ਇਸਤਰੀ-ਹਿਰਦੇ ਵਿੱਚ ਕੇਵਲ ਰਸਮੀ ਤੌਰ ’ਤੇ ਨਹੀਂ ਬੈਠਦਾ ਸਗੋਂ ਉਹ ਇਸਤਰੀ ਦੀ ਸਰੀਰਕ ਅਤੇ ਮਾਨਸਿਕ ਅਵਸਥਾ ਨੂੰ ਹਾਸਲ ਕਰਕੇ ਆਪਣੇ ਮਨ ਨੂੰ ਪਰਵਰਤਿਤ ਕਰਦਾ ਹੈ। ਵਕਤਾ ਦੇ ਤੌਰ ‘ਤੇ ਉਸਦੀ ਭਾਸ਼ਾ ਬਦਲਦੀ ਹੈ। ਉਹ ਜਾਂਦਾ, ਕਰਦਾ, ਸੁੱਤਾ ਆਦਿ ਵਾਲੀ ਅਹੰਕਾਰ ਭਰੀ ਭਾਸ਼ਾ ਦੀ ਥਾਂ ਜਾਂਦੀ, ਕਰਦੀ, ਸੁੱਤੀ ਆਦਿ ਵਾਲੀ ਇਸਤਰੀ-ਲਿੰਗੀ ਭਾਸ਼ਾ ਵਰਤਦਾ ਹੈ।’[67] ਇੱਥੇ ਮਨੁੱਖ ਧਨ ਅਥਵਾ ਧਨਵੰਤੀ ਹੈ। ਇਸਤਰੀ ਰੂਪ ਵਿੱਚ ਉਸਦਾ ਜੀਵਨੀ ਮੂਲਕ ਅਤੇ ਸਵੈ ਜੀਵਨੀ ਮੂਲਕ ਬਿਰਤਾਂਤ ਸਿਰਜਿਆ ਗਿਆ ਹੈ। ਇਹ ਉਸਦਾ ਵਿਯੋਗ ਹੀ ਹੈ ਜਿਹੜਾ ਮੌਤ-ਵਿਆਹ ਦਾ ਰੂਪਕ ਧਾਰਦਾ ਹੈ। ਇਹ ਗੱਲ ਠੀਕ ਹੈ ਕਿ ਪਰਮਾਤਮਾ ਨੇ ਆਦਮ-ਜਾਤ ਨੂੰ ਬਾਕੀ ਕੁੱਲ ਮਖ਼ਲੂਕ ਨਾਲੋਂ ਜਿਆਦਾ ਅਕਲ ਦਿੱਤੀ ਹੈ, ਜਿਸ ਦੇ ਕਾਰਨ ਇਸ ਨੂੰ ਅਸ਼ਰਫੁਮਖ਼ਲੂਕਾਤ ਕਿਹਾ ਜਾਂਦਾ ਹੈ ਪਰ ਇਸ਼ਕ ਵਿੱਚ ਕੁੱਠੇ ਆਸ਼ਕ ਜਾਂ ਸੂਫੀ ਸਾਧਕ ਦੀ ਸਾਰੀ ਅਕਲ ਮਾਤ ਖਾ ਜਾਂਦੀ ਹੈ। ਮਾਤ ਖਾਧੀ ਅਕਲ ਕੋਲ ਸਿਵਾਏ ਪਿਆਰੇ ਦੀ ਦੀਦ ਦੇ ਹੋਰ ਕੋਈ ਆਸਾ ਬਾਕੀ ਨਹੀਂ ਰਹਿੰਦਾ। ਇਸੇ ਆਸੇ ਦੀ ਪੂਰਤੀ ਲਈ ਉਹ ਸਦਾ ਸਿੱਕ ਮਹਿਸੂਸਦਾ ਹੈ। ਇਸ ਸਿੱਕ ਵਿੱਚੋਂ ਬਿਰਹੋਂ ਮਾਰੀ ਬਿਰਹਣ ਆਪਣੇ ਸ਼ਹੁ ਨੂੰ ਮੁੱਖ ਦਿਖਾਲਣ ਲਈ ਅਰਜ਼ੋਈ ਕਰਦੀ ਹੈ, ਵਾਸਤੇ ਪਾਉਂਦੀ ਹੈ। ਇਨ੍ਹਾਂ ਵਾਸਤਿਆਂ ਨੂੰ ਫ਼ਰੀਦ ਬਾਣੀ ਵਿੱਚ ਥਾਂ-ਪੁਰ-ਥਾਂ ਵੇਖਿਆ ਜਾ ਸਕਦਾ ਹੈ :-

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥[68]

ਇਹ ਬਿਰਹੋਂ ਦਾ ਰੋਗ ਹੈ ਜਿਹੜਾ ਕਿਸੇ ਸਥੂਲ ਹੋਂਦ ਰਾਹੀਂ ਸਰੀਰ ਨੂੰ ਲੱਗਦਾ ਹੈ ਅਤੇ ਵਿਚਾਰੀ ਜ਼ਿੰਦੜੀ ਦੇ ਹੱਡਾਂ ਨੂੰ ਭੰਨ ਕੇ ਭਾਵ ਕਈ ਤਰ੍ਹਾਂ ਦੇ ਰੋਗ ਲਾ ਕੇ ਨਿਤਾਣੀ ਕਰਕੇ ਸਰੀਰ ਵਿੱਚੋਂ ਕੱਢ ਕੇ ਲੈ ਜਾਂਦਾ ਹੈ। ਜੀਵ ਔਰਤ ਦਾ ਹੀ ਰੂਪ ਹੈ ਜਿਹੜਾ ਫ਼ਰੀਦ ਬਾਣੀ ਵਿੱਚ ਪੇਸ਼ ਹੋਇਆ ਮੈਟਾਫ਼ਰ ਹੈ ਜਿਸ ਰਾਹੀਂ ਬਾਬਾ ਫ਼ਰੀਦ ਆਪਣੀ ਗੱਲ ਰੱਖਣ ਲਈ ਧਰਾਤਲ ਦਾ ਨਿਰਮਾਣ ਕਰਦੇ ਹਨ। ਔਰਤ ਇਸ ਮੈਟਾਫ਼ਰ ਰਾਹੀਂ ਵਿਨਾਸ

ਪ੍ਰਕਿਰਿਆ ਵਿੱਚੋਂ ਨਿਕਲਦੀ ਹੋਈ ਵਿਆਹ ਪ੍ਰਕਿਰਿਆ ਵਿੱਚ ਤਬਦੀਲ ਹੁੰਦੀ ਵਿਖਾਈ ਗਈ ਹੈ। ਇਹ ਉਸਦੀ ਸਥਿਤੀ ਦਾ ਪਹਿਲੀ ਸਥਿਤੀ ਨਾਲੋਂ ਗੁਣਾਤਮਕ ਅੰਤਰ ਹੈ, ਜਿਹੜਾ ਉਸਦੇ ਵਸਲ ਦੇ ਭਾਵਾਂ ਨੂੰ ਹੋਰ ਤਿੱਖਾ ਕਰਕੇ ਨੇੜੇ ਕਰ ਦਿੰਦਾ ਹੈ। ਬਾਬਾ ਫ਼ਰੀਦ ਤੋਂ ਪਹਿਲਾਂ ਪੰਜਾਬੀ ਸਾਹਿਤ ਵਿੱਚ ਮਿਲਦਾ ਨਾਥ ਜੋਗੀਆਂ ਦਾ ਸਾਹਿਤ ਇਸ ਗੱਲ ਉੱਪਰ ਵਿਸ਼ੇਸ਼ ਜ਼ੋਰ ਦਿੰਦਾ ਸੀ ਕਿ ਔਰਤ ਬਾਘਣ ਦਾ ਰੂਪ ਹੁੰਦਾ ਹੈ ਭਾਵ ਮਰਦ ਨੂੰ ਉਸ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ ਕਿਉਂਕਿ ਔਰਤ ਹੀ ਹੈ ਜੋ ਮੁਕਤੀ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਔਰਤ ਦੀ ਸਮਾਜ ਵਿੱਚ ਸਥਿਤੀ ਮੌਤ ਦੇ ਸਮਾਨ ਸੀ। ਬਾਬਾ ਫ਼ਰੀਦ ਪਹਿਲੀ ਵਾਰ ਔਰਤ ਨੂੰ ਸਨਮਾਨਯੋਗ ਸਥਿਤੀ 'ਤੇ ਲੈ ਕੇ ਆਉਣ ਲਈ ਔਰਤ ਬਣ ਕੇ ਪਰਮਾਤਮਾ ਦੀ ਪ੍ਰਾਪਤੀ ਜਾਂ ਪਰਮਾਤਮਾ ਦੇ ਪਿਆਰ ਦੀ ਪ੍ਰਾਪਤੀ ਦਾ ਅਕਸ ਕਿਆਸਦੇ ਹਨ। ਇਸ ਕਿਆਸੇ ਗਏ ਅਕਸ ਵਿੱਚ ਭਾਂਵੇਂ ਔਰਤ ਦੀ ਸੰਵੇਦਨਕ ਸਥਿਤੀ ਦੀ ਵੀ ਮਹਿਸੂਸਣ ਪ੍ਰਕਿਰਿਆ ਲੁਕੀ ਹੋਈ ਹੈ, ਜਿਸ ਨੂੰ ਬਾਬਾ ਫ਼ਰੀਦ ਮੁੱਖ ਰੂਪ ਵਿੱਚ ਪੇਸ਼ ਕਰਨਾ ਚਾਹੁੰਦੇ ਹਨ। ਬਾਬਾ ਫ਼ਰੀਦ ਰਾਹੀਂ ਪਹਿਲੀ ਵਾਰ ਔਰਤ ਨੂੰ ਭਾਸ਼ਾ ਵਿੱਚ ਕਰਤਾ ਦੀ ਪਦਵੀ ਪ੍ਰਾਪਤ ਹੁੰਦੀ ਹੈ। ਇਸ ਕਰਤਾ ਪਦਵੀ ਦੇ ਕਾਰਨ ਹੀ ਉਹ ਆਪਣੇ ਸਵੈ ਦਾ ਇਜ਼ਹਾਰ ਕਰ ਸਕੀ ਹੈ। ਉਸ ਸਵੈ ਦਾ ਇਜ਼ਹਾਰ ਜਿਸ ਨੂੰ ਉਹ ਹੁਣ ਤੱਕ ਆਪਣੇ ਅੰਦਰ ਹੀ ਛੁਪਾ ਕੇ ਰੱਖ ਰਹੀ ਸੀ। ਇਸ ਨਾਲ ਉਸਦੀਆਂ ਦਮਿਤ ਭਾਵਨਾਵਾਂ ਦਾ ਪ੍ਰਗਟਾ ਵੀ ਪੰਜਾਬੀ ਕਾਵਿ ਦਾ ਵਿਸ਼ੇਸ਼ ਮੁਹਾਂਦਰਾ ਬਣ ਨਿੱਬੜਿਆ ਹੈ। ਇੱਥੇ ਜੀਵ ਆਤਮਾ ਇਸਤਰੀ ਰੂਪ ਵਿੱਚ ਅਤੇ ਇਸਤਰੀ ਜੀਵ ਆਤਮਾ ਨਾਲ ਏਕਾਧਿਕਾਰ ਰੂਪ ਵਿੱਚ ਕਵਿਤਾ ਵਿੱਚ ਮਾਣਤਾ ਪ੍ਰਾਪਤ ਕਰਦੀ ਹੋਈ ਆਪਣਾ ਉਚਾਰ ਸਿਰਜਦੀ ਹੈ। ਉਸਦੀ ਇਹ ਸਥਿਤੀ ਸਚਮੁੱਚ ਹੀ ਮੌਤ ਵਰਗੀ ਸੀ। ਇਸ ਨਿਰਜਿੰਦ ਸਥਿਤੀ ਤੋਂ ਉਹ ਵਿਆਹ ਵਰਗੀ ਚਾਵਾਂ ਖੁਸ਼ੀਆਂ ਭਰੀ ਸਥਿਤੀ ਵਿੱਚ ਬਦਲਦੀ ਹੈ। ਪਰ ਜੀਵ ਦੀ ਸਮੁੱਚੀ ਹੋਣੀ ਕਾਲ ਆਧਾਰਤ ਹੈ ਜਾਂ ਕਾਲ ਨਾਲ ਜੁੜੀ ਹੋਈ ਹੈ। ਕਾਲ ਵਿਸ਼ੇਸ਼ ਅਰਥਾਂ ਵਿੱਚ ਹੋਣੀ ਦਾ ਸੂਚਕ ਸ਼ਬਦ ਹੈ। ਬਾਬਾ ਫ਼ਰੀਦ ਹੋਣੀ ਸਿਰਜਦੇ ਹਨ। ਹੋਣੀ ਜਾਂ ਭਾਵੀ ਉਹ ਵਰਤਾਰਾ ਹੈ ਜਿਹੜਾ ਮਿਲਾਪ ਦੀ ਸਥਿਤੀ ਤੋਂ ਬਾਅਦ ਵਿਯੋਗ ਸਿਰਜਦਾ ਹੈ। ਇਹ ਇੱਕ ਵਸਤੂ ਸਥਿਤੀ ਹੈ ਕਿ ਮਨੁੱਖ ਦਾ ਜੀਵਨ ਜਨਮ ਅਤੇ ਮੌਤ ਦੇ ਦੋ ਦੰਦਿਆਂ ਦੇ ਵਿੱਚਕਾਰ ਹੈ। ਇਸ ਸਥਿਤੀ ਨੂੰ ਪ੍ਰੇਮ ਰੂਪ ਬਣਾ ਕੇ ਉਸਦੇ ਹੋਣ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਇਹ ਪ੍ਰਸੰਗ ਮਨੁੱਖ ਦੇ ਜੀਵਨ

ਦੇ ਅਮਲ ਅਤੇ ਸਦਾਚਾਰ ਦੇ ਪਹਿਲੂ ਨਾਲ ਜਾ ਕੇ ਜੁੜ ਜਾਂਦਾ ਹੈ। ਪ੍ਰੇਮ ਵਿੱਚ ਔਰਤ ਦੀ ਬਿਹਬਲਤਾ ਹੈ। ਇਸ ਦੁਨਿਆਵੀ ਪ੍ਰੇਮ ਦੀ ਅਧਿਆਤਮਿਕ ਰੂਪ ਵਿੱਚ ਤਬਦੀਲੀ ਕਰਕੇ ਬਾਬਾ ਫ਼ਰੀਦ ਇਸ ਨੂੰ ਅਧਿਆਤਮ ਪ੍ਰਸੰਗ ਵਿੱਚ ਵਰਤਦੇ ਹਨ। ਪਰ ਫਿਰ ਵੀ ਇਹ ਆਪਣਾ ਦੁਨਿਆਵੀ ਖ਼ਾਸਾ ਨਹੀਂ ਛੱਡਦਾ। ਔਰਤ ਮਿਲਣ ਵਾਸਤੇ ਜਾਣ ਨਾ ਜਾਣ ਦੀ ਦੁਚਿੱਤੀ ਵਿੱਚੋਂ ਨਿਕਲ ਆਉਂਦੀ ਹੈ। ਫ਼ਰੀਦ ਨੇ ਦੁਚਿੱਤੀ ਦੀ ਖੇਡ ਰਚਾਈ ਹੀ ਇਸ ਮਨ ਨੂੰ ਦੁਚਿੱਤੀ ਵਿੱਚੋਂ ਕੱਢਣ ਵਾਸਤੇ ਹੈ ਕਿਉਂਕਿ ਵਿਛੋੜੇ ਦਾ ਸੱਲ ਇਤਨਾ ਜ਼ਬਰਦਸਤ ਝੱਖੜ ਹੈ ਜੋ ਹਨੇਰੀ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ ਅਤੇ ਅਕਲ ਦੇ ਸਾਰੇ ਦੀਵੇ ਬੁਝਾ ਦਿੰਦਾ ਹੈ। ਫ਼ਰੀਦ ਕਾਵਿ ਵਿੱਚ ਮਨੁੱਖ ਆਪਣੀ ਸਾਰੀ ਵਿਆਕੁਲਤਾ ਸਹਿਤ ਔਰਤ ਰੂਪ ਅਧੀਨ ਪ੍ਰੇਮ ਮਾਰਗ ਦਾ ਪਾਂਧੀ ਬਣਦਾ ਹੈ। ਪ੍ਰੇਮ ਵੀ ਇੱਕ ਮਾਰਗ ਹੈ ਜੋ ਬਾਕੀ ਮਾਰਗਾਂ ਦਾ ਬਦਲ ਹੈ। ਮਨੁੱਖੀ ਆਤਮਾ ਨੂੰ ਔਰਤ ਦਾ ਰੂਪ ਦੇ ਕੇ ਮੌਤ ਵਰਗੀ ਸਥਿਤੀ ਨੂੰ ਵਿਆਹ ਵਰਗੀ ਸਥਿਤੀ ਵਿੱਚ ਬਦਲ ਦਿੱਤਾ ਗਿਆ ਹੈ। ਪਿਆਰ ਮਨੁੱਖ ਦਾ ਮੂਲ ਜਜ਼ਬਾ ਹੈ। ਇਹ ਮੂਲ ਜਜ਼ਬਾ ਸਿਰਫ਼ ਇਸ ਪ੍ਰਸੰਗ ਵਿੱਚ ਹੀ ਪੇਸ਼ ਨਹੀਂ ਹੋਇਆ ਸਗੋਂ ਇਸਦੇ ਹੋਰ ਵੀ ਬਹੁਤ ਸਾਰੇ ਪਸਾਰ ਹਨ। ਸ਼ੇਖ ਫ਼ਰੀਦ ਦੀ ਰਚਨਾ ਵਿੱਚ ਵਿਯੋਗ ਤੋਂ ਵਸਲ ਵੱਲ ਭਾਵ ਮੁਕਤੀ ਦੀ ਦਿਸ਼ਾ ਵੱਲ ਸੰਕੇਤਕ ਰੂਪ ਵਿੱਚ ਕਾਰਜ ਵਾਪਰਦਾ ਦਿਖਾਇਆ ਗਿਆ ਹੈ। ਫ਼ਰੀਦ ਬਾਣੀ ਵਿੱਚ ਆਤਮਾ ਪਰਮਾਤਮਾ ਲਈ ਧਨ ਪਿਰ ਦੀ ਰੂਪਕ ਰਚਨਾ ਹੋਈ ਹੈ, ਇਸ ਲਈ ਇੱਥੇ ਔਰਤ ਆਪਣੇ ਜਜ਼ਬੇ ਦੇ ਪੂਰੇ ਵੇਗ ਸਹਿਤ ਦ੍ਰਿਸ਼ਟਮਾਨ ਹੋਈ ਹੈ। ਇਸ ਸੰਬੰਧ ਵਿੱਚ ਵਸਲ ਦੇ ਵੇਰਵੇ ਵੀ ਹਨ ਪਰ ਜਿਆਦਾ ਵਰਨਣ ਔਰਤ ਰੂਪ ਵਿੱਚ ਮਨੁੱਖ ਦੀ ਤੜਫ਼ ਦਾ ਹੀ ਹੋਇਆ ਹੈ। ਬਿਰਹਣ ਰੂਪ ਵਿੱਚ ਵਿਚਰ ਰਹੀ ਔਰਤ ਸਾਧਾਰਨ ਮਨੁੱਖ ਦੀ ਹੋਣੀ ਦੀ ਰਹਿਨੁਮਾਈ ਕਰਦੀ ਹੈ। ਇਸ ਬਾਣੀ ਵਿੱਚ ਔਰਤ ਪੂਰੀ ਬਿਹਬਲਤਾ ਸਦਕਾ ਆਪਣੀ ਤੜਫ਼ ਨੂੰ ਦਰਸਾਂਦੀ ਹੈ ਅਤੇ ਇਨ੍ਹਾਂ ਭਾਵਾਂ ਨਾਲ ਜੁੜਿਆ ਤੁਲਨਾਤਮਕ ਪਸਾਰ ਵੀ ਪੇਸ਼ ਹੋਇਆ ਹੈ :-

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥

ਬਾਵਲਿ ਹੋਈ ਸੋ ਸਹੁ ਲੋਰਉ ॥

ਤੈ ਸਹਿ ਮਨ ਮਹਿ ਕਿਆ ਰੋਸੁ ॥

ਮੁਝੁ ਅਵਗਨ ਸਹ ਨਾਹੀ ਦੋਸੁ ॥

ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥

ਜੋਬਨੁ ਖੋਇ ਪਾਛੈ ਪਛੁਤਾਨੀ ॥[69]

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥

ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥[70]

ਇਨ੍ਹਾਂ ਦੋਨਾਂ ਉਦਾਹਰਨਾਂ ਵਿੱਚ ਪ੍ਰੀਤ ਅਤੇ ਜੋਬਨ ਦਾ ਸੰਬੰਧ ਦਰਸਾਇਆ ਗਿਆ ਹੈ ਔਰਤ ਦੇ ਖਪਣ, ਲੁੱਛਣ ਅਤੇ ਪਛਤਾਵੇ ਵਿੱਚ ਹੱਥ ਮਰੋੜਣ ਦੀ ਬਿਹਬਲਤਾ ਤਾਂ ਪ੍ਰਗਟ ਹੋਈ ਹੀ ਹੈ ਨਾਲ ਹੀ ਔਰਤ ਆਪਣੇ ਕੰਤ ਨੂੰ ਕਸੂਰਵਾਰ ਨਾ ਦੱਸ ਕੇ ਆਪਣੇ ਹੀ ਅਵਗੁਣਾਂ ਦੀ ਗੱਲ ਕਰ ਰਹੀ ਹੈ। ਇਸ ਵਿੱਚ ਉਸ ਕੋਲੋਂ ਜੋ ਉਕਾਈ ਹੋਈ ਹੈ ਉਹ ਉਸਦੀ ਬਿਰਤਾਂਤਿਕ ਉਕਾਈ ਹੈ। ਪਿਆਰ ਦੀ ਜੋ ਤੀਬਰਤਾ ਜੋਬਨ ਰੁੱਤੇ ਹੁੰਦੀ ਹੈ ਉਹ ਬਾਅਦ ਵਿੱਚ ਨਹੀਂ ਹੁੰਦੀ। ਲੌਕਿਕ ਜੀਵਨ ਦੇ ਇਸ ਸੱਚ ਨੂੰ ਰੂਹਾਨੀ ਪੱਧਰ ‘ਤੇ ਅੱਗੇ ਲਿਜਾਇਆ ਗਿਆ ਹੈ। ਜੋਬਨ ਦੀ ਪ੍ਰੀਤ ਨੂੰ ਫ਼ਰੀਦ ਬਾਣੀ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਇਸ ਨਾਲ ਪ੍ਰੀਤ ਦੇ ਵਾਸਤਵਿਕ, ਕਾਇਕ ਅਥਵਾ ਤਨਮੂਲਕ ਅਨੁਭਵ ਪ੍ਰਗਟ ਹੋਏ ਹਨ। ਦੂਜੀ ਉਦਾਹਰਨ ਵਿੱਚ ਵੀ ਕੇਸਾਂ ਦੇ ਕਾਲਿਆਂ ਹੁੰਦਿਆਂ ਪ੍ਰੀਤ ਨੂੰ ਮਾਨਣ ਦੀ ਗੱਲ ਹੈ। ਫ਼ਰੀਦ ਕਾਵਿ ਵਿੱਚ ਜੋਬਨ ਅਤੇ ਪ੍ਰੀਤ ਸਮਾਨਅਰਥਕ ਹਨ। ਪ੍ਰੇਮ ਹੀ ਹੈ ਜੋ ਉਸਦੀ ਕਾਇਆ ਤੇ ਰੂਹ ਦੇ ਰੰਗ ਨੂੰ ਹਰ ਸਮੇਂ ਨਵਾਂ ਨਵੇਲਾ ਰੱਖਦਾ ਹੈ। ਪ੍ਰੀਤ ਦਾ ਇਹ ਪਸਾਰ ਇੱਕਸੁਰਤਾ ਤੇ ਭਾਵੁਕਤਾ ਦੇ ਅਜਿਹੇ ਮਾਹੌਲ ਦੀ ਰਚਨਾ ਕਰਦਾ ਹੈ ਜਿਸ ਨਾਲ ਮਨੁੱਖ ਪ੍ਰੇਮ ਸੰਬੰਧਾਂ ਤੋਂ ਬਿਨ੍ਹਾਂ ਹੋਰ ਕੋਈ ਭਾਵ ਮਨ ਵਿੱਚ ਨਾ ਆਉਣ ਦੇਵੇ। ਸਾਈਂ (ਪਰਮਾਤਮਾ) ਨਾਲ ਪ੍ਰੇਮ ਕਰਨ ਦਾ ਅਰਥ ਇਹੋ ਹੈ ਕਿ ਸਮੁੱਚੀ ਕਾਇਨਾਤ ਨਾਲ ਇਸ਼ਕ ਦਾ ਰਿਸ਼ਤਾ ਰੱਖਿਆ ਜਾਵੇ। ਸ਼ੇਖ ਫ਼ਰੀਦ ਦੀ ਰਚਨਾ ਵਿੱਚ ਔਰਤ ਦਾ ਬਿਰਹਾ ਪ੍ਰੇਮ ਭਾਵ ਤੋਂ ਇਲਾਵਾ ਔਰਤ ਨੂੰ ਔਰਤ ਵਜੋਂ, ਉਸਦੇ ਤਨ ਦੇ ਪਸਾਰ ਸਹਿਤ ਵਾਸਤਵਿਕ ਬਣਾ ਕੇ ਪੇਸ਼ ਕਰਦਾ ਹੈ। ਇਸ ਵਾਸਤਵਿਕਤਾ ਦੇ ਆਧਾਰ ‘ਤੇ ਹੀ ਪ੍ਰਤੀਕ ਦੀ ਉਸਾਰੀ ਹੋਈ ਹੈ। ਸ਼ੇਖ ਫ਼ਰੀਦ ਦੀ ਰਚਨਾ ਵਿੱਚ ਹੀ ਇਸਦੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ :-

ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥

ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥[71]

ਇਸ ਸ਼ਬਦ ਵਿੱਚ ਔਰਤ ਦੀ ਸਥਿਤੀ ਸਰੀਰਕ ਕਮਜ਼ੋਰੀ ਕਰਕੇ ਪਤਲੀ ਵਿਖਾਈ ਗਈ ਹੈ। ਇਸਦਾ ਭਾਵ ਇਹ ਹੈ ਕਿ ਸਮੇਂ ਨੂੰ ਸੰਭਾਲਣ ਨਾ ਕਰਕੇ ਸ਼ੁਰੂ ਵਿੱਚ ਹੀ ਜੋ ਜੀਵਨ ਮਾਰਗ ਚੁਣਿਆ ਗਿਆ ਉਹ ਰੱਬੀ ਪ੍ਰੇਮ ਦੇ ਮਾਰਗ ਦਾ ਵਿਰੋਧੀ ਸੀ। ਇਹੋ ਹੀ ਗੱਲ ਉਸਦੀ ਪਿਰ ਨੂੰ ਕਮਜ਼ੋਰ ਕਰਦੀ ਹੈ। ਇਸੇ ਲਈ ਉਸ ਨੂੰ ਪਰਮ-ਚੇਤਨਾ ਵੱਲੋਂ ਨਿੰਦਾ ਅਥਵਾ ਨਿਰਾਦਰੀ ਦੇ ਬੋਲ ਸਹਿਣੇ ਪੈਂਦੇ ਹਨ। ਦੁਧਾਥਣੀ ਦਾ ਸੰਕੇਤ ਔਰਤ ਦੀ ਬੱਚੇ ਪੈਦਾ ਕਰਨ ਸਮੇਂ ਦੀ ਅਵਸਥਾ ਨਾਲ ਹੈ ਜਦੋਂ ਉਸਦੇ ਥਣਾਂ ਵਿੱਚ ਦੁੱਧ ਆਉਂਦਾ ਹੈ। ਇਹ ਵੇਰਵਾ ਨਿਰੋਲ ਔਰਤ ਦੀ ਸਥਿਤੀ ਹੈ। ਇਹ ਵੇਰਵਾ ਇੰਨਾ ਵਾਸਤਵਿਕ ਲੱਗਦਾ ਹੈ ਕਿ ਇਸਦੇ ਪ੍ਰਤੀਕ ਤੱਕ ਜਾਣਾ ਛੇਤੀ ਸੰਭਵ ਨਹੀਂ ਹੁੰਦਾ। ਪ੍ਰੀਤਮ ਦੇ ਮਿਲਾਪ ਤੋਂ ਬਾਅਦ ਹੀ ਔਰਤ ਬੱਚਾ ਜਨਣ ਦੇ ਸਮਰੱਥ ਹੁੰਦੀ ਹੈ ਤੇ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਇਹ ਅਵਸਥਾ ਆਉਂਦੀ ਹੈ ਜੋ ਔਰਤ ਦੇ ਵਿਸ਼ੇਸ਼ ਤਨਮੂਲਕ ਅਨੁਭਵ ਨਾਲ ਸਬੰਧਿਤ ਹੈ। ਔਰਤ ਦੇ ਹਿਰਦੇ ਵਿੱਚ ਬੈਠ ਕੇ ਬੋਲਣ ਦੀ ਗੱਲ ਨਿਰਾ ਮੁਹਾਵਰਾ ਨਹੀਂ ਹੈ, ਸਗੋਂ ਨਾਰੀ ਸਥਿਤੀ ਨੂੰ ਨਾਰੀਮੁਖੀ ਸਰੀਰਕ ਅਨੁਭਵਾਂ ਸਮੇਤ ਮਹਿਸੂਸ ਕੀਤਾ ਗਿਆ ਹੈ। ਔਰਤ ਦੀ ਦੇਹ ਦੀ ਵਿਲੱਖਣਤਾ ਤੱਕ ਪਹੁੰਚਾਇਆ ਗਿਆ ਹੈ :-

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥

ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥[72]

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥[73]

ਉਪਰੋਕਤ ਸਲੋਕ ਵਿੱਚ ਬਿਰਹੋਂ ਦੀ ਤੀਬਰਤਾ ਅਤੇ ਪਿਆਰੇ ਨੂੰ ਮਿਲਣ ਦੇ ਉਪਾਅ ਦੋਨੋਂ ਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। ਬਿਰਹਣੀ ਆਤਮਾ ਦਾ ਪ੍ਰੀਤਮ ਨੂੰ ਮਿਲੇ ਬਿਨਾਂ ਵਿਲਕਣਾ ਉਨ੍ਹਾਂ ਦੇ ਵਿਸ਼ੇ ਪੱਖ ਨੂੰ ਧਰਾਤਲ ਪ੍ਰਦਾਨ ਕਰਦਾ ਹੈ। 'ਫ਼ਰੀਦ ਜੀ ਦੇ ਅੰਦਰ ਪ੍ਰਭੂ ਪ੍ਰੀਤਮ ਨੂੰ ਪ੍ਰਾਪਤ ਕਰ ਲੈਣ ਦਾ ਜਜ਼ਬਾ ਇਤਨਾ ਤੀਬਰ ਹੋ ਗਿਆ ਹੈ ਕਿ ਸੰਸਾਰ ਦੀਆਂ ਤੰਦਾਂ ਆਪ ਮੁਹਾਰੇ ਟੁੱਟਣ ਲੱਗ ਗਈਆਂ ਹਨ।'[74] ਔਰਤ ਦੇ ਬਿਰਹੇ ਨੂੰ

ਅੰਗ ਮੁੜੇ ਮੁੜਿ ਜਾਇ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਵੀ ਉਸਦੇ ਪ੍ਰੇਮ ਅਨੁਭਵ ਦਾ ਹੀ ਤਨਮੂਲਕ ਪਸਾਰ ਹੈ। ਇੱਥੇ ਜੋ ਔਰਤ ਜਾਂ ਦੂਜੇ ਸ਼ਬਦਾਂ ਵਿੱਚ ਜੋ ਮਨੁੱਖ ਪ੍ਰੇਮ ਦਾ ਸਮੁੱਚਾ ਵਾਸਤਵਿਕ ਅਨੁਭਵ ਮਹਿਸੂਸ ਨਹੀਂ ਕਰਦਾ, ਜੋ ਕਿ ਉਸਦੀ ਦੇਹ ਦੀਆਂ ਸਭਨਾਂ ਪਰਤਾਂ ਤੱਕ ਪਹੁੰਚਦਾ ਹੋਵੇ, ਉਹ ਪਰਵਾਨਯੋਗ ਨਹੀਂ ਹੈ। ਡੋਹਾਗਣ ਦੇ ਵਰਗ ਵਾਲੇ ਇਨਸਾਨ ਬਹੁਤ ਕੁੱਝ ਪ੍ਰਾਪਤ ਹੋਣ 'ਤੇ ਵੀ ਝੂਰਦੇ ਰਹਿੰਦੇ ਹਨ ਕਿਉਂਕਿ ਪ੍ਰੇਮ ਦੀ ਅਣਹੋਂਦ ਉਨ੍ਹਾਂ ਨੂੰ ਜੀਵਨ ਤੇ ਜਗਤ ਨਾਲ ਇੱਕਸੁਰ ਨਹੀਂ ਹੋਣ ਦਿੰਦੀ। ਜੋਬਨ ਅਤੇ ਪ੍ਰੀਤ ਦੇ ਆਪਸੀ ਰਿਸ਼ਤੇ ਨੂੰ ਇੱਕ ਹੋਰ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਜੋਬਨ ਅਤੇ ਸਰੀਰਕ ਫੱਬਤ ਮਨੁੱਖ ਵਿੱਚ ਹਉਮੈਂ ਪੈਦਾ ਕਰਦੇ ਹਨ। ਮਨੁੱਖ ਕੁਦਰਤ ਦੀਆਂ ਰਚਨਾਵਾਂ ਦੀਆਂ ਰਚਨਾਤਮਿਕ ਸ਼ਕਤੀਆਂ ਤੋਂ ਉਦੋਂ ਵਾਂਝਾ ਹੁੰਦਾ ਹੈ ਜਦੋਂ ਉਹ ਦਿਲੀ ਪ੍ਰੇਮ ਤੋਂ ਦੂਰ ਹੋ ਜਾਵੇ। ਇਸ ਸੰਬੰਧ ਵਿੱਚ ਸ਼ੇਖ ਫ਼ਰੀਦ ਜੀ ਦੇ ਦੋ ਸਲੋਕ ਵੇਖੇ ਜਾ ਸਕਦੇ ਹਨ :-

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥
ਜੋਬਨ ਜਾਂਦੇ ਨਾ ਡਰਾ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥[75]

ਇੱਥੇ ਦੇਹ ਤੋਂ ਤੁਰ ਕੇ ਪ੍ਰੇਮ ਦੀ ਅੰਤਰੀਵਤਾ ਤੱਕ ਪਹੁੰਚਿਆ ਗਿਆ ਹੈ। ਜ਼ਰੂਰੀ ਨਹੀਂ ਕਿ ਹਰ ਜੋਬਨ ਪ੍ਰੀਤ ਦਾ ਅਨੁਭਵ ਪ੍ਰਾਪਤ ਕਰ ਸਕੇ। ਜੋਬਨ ਦੁਵੱਲੀ ਚੀਜ਼ ਹੈ। ਇਸੇ ਤਰ੍ਹਾਂ ਬਾਹਰੀ ਸਜਾਵਟ ਵੀ ਅੰਦਰਲੇ ਸੱਚ ਦੀ ਅਣਹੋਂਦ ਵਿੱਚ ਬਿਰਥਾ ਹੈ। ਜਦੋਂ ਮਨੁੱਖ ਵਿਹਾਰ ਵਿੱਚ ਬੱਝਾ ਰਹੇ ਤਾਂ ਹੀ ਉਹ ਕੁਦਰਤ ਵਿੱਚ ਪੂਰਨ ਸੰਯੋਗ ਦੀ ਅਵਸਥਾ ਵਿੱਚ ਆ ਸਕਦਾ ਹੈ ਨਹੀਂ ਤਾਂ ਜਨਮ ਜਨਮ ਦਾ ਵਿਯੋਗ ਸਹਿੰਦਾ ਹੈ। ਸ਼ੁਰੂ ਤੋਂ ਚੱਲੀ ਆ ਰਹੀ ਵਸਤਾਂ ਸਾਂਭਣ ਵਾਲੀ ਰੁਚੀ ਦੇ ਵਿਰੋਧ ਵਿੱਚ ਸ਼ੇਖ ਫ਼ਰੀਦ ਪ੍ਰੇਮ ਦਾ ਇਹ ਪ੍ਰਵਚਨ ਰਚਦੇ ਹਨ। ਫ਼ਰੀਦ ਕਾਵਿ ਇੱਕ ਬੱਝਵੀਂ ਮਰਯਾਦਾ ਅੰਦਰ ਵਿਗਸਦਾ ਹੈ। ਓਪਰੀ ਨਜ਼ਰੇ ਤੱਕਿਆਂ ਉਸਦੇ ਕਾਵਿ ਪ੍ਰਵਚਨ ਵਿੱਚ ਘੋਰ ਨਿਰਾਸ਼ਾ ਦੇ ਬੱਦਲ ਛਾਏ ਦਿਖਦੇ ਹਨ, ਪਰ ਪਾਠਕ ਵਾਲੀ ਪਠਨ ਅਵਸਥਾ ਲੰਘ ਕੇ ਸਾਧਕ ਦ੍ਰਿਸ਼ਟੀ

ਅਪਣਾਉਣ 'ਤੇ ਇਹ ਘੋਰ ਨਿਰਾਸ਼ਾ ਦੇ ਬੱਦਲ ਬਿਰਹਾ ਦੇ ਬੱਦਲਾਂ ਵਿੱਚ ਪਰਿਵਰਤਿਤ ਹੋ ਜਾਂਦੇ ਹਨ ਜਿਨ੍ਹਾਂ ਤੋਂ ਅਗਾਂਹ ਮਿਲਾਪ ਦੀ ਅਵਸਥਾ ਜਾਂ ਮਿਲਾਪ ਦੇ ਤਾਂਘ ਦੀ ਅਵਸਥਾ ਹੈ :-

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ ॥

ਪੈਰੀ ਥਕਾ ਸਿਰਿ ਜੁਲਾ ਜੇ ਮੂੰ ਪਿਰੀ ਮਿਲੰਨਿ ॥ [76]

ਨਿਰਸੰਦੇਹ ਪੰਜਾਬੀ ਦੇ ਮੋਢੀ ਕਵੀ ਬਾਬਾ ਸ਼ੇਖ ਫ਼ਰੀਦ ਨੇ ਬਿਰਹਾ ਕਾਵਿ ਲਈ ਬੜੀ ਜ਼ਰਖ਼ੇਜ਼ ਭੋਇੰ ਤਿਆਰ ਕੀਤੀ ਹੈ। ਬਿਰਹਾ ਕਾਵਿ ਨੂੰ ਲੋਕਿਕਤਾ ਨਾਲੋਂ ਤੋੜ ਨਿਖੇੜ ਅਧਿਆਤਮਿਕਤਾ ਨਾਲ ਜੋੜਿਆ, ਜਿਸ ਨਾਲ ਆਉਣ ਵਾਲੇ ਗੁਰਮਤਿ ਕਾਵਿ ਵਿੱਚ ਬਿਰਹੋਂ ਦੀ ਅਭਿਵਿਅਕਤੀ ਹੋਣ ਲਈ ਧਰਾਤਲ ਤਿਆਰ ਹੋ ਗਿਆ। ਜਿਸ ਧਰਾਤਲ ਉੱਪਰ ਅਧਿਆਤਮਿਕਤਾ ਨੂੰ ਇਸ ਲੋਕਿਕਤਾ ਨਾਲ ਜੋੜਣ ਦੀ ਪ੍ਰਵਿਰਤੀ ਸ਼ੁਰੂ ਹੋਈ। ਇਸੇ ਪ੍ਰਵਿਰਤੀ ਨਾਲ ਅਧਿਆਤਮਿਕ ਸਾਹਿਤ ਲੋਕਾਂ ਦੇ ਮਾਨਸਿਕ ਪੱਧਰ ਜਾਂ ਜੀਵਨ ਪੱਧਰ ਦਾ ਹੋਇਆ।

**(ਕ) ਸਾਮੀ ਅਤੇ ਵੇਦਾਂਤ ਨਾਲ ਸਾਂਝ**

ਬਾਬਾ ਫ਼ਰੀਦ ਕਾਵਿ ਆਪਣੀ ਹੋਂਦ ਵਿਧੀ ਦੋ ਵੱਖ ਵੱਖ ਦਰਸ਼ਨਾਂ ਵਿੱਚੋਂ ਤਲਾਸ਼ ਕਰਦਾ ਹੈ। ਇਹ ਦੋ ਦਰਸ਼ਨ ਸਾਮੀ ਅਤੇ ਭਾਰਤੀ ਦਰਸ਼ਨ ਹਨ। ਫ਼ਰੀਦ ਜੀ ਇਨ੍ਹਾਂ ਦੋ ਵੱਖ ਵੱਖ ਸੱਭਿਆਚਾਰਕ ਪ੍ਰਵਚਨਾਂ ਵਿੱਚੋਂ ਆਪਣੀ ਗੱਲ-ਕੱਥ ਕਹਿਣ ਲਈ ਆਪਣੇ ਲਈ ਧਰਾਤਲ ਤਿਆਰ ਕਰਦੇ ਹਨ। ਬਾਬਾ ਫ਼ਰੀਦ ਕੋਲ ਸੂਫ਼ੀ ਕਾਵਿ ਦੀ ਵੱਡੀ ਪਰੰਪਰਾ ਆਧਾਰ ਰੂਪ ਵਿੱਚ ਪਹਿਲਾਂ ਤੋਂ ਮੌਜੂਦ ਸੀ ਜਿਸ ਪਰੰਪਰਾ ਦੀ ਸਾਰੀ ਰਚਨ ਸਮੱਗਰੀ ਦਾ ਆਧਾਰ ਸਾਮੀ ਦਰਸ਼ਨ ਸੀ। ਸਾਮੀ ਦਰਸ਼ਨ ਅਰਬੀ-ਫਾਰਸੀ ਦੇ ਪੁਰਾਤਨ ਗ੍ਰੰਥਾਂ ਖਾਸਕਰ ਕੁਰਾਨ, ਹਦੀਸਾਂ ਅਤੇ ਕਤੇਬਾਂ ਰਾਹੀਂ ਉੱਸਰਦਾ ਹੈ। ਕੁਰਾਨ ਵਿੱਚ ਕੁੱਲ ਮਖ਼ਲੂਕ ਦੇ ਉਪਜਣ ਦਾ ਆਧਾਰ ਆਦਮ ਅਤੇ ਹਵਾ ਦੀ ਕਥਾ ਰਾਹੀਂ ਰੂਪਮਾਨ ਹੁੰਦਾ ਹੈ। ਆਦਮ ਅਤੇ ਹਵਾ ਜਾਂ ਆਦਮ ਅਤੇ ਈਵ ਦੀ ਕਥਾ ਉਨ੍ਹਾਂ ਦੇ ਖੁਲ਼ਦ ਵਿੱਚੋਂ ਨਿਕਲਣ ਨਾਲ ਜੁੜੀ ਹੋਈ ਹੈ। ਇਸ ਕਥਾ ਅਨੁਸਾਰ ਆਦਮ ਅਤੇ ਹਵਾ ਖੁਲ਼ਦ ਵਿੱਚ ਰਿਹਾ ਕਰਦੇ ਸਨ। ਇੱਕ ਵਰਜਿਤ ਫ਼ਲ ਖਾਣ ਕਾਰਨ ਦੋਨਾਂ ਨੂੰ ਉੱਥੋਂ ਕੱਢ ਦਿੱਤਾ ਗਿਆ। ਜਿਸ ਤੋਂ ਬਾਅਦ ਉਹ ਧਰਤੀ ਉੱਤੇ ਆ ਗਏ ਅਤੇ ਇਸ ਦਿਸਦੇ ਜੀਵ ਸੰਸਾਰ ਦੀ ਸਿਰਜਣਾ ਵੱਲ ਨੂੰ ਜੁਟ ਗਏ। ਹੁਣ ਇਸ ਅਫ਼ਸਾਨੇ ਵਿੱਚ ਵਰਜਿਤ ਫ਼ਲ ਦੀ

ਪ੍ਰਾਪਤੀ ਦਿਸਦੇ ਜਾਂ ਅਦਿਸਦੇ ਪਰ ਅਪ੍ਰਾਪਤ ਦੀ ਪ੍ਰਾਪਤੀ ਜਾਂ ਪੂਰਤੀ ਨਾਲ ਜੁੜੀ ਹੋਈ ਹੈ। ਇਸ ਪ੍ਰਾਪਤੀ ਵਿੱਚੋਂ ਜੋ ਆਨੰਦ ਮਿਲਦਾ ਹੈ ਉਸ ਆਨੰਦ ਦੀ ਖ਼ਾਤਰ ਬਹਿਸ਼ਤ ਦਾ ਤਿਆਗ ਕੀਤਾ ਜਾ ਸਕਦਾ ਹੈ। ਇਹੋ ਸੰਕੇਤਕ ਰੂਪ ਵਿੱਚ ਸਾਮੀ ਸੱਭਿਅਤਾ ਜਾਂ ਸੱਭਿਆਚਾਰ ਵਿੱਚ ਇੱਕ ਮੁੱਖ ਮੁੱਲ ਵਿਧਾਨ ਬਣ ਗਿਆ ਕਿ ਪਿਆਰੇ ਦੀ ਪ੍ਰਾਪਤੀ ਖ਼ਾਤਰ ਕੁੱਝ ਵੀ ਕੁਰਬਾਨ ਕੀਤਾ ਜਾ ਸਕਦਾ ਹੈ। ਸਾਮੀ ਸੱਭਿਅਤਾ ਦੀਆਂ ਸਾਰੀਆਂ ਅਗਲੀਆਂ ਲਿਖਤਾਂ ਇਸੇ ਕਥਾ ਦਾ ਅਨੁਸਰਨ ਕਰਕੇ ਆਪਣੇ ਆਪ ਨੂੰ ਲੌਕਿਕ ਹੋਂਦ ਦਾ ਧਾਰਨੀ ਬਣਾਉਂਦੀਆਂ ਹਨ। ਇਸੇ ਹੀ ਸੰਦਰਭ ਵਿੱਚ ਬਾਬਾ ਫ਼ਰੀਦ ਦੀ ਬਾਣੀ ਵੀ ਦੇਖੀ ਜਾ ਸਕਦੀ ਹੈ ਜਦੋਂ ਬਾਬਾ ਫ਼ਰੀਦ ਜੀ ਪਿਆਰੇ ਦੀ ਪ੍ਰਾਪਤੀ ਖ਼ਾਤਰ ਜਾਂ ਵਸਲ ਦੀ ਘੜੀ ਖ਼ਾਤਰ ਕੰਬਲੀ ਦੇ ਭਿੱਜਣ ਦੀ ਪ੍ਰਵਾਹ ਕੀਤੇ ਵਗੈਰ ਤੁਰ ਪੈਣ ਲਈ ਬਜਿੱਦ ਹਨ :-

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥[77]

ਸਾਮੀ ਦਰਸ਼ਨ ਵਿੱਚ ਵਿਯੋਗ ਵਿੱਚ ਵਸਲ ਦੀ ਖਿੱਚ ਨੂੰ ਮਹਿਸੂਸ ਕਰਨ ਦੀ ਪ੍ਰਕਿਰਿਆ ਦਾ ਭਰਵੇਂ ਰੂਪ ਵਿੱਚ ਵਰਣਨ ਹੋਇਆ ਹੈ। ਸੂਫ਼ੀ ਸਾਧਕਾਂ ਨੇ ਇਸ ਨੂੰ ਲੌਕਿਕ ਪਿਆਰ ਦੀ ਥਾਵੇਂ ਅਧਿਆਤਮਿਕਤਾ ਨਾਲ ਜੋੜ ਕੇ ਇਸ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ। ਬਿਰਹਾ ਦੀ ਤੀਬਰਤਾ ਹੀ ਲੌਕਿਕ ਪਿਆਰ ਵਿੱਚ ਅਲੌਕਿਕਤਾ ਦਾ ਅਨੁਭਵ ਕਰਾਉਂਦੀ ਹੈ। ਬਿਰਹਾ ਪ੍ਰੇਮ ਦਾ ਤਪਿਆ ਹੋਇਆ ਥਲ ਹੈ। ਬਿਰਹਾ ਵੇਦਨਾ ਦੀ ਅਗਨੀ ਵਿੱਚ ਤਪ ਕੇ ਪ੍ਰੇਮ ਦੀ ਮਲੀਨਤਾ ਗਲ ਸੜ ਜਾਂਦੀ ਹੈ ਅਤੇ ਜੋ ਕੁੱਝ ਬਾਕੀ ਰਹਿ ਜਾਂਦਾ ਹੈ ਉਹ ਬਿਲਕੁਲ ਸ਼ੁੱਧ ਅਤੇ ਨਿਰਮਲ ਭਾਵ ਹੁੰਦਾ ਹੈ। ਸੂਫ਼ੀ ਸਾਧਕਾਂ ਨੇ ਸਾਮੀ ਦਰਸ਼ਨ ਦੀ ਇਸੇ ਪੱਧਤੀ ਦਾ ਅਨੁਸਰਣ ਕੀਤਾ ਹੈ।

ਵੇਦਾਂਤ ਅਨੁਸਾਰ ਵਿਯੋਗ ਸੰਯੋਗ ਦਾ ਉਹ ਪਹਿਲੂ ਹੈ ਜਿਹੜਾ ਇੱਛਤ ਫ਼ਲ ਦੀ ਪ੍ਰਾਪਤੀ ਨਾ ਹੋ ਸਕਣ ’ਤੇ ਪੈਦਾ ਹੁੰਦਾ ਹੈ। ਇਸ ਵਿਯੋਗ ਵਿੱਚੋਂ ਪੈਦਾ ਹੁੰਦੀ ਬਿਰਹਾ ਨੂੰ ਸ਼ਿੰਗਾਰ ਰਸ ਦੇ ਇੱਕ ਉਪਅੰਗ ਵਜੋਂ ਦੱਸਦਿਆਂ ਹੋਇਆਂ ਵਿਪ੍ਰਲੰਭ ਦਾ ਨਾਮ ਦਿੱਤਾ ਗਿਆ ਹੈ। ਕਾਵਿ ਸ਼ਾਸਤਰੀ ਪਰਿਪੇਖ ਅਨੁਸਾਰ ਵਿਯੋਗ ਦੀ ਹਾਲਤ ਵਿੱਚ

ਜੇਕਰ ਨਾਇਕ-ਨਾਇਕਾ ਵਿੱਚ ਪ੍ਰੇਮ ਹੋਵੇ ਤਾਂ ਉੱਥੇ ਵਿਪ੍ਰਲੰਭ ਰਸ ਹੁੰਦਾ ਹੈ। ਇਹ ਭਾਵੇਂ ਕਾਵਿ ਸ਼ਾਸਤਰੀ ਨੇਮਾਂ ਤਹਿਤ ਵਿਯੋਗ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਮਾਤਰ ਹੈ ਪਰ ਇੱਥੇ ਇਹ ਵੀ ਜ਼ਰੂਰ ਸ਼ਾਮਲ ਰਹਿੰਦਾ ਹੈ ਕਿ ਵਿਯੋਗ ਦੇ ਵੇਲੇ ਵੀ ਵਸਲ ਦੀ ਖਿੱਚ ਅਤੇ ਪ੍ਰੇਮ ਭਾਵ ਕਿਰਿਆਸ਼ੀਲ ਮਿਲਦੇ ਹਨ। ਇਹ ਪ੍ਰਤੀਰੂਪ ਵੇਦਾਂਤ ਤੋਂ ਆਇਆ ਪੈਟਰਨ ਹੈ ਤੇ ਹਿੰਦੂ ਧਾਰਮਿਕ ਅਕੀਦਿਆਂ ਰਾਹੀਂ ਅਭਿਵਿਅਕਤ ਹੁੰਦਾ ਆਇਆ ਹੈ। ਇਸ ਦੇ ਬੀਜ ਪੁਰਾਣ ਕਥਾਵਾਂ ਵਿੱਚ ਵੀ ਮਿਲਦੇ ਹਨ। ਕ੍ਰਿਸ਼ਨ ਭਗਤਾਂ ਵਿੱਚ ਰਾਧਾ ਤੇ ਕ੍ਰਿਸ਼ਨ ਦੀਆਂ ਪ੍ਰੇਮ ਲੀਲਾਵਾਂ ਨੇ ਇਸ ਪ੍ਰਤਿਰੂਪ ਨੂੰ ਨਿਖ਼ਾਰਿਆ ਤੇ ਬੌਧਿਕ ਅਰਥ ਪ੍ਰਦਾਨ ਕੀਤੇ। ਬਾਬਾ ਫ਼ਰੀਦ ਦੇ ਸਮੇਂ ਇਹ ਪ੍ਰਤੀਰੂਪ ਅਧਿਆਤਮਿਕ ਚਿੰਤਨ ਨਾਲ ਇੱਕ ਸੁਰ ਹੋ ਚੁੱਕਾ ਸੀ ਤੇ ਰਹੱਸਆਤਮਿਕ ਅਨੁਭੂਤੀ ਦਾ ਅੰਗ ਬਣ ਚੁੱਕਾ ਸੀ, ਜਿਸ ਨੂੰ ਉਹ ਲੌਕਿਕ ਬਿੰਬਾਂ ਰਾਹੀਂ ਦ੍ਰਿਸ਼ਟਮਾਨ ਕਰਦੇ ਹਨ :-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥[78]

ਬਾਬਾ ਫ਼ਰੀਦ ਬਾਣੀ ਰਾਹੀਂ ਜਿਸ ਦਰਸ਼ਨ ਨੂੰ ਉਸਾਰਨ ਦਾ ਯਤਨ ਕੀਤਾ ਗਿਆ ਹੈ ਉਸਦੇ ਬੀਜ ਰੂਪ ਵੇਦਾਂਤ ਅਤੇ ਸਾਮੀ ਦਰਸ਼ਨ ਵਿੱਚ ਪਏ ਹਨ, ਇਹ ਉਪਰੋਕਤ ਕਥਨਾਂ ਤੋਂ ਸਪੱਸ਼ਟ ਹੋ ਜਾਂਦਾ ਹੈ। ਨਾਲ ਹੀ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਬਾਬਾ ਫ਼ਰੀਦ ਜੀ ਨੇ ਆਪਣੇ ਤੋਂ ਪਹਿਲੇ ਫ਼ਲਸਫ਼ੇ ਨੂੰ ਅਧਿਆਤਮਿਕ ਰੰਗਣ ਦਿੰਦੇ ਹੋਏ ਇਸ ਨੂੰ ਨਵੇਂ ਅਰਥਾਂ ਵਿੱਚ ਰੂਪਮਾਨ ਕੀਤਾ ਹੈ। ਬੇਸ਼ੱਕ ਬਾਬਾ ਫ਼ਰੀਦ ਦੀ ਪਿੱਠ ਭੂਮੀ ਵਿੱਚ ਸਾਮੀ ਅਤੇ ਵੇਦਾਂਤ ਸਾਹਿਤ ਖੜੇ ਦਿਖਾਈ ਦਿੰਦੇ ਹਨ। ਪਰ ਫ਼ਰੀਦ ਬਾਣੀ ਸਾਮੀ ਅਤੇ ਵੇਦਾਂਤ ਦਾ ਅਨੁਸਰਣ ਮਾਤਰ ਨਹੀਂ ਹੈ, ਸਗੋਂ ਇਸ ਵਿੱਚ ਮੌਲਿਕਤਾ, ਨਵੀਨਤਾ ਤੇ ਸੱਜਰਾਪਣ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 241
2. ਉਹੀ, ਪੰਨਾ – 206
3. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਪੰਨਾ - 21
4. ਡਾ. ਤਾਰਨ ਸਿੰਘ, ਬਾਰਾਂਮਾਹ ਦਰਪਣ, ਪੰਨਾ – 19
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379
6. ਜਗਬੀਰ ਸਿੰਘ, ਬਾਣੀ ਸੰਸਾਰ: ਸਿਧਾਂਤ ਅਤੇ ਸਮੀਖਿਆ, ਪੰਨਾ – 35
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 96
8. ਡਾ. ਮਨਮੋਹਨ ਸਿੰਘ, ਬਾਬਾ ਫ਼ਰੀਦ : ਜੀਵਨ, ਸਮਾਂ ਤੇ ਰਚਨਾ, ਪੰਨਾ – 46
9. ਜੀ.ਐੱਨ. ਰਾਜਗੁਰੂ (ਸੰਪਾ.) ਨਾਟਯ ਸ਼ਾਸਤਰ, ਪੰਨਾ – 176
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 764
11. ਪੰਡਿਤ ਰਾਜ ਜਗਨ ਨਾਥ, ਰਸ ਗੰਗਾਧਰ ਨਾਗੇਂਦ੍ਰ ਕਾ ਟੀਕਾ, ਪੰਨਾ – 34
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 441
13. ਉਹੀ, ਪੰਨਾ – 96
14. ਉਹੀ, ਪੰਨਾ – 488
15. ਉਹੀ, ਪੰਨਾ – 58
16. ਉਹੀ, ਪੰਨਾ – 1107
17. ਉਹੀ, ਪੰਨਾ – 1108
18. ਉਹੀ, ਪੰਨਾ – 1108
19. ਉਹੀ, ਪੰਨਾ – 54

20. ਉਹੀ, ਪੰਨਾ – 787

21. ਵਜ਼ੀਰ ਸਿੰਘ, ਗੁਰੂ ਗ੍ਰੰਥ ਸਾਹਿਬ ਜੀ ਦੇ ਵਿਲੱਖਣ ਤੱਤ, ਪੰਨਾ – 90

22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 133

23. ਉਹੀ, ਪੰਨਾ – 134

24. ਉਹੀ, ਪੰਨਾ – 1425

25. ਉਹੀ, ਪੰਨਾ – 1364

26. ਉਹੀ, ਪੰਨਾ – 848

27. ਰਾਜਬੀਰ ਕੌਰ, ਗੁਰੂ ਤੇਗ ਬਹਾਦਰ: ਚਿੰਤਨ ਤੇ ਚੇਤਨਾ, ਪੰਨਾ – 46

28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 633

29. ਉਹੀ, ਪੰਨਾ – 1249

30. ਰਾਜਾ ਸਰ ਦਲਜੀਤ ਸਿੰਘ, ਜੀਵਨ ਗੁਰੂ ਤੇਗ ਬਹਾਦਰ ਜੀ, ਪੰਨਾ – 120

31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1428

32. ਉਹੀ, ਪੰਨਾ – 537

33. ਉਹੀ, ਪੰਨਾ – 684

34. ਉਹੀ, ਪੰਨਾ – 219

35. ਪ੍ਰੋ. ਰਾਮ ਸਿੰਘ , ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ, ਪੰਨਾ – 125

36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ– 1426

37. ਪ੍ਰੋ. ਰਾਮ ਸਿੰਘ , ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ, ਪੰਨਾ – 126

38. ਸ਼ਾਹ ਹੁਸੈਨ ਰਚਨਾਵਲੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ – 187

39. ਡਾ. ਜਗਬੀਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ – 129

40. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

41. ਉਹੀ, ਪੰਨਾ – 1379

42. ਡਾ. ਹਰਜਿੰਦਰ ਸਿੰਘ ਢਿੱਲੋਂ, ਕਲਾਮ ਸੁਲਤਾਨ ਬਾਹੂ, ਪੰਨਾ – 110

43. ਜੀਤ ਸਿੰਘ ਸੀਤਲ, ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ, ਪੰਨਾ – 102

44. ਉਹੀ, ਪੰਨਾ – 103

45. ਉਹੀ, ਪੰਨਾ – 85

46. ਉਹੀ, ਪੰਨਾ – 85

47. ਉਹੀ, ਪੰਨਾ – 107

48. ਡਾ. ਜਗਤਾਰ, ਬੁੱਲ੍ਹੇ ਸ਼ਾਹ ਜੀਵਨ ਅਤੇ ਰਚਨਾ, ਪੰਨਾ – 80

49. ਉਹੀ, ਪੰਨਾ – 63

50. ਉਹੀ, ਪੰਨਾ – 147

51. ਉਹੀ, ਪੰਨਾ – 77

52. ਜੀਤ ਸਿੰਘ ਸੀਤਲ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ – 50

53. ਉਹੀ, ਪੰਨਾ – 55

54. ਉਹੀ, ਪੰਨਾ – 35

55. ਉਹੀ, ਪੰਨਾ – 44

56. ਸ਼ਾਹ ਹੁਸੈਨ ਰਚਨਾਵਲੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ – 190

57. ਪ੍ਰੋ. ਬ੍ਰਹਮਜਗਦੀਸ਼ ਸਿੰਘ, ਸ਼ਬਦ ਤੇ ਸ਼ਲੋਕ ਬਾਬਾ ਸ਼ੇਖ ਫ਼ਰੀਦ ਵਿਚਾਰਧਾਰਾ ਅਤੇ ਪਾਠ, ਪੰਨਾ – 45

58. ਪ੍ਰੋ: ਪ੍ਰੀਤਮ ਸਿੰਘ, ਸ਼ਕਰਗੰਜ, ਪੰਨਾ – 65

59. ਭਗਤ ਸਿੰਘ ਵੇਦੀ, ਸੂਫੀ ਸਮਰਾਟ ਬਾਬਾ ਫ਼ਰੀਦ, ਪੰਨਾ – 105

60. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 794

61. ਉਹੀ, ਪੰਨਾ – 1379

62. ਡਾ. ਪਰਬਜੀਤ ਕੌਰ, ਸ਼ੇਖ ਫ਼ਰੀਦ ਬਾਣੀ ਚੇਤਨਾ ਤੇ ਪ੍ਰਵਾਹ, ਪੰਨਾ – 36

63. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

64. ਡਾ. ਪਰਬਜੀਤ ਕੌਰ, ਸ਼ੇਖ ਫ਼ਰੀਦ ਬਾਣੀ ਚੇਤਨਾ ਤੇ ਪ੍ਰਵਾਹ, ਪੰਨਾ – 37

65. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1382

66. ਉਹੀ, ਪੰਨਾ – 1379

67. ਜਗਜੀਤ ਸਿੰਘ, ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ, ਪੰਨਾ – 33

68. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1377

69. ਉਹੀ, ਪੰਨਾ – 794

70. ਉਹੀ, ਪੰਨਾ – 1378

71. ਉਹੀ, ਪੰਨਾ – 794

72. ਉਹੀ, ਪੰਨਾ – 794

73. ਉਹੀ, ਪੰਨਾ – 1379

74. ਡਾ. ਰਾਜਿੰਦਰ ਪਾਲ ਸਿੰਘ, ਫ਼ਰੀਦ ਬਾਣੀ ਸੰਵਾਦ ਤੇ ਸਮੀਖਿਆ, ਪੰਨਾ – 44

75. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

76. ਉਹੀ, ਪੰਨਾ – 1384

77. ਉਹੀ, ਪੰਨਾ – 1379

78. ਉਹੀ, ਪੰਨਾ – 1379

# ਅਧਿਆਇ ਤੀਸਰਾ

## ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਵੈਰਾਗ ਦਾ ਸੰਕਲਪ

ਗੁਰਮਤਿ ਕਾਵਿ ਧਾਰਾ ਮੱਧ ਕਾਲ ਦੀ ਅਜਿਹੀ ਗੌਰਵਮਈ ਰਚਨਾ ਹੈ ਜੋ ਪੰਜਾਬ ਦੇ ਧਰਾਤਲ ਨਾਲ ਜੁੜੀ ਹੋਣ ਦੇ ਨਾਲ ਨਾਲ ਵਿਸ਼ਵ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਇਹ ਰਚਨਾ ਇੱਕ ਪਾਸੇ ਪਦਾਰਥਕ ਸੰਸਾਰ ਨਾਲ ਜੁੜੀ ਹੋਈ ਹੈ ਅਤੇ ਦੂਜੇ ਪਾਸੇ ਇਸ ਦਾ ਆਵੇਸ਼ ਦੈਵੀ ਹੋਣ ਕਾਰਨ ਇਸ ਨੂੰ 'ਧੁਰ ਕੀ ਬਾਣੀ' ਦਾ ਦਰਜ਼ਾ ਪ੍ਰਾਪਤ ਹੈ। ਗੁਰਬਾਣੀ ਵਿੱਚ ਪੇਸ਼ ਕੀਤੇ ਗਏ ਬਹੁਤ ਸਾਰੇ ਸੰਕਲਪ ਭਾਰਤੀ ਅਤੇ ਸਾਮੀ ਦਰਸ਼ਨ ਵਿੱਚ ਪਹਿਲਾਂ ਵੀ ਮੌਜੂਦ ਸਨ ਪਰੰਤੂ ਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਇਨ੍ਹਾਂ ਸੰਕਲਪਾਂ ਦੀ ਪੁਨਰ ਵਿਆਖਿਆ ਕਰਨ ਦੇ ਨਾਲ ਨਾਲ ਇਨ੍ਹਾਂ ਦੀ ਪੁਨਰ ਸਿਰਜਣਾ ਵੀ ਕੀਤੀ ਹੈ। ਇਸੇ ਤਰ੍ਹਾਂ ਵੈਰਾਗ ਦੇ ਸੰਕਲਪ ਨੂੰ ਬਾਣੀ ਵਿੱਚ ਅਧਿਆਤਮਿਕ ਰੰਗਤ ਦੇ ਕੇ ਪੇਸ਼ ਕੀਤਾ ਗਿਆ ਹੈ। ਗੁਰਮਤਿ ਕਾਵਿ ਪਰੰਪਰਾ ਆਸ਼ਾਵਾਦੀ ਫ਼ਲਸਫ਼ੇ ਦੁਆਲੇ ਜਿਆਦਾ ਕੇਂਦਰਿਤ ਹੈ। ਜੋ ਦੁਨਿਆਵੀ ਸੱਚ ਨੂੰ ਸਨਮੁੱਖ ਰੱਖ ਕੇ ਅੰਦਰੂਨੀਂ ਲੋੜਾਂ ਨਾਲ ਜੋੜ ਕੇ ਮਾਨਵ ਦੀ ਪੁਨਰ ਸਿਰਜਨਾ ਕਰਦੀ ਹੈ। ਇੱਕ ਸੰਸਾਰ ਨਾਲੋਂ ਟੁੱਟ ਕੇ ਦੂਜੇ ਸੰਸਾਰ ਨਾਲ ਜੁੜਨ ਦਾ ਵਰਤਾਰਾ ਪੇਸ਼ ਕਰਦੀ ਹੋਈ ਇਹ ਦਾਰਸ਼ਨਿਕ ਵਿਚਾਰਧਾਰਾ ਵੈਰਾਗ ਤੋਂ ਵਿਸਮਾਦ ਤੱਕ ਜਾ ਅੱਪੜਦੀ ਹੈ।

### (ੳ) ਗੁਰਮਤਿ ਵਿੱਚ ਵੈਰਾਗ ਦਾ ਸੰਕਲਪ

ਗੁਰਮਤਿ ਵਿੱਚ ਵੈਰਾਗ ਕ੍ਰਾਂਤੀਕਾਰੀ ਸੰਕਲਪ ਹੈ। ਜੋ ਇੱਕ ਨਵੇਂ ਸਮਾਜਿਕ ਪ੍ਰਬੰਧ ਦੀ ਸਥਾਪਨਾ ਕਰਦਾ ਹੈ। ਵੈਰਾਗ ਦਾ ਆਰੰਭ ਅਧਿਆਤਮਿਕ ਸਾਧਨ ਵਜੋਂ ਲਿਆ ਜਾਂਦਾ ਹੈ ਅਤੇ ਇਹ ਅਧਿਆਤਮਿਕ ਮਾਰਗ ਕੋਈ ਕਾਲਪਨਿਕ ਨਹੀਂ ਸਗੋਂ ਵਿਵਹਾਰਕ ਮਾਰਗ ਹੈ, ਅਸਲੀ ਜੀਵਨ ਜਾਂਚ ਹੈ। ਗੁਰਮਤਿ ਵਿੱਚ ਵੈਰਾਗ ਨੂੰ ਵੱਖੋ ਵੱਖਰੇ ਅਰਥਾਂ ਵਿੱਚ ਬਿਆਨ ਕੀਤਾ ਗਿਆ ਹੈ। ਕਿਤੇ ਤਾਂ ਇਹ ਉਪਰਾਮਤਾ ਦਾ ਪ੍ਰਤੀਕ ਜਾਪਦਾ ਹੈ ਅਤੇ ਕਿਤੇ ਇਹ ਭਗਤੀ ਦਾ ਸਾਧਨ ਨਜ਼ਰ ਆਉਂਦਾ ਹੈ। ਗੁਰਬਾਣੀ ਵਿੱਚ ਵੱਖ ਵੱਖ ਸੰਦਰਭਾਂ ਵਿੱਚ ਵੈਰਾਗ ਨੂੰ ਇਉਂ ਬਿਆਨ ਕੀਤਾ ਗਿਆ ਹੈ।

**ਲਗਨ ਦੇ ਰੂਪ ਵਿੱਚ**

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥

ਧੰਨੁ ਸੁ ਤੇਰਾ ਥਾਨੁ ॥[1]

ਉਹ ਮਨੁੱਖ ਭਾਗਾਂ ਵਾਲਾ ਹੈ ਜਿਸ ਦੇ ਮਨ ਵਿੱਚ ਪਰਮਾਤਮਾ ਪ੍ਰਤੀ ਪਿਆਰ (ਵੈਰਾਗ) ਪੈਦਾ ਹੋ ਗਿਆ ਹੈ, ਜਿਸ ਦੇ ਮਨ ਵਿੱਚ ਅਸੀਮ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ ਹੈ। ਇਹ ਅਵਸਥਾ ਲਗਨ ਵਾਲੀ ਹੈ। ਜਿੱਥੇ ਮਨੁੱਖੀ ਸਰੀਰ ਦੇ ਅੰਦਰ ਪਰਮਾਤਮਾ ਪ੍ਰਤੀ ਪ੍ਰੇਮ ਹੈ, ਉਸਦੀ ਯਾਦ ਹੈ ਭਾਵ ਮਨੁੱਖੀ ਹਿਰਦੇ ਅੰਦਰ ਉਸ ਸਮੇਂ ਤੱਕ ਹੀ ਜੀਵਨ ਹੈ ਜਦੋਂ ਤੱਕ ਉਸ ਵਿੱਚ ਕੰਤ ਦਾ ਨਿਵਾਸ ਹੈ। ਉਸ ਦੀ ਯਾਦ ਹੀ ਚੰਗੀ ਜੀਵਨ ਜਾਂਚ ਸਿਖਾਉਂਦੀ ਹੈ।

**ਉਪਰਾਮਤਾ ਦੇ ਰੂਪ ਵਿੱਚ**

ਦੁਬਿਧਾ ਵਿਚਿ ਬੈਰਾਗੁ ਨਾ ਹੋਵੀ ਜਬ ਲਗੁ ਦੂਜੀ ਰਾਈ ॥

ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ ॥

ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ ॥[2]

ਜਦੋਂ ਤੱਕ ਮਨ ਅੰਦਰ ਰੰਚਕ ਮਾਤਰ ਵੀ ਕੋਈ ਸ਼ੰਕਾ ਹੈ ਜਾਂ ਮਨ ਵਿੱਚ ਦੂਸਰੇ ਦਾ ਆਸਰਾ ਹੈ ਤਾਂ ਉਸ ਅੰਦਰ ਵੈਰਾਗ ਦੀ ਅਵਸਥਾ ਪੈਦਾ ਨਹੀਂ ਹੋ ਸਕਦੀ ਕਿਉਂਕਿ ਵੈਰਾਗ ਮਨ ਦੀ ਉਪਰਾਮਤਾ ਦਾ ਪ੍ਰਤੀਕ ਹੈ। ਇਹ ਗੱਲ ਠੀਕ ਜਾਪਦੀ ਹੈ ਕਿ ਦੁਬਿਧਾ ਨੂੰ ਦੂਰ ਕਰਨ ਲਈ ਸੰਸਾਰ ਪ੍ਰਤੀ ਉਪਰਾਮਤਾ ਦੀ ਭਾਵਨਾ ਜ਼ਰੂਰੀ ਨਹੀਂ ਤੇ ਨਾ ਹੀ ਸੰਸਾਰ ਨੂੰ ਬਿਬੇਕ ਬੁੱਧੀ ਨਾਲ ਮਿਥਿਆ ਜਾਣਾ ਸੰਭਵ ਹੈ। ਇਸ ਲਈ ਨਾਮ-ਸਿਮਰਨ ਹੀ ਇੱਕੋ-ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਮਾਨਸਿਕ ਬਿਰਤੀ ਪਰਮਾਤਮਾ ਵੱਲ ਕੀਤੀ ਜਾ ਸਕਦੀ ਹੈ। ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਸਦਾ ਦੁੱਖ ਪਾਉਂਦੇ ਹਨ, ਪਰ ਜਿਹੜੇ ਸੰਸਾਰਕ ਮੋਹ ਨੂੰ ਵੱਸ ਵਿੱਚ ਕਰ ਕੇ ਪ੍ਰਭੂ ਦੀ ਸ਼ਰਨ ਵਿੱਚ ਆ ਬੈਠਦੇ ਹਨ, ਉਹ ਅਸਲੀ ਗੁਰਮੁੱਖ ਵਡਿਆਈ ਦੇ ਪਾਤਰ ਹੁੰਦੇ ਹਨ।

**ਉਦਾਸੀਨਤਾ ਦੇ ਰੂਪ ਵਿੱਚ**

ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥

ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥[3]

ਜਿਹੜੇ ਮਨੁੱਖ ਆਪਣੇ ਮਨ ਨੂੰ ਵੱਸ ਵਿੱਚ ਕਰ ਕੇ ਦੁਨਿਆਵੀ ਕਾਰ ਵਿਹਾਰ ਕਰਦੇ ਹੋਏ ਉਸ ਤੋਂ ਨਿਰਲੇਪ ਰਹਿੰਦੇ ਹਨ ਅਤੇ ਆਪਣੀ ਸੁੱਚੀ ਕਿਰਤ ਨਾਲ ਲੋੜਵੰਦਾਂ ਦੀ ਸਹਾਇਤਾ ਕਰਦੇ ਹਨ। ਉਹ ਹੀ ਅਸਲ ਵਿੱਚ ਉਦਾਸੀਨਤਾ ਵਾਲੀ ਅਵਸਥਾ ਹੈ। ਗੁਰਮਤਿ ਸਿਧਾਂਤ ਅਤੇ ਗੁਰਬਾਣੀ ਨੇ ਵੀ ਇਸ ਉਦਾਸੀਨਤਾ ਨੂੰ ਸਵੀਕਾਰ ਕੀਤਾ ਹੈ। ਪਰੰਤੂ ਇਸ ਉਦਾਸੀਨਤਾ ਵਿੱਚ ਹਠ ਯੋਗ ਵਾਲਾ ਸਖ਼ਤ ਵਰਤਾਰਾ ਵਿਦਮਾਨ ਨਹੀਂ, ਸਗੋਂ ਮਨ ਨੂੰ ਬਦਲਵੇਂ ਪ੍ਰਬੰਧ ਵਿੱਚ ਲਿਆ ਕੇ ਸੰਜਮੀ ਬਣਾ ਕੇ, ਸਾਧ ਕੇ ਤੇ ਇਕਾਗਰ ਕਰਕੇ ਮੂਲ ਆਸੇ ਨਾਲ ਜੋੜਨਾ ਇਸ ਦਾ ਮੂਲ ਮੰਤਵ ਹੈ।

**ਕਿਰਪਾ ਅਤੇ ਇੰਦਰੀਆਂ ਦੀਆਂ ਕਾਮਨਾਵਾਂ ਨੂੰ ਵੱਸ ਕਰਕੇ**

ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥

ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥[4]

ਗੁਰਮਤਿ ਅਨੁਸਾਰ ਅਸਲ ਤਿਆਗੀ ਉਹ ਹੈ ਜਿਸ ਨੇ ਵਾਸ਼ਨਾਵਾਂ ਦਾ ਤਿਆਗ ਕਰ ਦਿੱਤਾ ਹੈ। ਜਿਸ ਨੇ ਆਪਣੀਆਂ ਗਿਆਨ ਇੰਦਰੀਆਂ ਨੂੰ ਪ੍ਰੇਮ ਸਹਿਤ ਵੱਸ ਕਰ ਲਿਆ ਅਤੇ ਤ੍ਰਿਸ਼ਨਾ ਦੀ ਅੱਗ ਨੂੰ ਬੁਝਾ ਲਿਆ ਹੈ ਤੇ ਉਸ ਦੀ ਜੀਭ, ਉਸ ਦੀਆਂ ਅੱਖਾਂ ਆਦਿਕ ਇੰਦਰੇ ਸਦਾ ਥਿਰ ਪਰਮਾਤਮਾ ਵਿੱਚ ਰੰਗੇ ਰਹਿੰਦੇ ਹਨ। ਅਜਿਹੇ ਜੀਵਨ ਦੀ ਸਮਝ ਵੈਰਾਗੀ ਮਨੁੱਖ ਨੂੰ ਉਸ ਮਾਲਕ ਨੇ ਆਪ ਦਿੱਤੀ ਹੈ। ਉਹ ਵੈਰਾਗੀ ਦੁਨੀਆਂ ਦੀਆਂ ਆਸਾਂ ਤੋਂ ਨਿਰਮੋਹੀ ਹੋ ਕੇ ਜੀਵਨ ਬਤੀਤ ਕਰਦਾ ਹੈ, ਉਹ ਸੰਸਾਰ ਵਾਲੇ ਘਰ ਦੀ ਅਪਣੱਤ ਛੱਡ ਕੇ ਉਸ ਘਰ ਵਿੱਚ ਸੁਰਤ ਜੋੜੀ ਰੱਖਦਾ ਹੈ ਜੋ ਸੱਚ-ਮੁੱਚ ਉਸ ਦਾ ਨਿੱਜੀ ਹੈ। ਅਜਿਹੇ ਬੈਰਾਗ ਵਿੱਚ ਜਗਿਆਸੂ ਸੰਸਾਰ ਦੀ ਨਾਸ਼ਮਾਨਤਾ ਨੂੰ ਸਮਝ ਲੈਂਦਾ ਹੈ ਅਤੇ ਪਰਮ ਸੱਚ ਜੋ ਕਿ ਨਾਸ਼ ਰਹਿਤ ਹੈ ਨਾਲ ਜੁੜਨ ਦੀ ਇੱਛਾ ਵਿੱਚ ਪਰਿਵਰਤਿਤ ਹੋ ਜਾਂਦਾ ਹੈ। ਡਾ. ਜਗਬੀਰ ਸਿੰਘ ਅਨੁਸਾਰ, ''ਗੁਰਬਾਣੀ ਵਿੱਚ ਜਗਤ ਨੂੰ ਦੈਵੀ ਹੁਕਮ ਦੀ ਸਿਰਜਣਾ ਮੰਨਿਆ ਗਿਆ ਹੈ ਅਤੇ ਪਰਮ ਪਰਮਾਤਮਾ ਬ੍ਰਹਮ ਦੀ ਤੁਲਨਾ ਵਿੱਚ ਇਸ ਨੂੰ ਅਸਥਾਈ ਅਤੇ ਨਾਸ਼ਮਾਨ ਵੀ ਮੰਨਿਆ ਗਿਆ ਹੈ ਅਤੇ ਸੁਪਨੇ ਵਾਂਗ ਮਾਇਆ ਵੀ।''[5]

**ਬਿਰਹਾ ਦੇ ਰੂਪ ਵਿੱਚ**

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥

ਰਾਮ ਬਿਓਗੀ ਨਾ ਜੀਐ ਜੀਐ ਤਾ ਬਉਰਾ ਹੋਇ ॥[6]

ਕਬੀਰ ਜੀ ਇਸ ਸ਼ਬਦ ਵਿੱਚ ਬਿਰਹੋਂ ਦੀ ਮਹੱਤਤਾ ਦੱਸਦੇ ਹਨ ਕਿ ਇਸ ਭਾਵਨਾ ਦਾ ਮਨੁੱਖੀ ਮਨ ਵਿੱਚ ਪ੍ਰਕਾਸ਼ ਹੋਣਾ ਜ਼ਰੂਰੀ ਹੈ ਕਿਉਂਕਿ 'ਕਾਠ ਦੀ ਜਪਨੀ' ਤਾਂ ਕੁੱਝ ਸਵਾਰ ਨਹੀਂ ਸਕਦੀ ਪਰ ਜਿਸ ਮਨੁੱਖ ਦੇ ਮਨ ਵਿੱਚ ਬਿਰਹੋਂ ਦਾ ਸੱਚ ਵਸ ਜਾਵੇ, ਜਿਸ ਮਨੁੱਖ ਨੂੰ ਗੁਰੂ ਦਰ ਤੋਂ ਇਹ ਸੂਝ ਮਿਲ ਜਾਏ ਕਿ ਇਨ੍ਹਾਂ ਕਾਮਾਦਿਕਾਂ ਨੇ ਮੈਨੂੰ ਰੱਬ ਨਾਲੋਂ ਵਿਛੋੜ ਦਿੱਤਾ ਹੈ ਫਿਰ ਕਾਮਾਦਿਕਾਂ ਦਾ ਕੋਈ ਮੰਤਰ ਉਸ ਉੱਤੇ ਨਹੀਂ ਚੱਲ ਸਕਦਾ। ਪਰਮਾਤਮਾ ਤੋਂ ਵਿਛੋੜੇ ਨੂੰ ਮਹਿਸੂਸ ਕਰਨ ਵਾਲਾ ਮਨੁੱਖ ਜਿੰਦਾ ਹੀ ਨਹੀਂ ਰਹਿ ਸਕਦਾ, ਭਾਵ ਪਰਮਾਤਮਾ ਦੇ ਵਿਛੋੜੇ ਦਾ ਅਹਿਸਾਸ ਇੱਕ ਅਜਿਹਾ ਢੰਗ ਹੈ, ਜਿਸ ਦਾ ਡੰਗਿਆ ਹੋਇਆ ਬੰਦਾ ਮਾਇਕ ਭੋਗਾਂ ਵਾਸਤੇ ਜਿੰਦਾ ਹੀ ਨਹੀਂ ਰਹਿ ਸਕਦਾ ਪਰ ਸੰਸਾਰਕ ਲੋਕ ਅਜਿਹੇ ਜੀਵਨ ਨੂੰ ਝੱਲਿਆਂ ਵਾਲਾ ਜੀਵਨ ਸਮਝਦੇ ਹਨ ਕਿਉਂਕਿ ਸੰਸਾਰਕ ਲੋਕਾਂ ਨੂੰ ਇਸ ਦੀ ਸਮਝ ਨਹੀਂ ਲੱਗ ਸਕਦੀ। ਗੁਰਬਾਣੀ ਵਿੱਚ ਵੈਰਾਗ ਅਵਸਥਾ ਲਈ ਇਹ ਸੰਦਰਭ ਪੇਸ਼ ਕੀਤੇ ਹਨ ਕਿ ਉਦਾਸ, ਤਿਆਗ, ਉਪਰਾਮ ਅਤੇ ਜੀਵਨ ਜਾਂਚ ਆਦਿ ਕੀਮਤਾਂ ਦਾ ਅਸਲ ਰੂਪ ਕੀ ਹੈ? ਗੁਰਬਾਣੀ ਵਿੱਚ ਵੈਰਾਗ ਦਾ ਸੰਕਲਪ ਕਿਵੇਂ ਬਾਕੀ ਮੱਤਾ ਨਾਲੋਂ ਵੱਖਰਾ ਹੈ। ਗੁਰਬਾਣੀ ਵਿੱਚ ਵੈਰਾਗ ਦੀਆਂ ਵੱਖਰੀਆਂ ਵੱਖਰੀਆਂ ਉਦਾਹਰਨਾਂ ਦੇ ਕੇ ਸਪੱਸ਼ਟ ਕੀਤਾ ਹੈ। ਇਸੇ ਤਰ੍ਹਾਂ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਕ੍ਰਿਤ ਵਿੱਚ ਵਿਦਵਾਨਾਂ ਦੁਆਰਾ ਮੰਨਿਆ ਚਾਰ ਤਰ੍ਹਾਂ ਦਾ ਵੈਰਾਗ ਪੇਸ਼ ਕੀਤਾ ਹੈ। ਵੈਰਾਗਯ ਦਾ ਮਤਲਬ ਹੈ - ਉਪਰਾਮਤਾ ਦਾ ਭਾਵ, ਲੋਕ ਪਰਲੋਕ ਦੇ ਵਿਸ਼ਿਆਂ ਨਾਲ ਪ੍ਰੀਤ ਦਾ ਨਾ ਹੋਣਾ ।

1) ਯਤਮਾਨ : ਸੰਸਾਰ ਨੂੰ ਦੁੱਖ ਰੂਪ ਜਾਣ ਕੇ ਸਾਧ ਸੇਵਾ ਦੁਆਰਾ ਪਰਮਾਰਥ ਪ੍ਰਾਪਤੀ ਦਾ ਯਤਨ ਕਰਨਾ ।
2) ਵਯਤਿਰੇਕ: ਵਿਚਾਰ ਨਾਲ ਹਾਨੀਕਾਰਕ ਪਦਾਰਥਾਂ ਦਾ ਤਿਆਗ ਅਤੇ ਲਾਭਦਾਇਕ ਦਾ ਗ੍ਰਹਿਣ ।
3) ਏਕੇਂਦ੍ਰਿਯ : ਇੰਦਰੀਆਂ ਦੇ ਭੋਗ ਤੋਂ ਗਲਾਨੀ ਕਰਕੇ ਮਨ ਵਿੱਚ ਸਾਰੇ ਇੰਦਰਿਆਂ ਨੂੰ ਕਾਬੂ ਕਰਨਾ ।
4) ਵਸਿਕਾਰ : ਮਨ ਅਜਿਹਾ ਕਾਬੂ ਕਰਨਾ ਕਿ ਪਦਾਰਥਾਂ ਵੱਲ ਜਾਣ ਦਾ ਕਦੇ ਸੰਕਲਪ ਨਾ ਫੁਰੇ ।[7]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ :-

ਵੈਰਾਗ ਅਤੇ ਬੈਰਾਗ : ਬੈਰਾਗ, ਦੇਖੋ, ਵੈਰਾਗ : ਉਦਾਸੀਨਤਾ, ਨਿਰਾਸਤਾ, ਉਪਰਾਮਤਾ ॥[8]

ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥[9]

ਜਿਹੜਾ ਪ੍ਰਾਣੀ ਵੈਰਾਗ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਗੁਰਬਾਣੀ ਵਿੱਚ ਉਸ ਨੂੰ ਵੈਰਾਗੀ ਨਾਮ ਨਾਲ ਸੰਬੋਧਿਤ ਕੀਤਾ ਗਿਆ ਹੈ। ਵੈਰਾਗੀ ਉਹ ਹੈ, ਜਗਤ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ ।[9] ਜਿਸ ਵੈਰਾਗੀ ਨੇ ਮਾਇਆ ਵੱਲੋਂ ਵੈਰਾਗਵਾਨ ਹੋ ਕੇ ਉੱਚੇ ਤੋਂ ਉੱਚੇ ਆਤਮਿਕ ਆਨੰਦ ਦੇ ਮਾਲਕ ਪਰਮਾਤਮਾ ਨੂੰ ਅਜੇ ਪਛਾਤਾ ਨਹੀਂ ਹੈ ਤਾਂ ਉਹ ਵੈਰਾਗੀ ਨਹੀਂ ਪਰ ਉਹ ਜਗ ਰਚੈਤਾ ਪ੍ਰਭੂ ਦੇ ਮੇਲ ਦੇ ਰਾਹ ਵਿੱਚ ਰੋਕ ਪਾਉਣ ਵਾਲੇ ਮੋਹ ਨੂੰ ਸਾੜ ਕੇ, ਮੌਤ ਰਹਿਤ ਹਰੀ ਦੇ ਮਿਲਾਪ ਦੇ ਰਸਤੇ ਵਿੱਚ ਵਿਘਨ ਪਾਉਣ ਵਾਲੇ ਮਨ ਨੂੰ ਵੱਸ ਵਿੱਚ ਕਰ ਕੇ, ਭਟਕਣਾ ਨੂੰ ਛੱਡ ਕੇ ਆਤਮਿਕ ਜੀਵਨ ਦੇ ਮਾਰਗ ’ਤੇ ਚੱਲਣ ਨਾਲ ਵੈਰਾਗ ਦੀ ਅਵਸਥਾ ਦਾ ਪਾਂਧੀ ਹੋ ਸਕਦਾ ਹੈ। ਰਾਗ-ਪ੍ਰਪੰਚ ਤੋਂ ਸੰਪੂਰਨ ਵਿਅਕਤੀ ਅੰਦਰ ਹੀ ਵੈਰਾਗ ਦੀ ਮੂਲ ਭਾਵਨਾ ਹੈ। ਵੇਦਾਂਤ ਅਤੇ ਭਾਰਤੀ ਦੋਨਾਂ ਹੀ ਖੇਤਰਾਂ ਵਿੱਚ ਵੈਰਾਗ ਭਾਵਨਾ ਦੀ ਮਹਿਮਾ ਪ੍ਰਵਾਨ ਹੈ। ਪਰ ਗੁਰਮਤਿ ਅਤੇ ਹੋਰ ਮੱਤਾਂ ਵਿੱਚ ਵੈਰਾਗ ਦੀ ਪਰਿਭਾਸ਼ਾ ਵੱਖਰੀ ਹੈ। ਡਾ. ਜਗਬੀਰ ਸਿੰਘ ਅਨੁਸਾਰ, ‘‘ਗੁਰਬਾਣੀ ਦੇ ਰਹੱਸਵਾਦ ਦੀ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸੰਸਾਰ ਤੋਂ ਭਾਂਜ ਦਾ ਮਾਰਗ ਨਹੀਂ ਅਤੇ ਨਾ ਹੀ ਇਕੱਲਤਾ ਤੋਂ ਇਕੱਲਤਾ ਦੀ ਉਡਾਨ ਹੈ। ਸਗੋਂ ਇਹ ਤਾਂ ਸੰਸਾਰ ਵਿੱਚ ਰਹਿੰਦਿਆਂ ਸਮਾਜਿਕ ਰਿਸ਼ਤਿਆਂ ਦੀ ਇੱਕਸੁਰਤਾ ਦਾ ਸੰਦੇਸ਼ ਹੈ।’’[10]

ਗੁਰੂ ਅਮਰਦਾਸ ਜੀ ਵੈਰਾਗ ਅਤੇ ਸੱਚੇ ਵੈਰਾਗੀ ਬਾਬਤ ਰਾਗ ਆਸਾ ਵਿੱਚ ਇਸ ਤਰ੍ਹਾਂ ਦੱਸਦੇ ਹਨ :-

ਕਰਿ ਬੈਰਾਗ ਤੂੰ ਛੋਡਿ ਪਾਖੰਡ ਸੋ ਸਹੁ ਸਭੁ ਕਿਛੁ ਜਾਣਏ ॥
ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥
ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥
ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥[11]

ਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਉਪਦੇਸ਼ ਦਿੰਦਿਆਂ ਦੱਸਦੇ ਹਨ ਕਿ ਜਿਸ ਸਮੇਂ ਤੇਰੀ ਬੁੱਧੀ ਮੋਹ ਰੂਪੀ ਦਲਦਲ ਨੂੰ ਪਾਰ ਕਰ ਜਾਵੇਗੀ, ਉਸ ਵੇਲੇ ਤੈਨੂੰ ਸੁਣੇ ਹੋਏ ਅਤੇ ਸੁਣਨ ਵਿੱਚ ਆਉਣ ਵਾਲੇ ਇਸ ਲੋਕ ਤੇ ਪਰਲੋਕ ਸੰਬੰਧੀ ਸਾਰੇ ਭੋਗਾਂ ਤੋਂ ਵੈਰਾਗ ਪ੍ਰਾਪਤ ਹੋ ਜਾਵੇਗਾ।[12] ਗੀਤਾ ਵਿੱਚ ਉਹ ਆਖ਼ਦੇ ਹਨ ਕਿ ਮਹਾਂਬਲੀ :- ਨਿਰਸੰਦੇਹ ਚੰਚਲ ਮਨ ਅਤਿ ਮੁਸ਼ਕਲ ਨਾਲ ਵੱਸ ਵਿੱਚ ਆਉਂਦਾ ਹੈ। ਹੇ ਅਰਜਨ ! ਇਹ ਅਭਿਆਸ ਅਤੇ ਵੈਰਾਗ ਨਾਲ ਵੱਸ ਹੋ ਜਾਂਦਾ ਹੈ। ਵੈਰਾਗ ਦਾ ਘੋਰ ਗਹਿਰਾ ਹੋਣਾ ਵੀ ਘਾਤਕ ਸਿੱਧ ਹੋ ਸਕਦਾ ਹੈ। ਵੈਰਾਗੀ ਮਨ ਦਾ ਚੇਤੰਨ ਹੋਣਾ ਵੀ ਅਤਿ ਅਨਿਵਾਰੀ ਹੈ। ਵੈਰਾਗ ਦੀ ਉਪਰਾਮ ਅਵਸਥਾ ਸਾਧਕ ਨੂੰ ਘੋਰੀ ਬਣਾ ਦਿੰਦੀ ਹੈ। ਜਿਸ ਲਈ ਵੈਰਾਗ ਵਿੱਚ ਨਿਰਾਸ਼ਾ ਦੀ ਥਾਂ ਆਸ਼ਾ ਦਾ ਭਾਰੂ ਹੋਣਾ ਜ਼ਰੂਰੀ ਹੈ ਤਾਂ ਜੋ ਸਾਧਕ ਆਪਣੇ ਰਸਤੇ ਤੋਂ ਭਟਕਣ ਦੀ ਬਜਾਏ ਸਹੀ ਮਾਰਗ ’ਤੇ ਤੁਰਦਾ ਰਹੇ।

ਭਰਥਰੀ ਹਰੀ ਨੇ ਵੀ ਵੈਰਾਗ ਸ਼ਤਕ ਦੀ ਰਚਨਾ ਕੀਤੀ, ਉਨ੍ਹਾਂ ਦੀ ਸਾਰੀ ਰਚਨਾ ਦਾ ਸਾਰ ਹੈ ਕਿ ਇਸਤਰੀ, ਮੋਹ ਮਾਇਆ, ਭੋਗ ਆਦਿ ਸਭ ਕੂੜ ਹਨ। ਉਨ੍ਹਾਂ ਨੇ ਆਖਿਆ ਹੈ ਕਿ ਸਭ ਕੁੱਝ ਤਿਆਗ ਕੇ ਵਣ ਵਿੱਚ ਜਾ ਕੇ ਵਸੋ। ਉਨ੍ਹਾਂ ਦੇ ਸਬਦਾਂ ਵਿੱਚ ਪਰਮਾਤਮਾ ਨਾਲ ਪਿਆਰ ਹੋਣਾ, ਮਨ ਵਿੱਚ ਜਨਮ-ਮਰਨ ਦਾ ਡਰ ਹੋਣਾ, ਸੰਬੰਧੀਆਂ ਨਾਲ ਪ੍ਰੇਮ ਨਾ ਹੋਣਾ, ਮਨ ਵਿੱਚ ਇਸਤਰੀ ਦੀ ਕਾਮਨਾ ਨਾ ਹੋਣਾ, ਇਕਾਂਤ ਸਥਾਨ ਵਿੱਚ ਇਕੱਲੇ ਵਣ ਵਿੱਚ ਰਹਿਣਾ, ਇਹ ਵੈਰਾਗ ਦੇ ਪੂਰਨ ਲੱਛਣ ਹਨ। ਪਰ ਗੁਰਮਤਿ ਵਿੱਚ ਵੈਰਾਗ ਦਾ ਸੰਕਲਪ ਗੁਰੂ ਸਾਹਿਬਾਨ ਨੇ ਵਿਲੱਖਣ ਪੇਸ਼ ਕੀਤਾ ਹੈ। ਗੁਰਮਤਿ ਮੁਤਾਬਕ ਵੈਰਾਗ ਵੀ ਪਰਮਾਤਮਾ ਆਪ ਹੀ ਮਨੁੱਖ ਦੇ ਮਨ ਵਿੱਚ ਪੈਦਾ ਕਰਦਾ ਹੈ ਅਤੇ ਇਹ ਮਨੁੱਖੀ ਮਨ ਦੇ ਵੱਸ ਦੀ ਗੱਲ ਨਹੀਂ ਹੈ। ਵੈਰਾਗ ਨਾਲ ਪਰਮਾਤਮਾ ਦੀ ਪ੍ਰਾਪਤੀ ਸੁਖੈਣ ਜਾਪਦੀ ਹੈ। ਮਨੁੱਖ ਵਾਹਿਗੁਰੂ ਵਿੱਚ ਸਮਾ ਸਕਦਾ ਹੈ ਗੁਰਬਾਣੀ ਦਾ ਬਚਨ ਹੈ :-

ਜਾ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥
ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੨॥[13]

ਗੁਰਮਤਿ ਵਿੱਚ ਅਸਲ ਵੈਰਾਗੀ ਉਹ ਹੈ ਜੋ ਆਪਣੇ ਮਨ ਨੂੰ ਪਰਮਾਤਮਾ ਵੱਲ ਲਾਉਂਦਾ ਹੈ ਤੇ ਸ੍ਰਿਸ਼ਟੀ ਦੇ ਕਰਤਾ ਵਾਹਿਗੁਰੂ ਦੀ ਜੋਤ ਨੂੰ ਦਸਵੇਂ ਦੁਆਰ ਵਿੱਚ ਟਿਕਾਉਂਦਾ ਹੈ। ਵੈਰਾਗੀ ਉਹ ਹੈ ਜਿਹੜਾ ਦੁਨਿਆਵੀ

ਕੰਮ-ਕਾਜ ਕਰਦਿਆਂ ਹੋਇਆਂ ਅੱਠੇ ਪਹਿਰ ਪ੍ਰਭੂ ਦੀ ਯਾਦ ਵਿੱਚ ਲੀਨ ਰਹਿੰਦਾ ਹੈ। ਗੁਰਮਤਿ ਕਾਵਿ ਵਿੱਚ ਮਾਨਵ ਜਾਂ ਸਾਧਕ ਇੱਕ ਚੇਤੰਨ ਸਾਧਕ ਵਜੋਂ ਵਿਚਰਦਾ ਨਜ਼ਰੀਂ ਪੈਂਦਾ ਹੈ। ਜੋ ਜਿੱਥੇ ਲੌਕਿਕ ਜੀਵਨ ਵਿੱਚ ਅਨੁਭਵੀ ਅਨੁਸ਼ਾਸਨ ਨਾਲ ਪੇਸ਼ ਆਉਂਦਾ ਹੈ ਉੱਥੇ ਉਹ ਪ੍ਰਾਲੌਕਿਕ ਜੀਵਨ ਵਿੱਚ ਇੱਕ ਯੋਗ ਜਗਿਆਸੂ ਬਣ ਕੇ ਮੁੱਖ ਆਸੇ ਨਾਲ ਅਨੁਸ਼ਾਸਿਤ ਅਤੇ ਇਮਾਨਦਾਰ ਹੋ ਕੇ ਵਿਚਰਦਾ ਹੈ। ਉਹ ਲੌਕਿਕਤਾ ਅਤੇ ਪ੍ਰਾਲੌਕਿਕਤਾ ਵਿੱਚ ਇੱਕ ਪੁਲ ਬਣਾ ਜਾਂ ਉਸਾਰ ਲੈਂਦਾ ਹੈ। ਜੋ ਸੰਜਮ ਉਪਰ ਉਸਰਿਆ ਹੁੰਦਾ ਹੈ। ਜਿਸ ਨਾਲ ਉਹ ਦੋਨੋਂ ਪਾਸੇ ਸੁਰੱਖਿਅਤ ਆ ਜਾ ਸਕਦਾ ਹੈ, ਗੁਰਵਾਕ ਹੈ :-

ਸੋ ਬੈਰਾਗੀ ਜਿ ਉਲਟੇ ਬ੍ਰਹਮ ॥

ਗਗਨ ਮੰਡਲ ਮਹਿ ਰੋਪੈ ਥੰਮੁ ॥

ਅਹਿਨਿਸਿ ਅੰਤਰਿ ਰਹੈ ਧਿਆਨਿ ॥

ਤੇ ਬੈਰਾਗੀ ਸਤ ਸਮਾਨਿ ॥[14]

ਗੁਰਮਤਿ ਅਨੁਸਾਰ ਜੀਵਨ ਜਿਊਣ ਵਾਲਾ ਸੱਚਾ ਵੈਰਾਗੀ ਹੈ। ਜੋ ਮਨੁੱਖ ਗੁਰੂ ਦੇ ਉਪਦੇਸ਼ ਨੂੰ ਦ੍ਰਿੜ ਕਰਕੇ ਚਿੱਤ ਵਿੱਚ ਰੱਖ ਕੇ ਨਿੱਤ ਦੇ ਕਰਮ ਕਰਦਾ ਹੈ, ਉਹ ਪ੍ਰਭੂ ਪਰਮੇਸ਼ਰ ਨੂੰ ਪ੍ਰਾਪਤ ਕਰ ਲੈਂਦਾ ਹੈ। ਭਾਈ ਗੁਰਦਾਸ ਜੀ ਵੈਰਾਗ ਨੂੰ ਇਉਂ ਸਮਝਾਉਂਦੇ ਹਨ :-

ਸਾਧਸੰਗਤਿ ਭਉ ਭਾਉ ਸਹਜੁ ਬੈਰਾਗ ਹੈ ॥

ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ ॥

ਮਧੁਰ ਬਚਨ ਆਲਾਉ ਹਉਮੈ ਤਿਆਗਿ ਕੈ ॥[15]

ਗੁਰਮਤਿ ਵਿੱਚ 'ਨਾਮਿ ਰਤੇ ਸਦਾ ਬੈਰਾਗੀ' ਦੁਆਰਾ ਗੁਰੂ ਸਾਹਿਬ ਜੀ ਵਾਰ ਵਾਰ ਦ੍ਰਿੜ ਕਰਵਾਉਂਦੇ ਹਨ ਕਿ ਵੈਰਾਗ ਦਿਖਾਵਾ ਜਾਂ ਭੇਖ ਨਹੀਂ ਹੈ। ਘਰ ਬਾਰ ਤਿਆਗ ਕੇ, ਪਿੰਡੇ 'ਤੇ ਸੁਆਹ ਲਾ ਕੇ ਥਾਂ-ਥਾਂ ਭਟਕਦੇ ਰਹਿਣਾ ਅਤੇ ਮਨ ਦਾ ਪਰਾਈ ਇਸਤਰੀ ਵੱਲ ਅਤੇ ਧਨ ਪਦਾਰਥਾਂ ਆਦਿ ਲਈ ਹਰ ਵੇਲੇ ਕਲਪਦੇ ਰਹਿਣਾ ਵੈਰਾਗ ਨਹੀਂ ਹੈ। ਗੁਰਮਤਿ ਅਨੁਸਾਰ ਵੈਰਾਗ ਸੰਸਾਰ ਵਿੱਚ ਰਹਿੰਦਿਆਂ ਸਵਾਸ ਸਵਾਸ ਪਰਮਾਤਮਾ ਦੇ ਸਿਮਰਨ

ਵਿੱਚ ਜੁੜੇ ਰਹਿਣਾ ਹੈ। ਗੁਰੂ ਅਮਰਦਾਸ ਜੀ ਆਖ਼ਦੇ ਹਨ ਕਿ ਹੇ ਮਨਾ ਤੂੰ ਕਿਸ ਨੂੰ ਵੈਰਾਗ ਕਰਕੇ ਵਿਖਾ ਰਿਹਾ ਹੈਂ? ਉਹ ਪਰਮਾਤਮਾ ਹਰ ਵੇਲੇ ਤੇਰੇ ਅੰਗ-ਸੰਗ ਹੈ ਇਸ ਕਰਕੇ ਘਰ ਵਿੱਚ ਬੈਠ ਕੇ ਹੀ ਪਰਮਾਤਮਾ ਦੇ ਗੁਣ ਗਾਇਆ ਕਰ। ਗੁਰ ਵਾਕ ਹੈ :-

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥[16]

ਇਸ ਲਈ ਪਾਖੰਡ ਤਿਆਗ ਕੇ ਵੈਰਾਗ ਕਰ, ਉਹ ਪਰਮਾਤਮਾ ਸਭ ਦੇ ਦਿਲ ਦੀ ਜਾਣਦਾ ਹੈ। ਇਸ ਮਾਰਗ ਦੇ ਪਾਂਧੀ ਸੰਤ ਜਨ ਕੂਕ ਕੂਕ ਕੇ ਦੱਸ ਰਹੇ ਹਨ :-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥[17]

ਜਿਹੜਾ ਮਨੁੱਖ ਪਰਮਾਤਮਾ ਦਾ ਹੁਕਮ ਪਛਾਣ ਲੈਂਦਾ ਹੈ ਉਸਨੂੰ ਆਪਣੇ ਆਪ ਹੀ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ। ਸੋ ਵੈਰਾਗ ਅਨਦਿਨ ਪਰਮਾਤਮਾ ਦੇ ਨਾਮ ਵਿੱਚ ਲੀਨ ਹੋਣਾ ਹੈ। ਪਰਮਾਤਮਾ ਦੇ ਨਾਮ ਵਿੱਚ ਲੀਨਤਾ ਹੀ ਅਸਲ ਵੈਰਾਗ ਦੀ ਨਿਸ਼ਾਨੀ ਹੈ। ਗੁਰੂ ਸਾਹਿਬ ਜੀ ਇਸ ਨੂੰ ਇੰਝ ਬਿਆਨ ਕਰਦੇ ਹਨ :-

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥[18]

ਗੁਰਮਤਿ ਵਿੱਚ ਵੈਰਾਗ ਇੱਕ ਮਨੋਸਥਿਤੀ ਹੈ। ਜੋ ਗਿਆਨ ਪ੍ਰਾਪਤ ਕਰਨ ਲਈ ਇੱਕ ਸਾਧਨ ਹੈ ਇਹ ਮਨੋਸਥਿਤੀ ਇੱਕ ਨਿਸ਼ਚਿਤ ਸਮਾਜਿਕ ਸਥਿਤੀ ਦੇ ਤਿਆਗ ਤੋਂ ਪ੍ਰਾਪਤ ਹੁੰਦੀ ਹੈ। ਇਹ ਸਮਾਜਿਕ ਸਥਿਤੀ ਕਾਮ- ਕ੍ਰੋਧ ਵਿੱਚ ਖਚਿਤ ਰਹਿਣ ਵਾਲੀ ਹੈ। ਵੈਰਾਗ ਭਾਵ ਨਹੀਂ, ਨਿਰਭਾਵ ਹੈ। ਵੈਰਾਗ ਜਿਹੀ ਮਨੋਸਥਿਤੀ ਪੈਦਾ ਕਰਨ ਵਾਸਤੇ ਗੁਰੂ ਸਾਹਿਬ ਨੇ ਕੁੱਝ ਜੁਗਤਾਂ ਵਰਤੀਆਂ ਹਨ। ਉਨ੍ਹਾਂ ਵਿੱਚ ਪ੍ਰਮੁੱਖ ਇਹ ਹੈ ਕਿ ਇਸ ਸ੍ਰਿਸ਼ਟੀ ਦੀ ਰਮਣੀਕਤਾ ਨਾਲੋਂ ਮਨੁੱਖ ਦਾ ਲਗਾਵ ਤੋੜਨਾ ਹੈ। ਇਸ ਵਾਸਤੇ ਉਹ ਇਸ ਸ੍ਰਿਸ਼ਟੀ ਨੂੰ ਦੁੱਖਾਂ ਦਾ ਘਰ/ਅਸਥਿਰ/ਨਾਸ਼ਮਾਨ ਮੰਨਦੇ ਹਨ ਅਤੇ ਇਸਨੂੰ ਚਲਾਉਣ ਵਾਲੇ ਨਿਯਮ ਕਰਤਾ ਰਾਮ ਨੂੰ ਸਥਾਈ ਮੰਨਦੇ ਹਨ। ਜਿਸ ਦਾ ਗਿਆਨ ਹਾਸਲ ਕਰਨਾ ਜਾਂ ਅਭੇਦਤਾ ਹਾਸਲ ਕਰਨਾ ਹੀ ਮਨੁੱਖ ਦਾ ਅਸਲ ਮਨੋਰਥ ਹੋਣਾ ਚਾਹੀਦਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਵੈਰਾਗ ਇੱਕ ਸਾਧਨ ਹੈ। ਗੁਰੂ ਸਾਹਿਬ ਜੀ ਨੇ ਮਨੁੱਖੀ ਮਨ ਵਿੱਚ ਵੈਰਾਗ ਭਾਵ ਨੂੰ ਪੈਦਾ ਕਰਨ ਲਈ ਆਪਣੀ ਬਾਣੀ ਵਿੱਚ ਕਈ ਜੁਗਤਾਂ ਵਰਤੀਆਂ ਹਨ ਜਿਵੇਂ :- ਦੁੱਖ-ਸੁੱਖ ਅਤੇ

ਸੰਸਾਰ ਦੀ ਨਾਸ਼ਮਾਨਤਾ ਆਦਿ। ਗੁਰਬਾਣੀ ਵਿੱਚ ਸੰਸਾਰ ਦੀ ਸੁੰਦਰਤਾ ਅਤੇ ਨਾਸ਼ਮਾਨਤਾ ਨੂੰ ਇੱਕ ਸੰਤੁਲਨ ਵਿੱਚ ਬਿਆਨ ਕੀਤਾ ਗਿਆ ਹੈ। ਗੁਰਬਾਣੀ ਦਾ ਪਾਠਕ ਇੱਕੋ ਸਮੇਂ ਕੁਦਰਤੀ ਨਜ਼ਾਰਿਆਂ ਨੂੰ ਮਾਣਦਾ ਹੋਇਆ ਵੀ ਇਹ ਸਮਝ ਪ੍ਰਾਪਤ ਕਰਦਾ ਹੈ ਕਿ ਇਹ ਸਭ ਪਸਾਰਾ ਝੂਠ ਹੈ ਅਤੇ ਨਾਸ਼ਮਾਨ ਹੈ। ਹਰਪਾਲ ਸਿੰਘ ਪੰਨੂੰ ਅਨੁਸਾਰ, ''ਕੁਦਰਤਿ ਚਿਰਤਣ ਦਾ ਮਨੋਰਥ ਸੌਂਦਰਯ ਦੀ ਪ੍ਰਦਰਸ਼ਨੀ ਕਰਨ ਦੀ ਥਾਂ ਕਾਦਰ ਦੇ ਕਰਤਾਰੀ ਮਰਮ ਦੀ ਸੋਝੀ ਕਰਵਾਉਣਾ ਹੈ। ਜਿਵੇਂ ਚਿੱਤਰਕਾਰ ਦੀ ਮਹਾਨਤਾ ਦਾ ਉਸ ਦੀ ਚਿੱਤਰਸ਼ਾਲਾ ਵਿੱਚ ਪਈ ਚਿੱਤਰਕਾਰੀ ਤੋਂ ਪਤਾ ਲੱਗਦਾ ਹੈ, ਕੁਦਰਤਿ ਦੀ ਸੁੰਦਰਤਾ ਅਤੇ ਅਨੰਤਤਾ ਅਕਾਲਪੁਰਖ ਦੀ ਮਹਾਨਤਾ ਵੱਲ ਸੰਕੇਤ ਕਰਦੇ ਹਨ।[19]

ਗੁਰੂ ਜੀ ਨੇ ਬਾਣੀ ਵਿੱਚ ਇਹ ਵੀ ਦਰਸਾਇਆ ਹੈ ਕਿ ਜਦੋਂ ਇਹ ਸੰਸਾਰ ਤੇ ਇਸਦੀਆਂ ਵਸਤਾਂ ਨਾਸ਼ਮਾਨ, ਛਿਨਭੰਗਰ ਹਨ ਤਾਂ ਮਨੁੱਖ ਇਨ੍ਹਾਂ ਨਾਲ ਕਿਉਂ ਮੋਹ ਵਿੱਚ ਗ੍ਰਸਿਆ ਹੈ? ਸੰਸਾਰਕ ਵਸਤੂਆਂ ਦੀ ਨਾਸ਼ਮਾਨਤਾ ਦਾ ਇਹ ਸੂਤਰ ਮਨੁੱਖ ਨੂੰ ਸੰਸਾਰ ਤੋਂ ਉਪਰਾਮ ਕਰਕੇ ਵੈਰਾਗ ਦੀ ਅਵਸਥਾ ਵਿੱਚ ਪਰਿਵਰਤਿਤ ਕਰਨ ਦੀ ਹੀ ਇੱਕ ਜੁਗਤ ਪੇਸ਼ ਕਰਦਾ ਹੈ :-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥[20]

ਗੁਰਮਤਿ ਵਿਚਾਰਧਾਰਾ ਵਿੱਚ ਵੈਰਾਗ ਦੀ ਵਿਲੱਖਣਤਾ ਇੱਕ ਸਾਖੀ ਤੋਂ ਸਪੱਸ਼ਟ ਹੋ ਜਾਂਦੀ ਹੈ ਜਿਸ ਵਿੱਚ ਗੁਰੂ ਤੋਂ ਵਿਛੋੜੇ ਤੇ ਮਿਲਾਪ ਦੋਨੋਂ ਅਵਸਥਾਵਾਂ ਵਿੱਚ ਵੈਰਾਗ ਦੀ ਉਪਸਥਿਤੀ ਹੈ। ਜਦੋਂ ਰਾਇ ਬੁਲਾਰ ਖਾਂ ਗੁਰੂ ਨਾਨਕ ਸਾਹਿਬ ਜੀ ਨੂੰ ਯਾਦ ਕਰਦੇ ਹਨ ਤਾਂ ਵੀ ਵੈਰਾਗੀ ਹੁੰਦੇ ਹਨ ਅਤੇ ਜਦੋਂ ਮਿਲਦੇ ਹਨ ਤਾਂ ਵੀ ਹੰਝੂਆਂ ਰਾਹੀਂ ਉਨ੍ਹਾਂ ਦਾ ਪ੍ਰੇਮ ਰੂਪੀ ਵੈਰਾਗ ਛਲਕ ਪੈਂਦਾ ਹੈ। ਅਸਲ ਵਿੱਚ ਵੈਰਾਗ ਹੀ ਜਗਿਆਸੂ ਨੂੰ ਉਸ ਅਵਸਥਾ ਤੱਕ ਲੈ ਜਾ ਸਕਦਾ ਹੈ ਜਿੱਥੇ ਉਹ ਦੁਨਿਆਵੀ ਖ਼ੁਸ਼ੀ ਅਤੇ ਗ਼ਮੀ ਤੋਂ ਉੱਪਰ ਉੱਠ ਕੇ ਆਨੰਦ ਦੀ ਸਦੀਵੀ ਅਵਸਥਾ ਵਿੱਚ ਟਿਕ ਜਾਂਦਾ ਹੈ। ਗੁਰ ਵਾਕ ਹੈ :-

ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥[21]

ਤੇ

ਨਾਨਕ ਭਗਤਾ ਸਦਾ ਵਿਗਾਸੁ ॥[22]

ਜਦੋਂ ਮਨੁੱਖ ਲੋਭ ਅਤੇ ਲਾਲਚ ਦੀਆਂ ਸਾਰੀਆਂ ਸੀਮਾਵਾਂ ਨੂੰ ਪਾਰ ਕਰ ਲੈਂਦਾ ਹੈ ਤਾਂ ਪਦਾਰਥਾਂ ਦਾ ਇਹ ਮੋਹ ਉਸ ਵਿੱਚ ਦੂਸਰੇ ਵਿਕਾਰਾਂ ਨੂੰ ਵੀ ਜਨਮ ਦਿੰਦਾ ਹੈ ਜਿਸ ਕਾਰਨ ਉਹ ਆਪਣੇ ਅਸਲ ਮਨੋਰਥ ਤੋਂ ਭਟਕ ਜਾਂਦਾ ਹੈ। ਗੁਰਮਤਿ ਜਦੋਂ ਵੈਰਾਗ ਦੀ ਗੱਲ ਕਰਦਾ ਹੈ ਤਾਂ ਉਹ ਸੰਸਾਰਕ ਪਦਾਰਥਾਂ ਪ੍ਰਤੀ ਪੈਦਾ ਹੋਏ ਮੋਹ ਦੁਆਰਾ ਮਨੁੱਖ ਦੀ ਉੱਚਤਾ ਵੱਲ ਵਿਕਾਸ ਕਰਨ ਦੀ ਦਿਸ਼ਾ ਦੀ ਥਾਂ ਉਸ ਦੇ ਪਤਨ ਵੱਲ ਜਾਣ ਦੇ ਸੰਦਰਭ ਵਿੱਚ ਹੈ। ਗੁਰਮਤਿ ਇਸ ਤਰ੍ਹਾਂ ਦੇ ਪਦਾਰਥਾਂ ਨਾਲ ਜਾਂ ਪਦਾਰਥਾਂ ਨਾਲ ਜੁੜੇ ਦੂਸਰੇ ਸੰਬੰਧਾਂ ਨਾਲ ਪੈਦਾ ਹੋਏ ਮੋਹ ਦਾ ਤਿਆਗ ਕਰਨ ਦਾ ਸੁਚੇਤ ਉਪਦੇਸ਼ ਦਿੰਦਾ ਹੈ। ਅਸਲ ਵਿੱਚ ਵੈਰਾਗ ਦਾ ਮਹੱਤਵ ਇਸੇ ਤੱਥ ਵਿੱਚ ਹੈ ਕਿ ਸੰਸਾਰਕ ਮੋਹ ਮਾਇਆ ਤੋਂ ਟੁੱਟਿਆ ਜਾਵੇ ਅਤੇ ਪ੍ਰਾਲੋਕਿਕ ਮੰਡਲਾਂ ਵਿੱਚ ਆਪਣੀ ਸੁਰਤ ਨੂੰ ਜੋੜਿਆ ਜਾਵੇ, ਭਾਵ ਮਨੁੱਖ ਦੁਨਿਆਵੀ ਵਿਕਾਰਾਂ ਅਤੇ ਮਾਨਵੀ ਸੰਬੰਧਾਂ ਦੇ ਪ੍ਰਭਾਵਾਂ ਤੋਂ ਨਿਰਲੇਪ ਹੋ ਜਾਏ ਅਤੇ ਸਹਿਜ ਵਿਚਰੇ ਤੇ ਬ੍ਰਹਮ ਨਾਲ ਅਭੇਦ ਹੋ ਜਾਏ। ਅਜਿਹੀ ਅਵਸਥਾ ਨੂੰ ਬ੍ਰਹਮਨਿਵਾਸ ਦੀ ਅਵਸਥਾ ਕਿਹਾ ਜਾਂਦਾ ਹੈ। ਗੁਰ ਵਾਕ ਹੈ :-

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥[23]

ਅਸਲ ਵਿੱਚ ਜੀਵਨ ਦਾ ਇੱਕੋ ਇੱਕ ਪਰਮਾਰਥ ਮੋਕਸ਼ ਹੀ ਹੈ। ਮੋਕਸ਼ ਦਾ ਅਰਥ ਆਵਾਗਮਨ ਦੇ ਚੱਕਰਾਂ ਤੋਂ ਮੁਕਤ ਹੋਣਾ ਹੈ। ਗੁਰਮਤਿ ਵਿੱਚ ਮੋਕਸ਼ ਨੂੰ ਇੰਨੀ ਅਹਿਮੀਅਤ ਇਸ ਲਈ ਦਿੱਤੀ ਗਈ ਹੈ ਕਿਉਂਕਿ ਬਿਨਾਂ ਗਿਆਨ ਤੋਂ ਇਹ ਸੰਸਾਰ ਦੁੱਖਾਂ ਦਾ ਘਰ ਹੈ 'ਨਾਨਕ ਦੁਖੀਆ ਸਭੁ ਸੰਸਾਰੁ'।[24] ਬਾਬਾ ਫ਼ਰੀਦ ਜੀ ਵੀ ਇਸ ਦੀ ਪ੍ਰੋੜਤਾ ਕਰਦੇ ਹੋਏ ਲਿਖ਼ਦੇ ਹਨ :-

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥

ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥[25]

ਗੁਰਮਤਿ ਦਰਸ਼ਨ ਵਿੱਚ ਵੈਰਾਗ ਦੀ ਗੌਰਵਤਾ ਅਤੇ ਵਿਲੱਖਣਤਾ ਸੰਸਾਰ ਦੇ ਸਾਰੇ ਧਰਮਾਂ ਨਾਲੋਂ ਉੱਤਮ ਹੈ। ਇਸ ਦੀ ਸ਼ੋਭਾ ਜਗਿਆਸੂ ਨੂੰ ਆਪਣੇ ਆਪ ਨਹੀਂ ਆਉਂਦੀ ਗੁਰੂ ਸ਼ਬਦ ਕਰਾਉਂਦਾ ਹੈ। ਗੁਰਮਤਿ ਵੈਰਾਗ ਦੇ ਉਦਭਵ ਨਾਲ ਜਗਿਆਸੂ ਦੇ ਹਿਰਦੇ ਵਿੱਚ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੁੰਦੀ ਹੈ ਅਤੇ ਮਨ ਵਿੱਚ ਖੇੜਾ ਅਤੇ ਵਿਸਮਾਦ ਪੈਦਾ ਹੁੰਦਾ ਹੈ, ਆਪਣੀ ਅਦੁੱਤੀ ਹੋਂਦ ਦਾ ਅਨੁਭਵ ਹੁੰਦਾ ਹੈ, ਸਤਿ ਅਤੇ ਅਸਤਿ ਦੀ ਸੂਝ ਪੈਦਾ ਹੋ ਜਾਂਦੀ ਹੈ ਅਤੇ ਉਹ ਬੁੱਧੀ ਤੇ ਬਿਬੇਕ ਨਾਲ ਜੀਵਨ ਬਤੀਤ ਕਰਦਾ ਹੈ।

ਗੁਰਮਤਿ ਵਿਚਾਰਧਾਰਾ ਵਿੱਚ ਪ੍ਰੇਮਮਈ ਵਿਸਮਾਦੀ ਵੈਰਾਗ ਭਾਵ ਸਮਾਏ ਹੋਏ ਹਨ। ਜੋ ਮਨੁੱਖੀ ਮਨ ਨੂੰ ਅਗੰਮੀ ਖੇੜਾ ਬਖ਼ਸ਼ਦੇ ਹਨ। ਗੁਰਮਤਿ ਵਿਚਾਰਧਾਰਾ ਦਾ ਮੂਲ ਸ੍ਰੋਤ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਲਈ ਗੁਰਮਤਿ ਵਿਚਾਰਧਾਰਾ ਵਿੱਚੋਂ ਉਤਪੰਨ ਹੋਏ ਵੈਰਾਗ ਦੇ ਸੰਕਲਪ ਨੂੰ ਸਮਝਣ ਲਈ ਜਗਿਆਸੂ ਧਰਮ ਗ੍ਰੰਥਾਂ ਦਾ ਸਹਾਰਾ ਲੈਂਦੇ ਹਨ। ਵੈਰਾਗ ਅੰਦਰ ਦੀ ਸਾਧਨਾ ਹੈ ਇਸ ਨੂੰ ਅਨੁਭੂਤੀ ਦੁਆਰਾ ਜਾਣਿਆ ਜਾ ਸਕਦਾ ਹੈ ਕਿਉਂਕਿ ਇਹ ਅਭਿਵਿਅਕਤੀ ਦਾ ਵਿਸ਼ਾ ਨਹੀਂ ਹੈ, ਇਸ ਦਾ ਕਰਮ ਮਨ ਤੇ ਬੁੱਧੀ ਨੂੰ ਵਾਸ਼ਨਾਤਮਕ ਸੰਸਕਾਰਾਂ ਦੀ ਮੈਲ ਤੋਂ ਮੁਕਤ ਕਰਨਾ ਹੈ। ਅਜਿਹੀ ਸਥਿਤੀ ਵਿੱਚ ਜਦ ਮਨੁੱਖ ਦੇ ਅੰਦਰ ਪ੍ਰਭੂ ਦਾ ਡਰ ਪੈਦਾ ਹੁੰਦਾ ਹੈ ਤਦ ਉਸ ਮਨੁੱਖ ਅੰਦਰ ਵੈਰਾਗ ਪੈਦਾ ਹੁੰਦਾ ਹੈ। ਫਿਰ ਉਹ ਪ੍ਰਭੂ ਦੀ ਭਗਤੀ ਵਿੱਚ ਲੱਗ ਕੇ ਪਰਮਾਤਮਾ ਵਿੱਚ ਅਭੇਦ ਹੋ ਜਾਂਦਾ ਹੈ ਅਤੇ ਉਸ ਅੰਦਰੋਂ ਮੈਂ ਮੇਰੀ ਖ਼ਤਮ ਹੋ ਜਾਂਦੀ ਹੈ, ਗੁਰਮਤਿ ਵਿੱਚ ਵੈਰਾਗ ਇਹੀ ਹੈ।

**(ਅ) ਗੁਰੂ ਤੇਗ ਬਹਾਦਰ ਬਾਣੀ ਵਿੱਚ ਵੈਰਾਗ ਦਾ ਸੰਕਲਪ**

ਗੁਰਮਤਿ ਵਿੱਚ ਵੈਰਾਗ ਦੇ ਮਹੱਤਵ ਨੂੰ ਮੁੱਢ ਤੋਂ ਹੀ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਜਿੱਥੇ ਇੱਕ ਪਾਸੇ ਵਿਅਕਤੀਗਤ ਪੱਧਰ 'ਤੇ ਦੁਨਿਆਵੀ ਕੀਮਤਾਂ ਤੋਂ ਉਲਾਰ ਰਹੇ ਸਨ। ਉੱਥੇ ਹੀ ਦੂਸਰੇ ਪਾਸੇ ਉਨ੍ਹਾਂ ਦੀ ਰਚੀ ਬਾਣੀ ਵਿੱਚ ਉਪਰਾਮਤਾ ਦੀ ਭਾਅ ਨਜ਼ਰ ਆਉਂਦੀ ਹੈ। ''ਗੁਰਬਾਣੀ ਵਿੱਚ ਵੈਰਾਗ ਦਾ ਜੋ ਸੰਕਲਪ ਪੇਸ਼ ਕੀਤਾ ਗਿਆ ਹੈ। ਉਹ ਨਾ ਤਾਂ ਨਿਸ਼ਕਿਰਿਆ ਦਾ ਸੰਕਲਪ ਹੈ ਅਤੇ ਨਾ ਹੀ ਪਲਾਇਨਵਾਦ ਦਾ।[26] ਗੁਰਬਾਣੀ ਵਿੱਚ ਵੈਰਾਗ ਸੰਸਾਰਕ ਮੋਹ ਮਾਇਆ ਪ੍ਰਤੀ ਮੋਹ ਭੰਗ ਕਰਕੇ ਸਦੀਵੀ ਸੱਚ ਨਾਲ ਜੁੜਨ ਦਾ ਸੰਕਲਪ ਹੈ। ਉਹ

ਸਦੀਵੀ ਸੱਚ ਜੋ ਮਨੁੱਖ ਨੂੰ ਉਸਦੀ ਅਸਲ ਸੰਸਾਰ ਯਾਤਰਾ ਦਾ ਬੋਧ ਕਰਵਾਉਂਦਾ ਹੈ। ਜਿਸ ਨਾਲ ਉਸ ਨੇ ਲੋਕ ਅਤੇ ਪਰਲੋਕ ਨੂੰ ਸਵਾਰਨਾ ਹੈ ਅਤੇ ਆਪਣੇ ਮੂਲ ਵਿੱਚ ਜਾ ਜੁੜਨਾ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ :-

ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥

ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥[27]

ਉਹੀ ਮਨੁੱਖ ਤਿਆਗੀ ਹੈ ਜਿਸ ਦਾ ਮਨ ਪਰਮਾਤਮਾ ਦੇ ਵੈਰਾਗ ਵਿੱਚ ਰੰਗਿਆ ਗਿਆ ਹੈ। ਉਸ ਵੈਰਾਗੀ ਦੇ ਅੰਦਰ ਹੀ ਸ਼ਬਦ ਦੀ ਬਰਕਤ ਨਾਲ ਪ੍ਰਭੂ ਦੀ ਜੋਤ ਜਗ ਪੈਂਦੀ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਮਨੁੱਖੀ ਮਨ ਵਿੱਚ ਵੈਰਾਗ ਦੀ ਤੀਬਰਤਾ ਦਾ ਸੰਚਾਰ ਕਰਦੀ ਹੈ। ਪ੍ਰਭੂ ਦੀ ਭਗਤੀ, ਸਿਮਰਨ ਅਤੇ ਵੈਰਾਗ ਆਪ ਦੀ ਬਾਣੀ ਦੇ ਪ੍ਰਮੁੱਖ ਅਤੇ ਕੇਂਦਰੀ ਧੁਰੇ ਹਨ। ਸੁਰਿੰਦਰ ਸਿੰਘ ਕੋਹਲੀ ਅਨੁਸਾਰ, ''ਆਪ ਜੀ ਦੇ ਸ਼ਬਦ ਵੈਰਾਗ ਅਤੇ ਮਿੱਠਤ ਕਰਕੇ ਬਹੁਤ ਪ੍ਰਸਿੱਧ ਹਨ। ਆਪ ਜੀ ਦੀ ਬਾਣੀ ਬਹੁਤ ਵੈਰਾਗ ਭਰੀ ਹੈ। ਖ਼ਾਸ ਕਰਕੇ ਆਪ ਜੀ ਦੇ ਸਲੋਕ ਤਾਂ ਢੇਰ ਵੈਰਾਗ ਉਪਜਾਂਦੇ ਹਨ। ਮਨ ਸੰਸਾਰ ਵੱਲੋਂ ਉਦਾਸ ਹੋ ਜਾਂਦਾ ਹੈ ਅਤੇ ਪਰਮਾਤਮਾ ਦੀ ਲੋਚਨਾ ਰੱਖਦਾ ਹੈ।''[28]

ਆਪ ਸੂਖ਼ਮ ਨਾਲੋਂ ਸਥੂਲ ਖੇਤਰ ਵਿੱਚ ਵਧੇਰੇ ਵਿਚਰਦੇ ਦਿਖਾਈ ਦਿੰਦੇ ਹਨ। ਆਪ ਨੇ ਬਾਣੀ ਵਿੱਚ ਸੰਸਾਰ ਅਤੇ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਅਤੇ ਅਸਥਿਰਤਾ ਦੇ ਚਿੱਤਰ ਪੇਸ਼ ਕੀਤੇ ਹਨ। ਬੇਸ਼ੱਕ ਜੀਵਨ ਨਾਸ਼ਮਾਨ ਹੈ ਪਰੰਤੂ ਫਿਰ ਵੀ ਇਸ ਨੂੰ ਵਿਧੀਵਧ ਜਿਉਣਾ ਅਨਿਵਾਰੀ ਹੈ। ਬੇਸ਼ੱਕ ਸੰਸਾਰ ਬੁਲਬੁਲੇ ਦੀ ਭਾਂਤੀ ਬਿਨਸ ਜਾਣ ਵਾਲਾ ਹੈ ਪਰੰਤੂ ਇਸ ਦਾ ਮਤਲਬ ਮੌਤ ਨਹੀਂ ਸਗੋਂ ਇੱਕ ਵਰਤਾਰਾ ਹੈ ਜੋ ਚਲੰਤ ਹੈ, ਯਥਾਰਥਕ ਹੈ। ਇਸੇ ਸੰਦਰਭ ਵਿੱਚ ਗੁਰੂ ਜੀ ਫੁਰਮਾਉਂਦੇ ਹਨ ਕਿ :-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥[29]

ਆਪ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਸੰਸਾਰ ਸਥਿਰ ਨਹੀਂ ਹੈ ਜਿਵੇਂ :-

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥[30]

ਇਵੇਂ ਹੀ ਦੁਨਿਆਵੀ ਰਿਸ਼ਤਿਆਂ ਨੂੰ ਦੇਖਿਆ ਜਾ ਸਕਦਾ ਹੈ :-

ਇਹ ਜਗਿ ਮੀਤੁ ਨ ਦੇਖਿਓ ਕੋਈ ॥

ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥[31]

ਮੌਤ ਵਰਗੀ ਅਟੱਲ ਸੱਚਾਈ ਬਾਬਤ ਲਿਖ਼ਦੇ ਹਨ :-

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥[32]

ਆਪ ਮਨੁੱਖ ਨੂੰ ਆਪਣੀ ਬਾਣੀ ਰਾਹੀਂ ਸੰਸਾਰ ਦੀ ਅਸਥਿਰਤਾ ਅਤੇ ਅਟੱਲ ਸੱਚਾਈਆਂ 'ਤੇ ਧਿਆਨ ਕੇਂਦ੍ਰਿਤ ਕਰਨ ਦਾ ਉਪਦੇਸ਼ ਦਿੰਦੇ ਹਨ। ਵੈਰਾਗ ਦੀ ਸਹੀ ਪਰਿਭਾਸ਼ਾ ਸਮਝਾ ਕੇ ਉਸ ਨੂੰ ਆਪਣੇ ਅਸਲੇ ਨਾਲ ਜੁੜਨ ਲਈ ਗੁਰਬਾਣੀ ਵਿੱਚ ਉਦਾਹਰਨਾਂ ਦੇ ਕੇ ਸਮਝਾਉਂਦੇ ਹਨ।

ਡਾ. ਮਹਿੰਦਰ ਕੌਰ ਗਿੱਲ ਆਪਣੀ ਪੁਸਤਕ 'ਗੁਰੂ ਤੇਗ ਬਹਾਦਰ ਜੀਵਨ ਤੇ ਬਾਣੀ ਅਧਿਐਨ' ਵਿੱਚ ਵੈਰਾਗ ਪ੍ਰਤੀ ਵਿਚਾਰ ਪੇਸ਼ ਕਰਦੇ ਹਨ ਕਿ ''ਵੈਰਾਗੀ ਉਦਾਸੀਨ ਹੋ ਕੇ ਤੱਤ ਗਿਆਨ ਨੂੰ ਪ੍ਰਾਪਤ ਕਰਦਾ ਹੈ ਤੇ ਬਿਰਹੀ ਸ਼ੁੱਧ ਸਨੇਹ ਭਗਤੀ ਰਾਹੀਂ ਪ੍ਰਭੂ ਦੇ ਵਸਲ ਨੂੰ ਪ੍ਰਾਪਤ ਹੁੰਦਾ ਹੈ। ਵੈਰਾਗ ਦੇਖਣ-ਸੁਣਨ ਵਾਲੇ ਵਿਸ਼ਿਆਂ ਤੋਂ ਮੋਹ-ਭੰਗ ਹੋ ਕੇ ਉਸੇ ਦਸ਼ਾ ਦਾ ਵਸ਼ੀਕਾਰ ਕਰਨ ਨਾਲ ਹੀ ਬਿਰਹੀ ਪ੍ਰਭੂ ਪ੍ਰੀਤ ਰਾਹੀਂ ਉਪਰਾਮਤਾ ਨੂੰ ਪ੍ਰਾਪਤ ਹੁੰਦਾ ਹੈ।[33]

ਵੈਰਾਗ ਸੰਸਾਰਕ ਖਿੱਚ ਤੋਂ ਉਪਰਾਮਤਾ ਹੈ। ਵੈਰਾਗ ਦੀ ਸਥਿਤੀ ਵਿੱਚ ਮਨੁੱਖ ਦਾ ਮਨ ਗਿਆਨਵਾਨ ਹੋ ਜਾਂਦਾ ਹੈ ਅਤੇ ਉਹ ਉੱਚ ਆਦਰਸ਼ ਦੀ ਪ੍ਰਾਪਤੀ ਲਈ ਉਸ ਸਦੀਵੀ ਸੱਤਾ ਨਾਲ ਜੁੜ ਜਾਂਦਾ ਹੈ। ਇਸ ਨੂੰ ਹੀ ਵੈਰਾਗ ਦੀ ਅਵਸਥਾ ਆਖਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਅੰਗ ਹੈ। ਇਸ ਬਾਣੀ ਵਿੱਚ ਮਨੁੱਖ ਦੇ ਜੀਵਨ ਨੂੰ ਸਮਝਣ ਲਈ ਇੱਕ ਵਿਸ਼ੇਸ਼ ਜੀਵਨ ਵਿਧੀ ਨੂੰ ਬਿਆਨ ਕੀਤਾ ਗਿਆ ਹੈ। ਇੱਥੇ ਇਹ ਸਪੱਸ਼ਟ ਕਰਨਾ

ਜ਼ਰੂਰੀ ਹੈ ਕਿ ਗੁਰੂ ਸਾਹਿਬਾਨ ਦੀ ਬਾਣੀ ਇੱਕ ਦੂਸਰੇ ਦਾ ਵਿਸਥਾਰ ਹੈ ਵਿਰੋਧ ਨਹੀਂ। ਮਨੁੱਖ ਨੂੰ ਵਿਸ਼ੇਸ਼ ਜੀਵਨ ਵਿਧੀ ਰਾਹੀਂ ਗੁਰਮਤਿ ਦੇ ਸਿਧਾਂਤ ਨੂੰ ਸਮਝਣ ਲਈ ਇਹ ਇੱਕ ਸਰਲ ਸਾਧਨ ਹੈ। ਗੁਰੂ ਤੇਗ ਬਹਾਦਰ ਜੀ ਨੇ ਬਾਣੀ ਵਿੱਚ ਤਿਆਗ ਅਤੇ ਵੈਰਾਗ, ਲੀਨਤਾ ਅਤੇ ਅਨੁਰਾਗ ਦੇ ਵਿਰੋਧੀ ਭਾਵਾਂ ਰਾਹੀਂ ਉਸੇ ਵਿਸ਼ੇ ਨੂੰ ਰੂਪਮਾਨ ਕੀਤਾ ਹੈ। ਇਹ ਦੋ ਵਿਰੋਧੀ ਭਾਵ ਹੀ ਨਹੀਂ ਸਗੋਂ ਦੋ ਵਿਰੋਧੀ ਸਥਿਤੀਆਂ ਹਨ। ਗੁਰੂ ਸਾਹਿਬ ਨੇ ਬਾਣੀ ਵਿੱਚ ਇਨ੍ਹਾਂ ਦੋਨੋਂ ਵਿਰੋਧੀ ਭਾਵਾਂ ਪ੍ਰਤੀ ਕਈ ਸਵਾਲ ਉਠਾਏ ਅਤੇ ਫਿਰ ਜੁਆਬ ਵੀ ਬਾਣੀ ਰਾਹੀਂ ਆਪ ਹੀ ਦਿੰਦੇ ਹਨ ਕਿ ਤਿਆਗ ਕਿਸ ਦਾ ਕਰਨਾ ਹੈ? ਵੈਰਾਗੀ ਕਿਸ ਤੋਂ ਹੋਣਾ? ਲੀਨ ਕਿਸ ਵਿੱਚ ਹੋਣਾ ਹੈ ਅਤੇ ਅਨੁਰਾਗ ਕਿਸ ਨਾਲ ਕਰਨਾ ਹੈ? ਮਨੁੱਖ ਨੇ ਮਨ ਕਿੱਥੇ ਲਾਉਣਾ ਹੈ ਅਤੇ ਕਿੱਥੋਂ ਹਟਾਉਣਾ ਹੈ? ਮਨੁੱਖ ਦੇ ਜੀਵਨ ਦਾ ਮਨੋਰਥ ਕੀ ਹੈ ਅਤੇ ਉਹ ਕਿਸ ਤਰ੍ਹਾਂ ਮਿਲਣਾ ਹੈ? ਜੋ ਇਸ ਮਨੋਰਥ ਦਾ ਵਿਰੋਧੀ ਹੈ ਉਹ ਕੀ ਹੈ? ਤਿਆਗ ਕਿਸ ਦਾ ਅਤੇ ਵੈਰਾਗ ਕਿਸ ਤੋਂ ਕਿਉਂ ਕੀਤਾ ਜਾਣਾ ਚਾਹੀਦਾ ਹੈ? ਆਦਿ ਇਨ੍ਹਾਂ ਸਵਾਲਾਂ ਦੇ ਜੁਆਬ ਨਿਹਿਤ ਹਨ ਜਿਵੇਂ ਕਿ :-

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥[34]

ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥[35]

ਨਿਮਖ ਨ ਲੀਨ ਭਇਓ ਚਰਨਨ ਸਿਉ ਬਿਰਥਾ ਅਉਧ ਸਿਰਾਨੀ ॥
ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥[36]
ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ ॥
ਸੁਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ ॥[37]

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥[38]

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥[39]

ਗੁਰੂ ਜੀ ਨੇ ਉਪਰੋਕਤ ਬਾਣੀ ਵਿੱਚ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਤਿਆਗਣ ਛੱਡਣ ਲਈ ਕੀ ਹੈ? ਅਭਿਮਾਨ, ਮੋਹ, ਮਾਇਆ, ਝੂਠੀ ਮਮਤਾ, ਹਉਮੈਂ ਦਾ ਤਿਆਗ ਕਰਨਾ ਹੈ ਅਤੇ ਮਨੁੱਖ ਨੇ ਆਪਣਾ ਚਿੱਤ, 'ਭਜਨ ਰਾਮ ਚਿਤ ਲਾਵਉ', 'ਚਰਨਿ ਤਾਹਿ ਚਿਤੁ ਲਾਇਉ', ਨਾਲ ਲਾਉਣਾ ਹੈ। ਅਨੁਰਾਗ ਹੋਣਾ ਹੈ 'ਗੁਰੂ ਚਰਨਾਂ' ਨਾਲ। ਹਉਮੈਂ, ਲੋਭ, ਮੋਹ ਅਤੇ ਅਹੰਕਾਰ ਆਦਿ ਸਭ ਨੂੰ ਤੱਜ ਕੇ, ਉਦਾਸ ਹੋ ਕੇ ਗੁਰੂ ਚਰਨਾਂ ਵਿੱਚ ਲੀਨ ਹੋਣਾ ਹੈ ਅਤੇ ਨਾਲ ਹੀ ਉਸ ਦੇ 'ਘਟਿ' ਭਾਵ ਅੰਦਰ ਹੀ ਬ੍ਰਹਮ (ਜੋ ਮਨੁੱਖ ਦਾ ਮਨੋਰਥ) ਪ੍ਰਗਟ ਹੋ ਜਾਂਦਾ ਹੈ ਤਾਂ ਉਹ ਮੁਕਤੀ ਪ੍ਰਾਪਤ ਕਰਦਾ ਹੈ। ਜਿਸ ਪਰਮ ਕੀਮਤ ਦੀ ਪ੍ਰਾਪਤੀ ਨਾਲ ਉਹ ਹੋਰਾਂ ਨੂੰ ਵੀ ਇਸ ਮਾਰਗ ਦਾ ਯਾਤਰੂ ਬਣਾਉਂਦਾ ਹੈ ਅਤੇ ਸਫ਼ਲਤਾ ਪੂਰਵਕ ਉਨ੍ਹਾਂ ਦਾ ਪਾਰ ਉਤਾਰਾ ਕਰਦਾ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿੱਚ ਇਸ ਦੀ ਪੁਸ਼ਟੀ ਕੀਤੀ ਹੈ ਕਿ ਵੈਰਾਗ ਤੋਂ ਬਿਨਾਂ ਸੰਸਾਰਕ ਮੋਹ ਖ਼ਤਮ ਨਹੀਂ ਹੋ ਸਕਦਾ :-

ਬਿਨੁ ਬੈਰਾਗ ਨ ਛੂਟਸਿ ਮਾਇਆ ॥

ਕੈਸੇ ਜੀਵਨੁ ਹੋਇ ਹਮਾਰਾ ॥

ਜਬ ਨ ਹੋਇ ਰਾਮ ਨਾਮ ਅਧਾਰਾ ॥[40]

ਪਰਮਾਤਮਾ ਦੀ ਪ੍ਰੀਤ ਦੇ ਬਗੈਰ, ਮਾਇਆ ਮੋਹਨੀ ਪਾਸੋਂ ਖ਼ਲਾਸੀ ਨਹੀਂ ਹੋ ਸਕਦੀ ਅਤੇ ਜੇ ਇਸ ਦਾ ਮੋਹ ਮੇਰੇ ਮਨ ਵਿੱਚੋਂ ਨਾ ਗਿਆ ਤਾਂ ਮੈਂ ਜੀਵਨ ਜੀਅ ਹੀ ਨਹੀਂ ਸਕਦਾ ਕਿਉਂਕਿ ਇੱਕ ਵੈਰਾਗੀ ਲਈ ਇਸ ਦਾ ਤਿਆਗ ਕਰਨਾ ਅਤਿ ਜ਼ਰੂਰੀ ਹੈ। ਜਿਹੜੇ ਵੈਰਾਗੀ ਨੇ ਉਪਰੋਕਤ ਵਿਚਾਰ 'ਤੇ ਅਮਲ ਨਾ ਕੀਤਾ ਤਾਂ ਉਹ ਵੈਰਾਗੀ ਹੋ ਹੀ ਨਹੀਂ ਸਕਦਾ।

ਗੁਰੂ ਜੀ ਸਮਝਾਉਂਦੇ ਹਨ ਕਿ ਮਨੁੱਖੀ ਜੀਵਨ ਦੇ ਤਿੰਨ ਪੜਾਅ ਹਨ : ਬਾਲਪਨ, ਜੁਆਨੀ ਅਤੇ ਬੁਢਾਪਾ। ''ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ''[41] ਪਰ ਜੇ ਉਸ ਨੇ ਇਨ੍ਹਾਂ ਤਿੰਨੇ

ਅਵਸਥਾਵਾਂ ਵਿੱਚ ਆਪਣੇ ਅਸਲ ਨੂੰ ਯਾਦ ਨਾ ਕੀਤਾ ਜਾਂ ਆਪਣੇ ਅਸਲ ਮਨੋਰਥ ਨੂੰ ਨਾ ਪਹਿਚਾਨਿਆ ਤਾਂ ਇਹ ਤਿੰਨੇ ਅਵਸਥਾਵਾਂ ਸਭ ਵਿਅਰਥ ਹੀ ਬਤੀਤ ਹੋ ਜਾਂਦੀਆਂ ਹਨ। ਮਨੁੱਖੀ ਮਨ ਮਾਇਆ ਦੇ ਜਾਲ ਵਿੱਚ ਫਸ ਜਾਂਦਾ ਹੈ ਅਤੇ ਕਾਲ ਦੀ ਸਿਆਹੀ ਉਸ ਦੇ ਗਲੇ ਆਣ ਪੈਂਦੀ ਹੈ।

ਗੁਰਬਾਣੀ ਵਿੱਚ ਦਿੱਤੀਆਂ ਉਦਾਹਰਨਾਂ ਜਿਵੇਂ ਜੀਵਨ ਦੀ ਅਸਥਿਰਤਾ, ਮੌਤ ਦੀ ਅਟੱਲ ਸੱਚਾਈ ਅਤੇ ਨਾਸ਼ਮਾਨ ਸੰਸਾਰਕ ਰਿਸ਼ਤਿਆਂ ਦੇ ਗਹਿਰੇ ਅਨੁਭਵ ਰਾਹੀਂ ਹੀ ਮਨੁੱਖੀ ਮਨ ਅੰਦਰ ਵੈਰਾਗ ਉਪਜਦਾ ਹੈ। ਜਦੋਂ ਤੱਕ ਮਨੁੱਖੀ ਮਨ ਵਿੱਚ ਵੈਰਾਗ ਨਹੀਂ ਉਪਜਦਾ ਉਸ ਸਮੇਂ ਤੱਕ ਮਨ ਪ੍ਰਭੂ ਭਗਤੀ ਵਿੱਚ ਅਨੁਰਾਗ ਨਹੀਂ ਹੁੰਦਾ ਅਤੇ ਸਦੀਵੀ ਰਹਿਣ ਵਾਲੇ ਸੱਚ (ਪਰਮਾਤਮਾ) ਦੀ ਸਮਝ ਨਹੀਂ ਆਉਂਦੀ । ਗੁਰੂ ਜੀ ਦਾ ਫੁਰਮਾਨ ਹੈ ਕਿ ਜਿਵੇਂ ਸੁੱਤਾ ਪਿਆ ਮਨੁੱਖ ਸੁਪਨਾ ਵੇਖਦਾ ਹੈ ਅਤੇ ਸੁਪਨੇ ਅੰਦਰ ਕਈ ਤਰ੍ਹਾਂ ਦੇ ਪਦਾਰਥ ਵੇਖਦਾ ਹੈ ਤਿਵੇਂ ਹੀ ਸੰਸਾਰ ਨੂੰ ਸਮਝਦਾ ਹੈ ਪਰ ਇਨ੍ਹਾਂ ਪਦਾਰਥਾਂ ਵਿੱਚੋਂ ਕੋਈ ਵੀ ਪਦਾਰਥ ਸਦੀਵੀ ਸਾਥ ਨਹੀਂ ਨਿਭਾਉਂਦਾ। ਸਾਥ ਸਿਰਫ਼ ਪਰਮਾਤਮਾ ਦਾ ਨਾਮ ਹੀ ਨਿਭਾਉਂਦਾ ਹੈ :-

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥[42]

ਇਹ ਸੁਪਨੇ ਵਰਗਾ ਸੰਸਾਰ ਹੈ ਜੋ ਨਾਸ਼ਮਾਨ ਹੈ ਅਤੇ ਇਸ ਨਾਸ਼ਮਾਨ ਸੰਸਾਰ ਵਿੱਚ ਅਸੀਮ ਹਸਤੀ ਹੀ ਇੱਕ ਸਦੀਵੀ ਆਨੰਦ ਪ੍ਰਦਾਨ ਕਰਨ ਦਾ ਸੋਮਾ ਹੈ। ਆਵਾਗਮਨ ਦੇ ਚੱਕਰਾਂ ਵਿੱਚ ਭਟਕਦੇ ਮਨੁੱਖ ਨੂੰ ਇਹ ਮਨੁੱਖਾ ਦੇਹੀ ਮਿਲੀ ਹੈ ਕਿਉਂਕਿ ਇੱਕ ਮਨੁੱਖ ਹੀ ਹੈ ਜੋ ਸੁਚੇਤ ਹੈ, ਜਿਸ ਨੂੰ ਸਮਝ ਹੈ ਆਪਣੇ ਚੰਗੇ ਮਾੜੇ ਕਰਮਾਂ ਦੀ। ਇਸ ਕਰਕੇ ਇਸ ਮਨੁੱਖੀ ਸਰੀਰ ਨੂੰ ਗੁਰਬਾਣੀ ਵਿੱਚ ਦੁਰਲੱਭ ਆਖਿਆ ਗਿਆ ਹੈ। ਗੁਰੂ ਤੇਗ ਬਹਾਦਰ ਜੀ ਨੇ ਬਾਣੀ ਵਿੱਚ ਮਾਇਆ ਦੇ ਝੂਠੇ ਪਸਾਰੇ ਦਾ ਨਿਰਾ ਕਾਲਪਨਿਕ ਚਿੱਤਰ ਹੀ ਪੇਸ਼ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਜੋ ਵੀ ਕਿਹਾ ਉਸ ਦੀਆਂ ਉਦਾਹਰਨਾਂ ਮਨੁੱਖੀ ਆਲੇ ਦੁਆਲੇ ਵਿੱਚੋਂ ਦੇ ਕੇ ਉਸ ਨੂੰ ਸੱਚ ਸਾਬਿਤ ਕੀਤਾ। ਰਾਏ ਜਸਬੀਰ ਸਿੰਘ ਅਨੁਸਾਰ, ''ਗੁਰੂ ਤੇਗ ਬਹਾਦਰ ਨੇ ਮਾਇਆ ਵਿੱਚ ਗ੍ਰਸੇ ਹੋਏ ਜਾਂ ਗ੍ਰਸੇ ਜਾ ਰਹੇ ਮਨੁੱਖੀ ਮਨ ਦਾ ਯਥਾਰਥਿਕ ਚਿਤ੍ਰਣ ਪੇਸ਼ ਕੀਤਾ।''[43]

ਗੁਰੂ ਤੇਗ ਬਹਾਦਰ ਅਨੁਸਾਰ ਇਹ ਮਨੁੱਖਾ ਸਰੀਰ ਸੰਸਾਰ ਦੇ ਝੂਠੇ ਮੋਹ, ਮਾਇਆ ਅਤੇ ਭਰਮ-ਭੁਲੇਖਿਆਂ ਵਿੱਚ ਰੁਲਣ ਵਾਲੀ ਵਸਤੂ ਨਹੀਂ ਹੈ। ਗੁਰੂ ਜੀ ਬਾਣੀ ਵਿੱਚ ਵਾਰ ਵਾਰ ਮਨੁੱਖ ਨੂੰ ਸਾਵਧਾਨ ਕਰਦੇ ਹਨ :-

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥

ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥[44]

ਜਿਹੜਾ ਮਨੁੱਖ ਆਤਮਿਕ ਆਨੰਦ ਹਾਸਲ ਕਰਨਾ ਚਾਹੁੰਦਾ ਹੈ ਤਾਂ ਉਹ ਪਰਮਾਤਮਾ ਦੀ ਸ਼ਰਨ ਲਵੇ। ਇਹ ਸਰੀਰ ਬੜੀਆਂ ਮੁਸ਼ਕਲਾਂ ਤੋਂ ਬਾਅਦ ਮਿਲਿਆ ਹੈ। ਗੁਰੂ ਸਾਹਿਬ ਦੀ ਸਮੁੱਚੀ ਬਾਣੀ ਨਿਵੇਕਲੀ ਅਤੇ ਵਿਲੱਖਣ ਨੁਹਾਰ ਵਾਲੀ ਹੈ। ਜੀਵਨ ਅਤੇ ਜਗਤ ਦੀ ਨਾਸ਼ਮਾਨਤਾ ਦਾ ਵਿਸ਼ਵਾਸ਼ ਦੁਆ ਕੇ ਆਪ ਮਨੁੱਖ ਨੂੰ ਸ਼ੁਭ ਗੁਣ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦੇ ਹਨ। ਜਦੋਂ ਮਨੁੱਖ ਵਾਰ ਵਾਰ ਬਾਣੀ ਵਿੱਚਲੀਆਂ ਦਿੱਤੀਆਂ ਇਨ੍ਹਾਂ ਨਸੀਹਤਾਂ ਨੂੰ ਪੜ੍ਹਦਾ, ਸੁਣਦਾ ਅਤੇ ਅਮਲ ਵਿੱਚ ਲੈ ਕੇ ਆਉਂਦਾ ਹੈ ਤਾਂ ਉਹ ਆਪ ਮੁਹਾਰੇ ਪ੍ਰਭੂ ਭਗਤੀ ਦਾ ਸ਼ੌਕੀਨ ਹੋ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਬਾਣੀ ਵਿੱਚ 'ਬਾਦਰ ਦੀ ਛਾਈ', 'ਬਾਰੂ ਕੀ ਭੀਤ', ਸੁਪਨਾ, 'ਜਲ ਤੇ ਬੁਦਬੁਦਾ' ਆਦਿ ਦੀਆਂ ਉਦਾਹਰਨਾਂ ਦੇ ਕੇ ਸੰਸਾਰ ਦੀ ਅਸਥਿਰਤਾ ਦਾ ਵਰਣਨ ਕਰਦੇ ਹਨ। ਜੀਵਨ ਦੇ ਸਹੀ ਅਤੇ ਸੱਚੇ ਮਾਰਗ ਪ੍ਰਤੀ ਮਨੁੱਖੀ ਮਨ ਅੰਦਰ ਜਾਗਰਿਤੀ ਅਤੇ ਗਿਆਨ ਦ੍ਰਿੜ ਕਰਵਾਉਂਦੇ ਹਨ। ਇਹ ਵਿਚਾਰ ਗੁਰੂ ਤੇਗ ਬਹਾਦਰ ਜੀ ਦੇ ਸੁਭਾਅ ਵਿੱਚੋਂ ਨਿਕਲੇ ਨਿੱਜੀ ਤਜਰਬੇ ਨਾਲ ਜੁੜੇ ਹੋਏ ਹਨ। ਸੀ.ਐਲ.ਨਾਰੰਗ ਲਿਖ਼ਦੇ ਹਨ, ''ਮਨੁੱਖ ਜਾਤੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਿਲ ਵਿੱਚ ਕਿੰਨਾ ਦਰਦ ਹੈ, ਇਸ ਦਾ ਸਹੀ ਅੰਦਾਜ਼ਾ ਉਨ੍ਹਾਂ ਦੀ ਰਚਨਾ ਤੋਂ ਲਾਉਣਾ ਚਾਹੀਦਾ ਹੈ। ਜੀਵਨ ਨੂੰ ਸੁਪਨੇ ਦੀ ਨਿਆਈਂ ਸਮਝਣਾ, ਬੱਦਲ ਦੀ ਛਾਂ ਵਾਂਗ ਕਹਿਣਾ, ਮਾਨਸ ਜਨਮ ਨੂੰ ਵਿਅਰਥ ਨਾ ਗਵਾਉਣ ਵਾਸਤੇ ਉਪਦੇਸ਼ ਦੇਣਾ ਉਨ੍ਹਾਂ ਦੇ ਦਿਲ ਦਾ ਵਾਸਤਵਿਕ ਪ੍ਰਦਰਸ਼ਨ ਕਰਦਾ ਹੈ। [45]

ਗੁਰੂ ਜੀ ਮਨੁੱਖ ਨੂੰ ਸਮੇਂ ਦੀ ਚਾਲ ਤੋਂ ਸੁਚੇਤ ਕਰਦੇ ਹੋਏ ਸਮਝਾਉਂਦੇ ਹਨ ਕਿ ਇਸ ਨੂੰ ਅਜਾਈਂ ਨਾ ਗਵਾ, ਆਪਣੇ ਜੀਵਨ ਮਨੋਰਥ ਨੂੰ ਪੂਰਾ ਕਰ। ਗੁਰੂ ਜੀ ਕੁਰਾਹੇ ਪਏ ਮਨੁੱਖ ਨੂੰ ਬੜੇ ਹਮਦਰਦੀ ਭਰੇ ਵਚਨਾ ਹੇ,

ਬਾਵਰੇ, ਅਚੇਤ, ਅਣਜਾਨ ਆਦਿ ਨਾਲ ਸੰਬੋਧਿਤ ਕਰਦੇ ਹਨ। ਵਿਚਾਰਾ ਮਨੁੱਖ ਕਿੰਨਾ ਬੇਵੱਸ ਹੈ ਜੋ ਗੁਰੂ ਉਪਦੇਸ਼ ਸੁਣ ਕੇ ਵੀ ਬੰਧਨਾਂ ਵਿੱਚ ਫਸਿਆ ਹੋਇਆ ਹੈ ਜਿਵੇ :-

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥

ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥[46]

ਇਸੇ ਹਮਦਰਦੀ ਅਤੇ ਪ੍ਰੇਮ ਭਰੀ ਝਿੜਕ ਵਿੱਚੋਂ ਗੁਰੂ ਜੀ ਨੇ ਮਨੁੱਖ ਵਿੱਚ ਵੈਰਾਗ ਉਪਜਾਇਆ ਹੈ ਜੋ ਆਪ ਦੀ ਬਾਣੀ ਦਾ ਮੁੱਖ ਸਾਰ ਹੈ। ਗੁਰੂ ਸਾਹਿਬ ਦੀ ਬਾਣੀ ਵਿੱਚ ਜਿਹੜੇ ਵੈਰਾਗ ਦੀ ਪ੍ਰੇਰਨਾ ਮਿਲਦੀ ਹੈ ਉਹ ਉਸਾਰੂ ਵੈਰਾਗ ਹੈ। ਜੋ ਮਨੁੱਖ ਨੂੰ ਸੰਸਾਰ ਦੀ ਅਸਲੀਅਤ ਸਮਝਾਉਂਦਾ ਹੈ ਤੇ ਜਬਰ-ਜ਼ੁਲਮ ਤੋਂ ਤੌਬਾ ਕਰਵਾਉਂਦਾ ਹੈ। ਇਹ ਬਾਣੀ ਗ੍ਰਹਿਸਤੀ ਅਤੇ ਸੰਸਾਰ ਦੀਆਂ ਜਿੰਮੇਵਾਰੀਆਂ ਤੋਂ ਬਾਗੀ ਹੋਣਾ ਨਹੀਂ ਸਿਖਾਉਂਦੀ ਸਗੋਂ ਇਹ ਗ੍ਰਹਿਸਤੀ ਮਾਰਗ ਦੀ ਹਾਮੀ ਭਰਦੀ ਹੈ ਦੇਖੋ ਉਦਾਹਰਨ :-

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥[47]

ਵੈਰਾਗ ਸੰਸਾਰਕ ਖਿੱਚ ਤੋਂ ਉਪਰਾਮਤਾ ਹੈ। ''ਵੈਰਾਗ ਇੱਕ ਮਨੋਸਥਿਤੀ ਹੈ ਜੋ ਗਿਆਨ ਪ੍ਰਾਪਤ ਕਰਨ ਲਈ ਸਾਧਨ ਹੈ। ਇਹੋ ਮਨੋਸਥਿਤੀ ਇੱਕ ਨਿਸ਼ਚਿਤ ਸਮਾਜ ਸਥਿਤੀ ਦੇ ਤਿਆਗ ਤੋਂ ਪ੍ਰਾਪਤ ਹੁੰਦੀ ਹੈ। ਇਹ ਸਮਾਜਿਕ ਸਥਿਤੀ ਕਾਮ, ਕ੍ਰੋਧ ਵਿੱਚ ਖਚਿਤ ਕਰਨ ਵਾਲੀ ਹੈ। ਵੈਰਾਗ ਭਾਵ ਨਹੀਂ, ਨਿਰਭਾਵ ਹੈ।''[48] ਮਨ ਦੀ ਦਸ਼ਾ ਨੂੰ ਵੈਰਾਗ ਸਥਿਤੀ ਵਿੱਚ ਲੈ ਕੇ ਆਉਣ ਲਈ ਮਨੁੱਖੀ ਮਨ ਦਾ ਸ੍ਰਿਸ਼ਟੀ ਦੀ ਰੌਣਕ (ਰਮਣੀਕਤਾ) ਨਾਲੋਂ ਲਗਾਓ ਤੋੜਨਾ ਹੈ। ਇਸ ਦਾ ਕਾਰਨ ਇਹ ਹੈ ਕਿ ਸੰਸਾਰ ਨਾਸ਼ਮਾਨ ਅਤੇ ਦੁੱਖਾਂ ਦਾ ਘਰ ਹੈ। ਇਸ ਸੰਸਾਰ ਨੂੰ ਚਲਾਉਣ ਵਾਲੀ ਸ਼ਕਤੀ ਜੋ ਗਿਆਨ ਨਾਲ ਹਾਸਲ ਹੋ ਸਕਦੀ ਹੈ। ਇਹ ਸ਼ਕਤੀ ਹੀ ਉਸ ਦਾ ਅਸਲੀ ਮਨੋਰਥ ਹੈ ਜਿਸ ਦਾ ਸਾਧਨ ਵੈਰਾਗ ਹੈ। ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਈਰਖਾ, ਆਦਿਕ ਅਨੇਕਾਂ ਰੂਪਾਂ ਵਾਲੀ ਸਾਰੀ ਦੀ ਸਾਰੀ ਮਾਇਆ ਨੂੰ ਤਿਆਗ ਦਿੱਤਾ, ਉਸੇ ਨੇ ਸਹੀ ਵੈਰਾਗ ਦਾ ਸਹੀ ਭੇਖ ਧਾਰਨ ਕੀਤਾ ਹੈ ਭਾਵ ਉਹ ਹੀ ਅਸਲੀ ਵੈਰਾਗੀ ਮਨੁੱਖ ਹੈ। ਭਾਵ ਬਿਖਿਆ ਮਨਮੁੱਖਤਾ ਹੈ ਜਿਸ ਦਾ ਤਿਆਗ ਜ਼ਰੂਰੀ ਹੈ ਅਤੇ

ਵੈਰਾਗ ਗੁਰਮੁੱਖਤਾ ਹੈ ਜਿਸ ਦੀ ਪ੍ਰਾਪਤੀ ਜ਼ਰੂਰੀ ਹੈ। ਨਿਮਨਲਿਖ਼ਤ ਸਲੋਕ ਵਿੱਚ ਬਿਖਿਆ ਤਜਣ ਤੋਂ ਭਾਵ ਕੇਵਲ ਮਾਇਆ ਦਾ ਤਿਆਗ ਨਹੀਂ ਹੈ। ਇੱਥੇ ਜਿਹੜੇ ਤਿਆਗ ਦੀ ਗੱਲ ਕੀਤੀ ਉਸ ਨੂੰ ਆਪ ਨੇ ਬਾਣੀ ਵਿੱਚ ਹੋਰ ਉਦਾਹਰਨ ਦੇ ਕੇ ਇਸ ਤਰ੍ਹਾਂ ਸਪੱਸ਼ਟ ਕੀਤਾ ਹੈ :-

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਿਰ ਮਾਥੈ ਭਾਗੁ ॥
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥[49]

ਰਾਜਬੀਰ ਕੌਰ ਅਨੁਸਾਰ ਮਾਇਆ ਸਿਰਫ਼ ਧਨ ਨੂੰ ਨਹੀਂ ਆਖਿਆ ਉਸ ਤੋਂ ਭਾਵ ਪਦਾਰਥਕ ਮੁੱਲਾਂ (ਵਸਤੂਆਂ) ਤੋਂ ਹੈ। ਜਿਸ ਨੂੰ ਜਮਾ ਛੱਡਣਾ ਨਹੀਂ ਸਗੋਂ ''ਪਦਾਰਥਕ ਹੁੰਦਿਆਂ ਹੋਇਆ ਵੀ ਇਹ ਵਰਜਿਤ ਪਦਾਰਥਕ ਕੀਮਤਾਂ ਵਿੱਚ ਨਹੀਂ ਆਉਂਦੀਆਂ''[50]

ਪ੍ਰੋ. ਸਾਹਿਬ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿੱਚ ਮਹਾਂ-ਵਾਕ ਦੇ ਅਰਥ ਕੀਤੇ ਹਨ ਕਿ ਜਿਸ ਮਨੁੱਖ ਨੇ ਮਾਇਆ ਮੋਹ ਛੱਡ ਦਿੱਤਾ (ਜਿਹੜਾ ਮਨੁੱਖ ਮਾਇਆ ਦੇ ਕਾਮਾਦਿਕ) ਸਾਰੇ ਵਿਕਾਰਾਂ ਵੱਲੋਂ ਉਪਰਾਮ ਹੋ ਗਿਆ ਹੈ। ਭਾਵ ਸਾਰੇ ਵਿਕਾਰਾਂ ਅਤੇ ਅਸਤਿ ਦਾ ਤਿਆਗ ਸੰਸਾਰ ਵਿੱਚ ਕਰਮ ਕਰਦਿਆਂ ਵਿਕਾਰਾਂ ਤੋਂ ਛੁਟਕਾਰਾ ਦਿਵਾਉਣ ਲਈ ਇੱਕ ਨਵੀਂ ਜ਼ਿੰਦਗੀ ਲਈ ਰਾਹ ਖੋਲ ਦਿੰਦੇ ਹਨ।[51]

**(ੲ) ਗੁਰਮਤਿ ਦਰਸ਼ਨ ਨਾਲ ਸਾਂਝ**

ਗੁਰੂ ਸਾਹਿਬ ਨੇ ਕਰਮ ਕਰਦਿਆਂ ਪ੍ਰਾਪਤ ਕੀਤੀ ਵੈਰਾਗ ਅਵਸਥਾ ਨੂੰ ਮਹਾਨ ਆਖਿਆ ਹੈ ਕਿਉਂਕਿ ਗੁਰਬਾਣੀ ਅਨੁਸਾਰ ਵੈਰਾਗ ਕਰਮ ਦੀ ਸਥਿਤੀ ਹੈ ਨਾ ਕਿ ਕਾਰਜਹੀਣਤਾ ਦੀ। ਸੰਸਾਰ ਦੀਆਂ ਜ਼ਿੰਮੇਵਾਰੀਆਂ ਦਾ ਤਿਆਗ ਕਰਨਾ ਕਾਰਜਹੀਣਤਾ ਹੈ ਪਰ ਵੈਰਾਗ ਤਾਂ ਇੱਕ ਨਵੀਂ ਜ਼ਿੰਦਗੀ ਹੈ। ਇਹ ਕਿਤੇ ਜਾ ਕੇ ਕੀਤਾ ਜਾਣ ਵਾਲਾ ਯਤਨ ਨਹੀਂ, ਜਿਵੇਂ ਕੁਰੂਕੁਸ਼ੇਤਰ ਦੇ ਮੈਦਾਨ ਵਿੱਚ ਅਨੁਰਾਗੀ ਅਰਜਨ ਆਪਣੇ ਕਰਮ ਤੋਂ ਹੀਣਾ ਹੋ ਗਿਆ ਪਰ ਕ੍ਰਿਸ਼ਨ ਜੀ ਨੇ ਸੰਸਾਰਕ ਮੋਹ (ਅਨੁਰਾਗ) ਦੀ ਜੇਲ੍ਹ ਤੋਂ ਸੁਚੇਤ ਕੀਤਾ। ਇਹ ਸੰਸਾਰਕ ਅਨੁਰਾਗ ਹੀ ਛੱਡਣਾ

ਕਠਨ ਹੈ। ਸਾਰੀ ਬਾਣੀ ਇਸੇ ਕਰਕੇ ਮਨੁੱਖ ਨੂੰ ਇੱਕ ਵਿਸ਼ੇਸ਼ ਜੀਵਨ ਵਿਧੀ ਨੂੰ ਅਖ਼ਤਿਆਰ ਕਰਨ ਦੀ ਪ੍ਰੇਰਨਾ ਦਿੰਦੀ ਹੈ। ਜਿਸ ਵਿੱਚ ਜੀਵਨ ਦਾ ਉਪਦੇਸ਼ ਅਮੀਰ ਹਸਤੀ ਵਿੱਚ ਲੀਨ ਹੋਣਾ ਹੈ ਕਿਉਂਕਿ ਬਾਣੀ ਅਗਲੇਰੇ ਵਿਕਾਸ ਦੀ ਸੂਚਕ ਹੈ। ਇਸ ਕਰਕੇ ਮਨ ਉੱਤੋਂ ਭਟਕਣਾ ਦਾ ਜਾਲ ਦੂਰ ਕਰਨਾ ਜ਼ਰੂਰੀ ਹੈ। ਜਿਵੇਂ ਹਰੇ ਰੰਗ ਦਾ ਜਾਲਾ ਜੋ ਉਸ ਥਾਂ ਲੱਗ ਜਾਂਦਾ ਹੈ ਜਿੱਥੇ ਪਾਣੀ ਕਾਫੀ ਸਮਾਂ ਖਲੋਤਾ ਰਹੇ ਅਤੇ ਇਸ ਜਾਲੇ ਕਾਰਨ ਪਾਣੀ ਧਰਤੀ ਵਿੱਚ ਰਚ ਨਹੀਂ ਸਕਦਾ। ਇਸੇ ਤਰ੍ਹਾਂ ਭਟਕਣਾ ਦੇ ਜਾਲੇ ਕਾਰਨ ਪਾਣੀ ਜ਼ਮੀਨ (ਮਨ) ਦੇ ਅੰਦਰ ਅਸਰ ਨਹੀਂ ਕਰਦਾ ਭਾਵ ਜਦੋਂ ਤੱਕ ਆਤਮਿਕ ਜੀਵਨ ਪਰਖਣ ਤੋਂ ਬਿਨਾਂ ਮਨ ਉੱਤੋਂ ਭਟਕਣਾ ਦਾ ਜਾਲ ਦੂਰ ਨਹੀਂ ਹੋ ਸਕਦਾ ਉਸ ਸਮੇਂ ਤੱਕ ਮਨੁੱਖ ਨੂੰ ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ। ਇਸੇ ਜਾਲੇ ਨੂੰ ਦੂਰ ਕਰਨ ਲਈ ਮਾਇਕ ਪਦਾਰਥਾਂ ਦਾ ਤਿਆਗ ਅਤੇ ਸੱਚੇ ਵੈਰਾਗ ਭਾਵ ਦੀ ਭਾਵਨਾ ਨੂੰ ਵਿਕਸਿਤ ਕਰਨਾ ਜ਼ਰੂਰੀ ਹੈ।

ਗੁਰੂ ਤੇਗ ਬਹਾਦਰ ਸਾਹਿਬ ਧਨਾਸਰੀ ਰਾਗ ਵਿੱਚ ਪਦਾਰਥਵਾਦੀ ਮਨੁੱਖ ਦੀ ਉਦਾਹਰਨ ਦਿੰਦੇ ਹੋਏ ਸੰਤ ਲੋਕਾਂ ਨੂੰ ਸੰਬੋਧਿਤ ਕਰਕੇ ਉਪਦੇਸ਼ ਦਿੰਦੇ ਹਨ ਕਿ ਇਹ ਸੰਸਾਰ ਮਾਇਆ ਦੀ ਭਟਕਣਾ ਵਿੱਚ ਪੈ ਕੇ ਕੁਰਾਹੇ ਪਿਆ ਹੋਇਆ ਹੈ। ਮਨੁੱਖ ਨੇ ਪ੍ਰਭੂ ਦੇ ਨਾਮ ਦੀ ਬੰਦਗੀ ਨੂੰ ਛੱਡ ਦਿੱਤਾ ਹੈ ਅਤੇ ਆਪਣੇ ਆਪ ਨੂੰ ਸੰਸਾਰਕ ਪਦਾਰਥਾਂ ਦੇ ਹੱਥ ਵੇਚ ਛੱਡਿਆ ਹੈ। ਮਨੁੱਖ 'ਮਾਤ ਪਿਤਾ ਭਾਈ ਸੁਤ ਬਨਿਤਾ'[52] ਦੇ ਪਿਆਰ ਵਿੱਚ ਖਚਤ ਹੋਇਆ ਦਿਨ-ਰਾਤ ਆਪਣੀ ਜੁਆਨੀ, ਦੌਲਤ, ਹਕੂਮਤ ਦੇ ਨਸ਼ੇ ਵਿੱਚ ਸੁਦਾਈ ਹੋਇਆ ਰਹਿੰਦਾ ਹੈ । ਪਰਮਾਤਮਾ ਸਦੀਵ ਹੀ ਮਸਕੀਨਾਂ ਉੱਤੇ ਮਿਹਰਵਾਨ ਹੈ ਅਤੇ ਉਨ੍ਹਾਂ ਦੇ ਦੁੱਖ ਦੂਰ ਕਰਨ ਵਾਲਾ ਹੈ। ਗੁਰੂ ਜੀ ਨੇ ਸੰਸਾਰਕ ਬਿਰਤੀ ਵਾਲੇ ਮਨੁੱਖ ਦੀ ਦਸ਼ਾ ਦਾ ਵਰਣਨ ਕਰਕੇ ਅੰਤ ਵਿੱਚ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਅਜਿਹੇ ਮਨੁੱਖਾਂ ਨਾਲ ਤਾਂ ਸੰਸਾਰ ਨੱਕੋ-ਨੱਕ ਭਰਿਆ ਪਿਆ ਹੈ ਪਰ ਜੋ ਵੈਰਾਗਮਈ ਅਵਸਥਾ ਪ੍ਰਾਪਤ ਕਰਕੇ ਪਰਮਾਤਮਾ ਨਾਲ ਸਾਂਝ ਪਾਉਂਦੇ ਹਨ ਉਹ ਤਾਂ ਕਰੋੜਾਂ ਵਿੱਚੋਂ ਵਿਰਲੇ ਹੀ ਹਨ ਜਿਵੇਂ :-

ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ॥[53]

ਅਧਿਆਤਮਿਕ ਤੌਰ 'ਤੇ ਚੇਤੰਨ ਵਿਅਕਤੀ ਦੇ ਜੀਵਨ ਦਾ ਮੂਲ ਉਦੇਸ਼ ਹੈ ਪਰਮਾਤਮਾ ਦੀ ਪ੍ਰਾਪਤੀ ਕਰਨੀ ਅਤੇ ਉਸ ਵਿੱਚ ਲੀਨ ਹੋਣਾ। ਮਾਇਆਵੀ ਪ੍ਰਪੰਚ ਵਿੱਚ ਘਿਰਿਆ ਵਿਅਕਤੀ ਆਪਣੇ ਸੀਮਤ

ਵਿਅਕਤੀਤਵ ਦੀਆਂ ਹੱਦ ਬੰਦੀਆਂ ਨੂੰ ਪਾਰ ਕਰਕੇ ਪਰਮ ਤੱਤ ਵਿੱਚ ਮਿਲ ਸਕਦਾ ਹੈ ਜਾਂ ਯਤਨਸ਼ੀਲ ਰਹਿੰਦਾ ਹੈ ਪਰ ਇਹ ਮਾਰਗ ਸਰਲ ਨਹੀਂ ਮੰਨਿਆ ਜਾ ਸਕਦਾ। ਗੁਰਬਾਣੀ ਅਨੁਸਾਰ ਮਨੁੱਖੀ ਮਨ ਨੂੰ ਸਾਧਨ ਤੋਂ ਬਾਅਦ ਹੀ ਉਸਦੀ ਚੰਚਲਤਾ ਅਤੇ ਸੰਸਾਰਕ ਵਸਤੂਆਂ ਪ੍ਰਤੀ ਖਿੱਚ ਖ਼ਤਮ ਹੁੰਦੀ ਹੈ। ਵੈਰਾਗ ਦੀ ਭਾਵਨਾ ਨੂੰ ਵਿਕਸਿਤ ਕਰਨ ਲਈ ਚੰਚਲ ਮਨ ਨੂੰ ਸੰਜਮ ਵਿੱਚ ਲਿਆਉਣਾ ਬੜਾ ਜ਼ਰੂਰੀ ਹੈ। ਇਸ ਤੋਂ ਬਾਅਦ ਹੀ ਵੈਰਾਗ ਸੱਚੇ ਭਾਵ ਵਿੱਚ ਵਿਕਸਿਤ ਹੁੰਦਾ ਹੈ।

ਸੰਸਾਰਕ ਤੌਰ ’ਤੇ ਸਭ ਕੁੱਝ ਛੱਡ ਛਡਾ ਕੇ ਬਨਵਾਸੀ ਹੋ ਜਾਣਾ ਅਤੇ ਜੰਗਲਾਂ ਵਿੱਚ ਰਹਿਣਾ ਅਜਿਹੇ ਵੈਰਾਗ ਦਾ ਗੁਰੂ ਸਾਹਿਬਾਨ ਨੇ ਖੰਡਨ ਕੀਤਾ ਹੈ ਕਿਉਂਕਿ ਇਹ ਦਿਖਾਵਾ ਹੈ, ਮਨ ਤੋਂ ਉਤਪੰਨ ਨਹੀਂ ਹੋਇਆ। ਅਜਿਹੇ ਵੈਰਾਗ ਦਾ ਗੁਰਬਾਣੀ ਵਿੱਚ ਵਿਰੋਧ ਕੀਤਾ ਗਿਆ ਹੈ। ਆਖ਼ਦੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸੰਸਾਰਕ ਕਾਰ ਵਿਹਾਰ ਵਿੱਚ ਪਾਉਣ ਲਈ ਪਿਤਾ ਮਹਿਤਾ ਕਾਲੂ ਜੀ ਨੇ 20 ਰੁਪਏ ਦਿੱਤੇ ਤੇ ਆਖਿਆ ‘ਜਾਓ ਕੋਈ ਖਰਾ ਸੌਦਾ ਕਰੋ। ‘‘ਗੁਰੂ ਜੀ ਨੇ ਰਾਹ ਵਿੱਚ ਕੁੱਝ ਅਖੌਤੀ ਸਾਧੂ ਕਈ ਦਿਨਾਂ ਬੰਦੀ ਤੋਂ ਭੁੱਖੇ ਬੈਠੇ ਦੇਖੇ। ਆਪ ਨੇ ਉਨ੍ਹਾਂ ਨੂੰ ਸਮਝਾਇਆ ਕਿ ਘਰ ਬਾਰ ਤਿਆਗ ਕੇ, ਗ੍ਰਹਿਸਤ ਆਸ਼ਰਮ ਨੂੰ ਤਿਆਗ ਕੇ ਤੇ ਜੀਵਨ ਦੀਆਂ ਲੋੜਾਂ ਲਈ ਫਿਰ ਗ੍ਰਹਿਸਤੀਆਂ ’ਤੇ ਨਿਰਭਰ ਹੋ ਕੇ ਐਵੇਂ ਅੰਧ ਨਾ ਕਮਾਵੋ। ਆਪ ਨੇ ਉਪਦੇਸ਼ ਕੀਤਾ ਕਿ ਆਲਸ ਰੋਗ ਨੂੰ ਤਿਆਗੋ, ਉੱਦਮੀ ਤੇ ਪਰਉਪਕਾਰੀ ਜੀਵਨ ਜੀਓ। ਆਲਸੀ, ਰੋਗੀ ਤੇ ਕਈ ਦਿਨਾਂ ਤੋਂ ਭੁੱਖੇ ਭਾਣੇ ਬੈਠੇ ਸਾਧੂਆਂ ਨੂੰ ਸੋਝੀ ਆਈ ਤੇ ਉਨ੍ਹਾਂ ਨੇ ਗੁਰੂ ਜੀ ਤੋਂ ਸੱਚ ਲਿਆ। ਇਸੇ ਕ੍ਰਿਆ ਨੂੰ ਸੱਚਾ ਸੌਦਾ ਆਖਿਆ ਜਾਂਦਾ ਹੈ। ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਸੱਚ ਦੇ ਉਪਦੇਸ਼ ਨੂੰ ਦੇਣ ਤੇ ਮੰਨਣ ਤੋਂ ਬਾਅਦ ਕਿਸੇ ਭੁੱਖੇ-ਭਾਣੇ ਬੈਠੇ ਆਲਸ ਦੇ ਮਾਰੇ ਰੋਗੀ ਨੂੰ ਰੋਟੀ ਖਵਾਉਣੀ ਉਸ ਦੇ ਆਲਸ ਵਿੱਚ ਵਾਧਾ ਕਰਨਾ ਹੈ।’’[54] ਇਸ ਲਈ ਗੁਰੂ ਤੇਗ ਬਹਾਦਰ ਸਾਹਿਬ ਮਨੁੱਖ ਨੂੰ ਅਜਿਹੇ ਕਰਮ-ਕਾਂਡ ਤੋਂ ਨੱਸਣ ਲਈ ਆਖ਼ਦੇ ਹਨ ਅਤੇ ਸਪੱਸ਼ਟ ਕਰਦੇ ਹਨ ਕਿ ਜਿਸ ਨੂੰ ਤੂੰ ਜੰਗਲਾਂ ਵਿੱਚ ਲੱਭਦਾ ਹੈਂ ਉਹ ਤਾਂ ਤੇਰੇ ਅੰਦਰ ਵੱਸਦਾ ਹੈ ਜਿਵੇ :-

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥[55]

ਗੁਰੂ ਨਾਨਕ ਸਾਹਿਬ ਨੇ ਵੀ ਜੋਗੀਆਂ ਨੂੰ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਇੱਥੇ ਪਹਾੜਾਂ 'ਤੇ ਬੈਠ ਸੰਸਾਰਕ ਪ੍ਰਪੰਚ ਨੂੰ ਛੱਡ ਕੇ ਜੰਗਲਾਂ ਵਿੱਚ ਭਟਕਣ ਨਾਲ ਵੈਰਾਗ ਉਤਪੰਨ ਨਹੀਂ ਹੁੰਦਾ। ਇਹ ਖੁਸ਼ਬੋਈ ਮਨੁੱਖ ਦੇ ਅੰਦਰ ਹੈ ਜਿਸ ਨੂੰ ਹਿਰਨ ਦੀ ਕਸਤੂਰੀ ਵਾਂਗ ਬਾਹਰ ਕਿੱਥੇ ਲੱਭਦਾ ਫਿਰਦਾ ਹੈਂ ਇਹ ਤਾਂ ਤੇਰੇ ਹਿਰਦੇ ਅੰਦਰੋਂ ਹੀ ਪ੍ਰਗਟ ਹੋਣੀ ਹੈ :-

ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ ॥[56]

ਗ੍ਰਹਿਸਤ ਵਿੱਚ ਨਿਰਲੇਪਤ ਭਾਵ ਨਾਲ ਰਹਿਣਾ ਅਤੇ ਵਾਸ਼ਨਾਵਾਂ ਨੂੰ ਕਾਬੂ ਵਿੱਚ ਰੱਖ ਕੇ ਪਰਮਾਤਮਾ ਨਾਲ ਜੁੜਨਾ ਹੀ ਅਸਲ ਵੈਰਾਗੀ ਦੀ ਨਿਸ਼ਾਨੀ ਹੈ। ਗੁਰਬਾਣੀ ਉਪਰਾਮਤਾ ਨਹੀਂ ਉਪਜਾਉਂਦੀ ਸਗੋਂ ਆਪਣੀ ਮਨੋਸਥਿਤੀ ਨੂੰ ਨੀਵੀਆਂ ਕੀਮਤਾਂ ਵੱਲੋਂ ਰੋਕ ਕੇ ਉੱਚੀਆਂ ਕੀਮਤਾਂ ਵੱਲ ਲਗਾਉਂਦੀ ਹੈ ਜੋ ਅਸਲ ਵਿੱਚ ਵੈਰਾਗ ਹੈ। ਜੋ ਗੁਰਬਾਣੀ ਦੀ ਕੀਮਤ ਹੈ। ਗਿਆਨੀ ਪ੍ਰਤਾਪ ਸਿੰਘ 'ਗੁਰਮਤਿ ਫ਼ਿਲਾਸਫ਼ੀ' ਕਿਤਾਬ ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਦੱਸਦੇ ਹਨ ਕਿ ''ਸਿੱਖੀ ਨੇ ਉਪਰਾਮਤਾ ਨਹੀਂ ਦਿੱਤੀ, ਸਗੋਂ ਮਨੋ ਬਿਰਤੀਆਂ ਨੂੰ ਨੀਵੀਂਆਂ ਵਾਸ਼ਨਾਵਾਂ ਵੱਲੋਂ ਉੱਚਾ ਉਠਾ ਕੇ ਉੱਚੇ ਆਦਰਸ਼ ਵੱਲ ਲੈ ਕੇ ਜਾਣਾ ਵੈਰਾਗ ਹੈ, ਸੰਸਾਰ ਨਾਲ ਘ੍ਰਿਣਾ ਕਰ ਕੇ ਤਿਆਗ ਨਹੀਂ ਕਰਨਾ, ਸਗੋਂ ਵਿੱਚ ਰਹਿ ਕੇ ਜੀਵਨ ਦੀ ਉਸਾਰੀ ਕਰਨੀ ਹੈ। ਜੀਵਨ ਦੀਆਂ ਖੁਸ਼ੀਆਂ ਤੇ ਪਦਾਰਥ ਹੁੰਦਿਆਂ ਵੀ ਸੰਤੋਖ਼ੀ ਹੋਣਾ ਹੀ ਵੈਰਾਗ ਹੈ। ਵੈਰਾਗ ਇੱਕ ਨਿਰਮਲ ਧਾਰਾ ਹੈ ਜੋ ਮਨ ਨੂੰ ਸਾਫ਼ ਕਰਦੀ ਹੈ।''[57]

ਸੰਸਾਰਕ ਵਸਤੂਆਂ ਤੋਂ ਤੰਗ ਹੋ ਕੇ ਵੈਰਾਗੀ ਹੋਣਾ ਠੀਕ ਨਹੀਂ, ਪਦਾਰਥਾਂ ਦਾ ਨਾ ਹੋਣਾ ਤਿਆਗ ਜਾਂ ਵੈਰਾਗ ਨਹੀਂ, ਸਗੋਂ ਸਭ ਕੁੱਝ ਵਿੱਚ ਰਹਿ ਕੇ ਕਮਲ ਵਾਂਗ ਨਿਰਲੇਪ ਰਹਿਣਾ ਤਿਆਗ ਹੈ। ਗੁਰੂ ਤੇਗ ਬਹਾਦਰ ਜੀ ਆਖ਼ਦੇ ਹਨ ਕਿ ਮੈਂ ਸਮਝਦਾ ਹਾਂ ਕਿ ਉਸ ਜੋਗੀ (ਵੈਰਾਗੀ) ਨੂੰ ਅਜੇ ਜੀਵਨ ਜਾਂਚ ਨਹੀਂ ਆਈ ਜਿਸ ਦੇ ਹਿਰਦੇ ਵਿੱਚ ਮੈਂ, ਲੋਭ, ਮਾਇਆ ਅਤੇ ਮਮਤਾ ਦੀਆਂ ਲਹਿਰਾਂ ਉੱਠਦੀਆਂ ਹਨ, ਜਿਸ ਦੇ ਹਿਰਦੇ ਅੰਦਰ ਪਰਾਈ ਨਿੰਦਿਆ ਹੈ। ਉਹ ਅਜੇ ਇਸ ਅਵਸਥਾ ਦਾ ਪਾਂਧੀ ਨਹੀਂ ਬਣਿਆ, ਸਗੋਂ ਜਿਸ ਅੰਦਰ ਮੈਂ ਨਹੀਂ, ਪਰਾਈ ਖੁਸ਼ਾਮਦ ਨਹੀਂ, ਜਿਸ ਲਈ ਖੁਸ਼ੀ-ਗ਼ਮੀ ਇੱਕ ਸਮਾਨ ਹੈ, ਜੋ ਅਡੋਲ ਆਪਣੇ ਮਨ ਨੂੰ ਟਿਕਾ ਕੇ ਬੈਠਾ ਹੈ ਸਮਝ ਲਉ ਉਸੇ ਹੀ ਮਨੁੱਖ ਨੂੰ ਵਿਕਾਰਾਂ ਤੋਂ ਖ਼ਲਾਸੀ ਮਿਲ ਗਈ ਹੈ ਦੇਖੋ ਨਮੂਨਾ :-

ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥[58]

ਡਾ. ਤਾਰਨ ਸਿੰਘ ਸਪੱਸ਼ਟ ਸ਼ਬਦਾਂ ਵਿੱਚ ਲਿਖ਼ਦੇ ਹਨ ਕਿ ਆਪ ਦੀ ਬਾਣੀ ਦੇ ਤਿੰਨ ਪੱਖ ਹਨ ਜੋ ਨਾਨਕ ਸਾਹਿਬ ਜੀ ਦੇ ਸਿਧਾਂਤ ਹਨ। ਪਹਿਲਾ ਵਣ (ਜੰਗਲ) ਵਿੱਚ ਜਾਣਾ ਨਿਸਫ਼ਲ ਹੈ ਭਾਵ ਗ੍ਰਹਿਸਤ ਵਿੱਚ ਹੀ ਉਦਾਸ ਰਹਿਣਾ ਹੈ। ਪ੍ਰਭੂ ਜਾਂ ਸੱਚ ਨੂੰ ਪਛਾਨਣਾ ਹੈ ਤਾਂ ਆਪਣੇ ਅੰਦਰੋਂ ਪਛਾਨਣਾ ਹੈ, ਫਿਰ ਸੱਚ ਨੂੰ ਸਾਰੀ ਮਨੁੱਖਤਾ ਨਾਲ ਅਭੇਦ ਕਰਨਾ ਹੈ ਤੇ ਮਨੁੱਖਤਾ ਦੇ ਪ੍ਰੇਮ ਵਿੱਚ ਤਨ, ਧਨ, ਕੁਰਬਾਨ ਕਰਨਾ ਹੈ।[59] ਜਦੋਂ ਮਨੁੱਖ ਇਹ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਤਦ ਉਸ ਨੂੰ ਤੱਤ-ਗਿਆਨ ਦਾ ਬੋਧ ਹੁੰਦਾ ਹੈ। ਫਿਰ ਉਸਨੂੰ ਸੁੱਖ-ਦੁੱਖ, ਮਾਨ-ਅਪਮਾਨ, ਹਰਖ-ਸੋਗ, ਉਸਤਤ-ਨਿੰਦਾ, ਰਾਗ-ਦਵੈਸ਼, ਤ੍ਰਿਪਤਾ-ਤ੍ਰਿਸ਼ਨਾ ਆਦਿ ਮਾਨਸਿਕ ਅਵਸਥਾਵਾਂ ਤੰਗ ਨਹੀਂ ਕਰਦੀਆਂ ਅਤੇ ਫਿਰ ਬਾਣੀ ਉਸ ਨੂੰ ਇੱਕ ਵੈਰਾਗੀ, ਪਰਉਪਕਾਰੀ, ਗੁਣ ਭਰਪੂਰ ਮਨੁੱਖ ਬਣਾਉਂਦੀ ਹੈ ਜੋ ਦਵੰਦਾਤਮਕ ਅਤੇ ਸੰਕੀਰਣਤਾ ਮੁਕਤ ਹੋ ਕੇ ਕੁਦਰਤ ਨਾਲ ਇੱਕਸੁਰ ਹੋ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਵੈਰਾਗ ਮਨੁੱਖ ਲਈ ਕੁਰਬਾਨੀ ਜਾਂ ਸ਼ਹੀਦੀ ਦੇਣ ਦਾ ਚਾਉ ਪੈਦਾ ਕਰਦਾ ਹੈ। ਉਹ ਕੇਵਲ ਸਮਾਜ ਸੁਧਾਰ ਅਤੇ ਮਨੁੱਖ ਦੇ ਕਲਿਆਣ ਦੇ ਲਈ ਆਪਣੇ ਵਿਚਾਰਾਂ ਦਾ ਪ੍ਰਯੋਗ ਕਰਦਾ ਹੈ। ਇਸ ਪ੍ਰਕਾਰ ਆਪ ਜੀ ਦੀ ਬਾਣੀ ਵਿੱਚ ਉੱਚਤਮ ਵੈਰਾਗ ਦੀ ਕੀਮਤ ਦਾ ਅਨੁਭਵ ਹੈ ਜੋ ਅਲੌਕਿਕ ਅਤੇ ਵਿਲੱਖਣ ਕੀਮਤ ਦਾ ਹੈ। ਗੁਰਬਾਣੀ ਅਨੁਸਾਰ ਮਨੁੱਖ ਦੇ ਜੀਵਨ ਦਾ ਮਨੋਰਥ ਕੀ ਹੋਣਾ ਚਾਹੀਦਾ? ਉਸ ਨੂੰ ਡਾ. ਫੌਜਾ ਸਿੰਘ ਅਤੇ ਡਾ. ਤਾਰਨ ਸਿੰਘ ਨੇ ਗੁਰੂ ਸਾਹਿਬ ਜੀ ਨੂੰ ਸਮਝਦਿਆਂ 'ਸ੍ਰੀ ਗੁਰੂ ਤੇਗ ਬਹਾਦਰ ਜੀਵਨ-ਸਿਧਾਂਤ, ਪ੍ਰਾਪਤੀਆਂ ਤੇ ਪ੍ਰਭਾਵ' ਵਿੱਚ ਦੱਸਿਆ ਹੈ ਕਿ ''ਮਨੁੱਖ ਦਾ ਉੱਤਮ-ਜੀਵਨ-ਉਦੇਸ਼ ''ਨਿਰਲੇਪ'' ਦੀ ਪ੍ਰਾਪਤੀ ਹੈ। ਇਸ ਉਦੇਸ਼ ਨੂੰ ਉਨ੍ਹਾਂ ਨੇ ''ਅਭੈ ਪਦ'', ''ਅਮਰ ਪਦ'', ''ਨਿਰਬਾਨ ਪਦ'', ''ਅਚਲ ਪਦ'' ਤੇ ''ਮੁਕਤ ਪਦ'' ਦੇ ਨਾਉਂ ਦਿੱਤੇ ਹਨ''। ਇਸ ਦਾ ਭਾਵ ਹੈ ਕਿ ਮਨੁੱਖ ਦਾ ਹਿਰਦਾ ਆਨੰਦਮਈ ਅਵਸਥਾ ਹੈ, ਜਿੱਥੇ ਸੁੱਖ-ਦੁੱਖ, ਖੁਸ਼ੀ-ਗ਼ਮੀ, ਨਿੰਦਾ-ਉਸਤਤ, ਮਾਨ-ਅਪਮਾਨ ਆਦਿ ਕੋਈ ਰੁਕਾਵਟ ਨਹੀਂ ਪਾਉਂਦੀਆਂ। ਅਜਿਹੀ ਅਵਸਥਾ ਉਸ ਵੈਰਾਗੀ ਹਿਰਦੇ ਦੀ ਹੁੰਦੀ ਹੈ ਜੋ ਬੰਧਨਾ ਤੋਂ ਮੁਕਤ ਹੋ ਜਾਂਦਾ ਹੈ। ਅਜਿਹੇ ਬੰਧਨ ਵੈਰਾਗਮਈ ਅਵਸਥਾ ਅੱਗੇ ਕੋਈ ਅਰਥ ਨਹੀਂ ਰੱਖਦੇ। ''ਕਸ਼ਮੀਰ ਦੇ ਬ੍ਰਾਹਮਣਾਂ ਦੇ ਸੰਕਟ ਨੂੰ ਦੂਰ ਕਰਨ

ਲਈ ਉਨ੍ਹਾਂ ਅਪਣਾ ਬਲੀਦਾਨ ਦੇਣ ਤੋਂ ਜਰਾ ਸੰਕੋਚ ਨਹੀਂ ਕੀਤਾ। ''[60] ਕਿਉਂਕਿ ਉਹ ਖੁਦ ਅਜਿਹੀ ਅਵਸਥਾ ਦੇ ਮਾਲਕ ਸਨ।

ਗੁਰਬਾਣੀ ਵਿੱਚ ਵੈਰਾਗ ਨਿਰਮਲ ਅਤੇ ਗੰਭੀਰ ਕਿਸਮ ਦਾ ਹੈ। ਹੋਰਨਾਂ ਮੱਤਾਂ ਵਾਂਗ ਮਨੁੱਖ ਨੂੰ ਘਰ ਬਾਰ ਤਿਆਗ ਕੇ ਜੰਗਲਾਂ ਵਿੱਚ ਜਾਣ ਦੀ ਲੋੜ ਨਹੀਂ ਸਗੋਂ ਗ੍ਰਹਿਸਤ ਵਿੱਚ ਰਹਿੰਦਿਆਂ ਪਰਮਾਤਮਾ ਦੀ ਮੂਰਤ ਦਾ ਧਿਆਨ ਧਰਨਾ ਹੈ :-

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥[61]

ਗੁਰੂ ਸਾਹਿਬ ਦੀ ਬਾਣੀ ਸਪੱਸ਼ਟ ਕਰਦੀ ਹੈ ਕਿ ਵੈਰਾਗ ਕੋਈ ਭਾਵੁਕ (Emotional) ਅਵਸਥਾ ਨਹੀਂ ਹੈ ਅਤੇ ਨਾ ਹੀ ਮਨ ਦਾ ਕੋਈ ਥੋੜ ਚਿਰਾ ਵੇਗ ਹੈ। ਇਹ ਤਾਂ ਬ੍ਰਹਮਗਿਆਨ ਦੇ ਰਾਹ ਦੀ ਕੀਮਤ ਹੈ ਜਿਸ ਦਾ ਪਾਲਣ ਇਸ ਅਵਸਥਾ ਦੀ ਪ੍ਰਾਪਤੀ ਲਈ ਨਿਰੰਤਰ ਕਰਨਾ ਹੁੰਦਾ ਹੈ। ਉਹ ਸਦਾ ਆਪਣੇ ਪੰਜਾਂ ਵੈਰੀਆਂ ਨੂੰ ਵੱਸ ਵਿੱਚ ਕਰਕੇ, ਹਉਮੈਂ ਦਾ ਤਿਆਗ ਕਰਕੇ ਅਤੇ ਪਰਮਾਤਮਾ ਦੇ ਨਿਰਮਲ-ਭੈਅ ਅਤੇ ਅਦਬ ਨੂੰ ਹਿਰਦੇ ਵਿੱਚ ਰੱਖ ਕੇ ਉਸ ਅਵਸਥਾ ਤੱਕ ਪਹੁੰਚ ਸਕਦਾ ਹੈ। ਆਪ ਦੀ ਬਾਣੀ ਵੈਰਾਗ ਰਸ ਨਾਲ ਭਰਪੂਰ ਹੈ। ਜਿੱਥੇ ਮਨੁੱਖ ਨੂੰ ਮੋਹ ਜਾਲ ਚੋਂ ਨਿਕਲਣ ਦਾ ਉਤਸ਼ਾਹ ਤੇ ਦਲੇਰੀ ਦਿੰਦੀ ਹੈ ਉੱਥੇ ਨਿਡਰਤਾ, ਨਿਰਭੈਤਾ ਅਤੇ ਇਰਾਦੇ ਵਿੱਚ ਮਜ਼ਬੂਤ ਕੀਮਤਾਂ ਦਾ ਧਾਰਨੀ ਵੀ ਬਣਾਉਂਦੀ ਹੈ। ਮਨੁੱਖ ਦੇ ਮਨ ਨੂੰ ਜ਼ਿੰਦਗੀ ਦੇ ਹਰ ਪੜਾਅ 'ਤੇ ਮਜ਼ਬੂਤ ਤੇ ਸਥਿਰ ਰੱਖਦੀ ਹੈ। ਆਪ ਦੀ ਬਾਣੀ ਵਿੱਚਲੀਆਂ ਕੀਮਤਾਂ ਤੇ ਕੋਈ ਅਮਲ ਕਰੇ ਤਾਂ ਇਹ ਮਨੁੱਖ ਨੂੰ ਕਦੇ ਵੀ ਨਿਰਾਸ਼ਾਵਾਦੀ ਨਹੀਂ ਹੋਣ ਦਿੰਦੀ। ਆਪ ਨੇ ਮਨੁੱਖ ਨੂੰ ਵੈਰਾਗ ਅਵਸਥਾ ਦੇ ਮਾਰਗ 'ਤੇ ਤੁਰਨ ਲਈ ਸ਼ਾਂਤਚਿੱਤ, ਅਡੋਲ, ਨਿਰਭੈ ਰਹਿ ਕੇ ਸਿਦਕ ਅਤੇ ਸਬਰ ਦੀ ਹੀ ਸਿੱਖਿਆ ਦਿੱਤੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਮੂਲ ਪ੍ਰਵਿਰਤੀ ਵੈਰਾਗਮਈ ਹੈ ਜੋ ਸੰਸਾਰ ਤੇ ਸੰਸਾਰਕ ਰਿਸ਼ਤਿਆਂ ਨੂੰ ਨਾਸ਼ਮਾਨ ਮੰਨ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇੱਕ ਵੈਰਾਗਮਈ ਹਿਰਦੇ ਅੰਦਰ ਹੀ ਆਤਮਿਕ ਅਵਸਥਾ ਜਾਂ ਆਨੰਦ ਪੈਦਾ ਹੁੰਦਾ ਹੈ ਜੋ

ਮਨੁੱਖ ਦੇ ਅਸਲੀ ਮਨੋਰਥ ਦੀ ਪ੍ਰਾਪਤੀ ਦਾ ਸਾਧਨ ਬਣਦਾ ਹੈ। ਅਜਿਹੀ ਅਵਸਥਾ ਵਾਲੇ ਜੀਵ ਦਾ ਹੀ ਪਰਮ ਸ਼ਕਤੀ ਨਾਲ ਮਿਲਾਪ ਹੁੰਦਾ ਹੈ। ਗੁਰਬਾਣੀ ਅਜਿਹੇ ਮਨੁੱਖ ਨੂੰ ਵਡਭਾਗੀ ਆਖ਼ਦੀ ਹੈ। ਵੈਰਾਗ ਹੀ ਜੀਵ ਦੇ ਮਨ ਵਿੱਚ ਪ੍ਰਭੂ-ਮਿਲਾਪ ਦੀ ਤੀਬਰ ਤਾਂਘ ਪੈਦਾ ਕਰਦਾ ਹੈ। ਸਮੁੱਚੇ ਰੂਪ ਵਿੱਚ ਗੁਰੂ ਤੇਗ ਬਹਾਦਰ ਜੀ ਸਮੂਰਤ ਰੂਪ ਵਿੱਚ ਵੈਰਾਗ ਦੀ ਅਜਿਹੀ ਪਰਿਭਾਸ਼ਾ ਨਿਸ਼ਚਿਤ ਕਰਦੇ ਨਜ਼ਰੀਂ ਪੈਂਦੇ ਹਨ ਜੋ ਸਾਧਕ ਨੂੰ ਆਨੰਦ ਮੰਡਲ ਨਾਲ ਜੋੜਦੀ ਹੈ ਅਤੇ ਪੀੜ੍ਹ 'ਚੋਂ ਅਰਾਮ ਤੱਕ ਲੈ ਜਾਂਦੀ ਹੈ।

**(ਸ) ਸੂਫੀ ਕਾਵਿ ਵਿੱਚ ਵੈਰਾਗ ਦਾ ਸੰਕਲਪ**

ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸੂਫੀਵਾਦ ਵਿਕਾਸ ਦੀਆਂ ਬੁਲੰਦੀਆਂ (ਸਿਖ਼ਰ) ਨੂੰ ਪ੍ਰਾਪਤ ਹੋ ਚੁੱਕਾ ਸੀ। ਬਹੁਤ ਸਾਰੀਆਂ ਸੰਪਰਦਾਵਾਂ ਅਤੇ ਉਪ-ਸੰਪਰਦਾਵਾਂ ਦੇ ਸੂਫੀਆਂ ਨੇ ਮਜ਼ਹਬ ਦੇ ਪ੍ਰਚਾਰ, ਇਖ਼ਲਾਕ ਦੇ ਉਪਦੇਸ਼ ਅਤੇ ਸਮਾਜ ਸੁਧਾਰ ਲਈ ਥਾਂ-ਪੁਰ-ਥਾਂ ਆਪਣੇ ਸੰਸਥਾਈ ਕੇਂਦਰ ਕਾਇਮ ਕੀਤੇ। ਪੰਜਾਬੀ ਸਾਹਿਤ ਵਿੱਚ ਸੂਫੀ ਕਾਵਿ ਦੀ ਨਿਵੇਕਲੀ ਅਤੇ ਵਿਸ਼ੇਸ਼ ਥਾਂ ਹੈ। ਸੂਫੀ ਕਾਵਿ ਸਾਹਿਤ ਵਿੱਚ 'ਸ਼ੁੱਧ ਪਿਆਰ' ਦਾ ਜ਼ਿਕਰ ਕੀਤਾ ਗਿਆ ਹੈ। ਇਹ ਪ੍ਰੇਮ ਨਾ ਤਾਂ ਦੁਨੀਆਂ ਪ੍ਰਤੀ ਕ੍ਰੋਧਵਾਨ ਹੈ ਅਤੇ ਨਾ ਹੀ ਉਦਾਸੀਨਤਾ ਵਾਲਾ, ਇਹ ਕੇਵਲ ਜੀਵਨ ਦੀ ਬੁਨਿਆਦੀ ਹਕੀਕਤ ਨਾਲ ਇੱਕਸੁਰ ਹੋਣ ਕਰਕੇ ਪ੍ਰਸ਼ੰਨ ਦੇ ਆਲਮ ਵਿੱਚ ਵਿਚਰਦਾ ਹੈ। ਸੂਫੀ ਸਭ ਤੋਂ ਪਹਿਲਾਂ ਪਰਮਾਤਮਾ ਦੀ ਪ੍ਰਾਪਤੀ ਦਾ ਮੁੱਖ ਮਾਰਗ ਇਸ਼ਕ ਨੂੰ ਮੰਨਦੇ ਹਨ। ਬਿਰਹਾ (ਵੈਰਾਗ) ਸੂਫੀਆਂ ਦੇ ਇਸ਼ਕ ਦਾ ਇੱਕ ਅਨਿਖੱੜਵਾਂ ਅੰਗ ਹੈ। ਇਸ ਤੋਂ ਬਿਨਾਂ ਇਸ਼ਕ ਦਾ ਕੋਈ ਮਜ਼ਾ ਹੀ ਨਹੀਂ ਹੈ। ਸੂਫੀ ਇਸ਼ਕ ਦੀਆਂ ਦੋ ਕਿਸਮਾਂ ਦੱਸਦੇ ਹਨ। ਇਸ਼ਕ-ਹਕੀਕੀ ਅਤੇ ਇਸ਼ਕ-ਮਜਾਜੀ।

ਇਸ਼ਕ ਮਜਾਜੀ ਨੂੰ ਡਾ. ਸਰਵਨ ਸਿੰਘ ਪਰਦੇਸੀ ਪਰਿਭਾਸ਼ਿਤ ਕਰਦੇ ਹੋਏ ਲਿਖ਼ਦੇ ਹਨ ਕਿ ''ਇਹ ਇੱਕ ਪਿਆਰ ਹੈ ਜਿਸ ਨੂੰ ਅਸੀਂ ਔਰਤ-ਮਰਦ (ਵਿਰੋਧੀ ਲਿੰਗ) ਦੇ ਆਪਸੀ ਰਿਸ਼ਤੇ, ਆਪਸੀ ਖਿੱਚ ਅਤੇ ਮਿਲਾਪ ਨਾਲ ਜੋੜਦੇ ਹਾਂ। ਇਹ ਜਜ਼ਬਾ ਮਨੁੱਖ ਦੀ ਬਾਇਆਲੋਜੀਕਲ ਲੋੜ ਦਾ ਸਿੱਟਾ ਹੈ।''[62]

ਦੂਸਰਾ ਇਸ਼ਕ ਹਕੀਕੀ ਜਿਸ ਨੂੰ ਸੂਫੀ ਲੋਕ ਪ੍ਰਭੂ ਪ੍ਰਾਪਤੀ ਦਾ ਮੁੱਖ ਸਾਧਨ ਮੰਨਦੇ ਹਨ ਉਨ੍ਹਾਂ ਦਾ ਮੱਤ ਹੈ ਕਿ ਪ੍ਰਭੂ ਨੂੰ ਸਿਆਣਪਾਂ ਨਾਲ ਨਹੀਂ ਸਗੋਂ ਸੱਚੇ-ਸੁੱਚੇ ਪ੍ਰੇਮ ਨਾਲ ਹਾਸਲ ਕੀਤਾ ਜਾ ਸਕਦਾ ਹੈ। ਅਧਿਆਤਮਿਕ

ਰਹੱਸ ਦੇ ਅੰਦਰਲੇ ਸੱਚ ਤੱਕ ਪਹੁੰਚਣ ਲਈ ਪ੍ਰੇਮ ਦੀ ਬੋਲੀ ਸਹਾਇਕ ਹੁੰਦੀ ਹੈ ਕਿਉਂਕਿ ਪਰਮਾਤਮਾ ਦੀ ਆਪਣੀ ਬੋਲੀ ਬੜੀ ਮਿੱਠੀ ਅਤੇ ਪ੍ਰੇਮ ਵਾਲੀ ਹੈ।

ਸੂਫੀ ਜੀਵਨ ਜੁਗਤ ਵਿੱਚ ਗਿਆਨ ਅਤੇ ਪ੍ਰੇਮ ਦੋਨਾਂ ਕੀਮਤਾਂ ਵਿੱਚਕਾਰ ਸੰਤੁਲਨ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਅਧਿਆਤਮਿਕ ਮੰਡਲਾਂ ਵਿੱਚ ਪ੍ਰੇਮ ਭਾਵ ਮਨੁੱਖ ਦਾ ਮੱਦਦਗਾਰ ਹੁੰਦਾ। ਇਹ ਭਾਸ਼ਾ ਕੱਟੜ ਧਰਮ ਸ਼ਾਸਤਰੀ ਨੇਮਾਂ ਦੀ ਉਲੰਘਣ ਨਹੀਂ ਕਰਦੀ ਸਗੋਂ ਇਹ ਤਾਂ ਤਾਰਕਿਕ ਚਿੰਤਨ ਤੋਂ ਵੀ ਪਰੇ ਵੱਸਦੇ ਹੋਏ ਹਕੀਕੀ ਗਿਆਨ ਤੱਕ ਪਹੁੰਚਣ ਦਾ ਰਸਤਾ ਤਿਆਰ ਕਰ ਦਿੰਦੀ ਹੈ। ਇਹੀ ਕਾਰਨ ਹੈ ਕਿ ਮਨਸੂਰ, ਰਾਬਿਆ ਅਤੇ ਰੂਮੀ ਵਰਗੇ ਮਹਾਨ ਸੂਫੀ ਆਪਣੇ ਧਾਰਮਿਕ ਅਨੁਭਵ ਨੂੰ ਪ੍ਰੇਮ ਦੀ ਭਾਸ਼ਾ ਵਿੱਚ ਹੀ ਵਿਅਕਤ ਕਰਦੇ ਹਨ। ਇਸ਼ਕ ਹਕੀਕੀ ਪੰਜਾਬੀ ਸੂਫੀ ਕਾਵਿ ਵਿੱਚ ਸੂਫੀਮਤ ਦੀ ਮੁੱਖ ਪਛਾਣ ਬਣ ਕੇ ਆਇਆ ਹੈ। ਇਹ ਇਸ਼ਕ ਕਿਸੇ ਬਾਹਰਲੇ ਬੰਧਨ ਨੂੰ ਸਵੀਕਾਰ ਨਹੀਂ ਕਰਦਾ। ਸੂਫੀ ਪ੍ਰੇਮ ’ਤੇ ਬਲ ਦਿੰਦਾ ਹੈ, ਉਹ ਬੰਧਨ ਰਹਿਤ ਪ੍ਰੇਮ ਦਾ ਲਖਾਇਕ ਹੈ। ਇਸ ਦਾ ਨੇਮ ਅੰਤਰਮੁਖੀ ਹੁੰਦਾ ਹੈ। ਇਸ ਲਈ ਸੂਫੀਆਂ ਨੇ ਮਨੁੱਖ ਦੀ ਅਧਿਆਤਮਿਕ ਯਾਤਰਾ ਦਾ ਆਖਰੀ ਪੜਾਅ ਪਰਮ ਸੱਚ ਵਿੱਚ ਅਭੇਦ ਹੋ ਜਾਣਾ ਮੰਨਿਆ ਹੈ। ਇਸ ਸੰਦਰਭ ਵਿੱਚ ਬਾਬਾ ਫ਼ਰੀਦ ਜੀ ਦਾ ਸਲੋਕ ਹੈ :-

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥[63]

ਸ਼ੇਖ ਫ਼ਰੀਦ ਜੀ ਦੀ ਰਚਨਾ ਵਿੱਚ ਰੱਬੀ ਪਿਆਰ ਦੇ ਨਾਲ ਨਾਲ ਸਰ੍ਹਾ ਦੇ ਨੇਮਾਂ ਦੀ ਪਾਬੰਦੀ ਉੱਤੇ ਵੀ ਬਲ ਦਿੱਤਾ ਗਿਆ ਹੈ ਪਰ ਉਹ ਰੂਹਾਨੀਅਤ ਤੋਂ ਸੱਖਣੀ, ਕੇਵਲ ਦਿਖਾਵੇ ਦੀ ਫ਼ਕੀਰੀ ਦਾ ਵਿਰੋਧ ਵੀ ਕਰਦੇ ਹਨ ਅਤੇ ਸੱਚੇ ਰੱਬੀ ਇਸ਼ਕ ਨੂੰ ਵਧੇਰੇ ਮਹੱਤਵ ਦਿੰਦੇ ਹਨ। ਉਨ੍ਹਾਂ ਨੇ ਆਮ ਲੋਕਾਈ ਦੇ ਮਨ ਵਿੱਚ ਧਰਮ ਦੀ ਸੱਚੀ ਭਾਵਨਾ ਪੈਦਾ ਕੀਤੀ ਅਤੇ ਭਾਈਚਾਰੇ ਅਤੇ ਬਰਾਬਰਤਾ ਉੱਤੇ ਬਲ ਦਿੱਤਾ :-

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥[64]

ਇਸ ਤੋਂ ਇਲਾਵਾ ਆਪ ਜੀ ਦੀ ਬਾਣੀ ਵਿੱਚ ਮਨੁੱਖੀ ਹੋਂਦ ਅਤੇ ਜਗਤ ਦੀ ਨਾਸ਼ਮਾਨਤਾ, ਰੂਹ ਦਾ ਰੱਬ ਤੋਂ ਵਿਛੋੜਾ (ਵੈਰਾਗ) ਅਤੇ ਦੁੱਖ ਦਾ ਤਿੱਖਾ ਅਹਿਸਾਸ ਮੂਰਤੀਮਾਨ ਹੁੰਦਾ ਹੈ। ਫ਼ਰੀਦ ਜੀ ਸਮਝਾਉਂਦੇ ਹਨ :-

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥[65]

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥[66]

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥[67]

ਸ਼ੇਖ ਫ਼ਰੀਦ ਜੀ ਦੇ ਬਾਅਦ ਦੇ ਪੰਜਾਬੀ ਸੂਫੀ ਕਾਵਿ ਵਿੱਚ ਵੀ ਬਿਰਹੋਂ ਦੀ ਕਸਕ ਨੂੰ ਵੇਖਿਆ ਜਾ ਸਕਦਾ ਹੈ। ਸ਼ਾਹ ਹੁਸੈਨ ਨੇ ਵੀ ਸੰਸਾਰ ਦੀ ਨਾਸ਼ਮਾਨਤਾ ਅਤੇ ਮਨੁੱਖ ਦੇ ਰੱਬ ਨਾਲੋਂ ਵਿਛੋੜੇ ਉਪਰੰਤ ਪੈਦਾ ਹੋਣ ਵਾਲੇ ਵੈਰਾਗ ਦੀ ਗੱਲ ਕੀਤੀ ਹੈ :-

ਦਰਦ ਵਿਛੋੜੇ ਦਾ ਹਾਲ ਨੀ ਮੈ ਕੈਨੂੰ ਆਖਾਂ ।
ਸੂਲਾਂ ਮਾਰ ਦੀਵਾਨੀ ਕੀਤੀ,
ਬਿਰਹੁ ਪਿਆ ਸਾਡੇ ਖਿਆਲ ਨੀ ਮੈ ਕੈਨੂੰ ਆਖਾਂ ।[68]

ਬੁੱਲੇ ਸ਼ਾਹ ਨੇ ਸ਼ਰ੍ਹਾ ਦੇ ਨੇਮਾਂ ਦੀ ਪਾਬੰਦੀ ਨੂੰ ਜ਼ਿਆਦਾ ਮਹੱਤਵ ਨਹੀਂ ਦਿੱਤਾ। ਇਸ਼ਕ ਹਕੀਕੀ ਨੂੰ ਹੀ ਰੂਹਾਨੀਅਤ ਦੀ ਪ੍ਰਾਪਤੀ ਦਾ ਇੱਕ ਮਾਧਿਅਮ ਸਮਝਿਆ। ਇਸੇ ਲਈ ਆਪ ਨੂੰ ਕਈ ਕੱਟੜ ਧਰਮ ਸ਼ਾਸਤਰੀਆਂ ਦਾ ਸਾਹਮਣਾ ਕਰਨਾ ਪਿਆ ਇਸ ਦਾ ਪ੍ਰਗਟਾਵਾ ਇਨ੍ਹਾਂ ਪੰਕਤੀਆਂ ਵਿੱਚ ਕੀਤਾ ਹੈ :-

ਬੁਲ੍ਹਿਆ ਤੈਨੂੰ ਕਾਫਰ ਕਾਫਰ ਆਖ਼ਦੇ ।
ਤੂੰ ਆਹੋ ਆਹੋ ਆਖ ।

ਜਾਂ ਮੈਂ ਸਬਕ ਇਸ਼ਕ ਦਾ ਪੜਿਆ ।

ਮਸਜਦ ਕੋਲੋਂ ਜੀਉੜਾ ਡਰਿਆ ।[69]

ਸੂਫੀ ਜੋ ਪਰਮ ਸੱਤਾ ਨਾਲੋਂ ਆਪਣੀ ਕਿਸੇ ਭੁੱਲ ਸਦਕਾ ਵਿਛੜ ਗਿਆ ਹੈ, ਮੁੜ ਮਿਲਣ ਲਈ ਆਪਣੇ ਆਸ਼ਕ ਦੇ ਇਸ਼ਕ ਨੂੰ ਹਾਸਲ ਕਰਨ ਲਈ ਵੈਰਾਗ ਭਾਵ ਬਿਰਹਾ ਦੀ ਪੀੜ੍ਹ ਸਹਿੰਦਾ ਹੈ। ਸੂਫੀ ਇਸੇ ਅਵਸਥਾ ਨੂੰ ਆਪਣੇ ਜੀਵਨ ਦਾ 'ਚਰਮ-ਲਕਸ਼' ਮੰਨਦੇ ਹਨ। ਇੱਥੇ ਸਵਾਲ ਇਹ ਉੱਠਦਾ ਹੈ ਕਿ ਮਨੁੱਖ ਆਪਣੇ ਪਰਮਾਤਮਾ ਨਾਲੋਂ ਵਿਛੜ ਤਾਂ ਗਿਆ ਪਰ ਇਸ ਦਾ ਦੁਬਾਰਾ ਮਿਲਾਪ ਕਿਵੇਂ ਹੋ ਸਕਦਾ ਹੈ? ਇਸ ਨੂੰ ਸਰੀਰਕ ਇੰਦਰੀਆਂ ਰਾਹੀਂ ਤਾਂ ਜਾਣਿਆ ਨਹੀਂ ਜਾ ਸਕਦਾ ਕਿਉਂਕਿ ਉਹ ਇੱਕ ਪ੍ਰਾਲੌਕਿਕ ਵਸਤੂ ਹੈ। ਬੁੱਧੀ ਦੇ ਗਿਆਨ ਹੇਠ ਉਸ ਨੂੰ ਸਮਝਿਆ ਨਹੀਂ ਜਾ ਸਕਦਾ ਕਿਉਂਕਿ ਉਹ ਦਲੀਲ ਜਾਂ ਤਰਕ ਰਹਿਤ ਵਸਤੂ ਹੈ। ਗਿਆਨ ਨਾਲ ਸਿਰਫ਼ ਉਸ ਪ੍ਰਤੀ ਉਤੇਜਨਾ ਹੋ ਸਕਦੀ ਹੈ। ਸੂਫੀਆਂ ਦਾ ਵਿਚਾਰ ਹੈ ਕਿ ਪਰਮ ਸੱਤਾ ਨੂੰ ਉਹ ਹੀ ਜੀਵ ਜਾਣ ਸਕਦਾ ਹੈ ਜੋ ਆਪਣੇ ਆਪ ਨੂੰ ਜਾਣ ਲੈਂਦਾ ਹੈ। ਦੁਬਿਧਾ ਅਤੇ ਨਾਸ਼ਮਾਨਤਾ ਨੂੰ ਜਾਣਿਆਂ ਹੀ ਮਨ ਉੱਤੇ ਜਿੱਤ ਪ੍ਰਾਪਤ ਹੋ ਸਕਦੀ ਹੈ। ਮਨ ਦੀ ਜਿੱਤ ਤੋਂ ਭਾਵ ਵੈਰਾਗ ਦੇ ਝਰਨੇ ਫੁੱਟ ਪੈਂਦੇ ਹਨ ਅਤੇ 'ਚਰਮ-ਲਕਸ਼' ਦੀ ਪ੍ਰਾਪਤੀ ਹੁੰਦੀ ਹੈ। ਪ੍ਰੋ. ਮੋਹਨ ਸਿੰਘ ਦੇ ਵਿਚਾਰ ਅਨੁਸਾਰ ਪਰਮ ਸੱਤਾ ਨੂੰ ਸਮਝਣ ਦੇ ਦੋ ਰਸਤੇ ਹਨ-ਇੱਕ ਹੈ ਤਰਕ ਅਤੇ ਬੁੱਧੀ ਦਾ ਮਾਰਗ। ਦੂਸਰਾ ਹੈ ਸੂਝ ਅਤੇ ਅੰਦਰ ਦੇ ਚਾਨਣ ਦਾ ਮਾਰਗ। ਇਸ ਨੂੰ ਸਰਲ ਸ਼ਬਦਾਂ ਵਿੱਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਮਨੁੱਖ ਨੂੰ ਪਹਿਲੇ ਪੜਾਅ 'ਤੇ ਗਿਆਨ ਸਹਾਇਕ ਹੁੰਦਾ ਹੈ, ਬੁੱਧੀ ਰਾਹੀਂ ਉਹ ਆਪਣੇ ਚੰਗੇ ਅਤੇ ਮਾੜੇ ਦੀ ਪਰਖ ਕਰ ਲੈਂਦਾ ਹੈ। ਬੁੱਧੀ ਤੋਂ ਬਾਅਦ ਦਾ ਮਹੱਤਵਪੂਰਨ ਪੜਾਅ ਜਾਂ ਰਸਤਾ ਸੂਝ ਅਤੇ ਅੰਦਰ ਦੇ ਗਿਆਨ ਵਾਲਾ ਹੈ। ਇਸ ਦੀ ਪ੍ਰਾਪਤੀ ਨਾਲ ਉਹ ਆਪਣੇ ਅੰਦਰ ਅਧਿਆਤਮਿਕ ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਧਾਰਨ ਕਰ ਲੈਂਦਾ ਹੈ। ਜਿਸ ਨਾਲ ਉਸ ਦਾ ਹਿਰਦਾ ਰੋਸ਼ਨ ਹੋ ਜਾਂਦਾ ਹੈ।

ਸੂਫੀ ਸਾਧਕ ਵਿੱਚ ਪ੍ਰੇਮ ਦਾ ਵਿਸ਼ੇਸ਼ ਸਥਾਨ ਹੈ। ਪ੍ਰੇਮ ਸੂਫੀ ਸਾਧਨਾ ਦਾ ਕੇਂਦਰੀ ਧੁਰਾ ਹੈ। ਇਸ ਪ੍ਰੇਮ ਦੁਆਰ ਰਾਹੀਂ ਹੀ ਪਰਮ ਸੱਚ ਦੇ ਹਿੱਤ ਸਮਾਜ ਦਾ ਭੇਦ ਅਥਵਾ ਉਸ ਦੇ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ, ਇਸ ਅਧਿਆਤਮਿਕ ਜੀਵਨ ਨੂੰ ਸੂਫੀ ਇੱਕ ਸਫ਼ਰ ਸਮਝਦੇ ਹਨ। ਪ੍ਰਭੂ ਨੂੰ ਮਿਲਣ ਦੀ ਤਾਂਘ ਮਨੁੱਖ ਨੂੰ ਸਾਧਾਰਨ

ਦੁਨੀਆਂ ਵਿੱਚੋਂ ਚੁੱਕ ਕੇ ਅਸਲ ਘਰ ਵੱਲ ਤੋਰ ਦਿੰਦੀ ਹੈ। ਜਦੋਂ ਸਾਧਕ ਅੱਲ੍ਹਾ ਅਤੇ ਆਪਣੇ ਵਿੱਚ ਪਈਆਂ ਦੂਰੀਆਂ ਨੂੰ ਦੂਰ ਕਰ ਦਿੰਦਾ ਹੈ। ਉਹ ਹੌਲੀ ਹੌਲੀ ਉੱਪਰ ਉੱਠ ਕੇ ਸ਼ਰੀਅਤ, ਤਰੀਕਤ ਤੇ ਮਾਰਫ਼ਤ ਦੀਆਂ ਅਵਸਥਾਵਾਂ ਨੂੰ ਤਹਿ ਕਰਦਾ ਹੋਇਆ ਹਕੀਕਤ ਤੱਕ ਪਹੁੰਚ ਜਾਂਦਾ ਹੈ।

ਭਾਰਤੀ-ਸੂਫੀ, ਸੂਫੀ ਮਾਰਗ ਦੀਆਂ ਚਾਰ ਮੰਜ਼ਿਲਾਂ ਅਤੇ ਉਨ੍ਹਾਂ ਦੀਆਂ ਚਾਰ ਅਵਸਥਾਵਾਂ ਦਾ ਜ਼ਿਕਰ ਕਰਦੇ ਹਨ ਕਿ ਇਹ ਰੱਬੀ ਮਾਰਗ ਦੇ ਪੜਾਅ ਹਨ ਜਿਨ੍ਹਾਂ ਵਿੱਚੋਂ ਮਨੁੱਖ ਨਿਕਲ ਕੇ ਅੱਗੇ ਮੰਜ਼ਿਲ ਤੱਕ ਪਹੁੰਚਦਾ ਹੈ। ਸੂਫੀ ਲੋਕ ਸੂਫੀਅਤ ਦੇ ਵਿਰੋਧੀ ਨਹੀਂ ਹਨ ਪਰ ਉਹ ਇਸ ਨੂੰ ਇੱਕ ਸਾਧਨ ਮੰਨਦੇ ਹਨ ਜਾਂ ਇਹ ਇੱਕ ਪੜਾਅ ਹੈ ਜਿਸ ਵਿੱਚੋਂ ਗੁਜ਼ਰ ਕੇ ਅੱਗੇ ਵੱਧਦੇ ਹੋਏ ਹਕੀਕਤ ’ਤੇ ਪਹੁੰਚਿਆ ਜਾ ਸਕਦਾ ਹੈ । ਜਦੋਂ ਸੂਫੀ ਸੰਤ ਬਾਬਾ ਵਜੀਦ ਦਾ ਵਜੂਦ (ਮਸਤੀ) ਭਾਰੀ ਹੁੰਦੀ ਤਾਂ ਆਪ ਅਜਿਹੇ ਵਾਕ ਬੋਲ ਜਾਂਦੇ ਜਿਹੜੇ ਸ਼ਰੀਅਤ ਦੇ ਵਿਰੁੱਧ ਸਮਝੇ ਜਾਂਦੇ ਹਨ :-

ਸੁਹਬਾਨੀ ਮਾ ਅਜਾਮ ਸਾਨੀ ।

(ਮੇਰੀ ਜਾਤ ਪਾਕ ਏ ਤੇ ਮੇਰੀ ਸ਼ਾਨ ਕਿਤਨੀ ਉੱਚੀ ਹੈ)

ਮੇਰੇ ਜੱਬੇ ਹੇਠ ਖ਼ੁਦਾ ਹੈ, ਮੈਂ ਸਾਕੀ ਹਾਂ, ਮੈਂ ਈ ਪਿਆਲਾ ਹਾਂ, ਮੈਂ ਈ ਸ਼ਰ੍ਹਾਬ ਹਾਂ।[70] ਸੂਫੀ ਜਦੋਂ ਸ਼ਰੀਅਤ ਤੋਂ ਉੱਪਰ ਉੱਠ ਕੇ ‘ਚਰਮ-ਲਕਸ਼’ ਦੀ ਪ੍ਰਾਪਤੀ ਕਰ ਲੈਂਦੇ ਹਨ ਤਾਂ ਉਹ ਆਪਣੇ ਮੂਲ ਸ੍ਰੋਤ ਵਿੱਚ ਲੀਨ ਹੋ ਜਾਂਦੇ ਹਨ। ਸੂਫੀਆਂ ਦੇ ਪ੍ਰੇਮ ਨੂੰ ਪਾਉਣ ਦੀ ਗਵਾਹੀ ਇਸ ਗੱਲ ਤੋਂ ਵੀ ਮਿਲਦੀ ਹੈ ਕਿ ਉਨ੍ਹਾਂ ਨੇ ਇਸ ਮੇਲ-ਮਿਲਾਪ ਨੂੰ ਪ੍ਰੀਤ-ਕਥਾਵਾਂ ਦੇ ਪਾਤਰਾਂ ਦੇ ਪ੍ਰਤੀਕਾਂ ਰਾਹੀਂ ਦਰਸਾਇਆ ਹੈ। ਆਪਣੇ ਪਿਆਰੇ ਪ੍ਰਤੀ ਆਪਣੇ ਵਿਰਲਾਪ ਅਤੇ ਬਿਰਹਾ ਨੂੰ ਦਰਸਾਇਆ ਹੈ। ਸੂਫੀ ਕਾਵਿ ਵਿੱਚ ਵੀ ਗੁਰਮਤਿ ਦੀ ਤਰ੍ਹਾਂ ਸੰਸਾਰ ਦੀ ਨਾਸ਼ਮਾਨਤਾ ਨੂੰ ਪੇਸ਼ ਕੀਤਾ ਗਿਆ ਹੈ। ਡਾ. ਮਨਮੋਹਨ ਸਿੰਘ ਅਨੁਸਾਰ, ‘‘ਸ੍ਰਿਸ਼ਟੀ ਦੀ ਨਿਤਤਾ ਅਤੇ ਅਨਿਤਤਾ ਸੰਬੰਧੀ ਵੀ ਸੂਫੀਆਂ ਦੇ ਵਿਚਾਰ ਭਿੰਨ ਭਿੰਨ ਹਨ ਪਰ ਕੁਰਾਨ ਵਿੱਚ ਇਸ ਦੀ ਵਧੇਰੇ ਚਰਚਾ ਨਹੀਂ ਹੈ। ਸੂਫੀਆਂ ਦੇ ਕਾਵਿ ਵਿੱਚ ਇਸ ਬਾਰੇ ਸਪੱਸ਼ਟ ਭਾਂਤ ਦੋ ਵਿਚਾਰ ਧਾਰਾਵਾਂ ਪ੍ਰਗਟ ਹਨ। ਇੱਕ ਤਾਂ ਇਹ ਕਿ ਇਸ ਸ੍ਰਿਸ਼ਟੀ ਦਾ ਪ੍ਰਸਾਰ ਉਸ ਪਰਮ

ਸੱਤਾ ਦੇ ਕਾਰਣ ਹੈ। ਦੂਜਾ ਇਹ ਕਿ ਇਸ ਜਗਤ ਦਾ ਜੀਵਨ ਛਿਣਭੰਗਰ ਹੈ ਅਤੇ ਇੱਕ ਨਾ ਇੱਕ ਦਿਨ ਸਭ ਦਾ ਅੰਤ ਹੋਣਾ ਹੈ।''[71]

ਸੂਫੀ ਕਾਵਿਧਾਰਾ ਵਿੱਚ ਬਾਬਾ ਫ਼ਰੀਦ ਜੀ ਦੀ ਇਹ ਸੁਰ ਹੀ ਪ੍ਰਧਾਨ ਹੈ ਕਿ ਸੰਸਾਰ ਦੀ ਨਾਸ਼ਮਾਨਤਾ ਦੇ ਚੱਲ ਰਹੇ ਚੱਕਰ ਤੋਂ ਸੁਚੇਤ ਰਹਿ ਕੇ ਮਨੁੱਖ ਪ੍ਰਭੂ ਸਿਮਰਨ ਕਰੇ ਅਤੇ ਸ਼ੁਭ ਅਮਲ ਕਮਾਉਣ ਲਈ ਯਤਨਸ਼ੀਲ ਰਹੇ। ਸੂਫੀ ਵੈਰਾਗ ਦੀ ਅਵਸਥਾ ਨੂੰ ਪ੍ਰਾਪਤ ਕਰਨ ਲਈ ਨਿਮਰਤਾ ਨੂੰ ਹੀ ਵੱਡਾ ਗੁਣ ਮੰਨਦੇ ਹਨ। ਸੂਫੀ ਕਾਵਿ ਵਿੱਚ ਸਮਾਜ ਵਿੱਚਲੀ ਜਾਤ-ਪਾਤ, ਪਰਾਏ ਦਰ, ਅਸਹਿਣਸ਼ੀਲਤਾ, ਕਰਮ-ਕਾਂਡਾਂ ਆਦਿ ਦਾ ਵਿਰੋਧ ਹੈ। ਸੂਫੀ ਕਵੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵੱਸ ਵਿੱਚ ਨਾ ਆਉਣ ਦਾ ਗਿਆਨ ਦੇ ਕੇ ਸੁਚੇਤ ਕਰਦੇ ਹਨ, ਸੂਫੀ ਗੁੱਸੇ ਨੂੰ ਸਾਰੇ ਮਾੜੇ ਔਗੁਣਾਂ ਦੀ ਜੜ੍ਹ ਮੰਨਦੇ ਹਨ। ਜਿੱਥੇ ਕ੍ਰੋਧ ਸੰਸਾਰਕ ਤੌਰ 'ਤੇ ਕਈ ਕਲੇਸ਼ ਪੈਦਾ ਕਰਨ ਵਾਲਾ ਹੈ, ਉੱਥੇ ਕ੍ਰੋਧ ਆਉਣ 'ਤੇ ਦਇਆ ਵੀ ਚਲੀ ਜਾਂਦੀ ਹੈ। ਸੁਭਾਵਿਕ ਹੈ ਜਿੱਥੇ ਦਇਆ ਨਹੀਂ ਉੱਥੇ ਧਰਮ ਕਿੱਥੋਂ ਹੋ ਸਕਦਾ ਹੈ। ਜਿੱਥੇ ਧਰਮ ਨਹੀਂ ਉੱਥੇ ਬਾਕੀ ਪਾਪ ਹੀ ਰਹਿਣਗੇ। ਕ੍ਰੋਧ ਜ਼ਹਿਰ ਦੀ ਤਰ੍ਹਾਂ ਹੈ ਜੋ ਮਨੁੱਖੀ ਹਿਰਦੇ ਨੂੰ ਕਦੇ ਸ਼ਾਂਤ ਨਹੀਂ ਰਹਿਣ ਦਿੰਦਾ ਅਤੇ ਇਹ ਔਗੁਣ ਮਨੁੱਖ ਨੂੰ ਘਟੀਆ ਬਣਾ ਦਿੰਦਾ ਹੈ। ਫ਼ਰੀਦ ਜੀ ਕਹਿੰਦੇ ਹਨ ਕਿ ਜੇ ਕੋਈ ਬੁਰਾ ਹੈ ਤਾਂ ਉਸ ਦਾ ਵੀ ਭਲਾ ਕਰੋ। ਉਸ ਨਾਲ ਝਗੜਾ ਨਾ ਕਰੋ ਕਿਉਂਕਿ ਇਸ ਨਾਲ ਬੁੱਧੀ ਦੀ ਮੌਤ ਹੋ ਜਾਂਦੀ ਹੈ। ਉਨ੍ਹਾਂ ਨੇ ਧਾਰਮਿਕ ਕੱਟੜਤਾ ਅਤੇ ਕਰਮ ਕਾਂਡਾਂ ਦੀ ਨਿੰਦਾ ਕੀਤੀ ਹੈ। ਸੁਲਤਾਨ ਬਾਹੂ ਵੀ ਆਪਣੇ ਬੈਂਤਾਂ ਵਿੱਚ ਕਹਿੰਦੇ ਹਨ :-

ਸੈ ਰੋਜ਼ੇ ਸੈ ਨਫਲ ਨਮਾਜ਼ਾਂ
ਸੈ ਸਿਜਦੇ ਕਰ ਥੱਕੇ ਹੂ।
ਸੈ ਵਾਰੀ ਮੱਕੇ ਹੱਜ ਗੁਜ਼ਾਰਾਂ
ਦਿਲ ਦੀ ਦੌੜ ਨਾ ਮੁੱਕੇ ਹੂ ।
ਆਸ਼ਕ ਪੜ੍ਹਨ ਨਮਾਜ਼ ਪਰਮ ਦੀ
ਜੈਂ ਵਿੱਚ ਹਰਫ਼ ਨ ਕੋਈ ਹੂ ।

ਬਾਝੋਂ ਜਿਕਰ ਰੱਬਾਨੇ ਬਾਹੂ

ਕੂੜੀ ਰਾਮ ਕਹਾਣੀ ਹੂ ।[72]

ਸੂਫੀ ਕਵੀ ਸੁਲਤਾਨ ਬਾਹੂ ਵੀ ਆਪਣੀ ਰਚਨਾ ਵਿੱਚ ਆਪਣੇ ਸਮੇਂ ਦੇ ਹਾਲਾਤਾਂ ਅਤੇ ਬਿਰਹਾ ਦੀ ਪੀੜ੍ਹ ਨੂੰ ਦਰਸਾਉਂਦਾ ਹੈ ਅਤੇ ਆਪਣੇ ਦਿਲ ਦੇ ਬਾਗ ਵਿੱਚ ਇਸ ਨੂੰ ਇੱਕ ਚੰਬੇ ਦੀ ਬੂਟੀ ਦਾ ਬਿੰਬ ਘੜ ਕੇ ਪੇਸ਼ ਕਰਦਾ ਹੈ, ਜਿਸ ਦਾ ਕਰਤਾ ਮੁਰਸ਼ਦ ਹੈ :-

ਅਲਫ਼ ਅੱਲ੍ਹਾ ਚੰਬੇ ਦੀ ਬੂਟੀ

ਮੁਰਸ਼ਦ ਮਨ ਵਿੱਚ ਲਾਈ ਹੂ ।[73]

ਸੂਫੀ ਆਪਣੇ ਪਿਆਰੇ ਦੇ ਵਿਛੋੜੇ (ਬਿਰਹਾ) ਦੀ ਪੀੜ੍ਹ ਵਿੱਚ ਤੜਫ਼ ਰਿਹਾ ਹੈ। ਉਸ ਦੇ ਦਰਦ ਨੂੰ ਬਿਆਨ ਕਰਦੇ ਹਨ:-

ਹੁਬ ਵਤਨ ਦੀ ਗਾਲਿਬ ਹੋਈ

ਹਿਕ ਪਲ ਸੌਣ ਨਾ ਦੇਂਦੀ ਹੂ ।[74]

ਇਸ ਤੜਫ਼ ਨੂੰ ਖ਼ਤਮ ਕਰਨ ਲਈ ਜੰਗਲ ਬੇਲੇ ਵਿੱਚ ਜਾਣ ਦੀ ਲੋੜ ਨਹੀਂ ਕਿਉਂਕਿ ਸਭ ਹਿਰਦੇ ਅੰਦਰ ਹੀ ਹੈ ਇਸ ਕਰਕੇ ਇਹ ਪੀੜ੍ਹ ਆਪਾ-ਗੁਆਉਣ ਤੋਂ ਬਾਅਦ ਹੀ ਸੁੱਖਦਾਈ ਹੋਵੇਗੀ ਜਿਵੇਂ :-

ਅੰਦਰ ਭਾਹੀ, ਅੰਦਰ ਬਾਲਣ, ਅੰਦਰ ਦੇ ਵਿੱਚ ਧੂੰਆ ਹੂ ।।[75]

ਅੱਲ੍ਹਾ ਕਿਤੇ ਦੂਰ ਨਹੀਂ ਸਗੋਂ ਇਹ ਤਾਂ ਤੇਰੇ ਸੁਵਾਸਾਂ ਤੋਂ ਵੀ ਨੇੜੇ ਰਹਿੰਦਾ ਹੈ :-

ਸ਼ਾਹ ਰਗ ਥੀ ਨਜ਼ਦੀਕ ਲਾਧੋਸ,

ਪਾ ਅੰਦਰੂਨੀ ਝਾਤੀ ਹੂ ।[76]

ਸੂਫੀ ਦਰਵੇਸ਼ਾਂ ਨੇ ਕੁਰਾਨ ਮਜੀਦ ਤੇ ਤੌਹੀਦ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਹੈ। ਇੱਕੋ ਰੱਬ ਨੂੰ ਮੰਨਣਾ ਅਤੇ ਉਸਦੀ ਹੀ ਇਬਾਦਤ ਕਰਨੀ। ਉਸ ਤੋਂ ਬਿਨਾਂ ਹੋਰ ਕੋਈ ਇਬਾਦਤ ਦੇ ਕਾਬਲ ਨਹੀਂ ਹੈ, ਇਹ ਯਕੀਨ ਰੱਖਣਾ ਅਤੇ ਚੰਗੇ ਅਮਲਾਂ 'ਤੇ ਪਹਿਰਾ ਦੇਣਾ। ਲੋਕਾਂ ਦਾ ਧਿਆਨ ਰਬੱਲ-ਆਲਮੀਨ (ਸਭ ਸੰਸਾਰ ਦਾ ਰੱਬ) ਵੱਲ

ਲੈ ਕੇ ਜਾਣਾ। ਸੰਸਾਰ ਦੇ ਲੋਕਾਂ ਦਾ ਧਿਆਨ ਤੌਹੀਦ ਦਾ ਗਿਆਨ, ''ਕੁਫਰ ਦਾ ਵਿਰੋਧ, ਸਿਰੜ ਦਾ ਖੰਡਨ (ਰੱਬ ਤੋਂ ਬਿਨਾਂ ਕਿਸੇ ਹੋਰ ਦੀ ਇਬਾਦਤ ਨਹੀਂ ਕਰਨੀ), ਖੁਦੀ ਗ਼ੁਮਾਨ ਦਾ ਤਿਆਗ, ਜ਼ਹਦ ਤੇ ਇਬਾਦਤ, ਇਨਸਾਨੀਅਤ ਨਾਲ ਮੁਹੱਬਤ, ਖਿਦਮਤ ਖਲਾਕ (ਸਮਾਜ ਸੇਵਾ), ਇਲ਼ਮ ਅਤੇ ਰੂਹਾਨੀਅਤ, ਨੇਕ ਅਮਲ, ਇਸ਼ਕੇ ਮਜਾਜੀ ਅਤੇ ਹਕੀਕੀ, ਆਪਣੇ ਆਪ ਦੀ ਪਛਾਣ, ਸਬਰ ਤੇ ਸ਼ੁਕਰ, ਬਰਦਾਸ਼ਤ ਤੇ ਹਲੀਮੀ, ਤਵੱਕਲ (ਰੱਬ ਤੇ ਭਰੋਸਾ), ਰਜ਼ਾ, ਰਿਯਾਕਾਰੀ ਦੀ ਤਰਦੀਦ (ਪਾਖੰਡ ਅਤੇ ਵਿਖਾਵੇ ਦਾ ਖੰਡਣ) ਅਤੇ ਜ਼ਿੰਦਗੀ ਦੀ ਹਕੀਕਤ ਆਦਿ।''[77]

ਇਨ੍ਹਾਂ ਅਮਲਾਂ ਦੇ ਧਾਰਨੀ ਨੂੰ ਹੀ ਸੂਫੀ ਆਖਿਆ ਜਾਂਦਾ ਹੈ ਕਿਉਂਕਿ ਵੈਰਾਗ ਦੀ ਅਵਸਥਾ ਤੱਕ ਇਹ ਮਨੁੱਖ ਦੀ ਸ਼ਖ਼ਸੀਅਤ ਨੂੰ ਨਿਰੋਆ ਕਰ ਦਿੰਦੇ ਹਨ ਜਿਸ ਵਿੱਚ ਕੋਈ ਪਾਖੰਡ ਅਤੇ ਭੇਖ ਨਹੀਂ ਹੁੰਦਾ। ਸਿਰਫ਼ ਤੇ ਸਿਰਫ਼ ਇਬਾਦਤ ਅਤੇ ਰਜ਼ਾ ਵਰਗੇ ਨੇਕ ਗੁਣ ਹੁੰਦੇ ਹਨ। ਡਾ. ਮੁਹੰਮਦ ਹਬੀਬ ਦੇ ਅਨੁਸਾਰ ਹਕੀਕਤ ਵਿੱਚ ਸੂਫੀ ਉਹੀ ਲੋਕ ਸਨ ਜਿੰਨ੍ਹਾਂ ਦਾ ਆਚਰਨ ਨੇਕ ਅਤੇ ਆਪਣੇ ਜਾਹਿਰ ਨੂੰ ਆਪਣੇ ਬਾਤਿਨ ਵਾਂਗ ਸਾਦਾ, ਸਰਲ, ਸਵੱਛ ਅਤੇ ਹਉਮੈਂ ਰਹਿਤ ਬਣਾਈ ਰੱਖਣ ਵਾਸਤੇ 'ਸੂਫ' ਦੇ ਕੱਪੜੇ ਪਾਉਂਦੇ ਹਨ।''[78]

ਉਨ੍ਹਾਂ ਦੇ ਜੀਵਨ ਦੀ ਹਰ ਕਿਰਿਆ ਸਾਦੀ ਅਤੇ ਕਸ਼ਿਸ਼ ਵਾਲੀ ਹੁੰਦੀ ਹੈ। ਸੂਫੀ ਦੇ ਜੀਵਨ ਦੀ ਮੰਜ਼ਿਲ ਖ਼ੁਦਾ ਵਿੱਚ ਅਭੇਦ ਹੋ ਜਾਣਾ ਹੈ ਅਤੇ ਇਸ ਅਵਸਥਾ ਨੂੰ ਫ਼ਨ੍ਹਾ ਕਿਹਾ ਜਾਂਦਾ ਹੈ। ਡਾ. ਮਨਮੋਹਨ ਸਿੰਘ ਅਨੁਸਾਰ, ''ਫ਼ਨ੍ਹਾ ਦੀ ਅਵਸਥਾ ਉਹ ਅਵਸਥਾ ਦੱਸੀ ਜਾਂਦੀ ਹੈ ਜਦੋਂ ਸਾਧਕ ਸੂਫੀ ਮਾਰਗ 'ਤੇ ਚੱਲਦਿਆਂ ਸਾਰੇ ਪਾਪਾਂ ਅਤੇ ਸਾਰੀਆਂ ਇੱਛਾਵਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਉਸ ਦੀ ਆਤਮਾ ਪਰਮਾਤਮਾ ਵਿੱਚ ਲੀਨ ਹੋ ਜਾਂਦੀ ਹੈ।''[79]

ਸੂਫੀ ਦਾ ਹਿਰਦਾ ਪਰਮਾਤਮਾ ਦੇ ਬਿਰਹਾ ਦਰਦ ਨਾਲ ਭਰਿਆ ਹੁੰਦਾ ਹੈ। ਇਸ ਕਰਕੇ ਪਰਮਾਤਮਾ ਨਾਲ ਉਨ੍ਹਾਂ ਦਾ ਰਿਸਤਾ ਦਿਲ ਤੋਂ ਬਣਿਆ ਹੁੰਦਾ ਹੈ। ਰੂਹਾਨੀ ਤਜ਼ਰਬਿਆਂ ਉੱਤੇ ਆਧਾਰਤ ਹੋਣ ਕਰਕੇ ਇਸ ਦੀ ਵਿਆਖਿਆ ਹਰ ਬੰਦਾ ਆਪਣੇ ਨਿੱਜੀ ਅਨੁਭਵ ਵਿੱਚੋਂ ਕਰਦਾ ਹੈ। ਅਧਿਆਤਮਿਕ ਅਵਸਥਾ ਲਈ ਵੈਰਾਗ ਇੱਕ ਅਜਿਹਾ ਗਿਆਨ ਹੈ ਜਿਸ ਨਾਲ ਮਨੁੱਖ ਆਪਣੇ ਨਫ਼ਸ ਦੇ ਪਾਕ ਇਖ਼ਲਾਕ ਦੀ ਸਫ਼ਾਈ ਅਤੇ ਜਾਹਿਰ ਅਤੇ ਬਾਤਿਨ ਦੀ ਉੱਤਮਤਾ ਹਾਸਲ ਕਰਦਾ ਹੈ ਜਿਸ ਦੀ ਮੰਜ਼ਿਲ ਬੇਅੰਤ ਨੂੰ ਸਫ਼ਲਤਾ ਪੂਰਵਕ ਪ੍ਰਾਪਤ ਕਰਨਾ ਹੈ,

ਅਰਥਾਤ ਅੱਲ੍ਹਾ ਵਿੱਚ ਆਪਣੀ ਹਸਤੀ ਨੂੰ ਫਨ੍ਹਾ ਕਰ ਦੇਣਾ ਹੈ। ਅੱਲ੍ਹਾ ਦੀ ਇਬਾਦਤ ਕਰਨ ਵਾਲਾ ਘੱਟ ਸੌਂਦਾ ਹੈ, ਘੱਟ ਖਾਂਦਾ ਹੈ, ਘੱਟ ਬੋਲਦਾ ਹੈ ਅਤੇ ਸੰਸਾਰੀ ਲੋਕਾਂ ਨਾਲ ਘੱਟ ਸੰਬੰਧ ਰੱਖਦਾ ਹੈ। ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ। ਜੁਦਾਈ ਦਾ ਇੱਕ ਪਲ ਵੀ ਉਸ ਲਈ ਅਸਹਿ ਪੀੜ੍ਹਾ ਦੇ ਤੁਲ ਜਾਪਦਾ ਹੈ। ਇਸ ਕਰਕੇ ਆਪਣੇ ਜੀਵਨ ਦੀ ਸ਼ੈਲੀ ਨੂੰ ਪਾਬੰਦ ਹੋ ਕੇ ਬਸਰ ਕਰਦਾ ਹੈ।

ਮਹਾਨ ਸੂਫੀ ਦਰਵੇਸ਼ ਬਾਬਾ ਸ਼ੇਖ ਫ਼ਰੀਦ ਦੇ ਜੁਹਦ, ਇਬਾਦਤ ਨੂੰ ਸੂਫੀ ਜਗਤ ਬੜੀ ਚੰਗੀ ਤਰ੍ਹਾਂ ਜਾਣਦਾ ਹੈ। ਆਪ ਦਾ ਵਿਚਾਰ ਹੈ :-

ਬੋਲੈ ਸ਼ੇਖ ਫਰੀਦੁ ਪਿਆਰੇ ਅਲਹ ਲਗੇ ॥

ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥[80]

ਫ਼ਰੀਦ ਜੀ ਪ੍ਰੇਮ ਨਾਲ ਮਨੁੱਖ ਨੂੰ ਸਮਝਾਉਂਦੇ ਹੋਏ ਆਖ਼ਦੇ ਹਨ ਕਿ ਪਿਆਰੇ ਇਨਸਾਨ ਅੱਲ੍ਹਾ ਨਾਲ ਲੱਗ ਕਿਉਂਕਿ ਇੱਕ ਦਿਨ ਇਸ ਤਨ ਨੇ ਮਿੱਟੀ ਹੋ ਜਾਣਾ ਅਤੇ ਕਬਰ ਵਿੱਚ ਦਫ਼ਨ ਹੋ ਜਾਣਾ ਹੈ। ਇਸ ਲਈ ਅੱਲ੍ਹਾ ਦੀ ਇਬਾਦਤ ਕਰ ਅਤੇ ਜਿਨ੍ਹਾਂ ਨੇ ਦਿਲੋਂ ਅੱਲ੍ਹਾ ਨਾਲ ਮੁਹੱਬਤ ਕੀਤੀ ਉਹ ਸੱਚੇ ਹਨ ਜੋ ਦਿਖਾਵਾ ਕਰਦੇ ਹਨ ਉਹ ਝੂਠੇ ਹਨ। ਜਿਹੜੇ ਉਸਨੂੰ ਵਿਸਾਰ ਦਿੰਦੇ ਹਨ ਉਹ ਧਰਤੀ ਉੱਤੇ ਭਾਰ ਹਨ। ਨਾਲ ਹੀ ਇਹ ਵੀ ਸਪੱਸ਼ਟ ਕਰ ਦਿੰਦੇ ਹਨ ਕਿ ਇਹ ਮਨੁੱਖੀ ਜੂਨ ਹੀ ਹੈ ਜੋ ਸ਼੍ਰੇਸ਼ਟ ਹੈ ਇਸ ਨਾਲ ਹੀ ਤੂੰ ਵੈਰਾਗੀ ਬਣ ਕੇ ਅੱਲ੍ਹਾ ਨਾਲ ਅਭੇਦ ਹੋ ਸਕਦਾ ਹੈਂ। ਇਸ ਲਈ ਮਨ ਨੂੰ ਮਚਾਉਣ ਵਾਲੀਆਂ ਇੰਦਰੀਆਂ ਨੂੰ ਕਾਬੂ ਰੱਖ :-

ਆਜੁ ਮਿਲਾਵਾ ਸ਼ੇਖ ਫ਼ਰੀਦ

ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ॥

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥[81]

ਸੰਸਾਰਕ ਸੁੱਖ-ਦੁੱਖ ਕਰਕੇ ਉਹ ਅਸਲੀਅਤ ਨੂੰ ਭੁੱਲ ਜਾਂਦਾ ਹੈ। ਇਸ ਲਈ ਨਾਸ਼ਮਾਨਤਾ ਦਾ ਇਹ ਤੀਬਰ ਅਹਿਸਾਸ ਵੈਰਾਗ ਦੀ ਭਾਵਨਾ ਪੈਦਾ ਕਰਦਾ ਹੈ। ਮਨੁੱਖੀ ਮਨ ਜਦੋਂ ਸੰਸਾਰ ਦੇ ਛਿਣਭੰਗਰ ਪਦਾਰਥਾਂ

ਵੱਲੋਂ ਉਪਰਾਮ ਹੁੰਦਾ ਹੈ ਤਾਂ ਹੀ ਉਸ ਦਾ ਮਨ ਵੈਰਾਗੀ ਹੁੰਦਾ ਹੈ, ਨਹੀਂ ਤਾਂ ਉਹ ਸੰਸਾਰਕ ਭਟਕਨਾਵਾਂ ਵਿੱਚ ਭਟਕ-ਭਟਕ ਕੇ ਖਵਾਰ ਹੁੰਦਾ ਰਹਿੰਦਾ ਹੈ। ਇਸ ਲਈ ਮਨ ਦਾ ਉਪਰਾਮ ਹੋਣਾ ਲਾਜ਼ਮੀ ਹੈ। ਵੈਰਾਗ ਇਸ ਮਾਰਗ 'ਤੇ ਚੱਲਣ ਵਾਲੇ ਸਾਧਕਾਂ ਦੇ ਮਨਾਂ ਵਿੱਚ ਸੰਸਾਰਕ ਤੇ ਸਰੀਰਕ ਨਿਰਲੇਪਤਾ ਦੇ ਭਾਵ ਜਗਾਉਂਦਾ ਹੈ। ਉਹ ਆਪਣੇ ਮਨ ਵਿੱਚ ਸੰਸਾਰ ਨੂੰ ਝੂਠ ਅਤੇ ਮਾਇਆ ਜਾਣ ਕੇ ਆਪਣੇ ਅਸਲੀ ਕਰਮ ਪ੍ਰਤੀ ਸੁਚੇਤ ਰਹਿੰਦਾ ਹੈ। ਸੂਫੀ ਲੋਕ ਜੀਵ ਨੂੰ ਸੰਸਾਰ ਵਿੱਚ ਰਹਿੰਦਿਆਂ ਵਿਸ਼ੇ ਵਿਕਾਰਾਂ ਵਿੱਚ ਨਾ ਫਸਣ ਅਤੇ ਕਮਲ ਵਾਂਗ ਰਹਿਣ ਦਾ ਸੰਦੇਸ਼ ਦਿੰਦੇ ਹਨ। ਸੂਫੀਮਤ ਵਿੱਚ ਪਦਾਰਥਕ ਮੋਹ ਵਿੱਚ ਫਸੇ ਮਨੁੱਖ ਲਈ ਨਫ਼ਸ ਦਾ ਸੰਕਲਪ ਹੈ ਜਿਸ ਤੋਂ ਭਾਵ ਹੈ ਕਿ ਨਫ਼ਸ ਨੂੰ ਖੁਦਾ ਨੇ ਇਸ ਲਈ ਬਣਾਇਆ ਤਾਂ ਕਿ ਨਫ਼ਸ ਮਨੁੱਖੀ ਆਤਮਾ ਨਾਲ ਬੁਰਾਈ ਬਣ ਕੇ ਟੱਕਰ ਲੈਂਦਾ ਰਹੇ ਅਤੇ ਜੀਵ ਪਰਮਾਤਮਾ ਨੂੰ ਭੁੱਲੇ ਨਾ। ਡਾ. ਮਨਮੋਹਨ ਸਿੰਘ ਅਨੁਸਾਰ, ''ਨਫ਼ਸ ਦੇ ਕਾਰਨ ਹੀ ਆਤਮਾ ਮਲੀਨ ਹੁੰਦੀ ਹੈ ਅਤੇ ਉਸ ਵਿੱਚ ਬੁਰਾਈਆਂ ਆਉਂਦੀਆਂ ਹਨ। ਉਹ ਆਤਮਾ ਨੂੰ ਨਰਕ ਵੱਲ ਲੈ ਜਾਂਦਾ ਹੈ।''[82]

ਅਧਿਆਤਮਿਕ ਅਨੁਭਵ ਦੀ ਸ਼ਬਦਾਵਲੀ ਅਨੁਸਾਰ ਉਪਰਾਮਤਾ ਤੋਂ ਭਾਵ ਸੰਸਾਰ ਦਾ ਤਿਆਗ ਅਤੇ ਪਰਮਾਤਮਾ ਨਾਲ ਪ੍ਰੇਮ ਹੈ। ਰੂਹਾਨੀਅਤ ਦੇ ਪਾਂਧੀ ਲੋਕ ਸੰਸਾਰਕ ਵਸਤੂਆਂ ਅਤੇ ਰਿਸ਼ਤਿਆਂ ਦੀ ਅਸਾਰਤਾ, ਸਮਾਜਿਕ ਜੀਵਨ ਦੀਆਂ ਗਲ਼ਤ ਕੀਮਤਾਂ ਅਤੇ ਉਨ੍ਹਾਂ ਦੇ ਝੂਠੇ ਮਾਣ ਅਭਿਮਾਨ ਦਾ ਅਨੁਭਵ ਕਰਕੇ ਸੰਸਾਰਕ ਜੀਵਨ ਤੋਂ ਉਪਰਾਮ ਹੋ ਕੇ ਸੱਚੇ ਪ੍ਰਭੂ ਦੀਆਂ ਕੀਮਤਾਂ 'ਤੇ ਤੁਰ ਕੇ ਜੀਵਨ ਦਾ ਆਦਰਸ਼ ਸਹੀ ਕਰਦੇ ਹਨ। ਇਸ ਕਰਕੇ ਵੈਰਾਗੀ ਅਵਸਥਾ ਵਾਲਾ ਸਾਧਕ ਤਿਆਗ 'ਤੇ ਜ਼ਿਆਦਾ ਜ਼ੋਰ ਦਿੰਦਾ ਹੈ। ਉਸ ਦਾ ਤਿਆਗ ਇਸ ਤਰ੍ਹਾਂ ਦਾ ਹੁੰਦਾ ਹੈ ਜੋ ਪਦਾਰਥਾਂ ਵਿੱਚ ਰਹਿੰਦਾ ਹੋਇਆ ਵੀ ਕਿਸੇ ਨਾਲ ਮੋਹ ਨਹੀਂ ਪਾਉਂਦਾ ਹੈ। ਇਸ ਕਰਕੇ ਹੀ ਇਨ੍ਹਾਂ ਸੂਫੀਆਂ ਦੀ ਵਿਚਾਰਧਾਰਾ ਵਿੱਚ ਉਪਰਾਮਤਾ ਸਮੋਈ ਹੁੰਦੀ ਹੈ। ਉਹ ਇਸ ਵੈਰਾਗ ਅਧੀਨ ਹੀ ਪਰਮਾਤਮਾ ਦੀ ਰਜਾ ਅਨੁਸਾਰ ਚੱਲ ਰਹੀ ਸੰਸਾਰਕ ਨਾਸ਼ਮਾਨਤਾ ਦੇ ਸੱਚ ਨੂੰ ਮੰਨਦੇ ਹਨ। ਇਨ੍ਹਾਂ ਨਾਸ਼ਮਾਨ ਚੀਜ਼ਾਂ ਅੱਗੇ ਉਹ ਮਨੁੱਖ ਬੇਵੱਸ ਹੈ ਜਿਸ ਕਰਕੇ ਉਸ ਨੂੰ ਪਰਮ ਸੱਤਾ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ ਦਿੱਸਦਾ।

ਮਨੁੱਖ ਨੂੰ ਸੰਸਾਰ ਤੋਂ ਧੋਖਾ ਨਹੀਂ ਖਾਣਾ ਚਾਹੀਦਾ ਕਿਉਂਕਿ ਇਸ ਦੀਆਂ ਸਾਰੀਆਂ ਵਸਤੂਆਂ ਨਾਸ਼ਮਾਨ ਹੋਣ ਵਾਲੀਆਂ ਹਨ। ਇਸ ਸੰਸਾਰ ਦਾ ਹਰੇਕ ਪਦਾਰਥ ਇੱਕ ਨਿਸ਼ਚਿਤ ਸਮੇਂ ਤੱਕ ਮਨੁੱਖ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ ਅਤੇ ਸਮੇਂ ਅਨੁਸਾਰ ਖ਼ਤਮ ਹੋ ਜਾਂਦਾ ਹੈ। ਇਸ ਉੱਤੇ ਅਹੰਕਾਰ ਕਰਨਾ ਜਾਂ ਇਸ ਨੂੰ ਮਨੁੱਖੀ ਜੀਵਨ ਦਾ ਅੰਤਮ ਸ੍ਰੋਤ ਸਮਝਣਾ ਸੂਫੀਆਂ ਅਨੁਸਾਰ ਇੱਕ ਵੱਡੀ ਮੂਰਖ਼ਤਾ ਹੈ। ਇਸ ਲਈ ਦੁਨੀਆਂ ਦੇ ਮੋਹ ਤੋਂ ਪ੍ਰਹੇਜ਼ ਕਰਨਾ ਅਤੇ ਪਰਮਾਤਮਾ ਦੀ ਭਗਤੀ ਵਿੱਚ ਲੀਨ ਹੋਣਾ ਹੀ ਸੂਫੀ ਜੀਵਨ ਦਾ ਮੁੱਖ ਮਕਸਦ ਹੈ। ਸਿੱਟੇ ਵਜੋਂ ਸੂਫੀ ਦੁਨੀਆਂ ਦੀਆਂ ਲੋੜਾਂ ਵੱਲ ਘੱਟ ਧਿਆਨ ਦਿੰਦੇ ਹਨ। ਇਸ ਦਾ ਭਾਵ ਇਹ ਨਹੀਂ ਉਹ ਸੰਨਿਆਸ ਲੈ ਲੈਂਦੇ ਹਨ ਕਿਉਂਕਿ ਵੈਰਾਗੀ ਹੋਣ ਲਈ ਸੰਨਿਆਸੀ ਹੋਣ ਦੀ ਜ਼ਰੂਰਤ ਨਹੀਂ ਸਿਰਫ਼ ਆਪਣੀਆਂ ਲੋੜਾਂ ਨੂੰ ਸੀਮਤ ਕਰਨਾ ਹੈ। ਦੁਨਿਆਵੀ ਲੋੜ ਨੂੰ ਪੂਰਾ ਕਰਨਾ ਹੈ। ਸੰਸਾਰ ਵਿੱਚ ਰਹਿੰਦਿਆਂ ਹੀ ਉਹ ਵੈਰਾਗਮਈ ਅਵਸਥਾ ਦਾ ਆਨੰਦ ਮਾਣ ਸਕਦਾ ਹੈ। ਮਨੁੱਖ ਦਾ ਮਨੋਰਥ ਇਸ ਨੂੰ ਪ੍ਰਾਪਤ ਕਰਨਾ ਹੈ। ਇਹ ਉਹ ਜੀਵਨ ਸ਼ੈਲੀ ਹੈ ਜਿਸ ਵਿੱਚ ਮਨੁੱਖ ਨੂੰ ਇਹ ਗਿਆਨ ਹੋਵੇ ਕਿ ਉਸ ਨੇ ਕਿਸ ਕੀਮਤ ਨੂੰ ਤਿਆਗਣਾ ਅਤੇ ਕਿਸ ਨੂੰ ਅਪਣਾਉਣਾ ਹੈ ਉਸਦੇ ਜੀਵਨ ਦਾ ਅਸਲੀ ਮਨੋਰਥ ਇਹ ਹੀ ਹੈ। ਅਸਲ ਸੂਫੀ ਸੰਸਾਰ ਵਿੱਚ ਰਹਿੰਦੇ ਆਪਣਾ ਕੰਮ ਕਾਰ ਕਰਦੇ ਹੋਏ ਇਸ ਮਾਰਗ ਦੇ ਸਾਧਕ ਬਣਦੇ ਹਨ। ਉਹ ਆਪਣੇ ਅੰਦਰੋਂ ਹੀ ਵੈਰਾਗ ਅਵਸਥਾ ਪ੍ਰਾਪਤ ਕਰ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਸਮਝਾਇਆ ਜਾਂਦਾ ਹੈ ਕਿ ਅੱਲ੍ਹਾ ਉਸ ਦੇ ਬਹੁਤ ਨੇੜੇ ਹੈ। ਉਸ ਦੀ ਸੋਚ ਤੋਂ ਵੀ ਕਿਤੇ ਨੇੜੇ ਹੈ ਜਿਸ ਬਾਰੇ ਉਹ ਸੋਚ ਵੀ ਨਹੀਂ ਸਕਦਾ। ਇਹ ਵੈਰਾਗ ਉਨ੍ਹਾਂ ਦੇ ਹਿਰਦਿਆਂ ਵਿੱਚ ਪ੍ਰੇਮ ਅਤੇ ਸੱਚਾ ਭੈਅ ਪੈਦਾ ਕਰਦਾ ਹੈ। ਜਿਸ ਕਰਕੇ ਉਹ ਹਰ ਗੁਨਾਹ ਤੋਂ ਤੌਬਾ ਕਰਦਾ ਹੈ। ਪ੍ਰੇਮ ਕਰਨ ਨਾਲ ਉਸ ਦੇ ਹਿਰਦੇ ਵਿੱਚ ਆਨੰਦ ਪੈਦਾ ਹੁੰਦਾ ਹੈ ਅਤੇ ਭੈਅ ਉਨ੍ਹਾਂ ਨੂੰ ਮਾੜੀਆਂ ਕੀਮਤਾਂ ਤੋਂ ਬਚਾ ਕੇ ਰੱਖਦਾ ਹੈ। ਇਹ ਵੈਰਾਗ ਸੂਫੀਆਂ ਨੂੰ ਹਕੀਕਤ ਤੱਕ ਪਹੁੰਚਾਉਣ ਵਿੱਚ ਸਹਾਇਕ ਹੁੰਦਾ ਹੈ। ਆਪਣੇ ਆਪ ਨੂੰ ਜਾਣਨ ਤੋਂ ਬਾਅਦ ਇਨਸਾਨ ਦੁਨੀਆਂ ਵਿੱਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਨਿਰਲੇਪ ਰਹਿੰਦਾ ਹੈ, ਐਸਾ ਮਨੁੱਖ ਚਾਹੇ ਗ੍ਰਹਿਸਤ ਵਿੱਚ ਰਹੇ ਜਾਂ ਫ਼ਕੀਰੀ ਭੇਸ ਧਾਰਨ ਕਰੇ ਉਸਦੀ ਮਾਨਸਿਕਤਾ ਰੂਹਾਨੀ ਮੰਡਲਾਂ ਵਿੱਚ ਪਹੁੰਚਣ ਯੋਗ ਹੋ ਜਾਂਦੀ ਹੈ। ਅਧਿਆਤਮਿਕ

ਰੂਹਾਨੀਅਤ ਲਈ ਮਰਯਾਦਾ ਭਰਪੂਰ ਜੀਵਨ ਹੋਣਾ ਚਾਹੀਦਾ ਹੈ ਇਸ ਦਾ ਕਿਸੇ ਭੇਖ ਜਾਂ ਪਹਿਰਾਵੇ ਨਾਲ ਕੋਈ ਸੰਬੰਧ ਨਹੀਂ ਹੁੰਦਾ।

ਸੰਸਾਰ ਤੋਂ ਵੈਰਾਗੀ ਹੋਏ ਬਿਨਾਂ ਜਗਤ ਦੇ ਕਰਤੇ ਨਾਲ ਅਭੇਦ ਹੋਣਾ ਕਠਿਨ ਹੈ। ਪਦਾਰਥਾਂ ਦੀ ਪਿਆਸ ਤੋਂ ਤ੍ਰਿਪਤ ਤੇ ਉਦਾਸ ਮਨੁੱਖਾਂ ਨੇ ਹੀ ਪਰਮਾਤਮਾ ਦੀ ਤਲਾਸ਼ ਕੀਤੀ ਹੈ। ਬਿਬੇਕ ਤੋਂ ਹੀ ਵੈਰਾਗ ਦਾ ਜਨਮ ਹੁੰਦਾ ਹੈ। ਵੈਰਾਗ ਤੋਂ ਗਿਆਨ ਪੈਦਾ ਹੁੰਦਾ ਹੈ ਅਤੇ ਗਿਆਨ ਸਾਧਨਾ ਰਾਹੀਂ ਹੀ ਸੂਫੀ ਅਧਿਆਤਮਿਕ ਮੰਡਲ ਵਿੱਚ ਨਿਵਾਸ ਕਰਦੇ ਹਨ।

**(ਹ) ਕਲਾਮ ਫ਼ਰੀਦ ਵਿੱਚ ਵੈਰਾਗ ਦਾ ਸੰਕਲਪ**

ਸ਼ੇਖ ਫ਼ਰੀਦ ਜੀ ਅੱਜ ਤੋਂ ਅੱਠ ਸਦੀਆਂ ਪਹਿਲਾਂ ਦੇ ਪੰਜਾਬ ਦੀ ਧਰਤੀ ’ਤੇ ਅਵਤਰਿਤ ਹੋਏ। ਆਦਿ ਗ੍ਰੰਥ ਵਿੱਚ ਸ਼ੇਖ ਫ਼ਰੀਦ ਦੇ 112 ਸਲੋਕ ਅਤੇ 04 ਸ਼ਬਦ ਸੰਕਲਿਤ ਹਨ। ਆਪ ਜੀ ਬਚਪਨ ਤੋਂ ਹੀ ਧਾਰਮਿਕ ਬਿਰਤੀ ਵਾਲੇ ਸਨ। ਇਸ ਦਾ ਕਾਰਨ ਆਪ ਜੀ ਨੇ 03 ਸਾਲ ਦੀ ਉਮਰ ਵਿੱਚ ਹੀ ਨਮਾਜ਼ ਤੇ ਰੋਜ਼ੇ ਆਦਿ ਸ਼ਰੀਅਤ ਦੇ ਬੁਨਿਆਦੀ ਅਸੂਲਾਂ ਦੀ ਪਾਲਣਾ ਆਰੰਭ ਕਰ ਦਿੱਤੀ ਸੀ ਅਤੇ ਪੂਰੇ ਕੁਰਾਨ ਸ਼ਰੀਫ ਹਿਫਜ ਦੀ ਸਾਧਨਾ ਦੀ ਅਤਿ ਸੂਖ਼ਮ ਅਵਸਥਾ ਪ੍ਰਾਪਤ ਕਰ ਲੈਣ ਉਪਰੰਤ ਵੀ ਉਨ੍ਹਾਂ ਨੇ ਸ਼ਰੀਅਤ ਦੇ ਅਸੂਲਾਂ ਨੂੰ ਪਾਲਣਾ ਜਾਰੀ ਰੱਖਿਆ ਸੀ। ਇਸ ਦਾ ਪ੍ਰਮਾਣ ਆਪ ਬਾਣੀ ਵਿੱਚ ਦਿੰਦੇ ਹਨ ਕਿ ਜੋ ਨਮਾਜ਼ ਨਹੀਂ ਪੜ੍ਹਦੇ ਭਾਵ ਜੋ ਬੰਦਗੀ ਵਲੋਂ ਗਾਫ਼ਿਲ ਹਨ ਉਹ ਕੁੱਤੇ ਸਮਾਨ ਹਨ, ਉਨ੍ਹਾਂ ਦਾ ਇਹ ਜਿਊਣ ਦਾ ਤਰੀਕਾ ਚੰਗਾ ਨਹੀਂ ਕਿਹਾ ਜਾ ਸਕਦਾ ਹੈ :-

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥

ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥[83]

ਫ਼ਰੀਦ ਜੀ ਇਸ ਸਲੋਕ ਵਿੱਚ ਬੰਦਗੀ ਕਰਨ ਦੇ ਮਹੱਤਵ ਨੂੰ ਸਮਝਾਉਂਦੇ ਹਨ ਅਤੇ ਨਾਲ ਹੀ ਉੱਦਮ ਕਰ ਕੇ ਪੰਜੇ ਵੇਲੇ ਮਸੀਤ ਜਾਣ ਦਾ ਸੰਕੇਤ ਕਰਦੇ ਹਨ। ਫ਼ਰੀਦ ਬਾਣੀ ਵਿੱਚ ਗੁਰਮਤਿ ਵਾਲੇ ਉਹ ਸਾਰੇ ਗੁਣ ਮੌਜੂਦ ਹਨ ਜਿਨ੍ਹਾਂ ਦੀ ਜ਼ਰੂਰਤ ਗੁਰੂ ਅਰਜਨ ਦੇਵ ਜੀ ਨੂੰ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਸੀ। ਸੰਤ ਸਿੰਘ ਸੇਖੋਂ

ਅਨੁਸਾਰ, ''ਸ਼ੇਖ ਫ਼ਰੀਦ ਤੋਂ ਪਿੱਛੋਂ ਕੋਈ ਤਿੰਨ ਸੌ ਵਰ੍ਹੇ ਬਾਅਦ ਪੰਜਾਬੀ ਕਵਿਤਾ ਫਿਰ ਗੁਰੂ ਨਾਨਕ ਪਾਸ ਆ ਕੇ ਪ੍ਰਾਪਤੀ ਦੀਆਂ ਚੋਟੀਆਂ ਉੱਤੇ ਵਿਚਰਨ ਲੱਗਦੀ ਹੈ। ਇਹ ਰਚਨਾ ਵੀ ਸ਼ੇਖ ਫ਼ਰੀਦ ਦੀ ਰਚਨਾ ਵਾਕਰ ਦੈਵੀ ਵਿਸ਼ੇ ਵਾਲੀ ਬ੍ਰਹਮ ਕਵਿਤਾ ਹੀ ਹੈ।''[84]

ਫ਼ਰੀਦ ਸਾਹਿਬ ਦੀ ਬਾਣੀ ਵਿੱਚ ਵੀ ਕਿਰਤ ਨੂੰ ਪਹਿਲ ਦਿੱਤੀ ਗਈ ਹੈ ਕਿਉਂਕਿ ਉੱਦਮ ਕਰਨ ਵਾਲੇ ਲੋਕਾਂ ਵਿੱਚ ਸੁਤੇ-ਸਿੱਧ ਪ੍ਰੇਮ ਦਾ ਅੰਸ਼ ਜੰਮਦਾ, ਉਗਦਾ ਅਤੇ ਪਲਦਾ ਹੈ, ਜਿਹੜਾ ਹੋਰ ਕਿਸੇ ਤਰ੍ਹਾਂ ਨਹੀਂ ਆ ਸਕਦਾ। ਪ੍ਰੇਮ ਹੀ ਦਿਲ ਨੂੰ ਟਿਕਾਅ ਵਿੱਚ ਲਿਆਉਂਦਾ ਹੈ। 'ਪਰ' ਤੇ 'ਬਾਹਰ ਮੁਖੀ' ਮਨ ਦੀਆਂ ਕਰਤੂਤਾਂ ਹੀ ਉਪਰਾਮ ਕਰਕੇ ਪਿਆਰ ਚਿੰਤਨ ਵਿੱਚ ਚੇਤੇ ਦੀ ਇਕਾਗਰਤਾ ਨੂੰ ਭੰਗ ਕਰਦੀਆਂ ਹਨ। ਪ੍ਰੇਮ ਹੀ ਵੈਰਾਗ ਉਤਪੰਨ ਕਰਦਾ ਹੈ। ਇਸ ਕਰਕੇ ਫ਼ਰੀਦ ਜੀ ਨੇ ਅੱਲ੍ਹਾ ਦੇ ਨਾਮ ਨੂੰ ਪੰਜੇ ਵਕਤ ਹਿਰਦੇ ਅੰਦਰ ਵਸਾਈ ਰੱਖਣ ਦਾ ਉਪਦੇਸ਼ ਦਿੱਤਾ ਹੈ। ਆਪ ਇੱਕ ਸੱਚੇ ਮਾਨਵਤਾਵਾਦੀ, ਦਰਵੇਸ਼, ਧਰਮ ਨਿਰਪੇਖ ਰਹਿਬਰ ਅਤੇ ਮਹਾਨ ਸੂਫੀ ਫ਼ਕੀਰ ਸਨ। ਆਪ ਜੀ ਦੀ ਬਾਣੀ ਦੇ ਮੁੱਖ ਮੁੱਦੇ ਪਰਮ ਸੱਤਾ, ਜੀਵ, ਸੰਸਾਰ, ਮੁਕਤੀ, ਬਿਰਹਾ, ਪ੍ਰੇਮ ਅਤੇ ਬ੍ਰਹਮ ਦੀ ਪ੍ਰਾਪਤੀ ਤੇ ਚੱਲਣ ਦੀਆਂ ਵਿਧੀਆਂ ਆਦਿ ਨਾਲ ਸਬੰਧਿਤ ਹਨ।

ਫ਼ਰੀਦ ਜੀ ਨੇ ਬਾਣੀ ਵਿੱਚ ਵੈਰਾਗ ਦਾ ਸਾਧਨ ਬਿਰਹਾ ਦੱਸਿਆ ਹੈ ਕਿ ਬਿਰਹਾ ਭਾਵ ਪ੍ਰਭੂ ਵਿਛੋੜੇ ਤੋਂ ਉਪਜਿਆ ਵੈਰਾਗ। ਬਾਬਾ ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਬਿਰਹਾ ਅਥਵਾ ਪ੍ਰਭੂ ਵਿਛੋੜੇ ਤੋਂ ਉਪਜੇ ਵੈਰਾਗ ਨੂੰ ਸੁਲਤਾਨ ਮੰਨਿਆ ਹੈ ਕਿਉਂਕਿ ਇਹ ਬਿਰਹਾ ਹੀ ਪਰਮ ਸੱਤਾ ਨਾਲ ਮਿਲਾਪ ਦਾ ਇੱਕ ਸਾਧਨ ਭਾਵ ਵਸੀਲਾ ਹੈ। ਵਸਲ ਦਾ ਬੀਜ ਵਿਛੋੜੇ ਦੇ ਵੱਤਰ ਵਿੱਚ ਹੀ ਵਿਗਸਦਾ ਹੈ। ਫ਼ਰੀਦ ਬਾਣੀ ਦਾ ਸਲੋਕ ਹੈ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥[85]

ਫ਼ਰੀਦ ਜੀ ਉਪਰੋਕਤ ਸਲੋਕ ਵਿੱਚ ਇਹ ਸਪੱਸ਼ਟ ਕਰ ਰਹੇ ਹਨ ਕਿ ਸੰਸਾਰੀ ਲੋਕੋ ਜਿਸ ਬਿਰਹਾ ਨੂੰ ਤੁਸੀਂ ਮਾੜਾ ਆਖ਼ਦੇ ਹੋ! ਮੈਂ ਇਸ ਨੂੰ ਸਲਾਮ ਕਰਦਾ ਹਾਂ, ਇਹ ਬਿਰਹਾ ਤਾਂ ਸੁਲਤਾਨ (ਪਾਤਸ਼ਾਹ) ਹੈ ਕਿਉਂਕਿ ਜਿਸ ਸਰੀਰ ਵਿੱਚ ਬਿਰਹਾ ਦਾ ਸੱਲ ਪੈਦਾ ਨਹੀਂ ਹੁੰਦਾ ਭਾਵ ਜਿਸ ਮਨੁੱਖ ਨੂੰ ਕਦੇ ਇਹ ਚੋਭ ਨਹੀਂ ਵੱਜੀ ਕਿ ਮੈਂ

ਆਪਣੀ ਮੂਲ ਸ਼ਕਤੀ ਤੋਂ ਵਿਛੜਿਆ ਹੋਇਆ ਹਾਂ। ਉਸ ਸਰੀਰ ਨੂੰ ਮਸਾਨ ਸਮਝੋ ਭਾਵ ਉਸ ਸਰੀਰ ਵਿੱਚ ਰਹਿਣ ਵਾਲੀ ਰੂਹ ਵਿਕਾਰਾਂ ਦੀ ਅੱਗ ਵਿੱਚ ਸੜ ਰਹੀ ਹੈ।

ਇਨਸਾਨੀ ਰੂਹ ਜਦੋਂ ਆਪਣੇ ਮੂਲ ਸੋਮੇ ਤੋਂ ਵਿਛੜ ਜਾਂਦੀ ਹੈ ਤਾਂ ਸੰਸਾਰ ਦੇ ਪਦਾਰਥ ਜੋ ਜ਼ਹਿਰ ਭਰੀਆਂ ਗੰਦਲਾਂ ਹਨ ਭਾਵ ਜੋ ਸੰਸਾਰੀ ਸੁੱਖ, ਧਨ, ਪਦਾਰਥ, ਮਨੁੱਖ ਦਾ ਅਹੰਕਾਰ ਆਦਿ ਵਸਤੂਆਂ ਹਨ ਉਸ ਨੂੰ ਖੰਡ ਲੱਗਦੀਆਂ ਹਨ ਪਰ ਅਸਲ ਵਿੱਚ ਇਹ ਸੰਸਾਰੀ ਪਦਾਰਥ ਬਾਹਰੋਂ ਬਾਹਰੋਂ ਖੰਡ ਨਾਲ ਗਲੇਫ਼ ਕੇ ਰੱਖੇ ਹੁੰਦੇ ਹਨ। ਇਨ੍ਹਾਂ ਸੰਸਾਰਕ ਪਦਾਰਥਾਂ ਦਾ ਰਸ ਮਨੁੱਖ ਨੂੰ ਭਰਮਾਉਂਦਾ ਹੈ, ਉਸਦੀ ਹਉਮੈਂ ਨੂੰ ਪੱਠੇ ਪਾਉਂਦਾ ਹੈ। ਅਨੇਕਾਂ ਹੀ ਇਨਸਾਨ ਇਨ੍ਹਾਂ ਵਿਸ਼ ਰੂਪੀ ਗੰਦਲਾਂ ਨੂੰ ਬੀਜਦੇ ਬੀਜਦੇ ਮਰ ਗਏ ਤੇ ਅਨੇਕਾਂ ਬੀਜਿਆਂ ਨੂੰ ਛੱਡ ਕੇ ਚਲੇ ਗਏ :-

ਫਰੀਦਾ ਏ ਵਿਸੁ ਗੰਦਲਾ ਧਰੀਆ ਖੰਡੁ ਲਿਵਾੜਿ ॥

ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥[86]

ਇਨ੍ਹਾਂ ਸੰਸਾਰੀ ਵਸਤੂਆਂ ਦੀ ਇਕੱਤਰਤਾ ਵਿੱਚ ਮਨੁੱਖ ਨੇ ਆਪਣਾ ਸਾਰਾ ਸਮਾਂ ਵਿਅਰਥ ਗੁਜ਼ਾਰ ਲਿਆ। ਫ਼ਰੀਦ ਜੀ ਮਨੁੱਖ ਨੂੰ ਸਮਝਾਉਂਦੇ ਨੇ ਕਿ ਦਿਨ ਦੇ ਚਾਰ ਪਹਿਰ ਦੌੜ ਭੱਜ ਵਿੱਚ ਅਤੇ ਚਾਰ ਪਹਿਰ ਸੌਂ ਕੇ ਗਵਾ ਦਿੱਤੇ। ਜੋ ਤੇਰੇ ਜੀਵਨ ਦਾ ਮੂਲ ਮਨੋਰਥ ਸੀ ਉਸ ਲਈ ਸਮਾਂ ਕੱਢ ਨਾ ਸਕਿਆ ਜਿਸ ਕਰਕੇ ਤੈਨੂੰ ਉਸ ਸਾਈਂ ਦੇ ਦਰਬਾਰ ਵਿੱਚ ਸ਼ਰਮਿੰਦਾ ਹੋਣਾ ਪਵੇਗਾ। ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਸੰਸਾਰਕ ਸੁੱਖ-ਅਰਾਮਾਂ ਨੂੰ ਜ਼ਹਿਰੀਲੀਆਂ ਗੰਦਲਾਂ ਨਾਲ ਸੰਬੋਧਿਤ ਕੀਤਾ। ਜਿਸ ਦੇ ਲਾਲਚ ਵੱਸ ਮਨੁੱਖ ਨਿਰਦਈ ਹੋ ਗਿਆ ਉਸ ਨੂੰ ਚੰਗੇ-ਮਾੜੇ ਦੀ ਸਮਝ ਹੀ ਨਹੀਂ ਰਹੀ ਇਸ ਤਰ੍ਹਾਂ ਦੇ ਵਿਕਾਰੀ ਮਨ ਅੰਦਰ ਕਦੇ ਵੈਰਾਗ ਨਹੀਂ ਪੈਦਾ ਹੋ ਸਕਦਾ। ਬਾਬਾ ਫ਼ਰੀਦ ਅਤੇ ਦੂਸਰੇ ਸੂਫ਼ੀ ਕਵੀਆਂ ਦੀ ਰਚਨਾ ਵਿੱਚ ਬਿਰਹਾ ਦੀ ਪ੍ਰਮੁੱਖਤਾ ਹੈ। ਡਾ. ਅੰਮ੍ਰਿਤਪਾਲ ਲਾਲ ਲਿਖ਼ਦੇ ਹਨ, ''ਬਿਰਹਾ ਵੀ ਸੂਫ਼ੀ ਕਵੀਆਂ ਦੀ ਕਵਿਤਾ ਦਾ ਪ੍ਰਧਾਨ ਤੱਤ ਹੈ।''[87]

ਡਾ. ਤਾਰਨ ਸਿੰਘ ਆਪਣੀ ਪੁਸਤਕ ਵਿੱਚ ਫ਼ਰੀਦ ਸਾਹਿਬ ਦੀ ਬਿਰਹਾ ਅਵਸਥਾ ਬਾਰੇ ਵਿਚਾਰ ਪੇਸ਼ ਕਰਦੇ ਹੋਏ ਲਿਖ਼ਦੇ ਹਨ, ''ਇਹ ਜੀਵਨ ਦਾ ਚਿੰਨ੍ਹ ਹੈ, ਬਿਰਹਾ ਮਿਲਾਪ ਵੱਲ ਦੁਲਾਂਘ ਹੈ। ਬਿਰਹਾ ਬੰਦੇ ਦਾ ਰੱਬ

ਤੋਂ ਵਿਛੜੇ ਹੋਣ ਦਾ ਅਹਿਸਾਸ ਹੈ। ਬਿਰਹਾ ਜਾਗਰਿਤੀ ਵੱਲ ਜ਼ਰੂਰੀ ਸ਼ਰਤ ਹੈ।''[88] ਭਾਵ ਕਿ ਬਿਰਹਾ ਮਿਲਾਪ ਦੀ ਸੀੜੀ ਦਾ ਇੱਕ ਟੰਬਾ ਹੈ ਜਾਂ ਇਹ ਕਹਿ ਸਕਦੇ ਹਾਂ ਮਿਲਣ-ਮੰਜ਼ਿਲ ਦਾ ਇੱਕ ਅਜਿਹਾ ਰਾਹ ਹੈ ਜੋ ਬਸ ਨੇੜੇ ਹੀ ਹੈ। ਜਿਸ ਤੋਂ ਦੂਰੀ ਅਤੇ ਨੇੜਤਾ ਦੋਨੋਂ ਪ੍ਰਕਾਰ ਦੇ ਅਹਿਸਾਸ ਜਾਗਦੇ ਹਨ। ਜਿਸ ਨਾਲ ਵਿਛੜੇ ਹੋਣ ਦਾ ਅਹਿਸਾਸ ਜਾਗਦਾ ਹੈ ਅਤੇ ਮਿਲਣ ਦੀ ਤਾਂਘ ਅਤੇ ਤੜਫ਼ ਪੈਦਾ ਹੋ ਉਠਦੀ ਹੈ।

ਬਿਰਹਾ ਇਹ ਅਹਿਸਾਸ ਜਗਾਉਂਦੀ ਹੈ ਕਿ ਮੇਰੀ ਹਸਤੀ ਬਹੁਤ ਉੱਚੀ ਹੈ ਪਰ ਤੇਰੇ ਤੋਂ ਬਿਨਾਂ ਮੈਂ ਲਿਤਾੜਿਆ ਪਿਆ ਹਾਂ। ਇਹ ਉੱਚੇ ਜਾਣ ਦੀ ਲੋਚਾ ਹੈ, ਭਾਵ ਇਹ ਮਨੁੱਖ ਅੰਦਰ ਤੀਬਰਤਾ ਪੈਦਾ ਕਰਦੀ ਹੈ ਜੋ ਮਨੁੱਖ ਦੇ ਆਤਮਿਕ ਮਿਆਰ ਨੂੰ ਹੋਰ ਉੱਚਾ ਲੈ ਕੇ ਜਾਣ ਲਈ ਉੱਦਮ ਦਿੰਦੀ ਹੈ। ਇਹ ਪ੍ਰੇਮ ਅਤੇ ਕੁਰਬਾਨੀ ਵਰਗੀਆਂ ਕੀਮਤਾਂ ਦਾ ਅਹਿਸਾਸ ਮਨੁੱਖੀ ਹਿਰਦੇ ਵਿੱਚ ਨਿਰੰਤਰ ਰੱਖਦੀ ਹੈ। ਬਿਰਹਾ ਦੀ ਇਹ ਸਮਝ ਕੇਵਲ ਮਨੁੱਖ ਨੂੰ ਹੈ। ਬਾਣੀ ਦੇ ਸਿਧਾਂਤ ਅਨੁਸਾਰ ਮਨੁੱਖ ਹੀ ਸ਼੍ਰੋਮਣੀ ਹਸਤੀ ਹੈ ਜੋ ਆਪਣੀ ਮਰਜ਼ੀ ਦਾ ਮਾਲਕ ਹੈ। ਜਿਸ ਨੂੰ ਪਰਮਾਤਮਾ ਨੇ ਖੁੱਲ੍ਹ ਦਿੱਤੀ ਹੈ ਕਿ ਉਸ ਨੇ ਚੋਣ ਕਰਨੀ ਹੈ ਕਿ ਉਸ ਨੂੰ ਖੰਡ ਵਿੱਚ ਲਿਪਟੀਆਂ ਗੰਦਲਾਂ ਚਾਹੀਦੀਆਂ ਹਨ ਜਾਂ ਸੁਲਤਾਨ ਬਿਰਹਾ ਜੋ ਹਮੇਸ਼ਾ ਉਸ ਨੂੰ ਉਸ ਦੇ ਮੂਲ ਨਾਲ ਜੋੜ ਕੇ ਰੱਖਦਾ ਹੈ। ਫ਼ਰੀਦ ਜੀ ਮਨੁੱਖ ਨੂੰ ਸਮਝਾ ਵੀ ਰਹੇ ਹਨ ਕਿ ਤੂੰ ਇਸ ਜੰਗਲ ਦਾ ਰਾਜਾ ਹੈਂ ਪਰ ਤੂੰ ਕਿਤੇ ਲੁਹਾਰ ਵਾਂਗ ਕੋਲਾ ਤਾਂ ਨਹੀਂ ਲੱਭ ਰਿਹਾ। ਫ਼ਰੀਦ ਜੀ ਆਪਣਾ ਮਨੋਰਥ ਦੱਸਦੇ ਹਨ ਕਿ ਇਸ ਜਗਤ ਰੂਪੀ ਜੰਗਲ ਵਿੱਚੋਂ ਮੈਂ ਤਾਂ ਆਪਣਾ ਮਾਲਕ ਲੱਭ ਰਿਹਾ ਹਾਂ :-

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥[89]

ਫ਼ਰੀਦ ਜੀ ਨਾਲ ਹੀ ਨਾਲ ਭਟਕੇ ਮਨੁੱਖ ਨੂੰ ਇਹ ਸਪੱਸ਼ਟ ਕਰ ਦਿੰਦੇ ਹਨ ਕਿ ਬੰਦਿਆ ਤੇਰੇ ਪਾਸ ਆਟਾ (ਦੁਨੀਆਂ ਦੇ ਪਦਾਰਥ) ਬਹੁਤ ਹਨ । ਕਿਸੇ ਕੋਲ ਇਹ ਵੀ ਨਹੀਂ ਪਰ ਮਨੁੱਖੀ ਜੀਵਨ ਦੀ ਸਫ਼ਲਤਾ ਦਾ ਮਾਪ ਇਹ ਪਦਾਰਥ ਨਹੀਂ, ਅੱਗੇ ਜਾ ਕੇ ਤੇਰੇ ਅਮਲ ਹੀ ਤੇਰੇ ਅਸਲੀ ਮਿੱਤਰ ਹੋਣਗੇ। ਇਸ ਲਈ ਫ਼ਰੀਦ ਜੀ ਆਪਣੀ ਬਾਣੀ ਵਿੱਚ ਮਨੁੱਖ ਦੇ ਮਨ ਵਿੱਚ ਘੜਿਆਲ ਦੀ ਉਦਾਹਰਨ ਦੇ ਕੇ ਵੈਰਾਗ ਭਾਵ ਪੈਦਾ ਕਰਦੇ ਹਨ ਕਿ

ਘੜਿਆਲ ਨੂੰ ਹਰੇਕ ਘੜੀ ਪਿੱਛੋਂ ਮਾਰ ਪੈਂਦੀ ਹੈ। ਇਸੇ ਘੜਿਆਲ ਵਾਂਗ ਉਹ ਸਰੀਰ ਹੈ ਜਿਸ ਨੇ ਪਦਾਰਥਾਂ ਦੀ ਖ਼ਾਤਰ ਸਾਰੀ ਉਮਰ ਗੁਜ਼ਾਰ ਦਿੱਤੀ। ਉਸ ਦੀ ਜ਼ਿੰਦਗੀ ਰੂਪੀਗਤ ਦੁੱਖਾਂ ਵਿੱਚ ਹੀ ਬੀਤਦੀ ਹੈ। ਫ਼ਰੀਦ ਜੀ ਮਨੁੱਖ ਨੂੰ ਬੁੱਢਾ, ਕੁੱਤਾ, ਜ਼ਹਿਰ, ਪਰਾਏ ਬੂਹੇ, ਮਸਾਨਾਂ, ਯਤੀਮਾਂ, ਮੌਤ ਦੇ ਫਰਿਸ਼ਤੇ, ਕਪਾਹ ਆਦਿ ਸੰਕੇਤ ਦੇ ਕੇ ਮਨੁੱਖ ਨੂੰ ਸਮਝਾਉਂਦੇ ਹਨ ਕਿ ਤੇਰੀ ਜਿੰਦ ਦਾ ਕੋਈ ਭਰੋਸਾ ਨਹੀਂ ਇਸ ਦਾ ਕੋਈ ਬਦਲ ਨਹੀਂ ਵੱਡੇ ਵੱਡੇ ਅਖਵਾਣ ਵਾਲੇ ਸ਼ੇਖ ਆਦਿਕ ਸਭ ਆਪੋ ਆਪਣੀ ਵਾਰੀ ਇੱਥੋਂ ਤੁਰ ਗਏ। ਇਨ੍ਹਾਂ ਦੋਹਾਂ ਅੱਖਾਂ ਦੇ ਸਾਹਮਣੇ ਮੌਤ ਦਾ ਫਰਿਸ਼ਤਾ ਆ ਬੈਠੇਗਾ, ਜਿਸ ਨੇ ਤੇਰੇ ਸਰੀਰ ਰੂਪੀ ਕਿਲੇ 'ਤੇ ਕਬਜ਼ਾ ਕਰ ਕੇ ਤੇਰੇ ਅੰਤਹਕਰਣ ਨੂੰ ਲੁੱਟ ਲੈਣਾ ਹੈ :-

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥[90]

ਆਪ ਦੀ ਅਧਿਆਤਮਿਕ ਸਾਧਨਾ ਸਥੂਲ ਤੋਂ ਸੂਖ਼ਮ ਵੱਲ ਦੀ ਪ੍ਰਕਿਰਿਆ ਪ੍ਰਤੀਤ ਹੁੰਦੀ ਹੈ। ਉਪਰੋਕਤ ਵਿਆਖਿਆ ਅਤੇ ਵਿਚਾਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਪ ਨੇ ਸੰਸਾਰ ਨੂੰ ਫਾਨੀ ਆਖਿਆ ਅਤੇ ਨਸ਼ਟ ਹੋਣਾ ਇਸ ਦਾ ਪਰਿਣਾਮ ਹੈ ਕਿਉਂਕਿ ਜਿਸ ਸਥਾਨ 'ਤੇ ਅੱਜ ਉਹ ਵਿਚਰ ਰਹੇ ਹਨ, ਉਸ ਤੋਂ ਪਹਿਲਾਂ ਕਈ ਵਿਚਰ ਚੁੱਕੇ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ ''ਸਦਾ-ਪਰਿਵਰਤਸ਼ੀਲ ਸੰਸਾਰ ਦਾ ਵਾਸਤਵਿਕ ਸਰੂਪ ਗੁੱਝੀ ਅੱਗ ਵਰਗਾ ਹੈ ਜੋ ਉਪਰੋਂ ਤਾਂ ਪਤਾ ਨਹੀਂ ਲੱਗਦੀ, ਪਰ ਭਰਮ ਵਸ ਬੰਦਾ ਉਸ ਵਿੱਚ ਫਸ ਕੇ ਆਪਣਾ ਨਾਸ਼ ਕਰ ਲੈਂਦਾ ਹੈ।[91]

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥[92]

ਫ਼ਰੀਦ ਜੀ ਮਨੁੱਖ ਨੂੰ ਜੀਵਨ ਦੀ ਅਸਲੀਅਤ ਦਾ ਗਿਆਨ ਦਿੰਦਿਆਂ ਇਸ ਸੰਸਾਰ ਦੇ ਸਭ ਰਿਸ਼ਤਿਆਂ-ਨਾਤਿਆਂ ਬਾਰੇ ਗਿਆਤ ਕਰਵਾਉਂਦੇ ਹਨ ਅਤੇ ਸੁਚੇਤ ਕਰਦੇ ਹਨ ਕਿ ਜੇ ਤੂੰ ਜਵਾਨੀ ਵਿੱਚ ਉਸ ਪਰਮਾਤਮਾ ਨਾਲ ਪ੍ਰੇਮ ਨਾ ਪਾਇਆ ਤਾਂ ਬੁੱਢੇ ਹੋ ਕੇ ਕੀ ਯਾਦ ਕਰੇਂਗਾ? ਇਸ ਲਈ ਆਲਸ ਛੱਡ ਅਤੇ ਆਪਣੇ ਮੂਲ ਨਾਲ ਜੁੜ ਆਲਸ ਰੋਗ ਨੂੰ ਤਿਆਗ, ਉੱਦਮੀ ਤੇ ਪਰਉਪਕਾਰੀ ਜੀਵਨ ਬਤੀਤ ਕਰ। ਮਨੁੱਖੀ ਰੂਹ ਜਦੋਂ ਆਪਣੇ ਮੂਲ

ਨਾਲੋਂ ਵਿਛੜ ਕੇ ਸੰਸਾਰ ਵਿੱਚ ਸਮੂਰਤ ਰੂਪ ਧਾਰਨ ਕਰਦੀ ਹੈ। ਉਸ ਦੇ ਅੰਦਰ ਵਿਛੋੜੇ ਦੀ ਇੱਕ ਗੱਲ ਮੌਜੂਦ ਰਹਿੰਦੀ ਹੈ ਜੋ ਸਾਧਕ ਨੂੰ ਚੈਨ ਨਾਲ ਬੈਠਣ ਨਹੀਂ ਦਿੰਦੀ। ਇਸ ਨੂੰ ਫ਼ਰੀਦ ਜੀ 'ਇਸ਼ਕ' ਦਾ ਨਾਮ ਦਿੰਦੇ ਹਨ। ਜਦੋਂ ਇਹ ਖਿੱਚ ਕਿਰਿਆ ਕਰਦੀ ਹੈ ਤਾਂ ਇਸ਼ਕ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਇਸ਼ਕ ਹਕੀਕੀ ਹੈ ਜੋ ਸਿਰਫ਼ ਖ਼ੁਦਾ ਨਾਲ ਹੀ ਹੋ ਸਕਦਾ ਹੈ ਭਾਵੇਂ ਸਾਰੇ ਸੰਸਾਰ ਦੀ ਹਰ ਵਸਤੂ ਵਿੱਚ ਉਸ ਦੀ ਜੋਤ ਹੈ। ਚੂੰਕਿ ਇਸ ਦਿਸਦੇ ਸੰਸਾਰ ਦਾ ਹਰ ਇੱਕ ਪਦਾਰਥ ਖੁਦਾ ਵਰਗਾ ਸਦੀਵੀ ਸੱਚ ਨਹੀਂ, ਪਰਿਵਰਤਨਸ਼ੀਲ ਹੈ, ਵਿਕਾਰ-ਗ੍ਰਸਤ ਹੈ। ਇਸ ਲਈ ਫ਼ਰੀਦ ਜੀ ਨੇ ਪਰਮਾਤਮਾ ਨਾਲ ਕੀਤੇ ਪ੍ਰੇਮ ਨੂੰ ਸਥਿਰ, ਪਰਮ-ਸ਼੍ਰੇਸਟ ਅਤੇ ਪਵਿੱਤਰ ਆਖਿਆ ਹੈ। ਜੋ ਮਨੁੱਖ ਰੱਬ ਦੇ ਪ੍ਰੇਮ ਵਿੱਚ ਰੱਤੇ ਹੋਏ ਹਨ, ਜੋ ਮਨੁੱਖ ਰੱਬ ਦੇ ਦੀਦਾਰ ਵਿੱਚ ਰੰਗੇ ਹੋਏ ਹਨ, ਉਹੀ ਅਸਲ ਮਨੁੱਖ ਹਨ :-

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥[93]

ਪਰਮਾਤਮਾ ਦੇ ਪ੍ਰੇਮ ਵੈਰਾਗ ਦੇ ਰਾਹ ਲਈ ਫ਼ਰੀਦ ਜੀ ਇਸ਼ਕ ਹਕੀਕੀ ਨੂੰ ਸ਼੍ਰੇਸਟ ਮੰਨਦੇ ਹਨ ਅਤੇ ਦੂਸਰਾ ਇਸ਼ਕ-ਮਜਾਜੀ ਸਾਧਕ ਦਾ ਪਰਮ ਲਕਸ਼ ਨਹੀਂ ਹੈ। ਅੰਦਰਲਾ ਤੇ ਬਾਹਰਲਾ ਦੋਨੋਂ ਸੰਸਾਰ ਸਾਧਕ ਲਈ ਮਹੱਤਵਪੂਰਨ ਹੁੰਦੇ ਹਨ। ਮਜਾਜੀ ਤੋਂ ਹਕੀਕੀ ਵੱਲ ਦਾ ਸਫ਼ਰ ਸਾਧਕ ਦੇ ਅਨੁਭਵ ਨੂੰ ਤਿੱਖਾ ਕਰਦਾ ਹੈ ਤੇ ਨਾਲ ਹੀ ਸਾਧਕ ਨੂੰ ਸਪੱਸ਼ਟ ਵੀ ਕਰਦਾ ਹੈ। ਫ਼ਰੀਦ ਜੀ ਸੰਸਾਰ ਦੀਆਂ ਮਿੱਠੀਆਂ ਵਸਤੂਆਂ ਦੇ ਪ੍ਰਤੀਕ ਵਿਧਾਨ ਰਾਹੀਂ ਇਸ਼ਕੇ ਮਜਾਜੀ ਨੂੰ ਇਸ਼ਕੇ ਹਕੀਕੀ ਦੇ ਸਾਹਮਣੇ ਤੁੱਛ ਸਮਝਦੇ ਹਨ :-

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ ॥[94]

ਇਹ ਮਾਰਗ ਕੋਈ ਸੌਖਾ ਨਹੀਂ ਹੈ। ਬਿਰਹਾ ਇੱਕ ਕਠੋਰ ਸਾਧਨ ਹੈ। ਇਸ ਲਈ ਮਨ ਨੂੰ ਵੱਸ ਵਿੱਚ ਕਰਕੇ ਇਤਨਾ ਮਜ਼ਬੂਤ ਕਰਨਾ ਹੁੰਦਾ ਹੈ ਕਿ ਕੋਈ ਵਸਤੂ, ਪ੍ਰਪੰਚ ਅਤੇ ਖਿੱਚ ਇਸ ਸੱਚੇ ਮਾਰਗ 'ਤੇ ਚੱਲਦਿਆਂ

ਵਿਚਲਿਤ ਨ ਕਰ ਸਕੇ। ਇਸ ਲਈ ਫ਼ਰੀਦ ਜੀ ਸੁਚੇਤ ਕਰਦੇ ਹਨ ਕਿ ਦੁਬਿਧਾ ਵਿੱਚ ਫਸੇ ਮਨੁੱਖੀ ਮਨ ਆਪਣਾ ਇਰਾਦਾ ਪੱਕਾ ਕਰਨ। ਇਸ ਸੰਬੰਧੀ ਉਨ੍ਹਾਂ ਨੇ ਦੋ ਸਲੋਕ ਉਚਾਰੇ ਹਨ :-

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥

ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥[95]

ਇਸ ਸਲੋਕ ਵਿੱਚ ਫ਼ਰੀਦ ਜੀ ਨੇ ਦੁਬਿਧਾ ਵਿੱਚ ਪਏ ਮਨੁੱਖ ਨੂੰ ਸਮਝਾਇਆ ਹੈ ਕਿ ਜੇ ਤੂੰ ਇਸ ਮਾਰਗ ਦਾ ਪਾਂਧੀ ਬਣਨਾ ਹੈ, ਜੇ ਪਿਆਰੇ ਨੂੰ ਮਿਲਣ ਦਾ ਇਰਾਦਾ ਕੀਤਾ ਹੈ ਤਾਂ ਸੁਣ ਇਸ ਮਾਰਗ ਅੱਗੇ ਅਨੇਕਾਂ ਕਠਿਨਾਈਆਂ ਹਨ। ਕੋਈ ਵਿਰਲੇ ਹੀ ਜਗਿਆਸੂ ਸਾਧਕ ਹਨ ਜੋ ਆਪਣੇ ਪਿਆਰੇ ਨੂੰ ਮਿਲਣ ਦੇ ਮੰਤਵ ਵਿੱਚ ਸਿੱਧੀ ਪ੍ਰਾਪਤ ਕਰ ਸਕਦੇ ਹਨ। ਇਸ ਮਾਰਗ ਭਾਵ ਗਲੀਆਂ ਵਿੱਚ ਕਾਮਨਾਵਾਂ ਦਾ ਚਿੱਕੜ ਹੈ ਅਤੇ ਪਿਆਰੇ ਦਾ ਘਰ ਦੂਰ ਹੈ। ਇਸ ਸਲੋਕ ਦੀ ਵਿਆਖਿਆ ਡਾ. ਰਤਨ ਸਿੰਘ ਜੱਗੀ ਨੇ ਇਸ ਤਰ੍ਹਾਂ ਕੀਤੀ ਹੈ ਕਿ ਇੱਥੇ 'ਗਲੀਆਂ ਦਾ ਚਿੱਕੜ' ਵਿਸ਼ੇ-ਵਿਕਾਰਾਂ ਅਤੇ ਕੰਬਲੀ 'ਬੁੱਧੀ ਦਾ ਪ੍ਰਤੀਕ ਹੈ। ਦੂਰ ਵਸਦੇ ਖ਼ੁਦਾ ਦੀ ਪ੍ਰਾਪਤੀ ਲਈ ਪ੍ਰਯਤਨਸ਼ੀਲ ਮਨੁੱਖ ਦੀ ਬੁੱਧੀ ਭੌਤਿਕ ਆਕਰਸ਼ਣ ਦੇ ਮੋਹ ਰੂਪੀ ਵਰਖਾ (ਮੀਂਹ) ਵਿੱਚ ਭਿੱਜ ਜਾਂਦੀ ਹੈ, ਭਾਵ ਦੁੱਖੀ ਹੋ ਜਾਂਦੀ ਹੈ। ਰੱਬ ਨਾਲ ਪ੍ਰੇਮ ਦਾ ਰਿਸ਼ਤਾ ਟੁੱਟਣ ਦੀ ਸਥਿਤੀ ਪੈਦਾ ਹੋ ਜਾਂਦੀ ਹੈ।[96]

ਅਗਲੇ ਸਲੋਕ ਵਿੱਚ ਫ਼ਰੀਦ ਜੀ ਇਸ ਦੁਬਿਧਾ ਦਾ ਸਮਾਧਾਨ ਆਤਮ ਵਿਸ਼ਵਾਸ਼ ਵਿੱਚੋਂ ਲੱਭ ਕੇ ਇਨ੍ਹਾਂ ਕਠਿਨਾਈਆਂ ਨੂੰ ਦ੍ਰਿੜ੍ਹ ਇਰਾਦੇ ਨਾਲ ਕਟਦੇ ਹਨ। ਕਠਿਨਾਈਆਂ ਨਾਲ ਕੀਤੇ ਸੰਘਰਸ਼ ਵਿੱਚ ਸਥਿਰ ਮਨ ਜਿੱਤ ਜਾਂਦਾ ਹੈ। ਉਹ ਇਸ ਮੋਹ ਦੇ ਮੀਂਹ ਦੀ ਪਰਵਾਹ ਕੀਤੇ ਬਿਨਾਂ ਆਪਣੇ ਪਿਆਰੇ ਸੱਜਣ ਨੂੰ ਮਿਲਣ ਲਈ ਤੁਰ ਪੈਂਦਾ ਹੈ ਅਤੇ ਆਪਣੇ ਪ੍ਰੇਮ ਨੂੰ ਸੁਰੱਖਿਅਤ ਕਰ ਲੈਂਦਾ ਹੈ :-

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥[97]

ਫ਼ਰੀਦ ਜੀ ਨਾਲ ਹੀ ਅਜਿਹੇ ਇਨਸਾਨ ਨੂੰ ਲਾਹਨਤਾਂ ਪਾਉਂਦੇ ਹਨ ਜਿਹੜੇ ਰੁਹਾਨੀ ਪ੍ਰੇਮ ਨੂੰ ਛੱਡ ਕੇ ਸਰੀਰਕ ਸੁੰਦਰਤਾ ਦਾ ਅਹੰਕਾਰ ਕਰਦੇ ਹਨ ਅਤੇ ਸਰੀਰਕ ਤਾਕਤ ਅਤੇ ਸੁੰਦਰਤਾ ਦਾ ਮਾਣ ਕਰਦੇ ਹਨ।

ਸਾਹ-ਪ੍ਰਾਣ ਨਿਕਲਣ ਤੋਂ ਬਾਅਦ ਇਸ ਨੂੰ ਉਸਦੇ ਸਾਕ-ਸੰਬੰਧੀ ਕਬਰ ਵਿੱਚ ਦਫ਼ਨ੍ਹਾ ਦਿੰਦੇ ਹਨ ਅਤੇ ਮਹਲ-ਮਾੜੀਆਂ ਸੁੰਞੀਆਂ ਰਹਿ ਜਾਂਦੀਆਂ ਹਨ, ਧਰਤੀ ਹੇਠ ਉਸਦਾ ਸੁੰਦਰ ਸਰੀਰ ਮਿੱਟੀ ਹੋ ਜਾਂਦਾ ਹੈ :-

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥

ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ ॥[98]

ਦਿਲ ਨੂੰ ਟੁੰਬਣ ਵਾਲੇ ਸਲੋਕ ਵਿੱਚ ਆਪ ਸਮਝਾਉਂਦੇ ਹਨ ਕਿ ਇਨਸਾਨ ਆਪਣੇ ਰਹਿਣ ਲਈ ਬੜੇ ਸੋਹਣੇ ਸੋਹਣੇ ਮਹਲ ਬਣਾਉਂਦਾ ਹੈ। ਸੁੰਦਰ ਅਟਾਰੀਆਂ ਵਿੱਚ ਰਹਿਣ ਬਸੇਰਾ ਕਰਦਾ ਹੈ ਪਰ ਜਦੋਂ ਮੌਤ ਹੋ ਜਾਂਦੀ ਹੈ ਫਿਰ ਇਹ ਸੱਖਣੇ ਹੋ ਜਾਂਦੇ ਹਨ ਤੇ ਕਬਰ ਦੇ ਡੂੰਘੇ ਤਲ ਵਿੱਚ ਦਫ਼ਨ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਨੂੰ ਇਸ ਦੁੱਖ ਦਾ ਅਹਿਸਾਸ ਕਰਵਾਉਂਦੀ 'ਨਿਮਾਣੀ ਗੋਰ' ਦੇ ਪ੍ਰਤੀਕ ਅਤੇ ਮਾਨਵੀਕਰਨ ਦੁਆਰਾ ਬਾਬਾ ਫ਼ਰੀਦ ਜੀ ਮੌਤ ਉਪਰੰਤ ਹੋਈ ਇਨਸਾਨ ਦੀ ਦਸ਼ਾ ਦਾ ਵਰਣਨ ਕਰਦੇ :-

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥

ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥

ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥[99]

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥

ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥[100]

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥

ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥[101]

ਪਹਿਲੀ ਉਦਾਹਰਨ ਵਿੱਚ ਐਸੇ ਮਨੁੱਖ ਵੱਲ ਸੰਕੇਤ ਕੀਤਾ ਹੈ ਜਿਸ ਕੋਲ ਸਾਰੀਆਂ ਸੁੱਖ ਸਹੂਲਤਾਂ ਸਨ ਤੇ ਉਸਦੇ ਮਾਣ ਸਤਿਕਾਰ ਵਿੱਚ ਧੌਂਸੇ ਆਦਿ ਵੀ ਵੱਜਦੇ ਸਨ, ਉਹ ਭੀ ਆਖਰ ਮਸਾਨਾਂ (ਸ਼ਮਸ਼ਾਨ ਭੂਮੀ) ਵਿੱਚ

ਜਾ ਸੁੱਤੇ ਤੇ ਯਤੀਮਾਂ ਨਾਲ ਜਾ ਰਲੇ। ਉੱਚੇ ਉੱਚੇ ਕੋਠੇ ਤੇ ਮਹਲ ਇਨਸਾਨ ਦਾ ਅਸਲ ਘਰ ਨਹੀਂ ਹੈ, ਉਸ ਦਾ ਸਦੀਵੀ ਵਾਸ ਕਬਰਸਤਾਨ ਵਿੱਚ ਬਣੀ ਮਿੱਟੀ ਦੀ ਇੱਕ ਕਬਰ ਹੈ। ਇਸ ਲਈ ਜੋ ਇਨਸਾਨ ਇਸ ਤੱਥ ਨੂੰ ਸਮਝ ਲੈਂਦਾ ਹੈ ਕਿ ਮੌਤ ਇੱਕ ਅਟੱਲ ਸੱਚਾਈ ਹੈ ਤਾਂ ਫਿਰ ਉਹ ਮੌਤ ਤੋਂ ਨਹੀਂ ਡਰਦਾ। ਜਿਹੜਾ ਇਸ ਨੂੰ ਨਹੀਂ ਸਮਝਦਾ ਤਾਂ ਮੌਤ ਸਮੇਂ ਉਹ ਇਨਸਾਨ ਆਪਣੇ ਸਾਕ-ਸੰਬੰਧੀਆਂ ਨੂੰ ਸਹਾਇਤਾ ਲਈ ਪੁਕਾਰਦਾ ਹੈ, ਆਪਣੇ ਮਾਂ ਪਿਉ ਅੱਗੇ ਤਰਲੇ ਪਾਉਂਦਾ ਹੈ, ਪਰ ਉਸ ਦੀ ਮੱਦਦ ਲਈ ਕੋਈ ਨਹੀਂ ਆਉਂਦਾ :-

ਫਰੀਦਾ ਕਿਥੈ ਤੇਡੇ ਮਾਪਿਆ ਜਿਨੀ ਤੂ ਜਣਿਓਹਿ ॥

ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥[102]

ਫ਼ਰੀਦ ਜੀ ਦੀ ਬਾਣੀ ਮ੍ਰਿਤੂ-ਬੋਧ ਨੂੰ ਪ੍ਰਸਤੁਤ ਕਰਕੇ ਮਨੁੱਖ ਦੇ ਮਨ ਵਿੱਚ ਮੌਤ ਦਾ ਅਲੇਖਿਆ ਖ਼ੌਫ਼ ਤਾਂ ਪੈਦਾ ਕਰਦੀ ਹੀ ਹੈ, ਨਾਲ ਹੀ ਇਸ ਸੰਸਾਰ ਤੋਂ ਵੀ ਉਪਰਾਮ ਹੋਣ ਦਾ ਸੰਦੇਸ਼ ਦਿੰਦੀ ਹੈ। ਪਰ ਜੇ ਸਲੋਕਾਂ ਨੂੰ ਗਹੁ ਨਾਲ ਵਿਚਾਰਿਆ ਜਾਵੇ ਤਾਂ ਮੌਤ ਤੋਂ ਡਰਨ ਦੀ ਵੀ ਲੋੜ ਨਹੀਂ ਅਤੇ ਨਾ ਹੀ ਸੰਸਾਰ ਨੂੰ ਤਿਆਗਣ ਦੀ ਲੋੜ ਹੈ। ਘਰ ਵਿੱਚਲੇ ਇਸ ਮਨੁੱਖ ਦੇ ਮਨ ਨੂੰ ਵੈਰਾਗੀ ਹੋਣ ਲਈ ਕਿਤੇ ਜੰਗਲਾ ਜਾਂ ਬਾਹਰ ਜਾਣ ਦੀ ਲੋੜ ਨਹੀਂ। ਸੰਸਾਰ ਅੰਦਰ ਭਾਵੇਂ ਲੱਖਾਂ ਮੁਸ਼ਕਲਾਂ ਹਨ, ਦੁੱਖ ਦੀਆਂ ਨਦੀਆਂ ਹਨ, ਪਰ ਇਸ ਨਦੀ ਦਾ ਘੁੰਮਣ-ਘੇਰ ਉਸ ਜ਼ਿੰਦਗੀ ਰੂਪੀ ਬੇੜੇ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ, ਜੋ ਸਤਿਗੁਰੂ ਮਲਾਹ ਦੇ ਚੇਤੇ ਵਿੱਚ ਭਾਵ ਪ੍ਰੇਮ ਵਿੱਚ ਰਹਿੰਦਾ ਹੈ। ਉਸ ਨੂੰ ਦੁੱਖ ਅਗਨੀ ਪੋਹ ਨਹੀਂ ਸਕਦੀ :-

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥[103]

ਸੰਸਾਰ ਵਿੱਚ ਮੋਹ ਮਾਇਆ ਦਾ ਲਾਲਚ ਚਾਰੇ ਪਾਸੇ ਫ਼ੈਲਿਆ ਹੋਇਆ ਹੈ, ਇਸ ਇਕੱਲੇ ਜੀਵ ਨੂੰ ਫਸਾਉਣ ਵਾਲੇ ਕਾਮਾਦਿਕ ਪੰਜਾਹ ਹਨ। ਜਦੋਂ ਬੇਵੱਸ ਹੋ ਕੇ ਸਰੀਰ ਵਿੱਚ ਸੁੱਖਾਂ ਦੀ ਚਾਹ ਪੈਦਾ ਹੁੰਦੀ ਹੈ ਤਾਂ ਉਹ ਸੰਸਾਰ ਰੂਪੀ ਤਲਾਬ ਦੀਆਂ ਵਿਕਾਰਾਂ ਰੂਪੀ ਲਹਿਰਾਂ ਵਿੱਚ ਪੂਰੀ ਤਰ੍ਹਾਂ ਫਸ ਜਾਂਦਾ ਹੈ। ਜੋ ਮਨੁੱਖ ਫ਼ਰੀਦ ਜੀ ਦੀ ਤਰ੍ਹਾਂ ਰਜਾ ਵਿੱਚ ਰਹਿ ਕੇ ਅਰਜੋਈ ਕਰਦਾ ਹੈ ਅਤੇ ਆਪਣੇ ਆਪ ਨੂੰ ਦਲਦਲ ਵਿੱਚੋਂ ਬਚਾਉਣਾ ਚਾਹੁੰਦਾ ਹੈ ਤਾਂ

ਉਸ ਨੂੰ ਇੱਕ ਪਰਮਾਤਮਾ ਦੀ ਸਹਾਇਤਾ ਹੀ ਬਚਾ ਸਕਦੀ ਹੈ। ਇਸ ਲਈ ਉਸ ਦੇ ਪ੍ਰੇਮ ਦੀ ਪ੍ਰਾਪਤੀ ਲਈ ਜੇ ਤਪ ਕਰਨੇ ਪੈਣ ਤਾਂ ਵੀ ਫ਼ਰੀਦ ਜੀ ਲਈ ਇਹ ਸੌਦਾ ਸਸਤਾ ਹੈ :-

ਸਰਵਰ ਪੰਥੀ ਹੇਕੜੋ ਫਾਹੀਵਾਲ ਪਚਾਸ ॥

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥[104]

ਫ਼ਰੀਦ ਜੀ ਨਾਸ਼ਮਾਨਤਾ ਦੇ ਦੁੱਖ ਤੋਂ ਬਚਣ ਲਈ ਨੈਤਿਕ ਗੁਣਾਂ ਨੂੰ ਅਮਲੀ ਰੂਪ ਵਿੱਚ ਅਪਨਾਉਣ ਦਾ ਜ਼ਿਕਰ ਕਰਦੇ ਹਨ। ਉਹ ਮਨੁੱਖ ਨੂੰ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਸੰਸਾਰ ਦੀ ਨਾਸ਼ਮਾਨਤਾ ਦੇ ਦੁੱਖ ਤੋਂ ਬਚਣ ਲਈ ਮਨੁੱਖ ਨੂੰ ਆਤਮਿਕ ਤੌਰ ’ਤੇ ਤਕੜਾ ਹੋਣ ਦੀ ਲੋੜ ਹੈ। ਉਹ ਨਿਮਰਤਾ, ਸੱਚਾਈ, ਸਬਰ, ਸੰਤੋਖ਼ ਅਤੇ ਸਵੈ-ਪਹਿਚਾਣ ਆਦਿ ਗੁਣਾਂ ਨੂੰ ਧਾਰਨ ਕਰੇ। ਡਾ. ਵਜੀਰ ਸਿੰਘ ਦਾ ਇਹ ਵਿਚਾਰ ਸਮਝਣਯੋਗ ਹੈ ਕਿ ‘‘ਫ਼ਰੀਦ ਦੀ ਨੈਤਿਕਤਾ ਇਸ ਵਿੱਚ ਨਹੀਂ ਕਿ ਉਸ ਨੇ ਮਨੁੱਖ ਦੀ ਸਥਿਤੀ ਦਾ ਵਿਸ਼ਲੇਸ਼ਣ ਦੇ ਕੇ ਉਸ ਨੂੰ ਤਾੜਨਾ ਕਰ ਦਿੱਤੀ ਹੈ, ਸਗੋਂ ਉਸ ਨੇ ਜੀਵਨ ਭਰ ਦੇ ਤਜਰਬੇ ਦਾ ਨਿਚੋੜ ਸਦਾਚਾਰਕ ਨਿਯਮਾਂ ਦੇ ਰੂਪ ਵਿੱਚ ਸਲੋਕਾਂ ਅਤੇ ਸ਼ਬਦਾਂ ਰਾਹੀਂ ਪੇਸ਼ ਕੀਤਾ ਹੈ।’’[105]

ਫ਼ਰੀਦ ਜੀ ਨੇ ਸਿਰਫ਼ ਉਪਦੇਸ਼ ਨਹੀਂ ਦਿੱਤਾ ਸਗੋਂ ਆਪਣੇ ਅਨੁਭਵ ਵਿੱਚੋਂ ਨਿਕਲੇ ਨਤੀਜਿਆਂ ਨੂੰ ਬਾਣੀ ਰਾਹੀਂ ਮਨੁੱਖੀ ਜੀਵਨ ਜਾਂਚ ਲਈ ਇੱਕ ਮਾਰਗ ਪੇਸ਼ ਕੀਤਾ ਹੈ। ਮਨੁੱਖ ਦਾ ਮਾਨਸਿਕ ਸੰਤਾਪ ਤੇ ਕਲੇਸ਼ ਨਿਵਾਰਣ ਲਈ ਫ਼ਰੀਦ ਜੀ ਕੋਲ ਇਸ ਤੋਂ ਬਿਹਤਰ ਢੰਗ ਹੋਰ ਕੋਈ ਨਹੀਂ। ਆਪ ਦੀ ਨੈਤਿਕ ਸਿੱਖਿਆ ਵਿੱਚ ਸ੍ਵੈ-ਕਾਬੂ ਕੇਂਦਰੀ ਨਿਯਮ ਹੈ ਜਿਸ ਦਾ ਪ੍ਰਗਟਾਵਾ ਵੱਖ ਵੱਖ ਰੂਪਾਂ ਵਿੱਚ ਹੋਇਆ ਹੈ। ਉਨ੍ਹਾਂ ਦੀ ਨੈਤਿਕਤਾ ਦਾ ਇੱਕ ਸਿੱਧ-ਪੱਧਰਾ, ਪਰ ਗੰਭੀਰ ਤੇ ਕਠੋਰ ਨਿਯਮ ਇਨ੍ਹਾਂ ਸ਼ਬਦਾਂ ਵਿੱਚ ਪ੍ਰਸਤੁਤ ਹੈ :-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥[106]

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥[107]

ਇਹ ਸਦਾਚਾਰਕ ਭਾਵਨਾਵਾਂ ਮਨੁੱਖੀ ਆਤਮਾ ਅੰਦਰ ਸਵੈ ਚਿਤਵਨ ਜਾਂ ਆਪਣੇ ਗਿਰੇਵਾਨ ਵਿੱਚ ਸਿਰ ਨੀਵਾਂ ਕਰਕੇ ਵੇਖਣ ਨਾਲ ਹੀ ਉਤਪੰਨ ਹੋ ਸਕਦੇ ਹਨ। ਪ੍ਰੇਮ, ਹਮਦਰਦੀ ਆਦਿ ਮਨੁੱਖੀ ਭਾਵਨਾਵਾਂ ਹੀ ਮਨੁੱਖ ਅੰਦਰ ਨਿਆਂ ਦੇ ਸੰਕਲਪ ਨੂੰ ਜਨਮ ਦਿੰਦੀਆਂ ਹਨ। ਪਰਮਾਤਮਾ ਦੀਆਂ ਉਤਪੰਨ ਕੀਤੀਆਂ ਹੋਈਆਂ ਸਦਾਚਾਰਕ ਕੀਮਤਾਂ ਨੂੰ ਅਮਲੀ ਰੂਪ ਵਿੱਚ ਅਪਨਾਉਣ ਨਾਲ ਪ੍ਰਾਣੀ ਉਸ ਦੀ ਦਰਗਾਹ ਵਿੱਚ ਕਬੂਲਿਆ ਜਾ ਸਕਦਾ ਹੈ। ਇਹ ਸ੍ਰੋਮਣੀ ਕੀਮਤਾਂ ਜੋ ਮਨੁੱਖੀ ਮਨ ਨੂੰ ਵੈਰਾਗੀ ਹੋਣ ਵਿੱਚ ਸਹਾਇਕ ਹੁੰਦੀਆਂ ਹਨ, ਜਿਨ੍ਹਾਂ ਨਾਲ ਮਨੁੱਖ ਇਸ ਅਵਸਥਾ ਵਿੱਚ ਪਹੁੰਚ ਕੇ ਆਪਣੀ ਅੰਤਮ ਮੰਜ਼ਿਲ ਨੂੰ ਹਾਸਲ ਕਰਦਾ ਹੈ। ਨਿਊਣਾ, ਸਹਾਰਨਾ ਅਤੇ ਮਿੱਠਾ ਬੋਲਣਾ, ਇਹ ਤਿੰਨ ਗੁਣ ਹੀ ਇਸ ਰਾਹ ਦੇ ਮੱਦਦਗਾਰ ਗੁਣ ਹਨ। ਇਸ ਤਰ੍ਹਾਂ ਦਾ ਜੀਵਨ ਬਤੀਤ ਕਰਨ ਵਾਲਾ ਮਨੁੱਖ ਹੀ ਅਸਲੀ ਭਗਤ ਹੈ। ਜਿਹੜਾ ਅਕਲ ਹੁੰਦਿਆਂ ਵੀ ਅੰਞਾਣਾ, ਜ਼ੋਰ ਹੁੰਦਿਆਂ ਵੀ ਕਮਜ਼ੋਰ, ਕੁੱਝ ਵੀ ਨਾ ਹੋਣ 'ਤੇ ਵੀ ਵੰਡ ਕੇ ਛਕਣ ਦਾ ਸੁਭਾਅ ਹੀ ''ਐਸਾ ਭਗਤੁ ਸਦਾਏ'' ਅਵਸਥਾ ਦਾ ਹਾਣੀ ਹੋ ਸਕਦਾ ਹੈ। ਫ਼ਰੀਦ ਜੀ ਫੁਰਮਾਉਂਦੇ ਹਨ :-

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥

ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥[108]

ਜਦੋਂ ਮਨੁੱਖ ਆਪਣੇ ਮਨ ਨੂੰ ਸੰਸਾਰੀ ਵਿਕਾਰਾਂ ਦੇ ਉਚਾਣ-ਨੀਵਾਣ ਵੱਲੋਂ ਪੱਧਰ ਕਰ ਲੈਂਦਾ ਹੈ ਤਾਂ ਉਸ ਦੇ ਜੀਵਨ ਸਫ਼ਰ ਵਿੱਚ ਆਉਣ ਵਾਲੇ ਸਾਰੇ ਕਲੇਸ਼ ਅਤੇ ਦੋਜਕਾਂ ਦੀ ਅੱਗ ਸਭ ਦੂਰ ਹੋ ਜਾਂਦੇ ਹਨ। ਨੇਕ ਅਮਲ ਨਾਲ ਹੀ ਮਨੁੱਖ ਵਡਮੁੱਲਾ ਬਣ ਸਕਦਾ ਹੈ। ਫ਼ਰੀਦ ਦੀ ਬਾਣੀ ਵਿੱਚ ਸੂਫੀ ਕੀਮਤਾਂ ਦਾ ਅਵੇਸ਼ ਪ੍ਰਤੱਖ ਹੈ। ਉਨ੍ਹਾਂ ਅਨੁਸਾਰ ਖੁਦਾ ਦੀ ਬੰਦਗੀ ਹੀ ਮਨੁੱਖੀ ਜੀਵਨ ਦਾ ਮਨੋਰਥ ਹੈ। ਡਾ. ਤ੍ਰਿਲੋਚਨ ਸਿੰਘ ਅਨੁਸਾਰ, ''ਸੂਫੀ ਅਖ਼ਲਾਕ ਨਾਮ ਜਪਣ ਦੀ ਆਤਮਕ ਸਾਧਨਾ ਨਾਲ ਡੂੰਘਾ ਸੰਬੰਧ ਰੱਖਦੀ ਹੈ। ਸੂਫੀ ਇਸ ਨੂੰ ਜ਼ਿਕਰ ਕਹਿੰਦੇ ਹਨ ਤੇ ਗੁਰਬਾਣੀ ਵਿੱਚ ਇਸ ਨੂੰ ਸਿਮਰਨ ਆਖਿਆ ਹੈ।''[109]

ਫ਼ਰੀਦ ਜੀ ਮੌਤ ਦਾ ਸੱਚ ਅਤੇ ਦੋਜ਼ਕ ਦਾ ਦ੍ਰਿਸ਼ ਆਪਣੀ ਬਾਣੀ ਵਿੱਚ ਪੇਸ਼ ਕਰਦੇ ਹਨ। ਉਸ ਦੇ ਅੰਦਰ ਨਿਰਮਲ ਡਰ ਪੈਦਾ ਕਰਦੇ ਹਨ। ਇਸ ਦ੍ਰਿਸ਼ ਰਾਹੀਂ ਉਹ ਮੌਤ ਨੂੰ ਨਦੀ ਦਾ ਕੰਢਾ ਦੱਸਦੇ ਹਨ ਕਿ ਜਿਵੇਂ ਪਾਣੀ ਦੇ ਵੇਗ ਨਾਲ ਕੰਢਾ ਢਹਿ ਜਾਂਦਾ ਹੈ ਇਸੇ ਤਰ੍ਹਾਂ ਬੇਅੰਤ ਲੋਕ ਉਮਰ ਭੋਗ ਕੇ ਮੌਤ ਰੂਪੀ ਨਦੀ ਵਿੱਚ ਆ ਡਿੱਗਦੇ ਹਨ। ਮੌਤ ਤੋਂ ਅੱਗੇ ਵਿਕਾਰੀ ਲੋਕਾਂ ਲਈ ਨਰਕ ਤਪੇ ਹੋਏ ਹਨ ਅਤੇ ਹਾਹਾਕਾਰ ਤੇ ਰੌਲਾ ਪੈਂਦਾ ਸੁਣੀਂਦਾ ਹੈ :-

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥[110]

ਕਈਆਂ ਨੂੰ ਤਾਂ ਸਮਝ ਆ ਗਈ ਕਿ ਜਿਹੜੇ ਨੇਕ ਅਮਲ ਇੱਥੇ ਕਰੀਦੇ ਹਨ, ਉਹ ਹੀ ਇਹ ਅਵਸਥਾ ਲਈ ਸਹਾਇਕ ਹੁੰਦੇ ਹਨ ਅਤੇ ਇਹ ਹੀ ਅੱਗੇ ਜਾ ਕੇ ਗਵਾਹ ਬਣਦੇ ਹਨ :-

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥[111]

ਉਪਰੋਕਤ ਵਿਚਾਰ ਹਾਸਲ ਕਰਨ ਵਾਲਾ ਹੀ ਸ੍ਰੇਸ਼ਟ ਅਤੇ ਸੂਝਵਾਨ ਵਿਅਕਤੀ ਹੈ। ਬੇਪਰਵਾਹ ਲੋਕ ਜਿਹੜੇ ਇਸ ਫਾਨੀ ਸੰਸਾਰ ਦੀ ਥੋੜ ਚਿਰੀ ਸੁੰਦਰਤਾ ਵਿੱਚ ਫਸੇ ਰਹਿੰਦੇ ਹਨ, ਬਾਅਦ ਵਿੱਚ ਪਛਤਾਉਂਦੇ ਹਨ। ਉਨ੍ਹਾਂ ਦੇ ਜੀਵਨ ਵਿੱਚ ਕਦੇ ਸੰਤੋਖ਼ ਵਰਗੀਆਂ ਕੀਮਤਾਂ ਨਹੀਂ ਹੁੰਦੀਆਂ, ਸਗੋਂ ਰਾਤ-ਦਿਨ ਉਹ ਆਪਣੇ ਸਵਾਸਾਂ ਨੂੰ ਸੰਸਾਰਕ ਵਸਤੂਆਂ ਦੀ ਪ੍ਰਾਪਤੀ ਵਿੱਚ ਵਿਅਰਥ ਗਵਾਅ ਰਹੇ ਹਨ। ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਸੰਸਾਰ ਦੀ ਨਾਸ਼ਮਾਨਤਾ ਅਤੇ ਚੰਗੇ ਅਮਲਾਂ ਦੋਨਾਂ ਸੰਕਲਪਾਂ ਨੂੰ ਖੁੱਲ ਕੇ ਦੱਸਿਆ ਹੈ। ਇਹ ਦੋਨੋਂ ਕੀਮਤਾਂ ਹੀ ਮਨੁੱਖੀ ਹਿਰਦੇ ਅੰਦਰ ਬਿਰਹਾ (ਵੈਰਾਗ) ਪੈਦਾ ਕਰਦੀਆਂ ਹਨ। ਇਹ ਨਾਸ਼ਮਾਨਤਾ ਦਾ ਸੰਕਲਪ ਮਨੁੱਖ ਦੇ ਅੰਦਰ ਵੈਰਾਗ ਦੀ ਭਾਵਨਾ ਨੂੰ ਤੀਬਰ ਕਰ ਦਿੰਦਾ ਹੈ ਅਤੇ ਇਹ ਹੀ ਇਸ ਨੂੰ ਅਧਿਆਤਮਿਕ ਮੰਡਲ ਵੱਲ ਪ੍ਰੇਰਿਤ ਕਰਦਾ ਹੈ। ਫ਼ਰੀਦ ਸਾਹਿਬ ਦੀ ਬਾਣੀ ਵਿੱਚ ਨਾਸ਼ਮਾਨਤਾ ਵੈਰਾਗ ਦੀ ਮੂਲ ਆਧਾਰਸ਼ਿਲਾ ਹੈ। ਇਸ ਨਾਸ਼ਮਾਨਤਾ ਨੂੰ ਸਾਹਮਣੇ ਰੱਖ ਕੇ ਫ਼ਰੀਦ ਜੀ ਅੰਤਰਝਾਤ ਰਾਹੀਂ ਮਨੁੱਖ ਨੂੰ ਉਸ ਦੀ ਪੂਰਨਤਾ ਵੱਲ ਲੈ ਜਾਂਦੇ ਹਨ। ਪ੍ਰੋ. ਰਾਮ ਸਿੰਘ ਅਨੁਸਾਰ, ''ਬਾਬਾ ਫ਼ਰੀਦ ਜੀ ਵਿੱਚ ਆਤਮ ਪੂਰਨਤਾ ਦੀ ਤਾਂਘ ਬਹੁਤ ਪਰਬਲ ਤੇ

ਸੁਚੇਤ ਸੀ। ਇਸ ਦੇ ਸਦਕਾ ਉਹ ਆਪਣੇ ਆਪ ਉੱਤੇ ਡੂੰਘੀ ਆਲੋਚਨਾ ਕਰਨ ਦੇ ਸਮਰੱਥ ਬਣੇ ਰਹਿੰਦੇ ਸਨ।[112]

ਫ਼ਰੀਦ ਜੀ ਜਿੱਥੇ ਵੈਰਾਗੀ ਮਨੁੱਖ ਦੀ ਸ਼ਲਾਘਾ ਕਰਦੇ ਹਨ ਉੱਥੇ ਉਨ੍ਹਾਂ ਲੋਕਾਂ ਨੂੰ ਫ਼ਟਕਾਰਾਂ ਵੀ ਪਾਉਂਦੇ ਹਨ ਜੋ ਸਭ ਕੁੱਝ ਹੁੰਦਿਆਂ ਵੀ ਪਰਮਾਤਮਾ ਨੂੰ ਵਿਸਾਰ ਦਿੰਦੇ ਹਨ ਅਤੇ ਆਪਣੇ ਮੂਲ ਮਨੋਰਥ ਨੂੰ ਵਿਸਾਰ ਦਿੰਦੇ ਹਨ। ਫ਼ਰੀਦ ਜੀ ਅਜਿਹੇ ਮਨੁੱਖਾਂ ਨਾਲੋਂ ਪੰਛੀਆਂ ਨੂੰ ਵੱਧ ਚੰਗਾ ਆਖ਼ਦੇ ਹਨ ਅਤੇ ਸਦਕੇ ਜਾਂਦੇ ਹਨ ਜੋ ਜੰਗਲਾਂ ਵਿੱਚ ਰਹਿੰਦੇ ਹਨ, ਰੋੜ ਚੁਗਦੇ ਹਨ, ਭੋਇੰ ਉੱਤੇ ਵਸਦੇ ਹਨ, ਪਰ ਪਰਮਾਤਮਾ ਦਾ ਆਸਰਾ ਨਹੀਂ ਛੱਡਦੇ। ਇਨ੍ਹਾਂ ਪੰਛੀਆਂ ਨੂੰ ਮਹਿਲਾਂ ਵਿੱਚ ਰਹਿਣ ਵਾਲੇ ਬੰਦੇ ਜੋ ਮਾਲਕ ਨੂੰ ਭੁੱਲ ਜਾਂਦੇ ਹਨ, ਉਨ੍ਹਾਂ ਤੋਂ ਚੰਗਾ ਸਮਝਦੇ ਹਨ :-

ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥[113]

ਵੈਰਾਗ ਦੀ ਅਵਸਥਾ ਵਿੱਚ ਪਹੁੰਚਣ ਲਈ ਜਾਂ ਇਸ ਦੀ ਪ੍ਰਾਪਤੀ ਲਈ ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ ਜਿਨ੍ਹਾਂ ਦੀ ਵਜ੍ਹਾ ਨਾਲ ਮਨੁੱਖ ਦਾ ਹਿਰਦਾ ਸਾਫ਼ ਹੁੰਦਾ ਹੈ ਅਤੇ ਇਹ ਅਮਲ ਹੀ ਦਰਗਾਹ ਵਿੱਚ ਕੰਮ ਆਉਂਦੇ ਹਨ 'ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ' ਜਦੋਂ ਤੱਕ ਮਨੁੱਖ ਦੇ ਮਨ ਵਿੱਚ ਵੈਰਾਗ ਨਹੀਂ ਉਪਜਦਾ ਉਹ ਅੱਲ੍ਹਾ ਦੀ ਬੰਦਗੀ ਵਿੱਚ ਨਹੀਂ ਜੁੜ ਸਕਦਾ। ਇਸ ਲਈ ਇਹ ਵਿਛੋੜਾ ਮਨੁੱਖ ਨੂੰ ਸੱਚ ਦੀ ਸੋਝੀ ਕਰਵਾਉਂਦਾ ਹੈ। ਇਹ 'ਆਪਾ ਚੀਨਣ' ਦੀ ਜੁਗਤ ਹੈ। ਇਹ ਆਪਾ ਚੀਨਣਾ ਸਵੈ-ਚੇਤਨਾ ਨਾਲ ਜੁੜਿਆ ਹੈ ਜੋ ਮਨੁੱਖ ਨੂੰ ਬਾਕੀ ਜੀਵ-ਜੰਤੂਆਂ ਤੋਂ ਭਿੰਨ ਕਰਦਾ ਹੈ। ਪ੍ਰੋ. ਰਾਮ ਸਿੰਘ ਅਨੁਸਾਰ, ''ਘਟੀਆ ਮਨੁੱਖਾਂ ਨੂੰ ਛੱਡ ਦੇਈਏ ਤਾਂ ਬਹੁਤੇ ਮਨੁੱਖ ਆਪਣੇ ਜੀਵਨ ਨਾਲ ਸੰਤੁਸ਼ਟ ਨਹੀਂ ਹੁੰਦੇ। ਉਹ ਜਦ ਆਪਣੇ ਅੰਦਰ ਝਾਤੀ ਮਾਰਦੇ ਹਨ ਤਾਂ ਆਪੇ ਉੱਤੇ ਆਲੋਚਨਾ ਕਰਦੇ ਹਨ। ਇਹ ਆਲੋਚਨਾ ਮਨੁੱਖ ਦੀ ਵਿਸ਼ੇਸ਼ਤਾ ਹੈ।''[114]

ਵੈਰਾਗ ਅਵਸਥਾ ਉਹ ਹੈ ਜੋ ਸੰਸਾਰ ਵਿੱਚ ਲਾਲਚੀ ਬਿਰਤੀ ਦੁਆਰਾ ਇਕੱਠੇ ਕੀਤੇ ਪਦਾਰਥਾਂ ਦੀ ਲਾਲਸਾ ਖ਼ਤਮ ਕਰ ਦਿੰਦੀ ਹੈ ਅਤੇ ਜੀਵਨ ਦੇ ਆਦਰਸ਼ ਤੱਕ ਪਹੁੰਚਣ ਦਾ ਮਾਰਗ ਸੁਝਾਉਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਬਿਰਤੀਆਂ ਜਿਹੜੀਆਂ ਮਨੁੱਖ ਨੂੰ ਦੁਨਿਆਵੀ ਪਦਾਰਥਾਂ ਵਿੱਚ ਖੱਚਤ ਕਰਦੀਆਂ ਹਨ, ਨੂੰ ਹੀ ਮਨੁੱਖ ਦੀ ਤਾਕਤ ਬਣਾ ਕੇ ਉਸ ਨੂੰ ਚੰਗੇ ਅਮਲ ਵੱਲ ਪ੍ਰੇਰਨਾ ਹੀ ਵੈਰਾਗੀ ਅਵਸਥਾ ਦੀ ਪਹਿਚਾਣ ਅਤੇ

ਕਾਰਜ ਹੈ। ਪੰਜ ਵਿਕਾਰਾਂ ਅਤੇ ਮੰਦੀਆਂ ਵਾਸ਼ਨਾਵਾਂ ਦਾ ਉਦੀਕਰਣ ਹੀ ਵੈਰਾਗ ਦਾ ਮੂਲ ਹੈ। ਫ਼ਰੀਦ ਜੀ ਆਪਣੀ ਬਾਣੀ ਵਿੱਚ ਇਹ ਸਪੱਸ਼ਟ ਕਰਦੇ ਹਨ ਕਿ ਵੈਰਾਗ ਦੀ ਅਵਸਥਾ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਵਣ-ਜੰਗਲਾਂ ਵਿੱਚ ਜਾਣ ਦੀ ਲੋੜ ਨਹੀਂ ਸਗੋਂ ਇਹ ਤਾਂ ਘਰ ਬੈਠਿਆਂ ਹੀ ਪ੍ਰਾਪਤ ਹੋ ਸਕਦਾ ਹੈ ਪਰ ਉਸ ਲਈ ਜ਼ਰੂਰੀ ਸ਼ਰਤ ਇਹ ਹੈ ਕਿ:-

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥[115]

ਜਿਸ ਮਨੁੱਖ ਨੇ ਆਪਣੇ ਵਿਵਹਾਰ ਵਿੱਚ ਇਮਾਨ ਲੈ ਆਂਦਾ ਉਸ ਨੂੰ ਕਿਤੇ ਬਾਹਰ ਘੁੰਮਣ ਫਿਰਨ ਦੀ ਲੋੜ ਨਹੀਂ। ਉਸ ਨੂੰ ਘਰ ਬੈਠਿਆਂ ਹੀ ਪਰਮਾਤਮਾ ਮਿਲ ਜਾਵੇਗਾ ਜੇਕਰ ਉਹ ਆਪਣੇ ਮਨ ਨੂੰ ਪਵਿੱਤਰ ਕਰ ਲਏਗਾ।

ਫ਼ਰੀਦ ਸਾਹਿਬ ਦੀ ਬਾਣੀ ਵਿੱਚ ਵੈਰਾਗ ਦੀ ਪ੍ਰਧਾਨਤਾ ਹੈ। ਬਾਣੀ ਵਿੱਚ ਵੈਰਾਗ ਨੂੰ ਮਹਾਨ ਆਖਿਆ ਗਿਆ ਹੈ। ਇਹ ਉਹ ਅਵਸਥਾ ਹੈ ਜੋ ਮਨੁੱਖ ਅੰਦਰ ਜਾਗਰਿਤੀ ਲੈ ਕੇ ਆਉਂਦੀ ਹੈ ਕਿ ਉਹ ਆਪਣੇ ਮੂਲ ਤੋਂ ਦੂਰ ਹੈ। ਸੂਫੀ ਵੀ ਉਸ ਅਵਸਥਾ ਨੂੰ ਪ੍ਰਾਪਤ ਕਰਨ ਵਾਲਿਆਂ ਨੂੰ ਮਹਾਨ ਮੰਨਦੇ ਹਨ। ਫ਼ਰੀਦ ਜੀ ਗੁਰੂ ਸਾਹਿਬ ਜੀ ਦੇ ਵਿਚਾਰ ਨੂੰ ਅੱਗੇ ਵਿਸਥਾਰ ਦੇ ਕੇ ਮਨੁੱਖ ਨੂੰ ਅਕਲ ਦਿੰਦੇ ਹਨ ਕਿ ਇਸ ਅਵਸਥਾ ਤੱਕ ਪਹੁੰਚਣ ਲਈ ਚੰਗਾ, ਅਮਲੀ ਅਤੇ ਆਦਰਸ਼ ਜੀਵਨ ਬਤੀਤ ਕਰ। ਮਹਲ-ਮਾੜੀਆਂ, ਦੁਨਿਆਵੀ ਪਦਾਰਥਾਂ ਅਤੇ ਛਿਣਭੰਗਰ ਰਿਸ਼ਤਿਆਂ ਦੇ ਮੋਹ ਨੂੰ ਤਿਆਗ ਕੇ ਆਪਣੇ ਜੀਵਨ ਦੇ ਸੱਚ ਨੂੰ ਪਹਿਚਾਣ। ਉਨ੍ਹਾਂ ਨੇ ਬਾਣੀ ਵਿੱਚ ਘਰ ਬਾਰ ਤਿਆਗ ਕੇ ਬਾਹਰ ਜੰਗਲ ਵਿੱਚ ਜਾ ਕੇ ਫਿਰ ਮੰਗ ਕੇ ਖਾਣ ਦੀ ਨਿਖੇਧੀ ਕੀਤੀ ਹੈ। ਹੱਥੀਂ ਮਿਹਨਤ ਕਰਨ ਅਤੇ ਪ੍ਰੇਮ ਨੂੰ ਆਪਣੇ ਜੀਵਨ ਨਿਰਬਾਹ ਅਤੇ ਅਮਲਾਂ ਵਿੱਚ ਲੈ ਕੇ ਆਉਣ ਵਾਲੇ ਨੂੰ ਹੀ ਅਸਲ ਵੈਰਾਗੀ ਦੱਸਿਆ ਹੈ।

**(ਕ) ਸੂਫੀਮਤ ਨਾਲ ਸਾਂਝ**

ਸੂਫੀਮਤ ਜਾਂ ਵਿਚਾਰਧਾਰਾ ਇੱਕ ਅਜਿਹੀ ਵਿਚਾਰਧਾਰਾ ਹੈ ਜੋ ਪੜਾਅ ਦਰ ਪੜਾਅ ਆਪਣੇ ਸੰਚਾਰ ਪ੍ਰਬੰਧ ਦੌਰਾਨ ਕਈ ਪ੍ਰਕਾਰ ਦੀਆਂ ਤਬਦੀਲੀਆਂ ਨਾਲ ਜੁੜਦੀ ਹੈ ਜਿੱਥੇ ਮੁੱਢਲੇ ਸੂਫੀ ਸ਼ਰ੍ਹਾ ਦੇ ਪਾਬੰਧ ਸਨ,

ਉੱਥੇ ਬੁੱਲ੍ਹੇ ਸ਼ਾਹ ਤੱਕ ਅੱਪੜਦੀ ਇਸ ਵਿਚਾਰਧਾਰਾ ਵਿੱਚ ਬਾਗੀ ਸੁਰ ਨਜ਼ਰੀਂ ਪੈਂਦੀ ਹੈ। ਬੁੱਲ੍ਹੇ ਸ਼ਾਹ ਸੂਫੀਵਾਦ ਦੇ ਪ੍ਰਮੁੱਖ ਸਿਧਾਂਤਾਂ ਤੋਂ ਮੁਨਕਰੀ ਦਿਖਾਉਂਦਾ ਹੈ। ਉਨ੍ਹਾਂ ਦਾ ਨਿਮਨਲਿਖਤ ਦੋਹੜਾ ਦੇਖਿਆ ਜਾ ਸਕਦਾ ਹੈ :-

ਫੂਕ ਮੁਸਲਾ ਭੰਨ ਸੁਟ ਲੋਟਾ ।

ਨਾ ਫੜ ਤਸਬੀ ਕਾਸਾ ਸੋਟਾ ।

ਆਸ਼ਕ ਕਹਿੰਦਾ ਦੇ ਦੇ ਹੋਕਾ ।

ਤਰਕ ਹਲਾਲੋਂ ਖਾਹ ਮੁਰਦਾਰ ।

ਇਸ਼ਕ ਦੀ ਨਵੀਉਂ ਨਵੀਂ ਬਹਾਰ ।[116]

ਪਰੰਤੂ ਸ਼ੇਖ ਫ਼ਰੀਦ ਸ਼ਰੀਅਤ ਦਾ ਵਿਰੋਧ ਨਹੀਂ ਸਗੋਂ ਪਾਲਣਾ ਕਰਦੇ ਹਨ, ਉਨ੍ਹਾਂ ਦਾ ਕਾਵਿ ਚਿੰਤਨ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਸੂਫ਼ੀ ਸਾਧਕ ਅੰਦਰ ਸ਼ਰੀਅਤ ਪ੍ਰਤੀ ਆਦਰ ਅਤੇ ਮੰਨਣ ਦੀ ਭਾਵਨਾ ਹੋਣੀ ਲਾਜ਼ਮੀ ਹੈ। ਇਸ ਪ੍ਰਸੰਗ ਵਿੱਚ ਉਨ੍ਹਾਂ ਦਾ ਨਿਮਨਲਿਖਤ ਸਲੋਕ ਉਨ੍ਹਾਂ ਦੀ ਕਲਾਸਿਕ ਸੂਫੀਵਾਦ ਨਾਲ ਸਾਂਝ ਨੂੰ ਦਰਸਾਉਂਦਾ ਹੈ :-

ਫਰੀਦਾ ਬੇ ਨਿਵਾਜਾ ਕੁਤਿਆ

ਏਹ ਨ ਭਲੀ ਰੀਤਿ ॥

ਕਬਹੀ ਚਲਿ ਨ ਆਇਆ

ਪੰਜੇ ਵਖ਼ਤ ਮਸੀਤਿ ॥[117]

ਸੂਫੀਵਾਦ ਦੀ ਰੂਹ ਮੰਨਿਆ ਜਾਣ ਵਾਲਾ ਬਿਰਹਾ ਅਤੇ ਵੈਰਾਗ ਸੰਕਲਪ ਫ਼ਰੀਦ ਬਾਣੀ ਦਾ ਕੇਂਦਰੀ ਧੁਰਾ ਵੀ ਹੈ ਅਤੇ ਪ੍ਰਾਪਤੀ ਵੀ। ਵੈਰਾਗ ਨੂੰ ਫ਼ਰੀਦ ਬਾਣੀ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹ ਵੈਰਾਗ ਹੀ ਉਸ ਨੂੰ ਪਰਮਾਤਮਾ ਤੋਂ ਵਿਛੋੜੇ ਦਾ ਅਹਿਸਾਸ ਕਰਵਾ ਕੇ ਆਪਣੇ ਮੂਲ ਵਿੱਚ ਇੱਕਮਿੱਕ ਹੋਣ ਦਾ ਅਹਿਸਾਸ ਕਰਵਾਉਂਦਾ ਹੈ ਅਤੇ ਇਹ ਵੈਰਾਗ ਹੀ ਉਸ ਨੂੰ ਇਸ ਪੈਂਡੇ ਤੇ ਤੁਰਨ ਦਾ ਸਾਹਸ ਦਿੰਦਾ ਹੈ। ਇਸ ਅਹਿਸਾਸ ਵਿੱਚ ਹੀ ਉਹ ਆਪਣੀ ਸ਼ਖ਼ਸੀਅਤ ਨੂੰ ਸੋਹਣੇ ਅਮਲਾਂ ਅਤੇ ਆਦਰਸ਼ਾਂ ਨਾਲ ਸਵਾਰਦਾ ਹੈ ਅਤੇ ਪਰਮਾਤਮਾ ਦੇ ਦਰਸ਼ਨਾਂ ਦੀ

ਤਾਂਘ ਅਤੇ ਆਸ ਹੀ ਬਿਰਹਾ ਦਾ ਰੂਪ ਧਾਰਨ ਕਰ ਲੈਂਦੀ ਹੈ। ਮਨੁੱਖ ਨੂੰ ਇਹ ਬਿਰਹਾ ਚੰਗੀ ਲੱਗਣ ਲੱਗ ਜਾਂਦੀ ਹੈ ਅਤੇ ਉਹ ਇਸ ਵਿਛੋੜੇ ਅੰਦਰ ਆਨੰਦਮਈ ਜੀਵਨ ਬਤੀਤ ਕਰਦਾ ਹੈ। ਇਹ ਆਨੰਦ ਉਸ ਨੂੰ ਸੰਸਾਰਕ ਵਿਸ਼ੇ-ਵਿਕਾਰਾਂ, ਕਾਮਾਦਿਕ ਪਦਾਰਥਾਂ ਨਾਲ ਜੂਝਣ ਦਾ ਬਲ ਦਿੰਦਾ ਹੈ।

ਬਿਰਹਾ ਤੋਂ ਬਿਨਾਂ ਪ੍ਰੀਤਮ-ਪਿਆਰੇ ਨਾਲ ਪ੍ਰੇਮ ਦਾ ਕੋਈ ਸੁਆਦ ਨਹੀਂ ਕਿਉਂਕਿ ਬਿਰਹਾ ਦੀ ਭੱਠੀ ਵਿੱਚ ਤਪ ਕੇ ਹੀ ਮਨੁੱਖ ਦਾ ਹਿਰਦਾ ਕੋਮਲ ਕੁੰਦਨ ਰੂਪ ਹੁੰਦਾ ਹੈ ਅਤੇ ਅਜਿਹੇ ਨਰਮ ਹਿਰਦੇ ਵਿੱਚ ਹੀ ਪਰਮਾਤਮਾ ਦਾ ਵਾਸਾ ਹੁੰਦਾ ਹੈ। ਇਹ ਉਹ ਅਵਸਥਾ ਹੈ ਜਿਵੇਂ ਕਾਲੀ ਬੋਲੀ ਰਾਤ ਵਿੱਚ ਦੀਵਾ ਜਗਦਾ ਹੈ। ਫ਼ਰੀਦ ਜੀ ਬਾਣੀ ਵਿੱਚ ਭੇਖੀ ਵੈਰਾਗੀਆਂ ਦੇ ਲੱਛਣ ਦੱਸਦੇ ਹੋਏ ਵਰਨਣ ਕਰਦੇ ਹਨ ਕਿ ਅਜਿਹੇ ਮਨੁੱਖਾਂ ਦੇ ਮੋਢੇ ਉੱਤੇ ਮੁਸੱਲਾ, ਗਲ ਵਿੱਚ ਕਾਲੀ ਖਫ਼ਨੀ ਪਾਈ ਹੋਈ ਹੈ, ਮੂੰਹ ਵਿੱਚ ਗੁੜ ਹੈ ਪਰ ਦਿਲ ਵਿੱਚ ਕੈਂਚੀ (ਖੋਟ) ਹੈ ਭਾਵ ਲੋਕਾਂ ਨੂੰ ਵਿਖਾਉਣ ਲਈ ਫ਼ਕੀਰੀ ਭੇਸ ਧਾਰਨ ਕੀਤਾ ਹੈ ਅਤੇ ਉੱਤੋਂ ਮੂੰਹ ਵੀ ਮਿੱਠੇ ਨਾਲ ਭਰਿਆ ਹੋਇਆ ਭਾਵ ਲੋਕਾਚਾਰੀ ਲਈ ਮਿੱਠੇ ਸ਼ਬਦ ਵਰਤਦਾ ਹੈ, ਪਰ ਦਿਲੋਂ 'ਵਿਸੁ ਗੰਦਲਾਂ' ਦੀ ਖ਼ਾਤਰ ਖੋਟਾ ਹੈ। ਸੋ ਅਜਿਹੇ ਮਨੁੱਖ ਦੀ ਦਸ਼ਾ ਇਸ ਤਰ੍ਹਾਂ ਹੈ ਜਿਵੇਂ ਬਾਹਰ ਤਾਂ ਚਾਨਣ ਦਿੱਸਦਾ ਪਰ ਹਿਰਦੇ ਵਿੱਚ ਹਨੇਰੀ ਰਾਤ ਵਾਂਗ ਹਨੇਰਾ ਪਸਰਿਆ ਹੋਇਆ ਹੈ। ਇਸ ਕਰਕੇ ਅਜਿਹੇ ਮਨੁੱਖਾਂ ਦੇ ਸੰਗ ਤੋਂ ਬਚਣਾ ਵੀ ਹੈ ਅਤੇ ਅੰਦਰੋਂ ਬਾਹਰੋਂ ਆਪਣੀ ਸ਼ਖ਼ਸੀਅਤ ਨੂੰ ਸੋਹਣਾ ਬਣਾਉਣਾ ਹੈ। ਸਿਰਫ਼ ਲੋਕ ਦਿਖਾਵੇ ਲਈ ਭੇਖ ਨਹੀਂ ਧਾਰਨਾ :-

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥[118]

ਇਹ ਬਾਣੀ ਅਸਤਿੱਤਵ-ਬਿੰਦੂ 'ਤੇ ਖਲੋਤੇ ਅਤੇ ਸੰਸਾਰ ਦੀਆਂ ਤੰਗ ਵਾਸ਼ਨਾਵਾਂ ਵਿੱਚ ਘਿਰੇ ਹੋਏ ਮਨੁੱਖ ਨੂੰ ਜੀਵਨ-ਸੇਧ ਦਿੰਦੀ ਹੈ। ਮੋਹ ਨੂੰ ਮਲ ਦਲ ਕੇ, ਪੈਰਾਂ ਹੇਠ ਲਿਤਾੜ ਕੇ, ਸੰਸਾਰ ਨੂੰ ਦੱਸ ਦਿੱਤਾ ਹੈ ਕਿ ਕਿਵੇਂ ਗ੍ਰਿਹਸਤ ਵਿੱਚ ਉਦਾਸ ਰਹੀ ਦਾ ਹੈ? ਬਾਣੀ ਵਿੱਚਲੀਆਂ ਕੀਮਤਾਂ ਤੋਂ ਸੇਧਾਂ ਲੈ ਕੇ ਆਪਣੇ ਜੀਵਨ ਨੂੰ ਕਿਸ ਤਰ੍ਹਾਂ ਆਨੰਦਮਈ ਬਣਾ ਸਕੀ ਦਾ ਹੈ? ਆਪ ਜੀ ਦੀ ਬਾਣੀ ਤੋਂ ਸੁਖੈਨ ਹੀ ਪਤਾ ਲੱਗ ਜਾਂਦਾ ਹੈ ਕਿ ਆਪ ਜੀ ਦਾ ਸੰਸਾਰ ਦੇ ਝੂਠੇ ਪਦਾਰਥਾਂ ਨਾਲ ਰੰਚਕ ਮਾਤਰ ਵੀ ਮੋਹ ਨਹੀਂ ਸੀ। ਆਪ ਬਾਣੀ ਵਿੱਚ ਵੈਰਾਗ ਦੀ ਅਵਸਥਾ

ਲਈ ਕੋਈ ਕਾਲਪਨਿਕ ਉਪਦੇਸ਼ ਨਹੀਂ ਦਿੰਦੇ। ਸਗੋਂ ਆਪਣੇ ਵਿਵਹਾਰ ਵਿੱਚ ਲਿਆ ਕੇ ਪਹਿਲਾਂ ਆਪ ਕਮਾਈ ਕਰਦੇ ਅਤੇ ਫਿਰ ਇਹ ਨੇਕੀ ਅਤੇ ਅਮਲਾਂ ਦਾ ਗਿਆਨ ਅੱਗੇ ਦਿੰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 50
2. ਉਹੀ, ਪੰਨਾ – 634
3. ਉਹੀ, ਪੰਨਾ – 1246
4. ਉਹੀ, ਪੰਨਾ – 634
5. ਡਾ. ਜਗਬੀਰ ਸਿੰਘ, ਗੁਰਮਤਿ ਕਾਵਿ : ਸਿਧਾਂਤ ਤੇ ਵਿਹਾਰ, ਪੰਨਾ – 40
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1368
7. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ – 1111
8. ਉਹੀ, ਪੰਨਾ – 891
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 375
10. ਡਾ. ਜਗਬੀਰ ਸਿੰਘ, ਗੁਰਮਤਿ ਕਾਵਿ : ਸਿਧਾਂਤ ਤੇ ਵਿਹਾਰ, ਪੰਨਾ – 43
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 440
12. ਭਗਵਤ ਗੀਤਾ, ਅਧਿਆਇ ਦੂਜਾ, ਪੰਨਾ – 52
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 490
14. ਉਹੀ, ਪੰਨਾ – 953
15. ਭਾਈ ਗੁਰਦਾਸ, ਵਾਰਾਂ, ਵਾਰ-03, ਪਉੜੀ-13, ਪੰਨਾ – 82
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 394
17. ਉਹੀ, ਪੰਨਾ – 1427
18. ਉਹੀ, ਪੰਨਾ – 1353
19. ਹਰਪਾਲ ਸਿੰਘ ਪੰਨੂੰ, ਗੁਰਬਾਣੀ ਕੁਦਰਤ ਦਾ ਸਿਧਾਂਤ, ਪੰਨਾ – 53

20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1427

21. ਉਹੀ, ਪੰਨਾ – 186

22. ਉਹੀ, ਪੰਨਾ – 02

23. ਉਹੀ, ਪੰਨਾ – 1427

24. ਉਹੀ, ਪੰਨਾ – 954

25. ਉਹੀ, ਪੰਨਾ – 1382

26. ਰਾਜਬੀਰ ਕੌਰ, ਗੁਰੂ ਤੇਗ ਬਹਾਦਰ : ਚਿੰਤਨ ਤੇ ਚੇਤਨਾ, ਪੰਨਾ – 49

27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 634

28. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ – 169-170

29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1427

30. ਉਹੀ, ਪੰਨਾ – 1429

31. ਉਹੀ, ਪੰਨਾ – 633

32. ਉਹੀ, ਪੰਨਾ – 1429

33. ਡਾ. ਮਹਿੰਦਰ ਕੌਰ ਗਿੱਲ, ਗੁਰੂ ਤੇਗ ਬਹਾਦਰ ਜੀਵਨ ਤੇ ਬਾਣੀ ਅਧਿਐਨ, ਪੰਨਾ – 118

34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 219

35. ਉਹੀ, ਪੰਨਾ – 537

36. ਉਹੀ, ਪੰਨਾ – 220

37. ਉਹੀ, ਪੰਨਾ – 1008

38. ਉਹੀ, ਪੰਨਾ – 1427

39. ਉਹੀ, ਪੰਨਾ – 1427

40. ਉਹੀ, ਪੰਨਾ – 329

41. ਉਹੀ, ਪੰਨਾ – 1428

42. ਉਹੀ, ਪੰਨਾ – 1427

43. ਰਾਏ ਜਸਬੀਰ ਸਿੰਘ, ਜੀਵਨ ਅਤੇ ਬਾਣੀ ਸੰਚਾਰ, ਗੁਰੂ ਤੇਗ ਬਹਾਦਰ ਜੀ, ਪੰਨਾ – 50

44. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1427

45. ਸੀ.ਐੱਲ. ਨਾਰੰਗ, ਨੌਵੇਂ ਨਾਨਕ ਗੁਰੂ ਤੇਗ ਬਹਾਦਰ, ਪੰਨਾ – 96

46. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1352

47. ਉਹੀ, ਪੰਨਾ – 684

48. ਰਾਜਬੀਰ ਕੌਰ, ਗੁਰੂ ਤੇਗ ਬਹਾਦਰ: ਚਿੰਤਨ ਤੇ ਚੇਤਨਾ, ਪੰਨਾ – 53

49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1427

50. ਰਾਜਬੀਰ ਕੌਰ, ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ, ਪੰਨਾ – 70

51. ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਦਸਵੀਂ, ਪੰਨਾ – 677

52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1253

53. ਉਹੀ, ਪੰਨਾ – 684

54. ਬਲਜੀਤ ਸਿੰਘ, ਗੁਰਮਤਿ ਪ੍ਰਕਾਸ਼, ਗੁਰੂ ਨਾਨਕ ਸਾਹਿਬ ਦਾ ਸੱਚਾ ਸੌਦਾ ਅਤੇ ਅਸੀਂ, ਪੰਨਾ – 18

55. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 684

56. ਉਹੀ, ਪੰਨਾ – 982

57. ਗਿਆਨੀ ਪ੍ਰਤਾਪ ਸਿੰਘ, ਗੁਰਮਤਿ ਫ਼ਿਲਾਸਫ਼ੀ : ਸਿੱਖ ਸੰਸਕਾਰ, ਪੰਨਾ – 50

58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 685

59. ਡਾ. ਤਾਰਨ ਸਿੰਘ (ਸੰਪਾ.) ਨਾਨਕ ਪ੍ਰਕਾਸ਼ ਪੱਤ੍ਰਿਕਾ, ਗੁਰੂ ਤੇਗ ਬਹਾਦਰ ਸ਼ਹੀਦੀ ਅੰਕ, ਪੰਨਾ – 67

60. ਡਾ. ਫੌਜਾ ਸਿੰਘ, ਡਾ. ਤਾਰਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ : ਜੀਵਨ-ਸਿਧਾਂਤ, ਪ੍ਰਾਪਤੀਆਂ ਤੇ ਪ੍ਰਭਾਵ, ਪੰਨਾ – 39

61. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1427

62. ਡਾ. ਸਰਵਨ ਸਿੰਘ ਪਰਦੇਸੀ, ਸੂਫੀ ਸਾਹਿਤ ਦੀ ਸਮਝ, ਪੰਨਾ – 88

63. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

64. ਉਹੀ, ਪੰਨਾ – 488

65. ਉਹੀ, ਪੰਨਾ – 1380

66. ਉਹੀ, ਪੰਨਾ – 488

67. ਉਹੀ, ਪੰਨਾ – 1379

68. ਜੀਤ ਸਿੰਘ ਸੀਤਲ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ – 105

69. ਡਾ. ਜਗਤਾਰ, ਬੁੱਲ੍ਹੇ ਸ਼ਾਹ ਜੀਵਨ ਅਤੇ ਰਚਨਾ, ਪੰਨਾ – 116

70. ਪ੍ਰੋ: ਪੂਨਮ ਕੁਮਾਰੀ, ਸੂਫੀ ਸੰਤ ਬਾਬਾ ਵਜੀਦ, ਪੰਨਾ – 13

71. ਡਾ. ਮਨਮੋਹਨ ਸਿੰਘ, ਸੂਫੀਮਤ ਅਤੇ ਧਾਰਮਿਕ ਲਹਿਰਾਂ, ਪੰਨਾ – 14

72. ਸੁਲੱਖਨ ਸਰਹੱਦੀ, ਸੁਲਤਾਨ ਬਾਹੂ ਦਾ ਅਸਲ ਕਲਾਮ, ਜੀਵਨ ਅਤੇ ਰਚਨਾ, ਪੰਨਾ – 23

73. ਤਰਲੋਕ ਸਿੰਘ ਆਨੰਦ, ਸੁਲਤਾਨ ਬਾਹੂ ਦੀ ਚੋਣਵੀਂ ਕਵਿਤਾ, ਪੰਨਾ – 33

74. ਉਹੀ, ਪੰਨਾ – 33

75. ਸੁਲੱਖਨ ਸਰਹੱਦੀ, ਸੁਲਤਾਨ ਬਾਹੂ ਦਾ ਅਸਲ ਕਲਾਮ, ਜੀਵਨ ਅਤੇ ਰਚਨਾ, ਪੰਨਾ – 57

76. ਉਹੀ, ਪੰਨਾ – 57

77. ਪ੍ਰੋ: ਗੁਰਚਰਨ ਸਿੰਘ ਤਲਵਾੜਾ, ਸੂਫੀਮਤ ਵਿਚਾਰਧਾਰਾ, ਵਿਕਾਸ ਅਤੇ ਸਿਲਸਿਲੇ, ਪੰਨਾ– 49-50

78. ਡਾ. ਮੁਹੰਮਦ ਹਬੀਬ, ਸਾਈ ਮੀਆਂ ਮੀਰ ਜੀਵਨ, ਸਾਧਨਾ ਅਤੇ ਸਿੱਖਿਆ, ਪੰਨਾ – 09

79. ਡਾ. ਮਨਮੋਹਨ ਸਿੰਘ, ਸੂਫੀਮਤ ਅਤੇ ਧਾਰਮਿਕ ਲਹਿਰਾਂ, ਪੰਨਾ – 19

80. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 488

81. ਉਹੀ, ਪੰਨਾ – 488

82. ਡਾ. ਮਨਮੋਹਨ ਸਿੰਘ, ਸੂਫੀਮਤ ਅਤੇ ਧਾਰਮਿਕ ਲਹਿਰਾਂ, ਪੰਨਾ – 18

83. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1381

84. ਪ੍ਰੋ. ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ – 41

85. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

86. ਉਹੀ, ਪੰਨਾ – 1379

87. ਡਾ. ਅੰਮ੍ਰਿਤਪਾਲ ਲਾਲ, ਬਾਬਾ ਫ਼ਰੀਦ ਜੀਵਨ ਤੇ ਰਚਨਾ, ਪੰਨਾ – 16

88. ਡਾ. ਤਾਰਨ ਸਿੰਘ, ਸ਼ੇਖ ਫ਼ਰੀਦ ਜੀਵਨ ਤੇ ਰਚਨਾ, ਪੰਨਾ – 30

89. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1380

90. ਉਹੀ, ਪੰਨਾ – 1380

91. ਡਾ. ਰਤਨ ਸਿੰਘ ਜੱਗੀ, ਡਾ. ਗੁਰਸ਼ਰਨ ਕੌਰ, ਫ਼ਰੀਦ : ਜੀਵਨ, ਚਿੰਤਨ ਅਤੇ ਬਾਣੀ, ਪੰਨਾ – 55

92. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1378

93. ਉਹੀ, ਪੰਨਾ – 488

94. ਉਹੀ, ਪੰਨਾ – 1379

95. ਉਹੀ, ਪੰਨਾ – 1379

96. ਡਾ. ਰਤਨ ਸਿੰਘ ਜੱਗੀ, ਡਾ. ਗੁਰਸ਼ਰਨ ਕੌਰ, ਫ਼ਰੀਦ : ਜੀਵਨ, ਚਿੰਤਨ ਅਤੇ ਬਾਣੀ, ਪੰਨਾ – 55

97. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

98. ਉਹੀ, ਪੰਨਾ – 1382

99. ਉਹੀ, ਪੰਨਾ – 1380

100. ਉਹੀ, ਪੰਨਾ – 1380

101. ਉਹੀ, ਪੰਨਾ – 1382

102. ਉਹੀ, ਪੰਨਾ – 1381

103. ਉਹੀ, ਪੰਨਾ – 1382

104. ਉਹੀ, ਪੰਨਾ – 1384

105. ਡਾ. ਵਜੀਰ ਸਿੰਘ, ਫ਼ਰੀਦ ਦਾ ਨੈਤਿਕ ਫ਼ਲਸਫ਼ਾ, ਪੰਨਾ – 160-161

106. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1381

107. ਉਹੀ, ਪੰਨਾ – 1384

108. ਉਹੀ, ਪੰਨਾ – 1381

109. ਡਾ. ਤ੍ਰਿਲੋਚਨ ਸਿੰਘ, ਸ਼ੇਖ ਫ਼ਰੀਦ ਦਾ ਅਖ਼ਲਾਕ ਸਿਧਾਂਤ, ਬਾਬਾ ਫ਼ਰੀਦ ਜੀਵਨ, ਸਮਾਂ ਤੇ ਰਚਨਾ, ਪੰਨਾ – 64

110. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1383

111. ਉਹੀ, ਪੰਨਾ – 1383

112. ਪ੍ਰੋ. ਰਾਮ ਸਿੰਘ, ਬਾਬਾ ਫ਼ਰੀਦ ਜੀ ਦੀ ਨੈਤਿਕਤਾ ਦਾ ਆਧਾਰ, ਬਾਬਾ ਫ਼ਰੀਦ ਜੀਵਨ, ਸਮਾਂ ਤੇ ਰਚਨਾ, ਪੰਨਾ – 71

113. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1383

114. ਪ੍ਰੋ. ਰਾਮ ਸਿੰਘ, ਬਾਬਾ ਫ਼ਰੀਦ ਜੀ ਦੀ ਨੈਤਿਕਤਾ ਦਾ ਆਧਾਰ, ਬਾਬਾ ਫ਼ਰੀਦ ਜੀਵਨ, ਸਮਾਂ ਤੇ ਰਚਨਾ, ਪੰਨਾ – 71

115. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1383

116. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ – 235

117. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1381

118. ਉਹੀ, ਪੰਨਾ – 1380

## ਅਧਿਆਇ ਚੌਥਾ

## ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਤੇ ਵੈਰਾਗ

ਸਨਾਤਨੀ ਤੇ ਪਰੰਪਰਕ ਰਵਾਇਤਾਂ ਅਤੇ ਸਰਵ ਧਰਮਾਂ ਦੀ ਸਾਂਝੀ ਮਨੌਤ ਅਨੁਸਾਰ ਜਦੋਂ ਕਿਸੇ ਕਾਲਖੰਡ ਵਿੱਚ ਬੁਰਾਈ ਦਾ ਪਲੜਾ ਸੀਮਾ ਤੋਂ ਉੱਪਰ ਉੱਠਦਾ ਹੈ ਤਾਂ ਪਰਮ ਸ਼ਕਤੀ ਵਲੋਂ ਪੈਗ਼ੰਬਰ, ਗੁਰੂ, ਦੂਤ, ਆਦਿ ਨੂੰ ਸਮਾਨਤਾ ਸਥਾਪਿਤ ਕਰਨ ਲਈ ਚੁਣਿਆ ਜਾਂਦਾ ਹੈ। ਰੱਬੀ ਚੁਣੀਦਾ ਵੱਲੋਂ ਹੁਕਮ ਅਨੁਸਾਰ ਨਵੇਂ ਧਰਮ ਦਾ ਆਗਾਜ਼ ਧਰਤੀ ਉੱਪਰ ਹੁੰਦਾ ਹੈ ਅਤੇ ਚੰਗਿਆਈ ਤੇ ਬੁਰਿਆਈ ਦੇ ਤੋਲ ਦੀ ਸਥਿਰਤਾ ਲਈ ਦੈਵੀ ਨਿਯਮਾਂ ਦੀ ਆਮਦ ਹੁੰਦੀ ਹੈ।[1] ਇਹ ਦੈਵੀ ਨਿਯਮ ਗੁਰੂ/ਪੈਗ਼ੰਬਰ/ਦੂਤ/ਰਿਸ਼ੀ ਮੁਨੀ ਦੇ ਇਸ ਕਾਲਖੰਡ ਵਿੱਚੋਂ ਆਜ਼ਾਦ ਹੋਣ ਤੋਂ ਬਾਅਦ ਸੰਕਲਪਨਾਤਮਕ ਰੂਪ ਧਾਰਨ ਕਰ ਜਾਂਦੇ ਹਨ ਜੋ ਮਨੁੱਖਤਾ ਲਈ ਮਾਰਗਦਰਸ਼ਕ ਬਣਦੇ ਹਨ। ਇਨ੍ਹਾਂ ਸੰਕਪਲਾਂ ਰਾਹੀਂ ਹੀ ਆਦਰਸ਼ਮਈ ਸੰਸਾਰ ਦੀ ਰਚਨਾ ਹੁੰਦੀ ਹੈ।

ਹਥਲੇ ਅਧਿਆਇ ਵਿੱਚ ਦੋ ਪਰੰਪਰਾਵਾਂ ਦਾ ਸਮਾਜਿਕ ਵਖਰੇਵਾਂ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੀ ਅੰਦਰੂਨੀ ਸਪਿਰਟ ਦੀ ਇੱਕਸਾਰਤਾ ਹੈ ਜਿਸ ਕਾਰਨ ਸਾਂਝੀਵਾਲਤਾ ਦਾ ਗਿਆਨ ਦ੍ਰਿੜ ਕਰਵਾਉਂਦੇ ਹੋਏ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦੋਨਾਂ ਹੀ ਪਰੰਪਰਾਵਾਂ ਨੂੰ ਇੱਕਸਾਰਤਾ ਤੇ ਇੱਕਰੂਪਤਾ ਦਾ ਦਰਜ਼ਾ ਪ੍ਰਾਪਤ ਹੋਇਆ। ਇਨ੍ਹਾਂ ਦੋਨਾਂ ਪਰੰਪਰਾਵਾਂ (ਗੁਰਮਤਿ ਪਰੰਪਰਾ/ਸੂਫ਼ੀ ਪਰੰਪਰਾ) ਦੇ ਪਰਵਰਤਕਾਂ ਉੱਪਰ ਹੋਏ ਇਲਹਾਮ ਤੇ ਅਧਿਆਤਮਿਕ ਅਨੁਭਵ ਵਿੱਚਲੇ ਸੰਕਲਪ ਬਿਰਹਾ ਤੇ ਵੈਰਾਗ ਵਿੱਚਲੀਆਂ ਸਾਂਝਾਂ/ਵਖਰੇਵਿਆਂ ਨੂੰ ਇਸ ਅਧਿਆਇ ਦਾ ਭਾਗ ਬਣਾਇਆ ਗਿਆ ਹੈ ਅਤੇ ਇਸੇ ਉੱਪਰ ਕੇਂਦਰਿਤ ਹੋ ਕੇ ਇਨ੍ਹਾਂ ਸੰਕਲਪਾਂ ਦੇ ਸਰੂਪ/ਕਾਰਜ/ਮਹੱਤਵ ਨੂੰ ਉਜਾਗਰ ਕੀਤਾ ਹੈ। ਗੁਰਮਤਿ ਪਰੰਪਰਾ ਦੇ ਨੌਵੇਂ ਪਰਵਤਕ ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚਲੀ ਪ੍ਰਧਾਨ ਸੁਰ ਇਸ ਮਾਇਆਵੀ ਸੰਸਾਰ ਦੇ ਯਥਾਰਥ ਨੂੰ ਬਿਆਨ ਕਰਦੇ ਹੋਏ ਦੈਵੀ ਪ੍ਰੇਮ ਦੀ ਪ੍ਰਾਪਤੀ ਹੈ।

ਫ਼ਰੀਦ ਸਾਹਿਬ ਚਿਸ਼ਤੀ ਸਿਲਸਿਲੇ ਦੇ ਪਰਵਰਤਕ ਸਨ। ਉਨ੍ਹਾਂ ਦੀ ਬਾਣੀ ਵਿੱਚਲੀ ਪ੍ਰਧਾਨ ਸੁਰ ਵੀ ਦੈਵੀ ਹਸਤੀ ਨਾਲ ਪ੍ਰੇਮ ਤੇ ਇੱਕਰੂਪਤਾ ਨੂੰ ਸਥਾਪਿਤ ਕਰਦੀ ਹੈ। ਫ਼ਰੀਦ ਬਾਣੀ ਵਿੱਚ ਵਾਰ ਵਾਰ ਨਾਸ਼ਮਾਨਤਾ

ਅਤੇ ਮੌਤ ਨੂੰ ਯਾਦ ਕਰਵਾ ਕੇ ਸੰਸਾਰ ਦੀ ਪਰਿਵਰਤਨਸ਼ੀਲਤਾ ਤੇ ਨਾਸ਼ਮਾਨਤਾ ਨੂੰ ਉਭਾਰ ਕੇ ਮਨੁੱਖੀ ਅੰਸ਼ ਦੇ ਦੈਵੀ ਸੱਤਾ ਨਾਲੋਂ ਵਿਯੋਗ ਦੀ ਬਿਹਬਲਤਾ ਨੂੰ ਦ੍ਰਿਸ਼ਟਮਾਨ ਕੀਤਾ ਹੈ ਅਤੇ ਸਾਰੀ ਬਾਣੀ ਵਿੱਚ ਦੈਵੀ ਵਸਲ ਦੀ ਮੰਗ/ਲੋਚਾ ਪ੍ਰਤੱਖ ਹੁੰਦੀ ਹੈ। ਵਸਲ ਦੀ ਪ੍ਰਾਪਤੀ ਲਈ ਵੈਰਾਗ ਦਾ ਪੈਦਾ ਹੋਣਾ ਅਵੱਸ਼ਕ ਹੁੰਦਾ ਹੈ। ਵੈਰਾਗ ਰਾਹੀਂ ਹੀ ਬ੍ਰਹਮ/ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਆਪਣੀਆਂ ਆਸ਼ਾਵਾਂ/ਇੱਛਾਵਾਂ ਵੱਲੋਂ ਉਪਰਾਮਤਾ ਸਥਾਪਿਤ ਕਰਕੇ ਰੱਬੀ ਪ੍ਰੇਮ ਵਿੱਚ ਜੁੜਨ ਨਾਲ ਹੀ ਪ੍ਰੀਤਮ ਦਾ ਵਸਲ ਪ੍ਰਾਪਤ ਹੋ ਸਕਦਾ ਹੈ ਗੁਰਬਾਣੀ ਅਨੁਸਾਰ :-

ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥[2]

ਵੈਰਾਗ ਕੀ ਹੈ? ਵੈਰਾਗ ਏਸ਼ੀਆਈ ਅਧਿਆਤਮਿਕ ਚਿੰਤਨ ਵਿੱਚ ਅਤਿਅੰਤ ਲਾਜ਼ਮੀ ਅਵਸਥਾ ਹੈ ਜਿਸਦੇ ਤਹਿਤ ਹੀ ਮੁਕਤੀ/ਬ੍ਰਹਮ ਤੱਕ ਪਹੁੰਚ ਸਥਾਪਿਤ ਕੀਤੀ ਜਾ ਸਕਦੀ ਹੈ। ਸਨਾਤਨੀ ਵਿਚਾਰਧਾਰਾ ਦੇ ਅੰਤਰਗਤ ਅਧਿਆਤਮਿਕਤਾ ਦਾ ਪ੍ਰਾਰੰਭ ਸੰਸਾਰ ਦਾ ਤਿਆਗ ਕਰਕੇ ਹੀ ਸੰਭਵ ਹੈ। ਸੱਚੇ ਵੈਰਾਗੀ ਨੂੰ ਅੰਤਰਮੁਖੀ ਤੇ ਬਾਹਰਮੁਖੀ ਲਾਲਸਾਵਾਂ/ਤ੍ਰਿਸ਼ਨਾਵਾਂ ਦਾ ਤਿਆਗ ਕਰਨਾ ਪੈਂਦਾ ਹੈ। ਉਹੀ ਮਨੁੱਖ ਮੋਕਸ਼ ਦੀ ਇੱਛਾ ਦੀ ਪੂਰਤੀ ਹਿੱਤ ਅੰਤਰੀਵੀ ਅਤੇ ਬਾਹਰੀ ਲਾਲਸਾਵਾਂ ਦਾ ਤਿਆਗ ਕਰ ਦਿੰਦਾ ਹੈ। ਵੈਰਾਗ ਦੀ ਮੂਲ ਭਾਵਨਾ ਅੰਤਰੀਵੀ ਵਿਸ਼ੇ-ਵਿਕਾਰਾਂ ਅਤੇ ਬਾਹਰੀ ਸੰਸਾਰ ਤੋਂ ਉਪਰਾਮ ਹੋਣਾ ਹੈ। ਪਦਾਰਥਕ ਸੰਸਾਰ ਦੀ ਮੋਹ ਮਾਇਆ ਤੇ ਇੰਦ੍ਰਿਆਵੀ ਰਸਿਕਤਾ ਤੋਂ ਨਿਰਲੇਪਤਾ ਹੀ ਪਰਮਾਰਥਕ ਪੰਧ ਉੱਪਰ ਤੋਰ ਸਕਦੀ ਹੈ।

ਚੇਤਨਾ ਦੇ ਸੁਮੱਚੇ ਧਰਾਤਲੀ ਪਸਾਰ ਉੱਪਰ ਨਿਯੰਤਰਨ ਪ੍ਰਾਪਤ ਕਰਕੇ ਹੀ ਪੂਰਨ ਵੈਰਾਗੀ ਬਣਿਆ ਜਾ ਸਕਦਾ ਹੈ। ਇਹ ਧਾਰਨਾ ਵੀ ਸੀਮਤ ਅਰਥਾਂ ਦੀ ਲਖਾਇਕ ਪ੍ਰਤੀਤ ਹੁੰਦੀ ਹੈ ਕਿਉਂਕਿ ਸੱਚੇ ਗੁਰੂ ਤੋਂ ਬਿਨਾਂ ਵੀ ਵੈਰਾਗੀ ਹੋਣਾ ਅਸੰਭਵ ਹੈ। ਗੁਰਮਤਿ ਅਨੁਸਾਰ :-

ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥
ਜੇ ਲੋਚੈ ਸਭੁ ਕੋਇ ਵਣਾਹੰਬੈ ॥[3]

ਸੱਚੇ ਵੈਰਾਗੀ ਦੀ ਅਵਸਥਾ ਚਾਤ੍ਰਿਕ ਤੇ ਮੇਘ ਦੀ ਅਵਸਥਾ ਵਰਗੀ ਹੋ ਜਾਂਦੀ ਹੈ ਕਿਉਂਕਿ ਪ੍ਰੀਤਮ ਦੇ ਮਿਲਾਪ ਦੀ ਤਾਂਘ ਤੀਬਰ ਤੇ ਪ੍ਰਬਲ ਹੋ ਜਾਂਦੀ ਹੈ। ਵਿਯੋਗਮਈ ਅਵਸਥਾ ਹੀ ਵੈਰਾਗ ਅਤੇ ਵੈਰਾਗ ਹੀ ਵਸਲ ਦਾ ਕਾਰਨ ਬਣਦਾ ਹੈ। ਭਗਤ ਕਬੀਰ ਜੀ ਆਤਮਾ ਨੂੰ ਪਰਮਾਤਮਾ ਦਾ ਅੰਸ਼ ਤਸੱਵਰ ਕਰਦੇ ਹੋਏ ਲਿਖ਼ਦੇ ਹਨ :-

ਕਹੁ ਕਬੀਰ ਇਹੁ ਰਾਮ ਕੀ ਅੰਸੁ ॥

ਜਸ ਕਾਗਦ ਪਰ ਮਿਟੈ ਨ ਮੰਸੁ ॥[4]

ਆਤਮਾ ਦਾ ਪਰਮਾਤਮਾ ਨਾਲੋਂ ਵਿਛੋੜਾ ਹੋਣ ਕਾਰਨ ਇਹ ਬਿਰਹਾ ਵਿੱਚ ਵਿਰਲਾਪਦੀ ਹੈ ਅਤੇ ਵੈਰਾਗ ਦੀ ਅਵਸਥਾ ਹੀ ਇਸਦਾ ਪੂਰਨ ਮਿਲਣ ਕਰਵਾ ਸਕਦੀ ਹੈ।

ਜਦੋਂ ਮਨੁੱਖੀ ਚੇਤਨਾ ਸਮਾਜਿਕ ਧਰਾਤਲੀ ਨਾਸ਼ਮਾਨਤਾ ਦੀ ਸੂਖ਼ਮਈ ਰਮਜ਼ ਨੂੰ ਪਛਾਣ ਲੈਂਦੀ ਹੈ ਤਾਂ ਉਹ ਵਿਰਕਤ ਅਵਸਥਾ ਪ੍ਰਤੀ ਉਲਾਰੂ ਹੋ ਜਾਂਦੀ ਹੈ ਕਿਉਂਕਿ ਉਹ ਪਦਾਰਥਕ ਸੰਸਾਰ ਦੇ ਯਥਾਰਥਮਈ ਅਨੁਭਵ ਦਾ ਗਿਆਨ ਹਾਸਲ ਕਰ ਲੈਂਦੀ ਹੈ। ਉਹ ਚੇਤਨਤਾ ਦੀਆਂ ਸੂਖ਼ਮਈ ਪਰਤਾਂ ਦੀ ਗਹਿਰਾਈ ਵਿੱਚ ਉੱਤਰ ਕੇ ਅਸਫ਼ਲਤਾ ਹਾਸਲ ਕਰਦੀ ਹੋਈ ਇਕੱਲਤਾ ਦਾ ਸ਼ਿਕਾਰ ਹੋ ਜਾਂਦੀ ਹੈ। ਇਹੀ ਇਕੱਲਤਾ ਮਨੁੱਖੀ ਚੇਤਨਾ ਨੂੰ ਉਸਦੇ ਆਪਣੇ ਵੱਲ ਪ੍ਰੇਰਿਤ ਕਰਦੀ ਹੈ ਅਤੇ ਉਸਦੀ ਆਪਣੇ ਅਸਲੇ ਵੱਲ ਤਾਂਘ ਹੀ ਵੈਰਾਗ ਅਵਸਥਾ ਉਤਪੰਨ ਕਰ ਦਿੰਦੀ ਹੈ। ਜੋ ਸਾਧਕ ਨੂੰ ਉਸ ਦੇ ਸਹੀ ਮਾਰਗ ਵਿੱਚ ਤੋਰਦੀ ਹੈ ਅਤੇ ਵੈਰਾਗ ਉਸ ਅਗੰਮੀ ਰਿਸ਼ਤੇ ਵਿੱਚ ਖਿੱਚ ਨੂੰ ਹੋਰ ਵਧਾਉਂਦਾ ਹੈ। ਜਿਸ ਦੇ ਫ਼ਲਸਰੂਪ ਸਾਧਕ ਆਪਣੇ ਆਸੇ ਤੋਂ ਹਿਲਦਾ ਨਹੀਂ ਸਗੋਂ ਪੂਰੀ ਤਰ੍ਹਾਂ ਕੇਂਦਰਿਤ ਰਹਿੰਦਾ ਹੈ।

**ਵੱਖ ਵੱਖ ਵਿਚਾਰਧਾਰਾਵਾਂ ਅਨੁਸਾਰ ਵੈਰਾਗ**

ਵੈਰਾਗ ਦੇ ਸੁਖੈਨ ਅਰਥ ਬਣਦੇ ਹਨ – ਉਪਰਾਮਤਾ, ਨਿਰਮੋਹਤਾ, ਨਿਰਲੇਪਤਾ, ਇੱਛਾ ਰਹਿਤ ਆਦਿ। ਮਨੁੱਖੀ ਚੇਤਨਾ ਨੂੰ ਸੰਸਾਰਕ ਝੰਬੇਲਿਆਂ ਤੋਂ ਹਟਾ ਕੇ ਪਰਮਾਰਥ ਦੇ ਪੰਧ ਤੋਰਨਾ, ਪ੍ਰੇਮ ਵਿੱਚ ਉਦਾਸੀ ਗ੍ਰਹਿਣ ਕਰਨਾ, ਕਿਸੀ ਚੇਤਨਾ ਦੇ ਦਰਸ਼ਨਾਂ ਤੋਂ ਇਲਾਵਾ ਸੁੱਧ-ਬੁੱਧ ਗੁਆ ਦੇਣੀ ਆਦਿ।

ਵੈਰਾਗਯ ਸ਼ਬਦ ਜਦੋਂ ਸੰਗਯਾ ਵਜੋਂ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ ਤਾਂ ਇਸਦਾ ਅਰਥ ਰਾਗ (ਮੁਹੱਬਤ) ਅਭਾਵ, ਰੁਦਨ, ਉਪਰਾਮਤਾ ਗ੍ਰਹਿਣ ਕਰਨ ਵਾਲਾ ਆਦਿ ਹੁੰਦਾ ਹੈ। ਵੈਰਾਗਯ ਤੱਕ ਪਹੁੰਚੀਆਂ ਹੋਈਆਂ ਇੰਦਰੀਆਂ ਬੈਰਾਗਨਿ ਕਹਾਉਂਦੀਆਂ ਹਨ। ਵੈਸ਼ਨਵ ਸਾਧੂਆਂ ਦੇ ਇੱਕ ਫਿਰਕੇ ਨੂੰ ਵੀ 'ਵੈਰਾਗੀ' ਕਿਹਾ ਜਾਂਦਾ ਹੈ ਜਿਸਦਾ ਆਚਾਰਯ ਰਾਮਨੰਦ ਹੈ। ਬੈਰਾਗ ਉਦਾਸੀਨਤਾ, ਨਿਰਾਸ਼ਤਾ ਦਾ ਦੂਜਾ ਰੂਪ ਹੈ।[5]

ਵੈਰਾਗ ਦੇ ਹੋਰ ਅਰਥ ਈਸ਼ਵਰ ਦੀ ਵਿਭੂਤੀ ਸੂਚੀ ਈਸ਼ਵਰਯ, ਗਿਆਨ, ਯਸ਼, ਧੀਰਯ, ਉਪਰਤਿ, ਉਪਰਾਮ; ਉਪਸ਼ਮ; ਤਰਕ; ਦੁਜਿਆ, ਤਿਆਗ, ਨਿਰਵਿਰਤੀ, ਵਿਰਾਗ, ਵੈਰਾਗ, ਮੋਹ ਤਿਆਗ, ਮੋਹ-ਭੰਗ, ਰਾਗ-ਮੁਕਤਿ, ਵੀਤਕਾਮਤਾ, ਸੰਨਿਆਸ, ਸੰਸਾਰਿਕਤਾ ਤਿਆਗ ਆਦਿ ਹਨ।[6]

ਵੈਰਾਗੀ ਉਹ ਹੈ ਜਿਸ ਨੇ ਇੰਦਰੀਆਂ ਉੱਪਰ ਜਿੱਤ ਪ੍ਰਾਪਤ ਕਰ ਲਈ ਹੈ। ਜਿਤੇਦ੍ਰ, ਤਿਆਗੀ, ਨਿਰਮੋਹ, ਨਿਵ੍ਰਤਾਤਮ, ਰਾਗ ਮੁਕਤਸ ਵੀਤਰਾਗੀ, ਸੰਨਿਆਸੀ। ਤਿਆਗੀ ਪ੍ਰਕਿਰਿਆ ਤੋਂ ਭਾਵ ਸੰਸਾਰਕ ਵਸਤੂਆਂ ਹੈ। ਜਿਸ ਵਿੱਚ ਆਦਤਾਂ ਆਪਸੀ ਸੰਬੰਧਾਂ ਅਥਵਾ ਸੰਸਾਰਕ ਰਿਸ਼ਤਿਆਂ ਦਾ ਤਿਆਗ, ਅਰਥਾਤ renunciation ਦਾ ਮੂਲ ਰੂਪ ਵਿੱਚ ਤਿਆਗ ਸ਼ਬਦ ਦੇ ਸੰਕਲਪ ਦੀ ਅਭਿਵਿਅਕਤੀ ਹੈ।[7]

ਪੰਜਾਬੀ-ਅੰਗਰੇਜ਼ੀ ਕੋਸ਼ ਦੇ ਅਨੁਸਾਰ :-

'ਵੈਰਾਗ' ਸ਼ਬਦ ਦਾ ਅੰਗਰੇਜ਼ੀ ਵਿੱਚ ਸਮਾਨਾਰਥਕ ਰੂਪ renunciation. Non-attachment.[8]

ਪਵਨ ਕੁਮਾਰ ਗੋਸਵਾਮੀ ਆਪਣੀ ਕ੍ਰਿਤ Punjabi English Dictionary ਵਿੱਚ ਵੈਰਾਗ ਨੂੰ ਇਸ ਪ੍ਰਕਾਰ ਸਪੱਸ਼ਟ ਕਰਦੇ ਹਨ – Quietism, apathy, renunciation.[9]

ਸਰ ਮੋਨੀਅਰ ਵਿਲੀਅਮਜ਼ ਮੋਨੀਅਰ ਆਪਣੀ ਰਚਨਾ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ ਵਿੱਚ ਵੈਰਾਗ ਦੇ ਅਰਥ ਸੰਸਾਰਕ ਭਾਵ ਦੀ ਅਣਹੋਂਦ, ਸਾਰੀਆਂ ਖਾਹਸ਼ਾਂ ਤੋਂ ਮੁਕਤੀ (absence of worldly passion, freedom from all desires) ਕਰਦੇ ਹਨ।[10]

ਭਾਈ ਵੀਰ ਸਿੰਘ ਰਚਿਤ ਸ੍ਰੀ ਗੁਰੂ ਗ੍ਰੰਥ ਕੋਸ਼ ਵਿੱਚ ਵੈਰਾਗ ਦੇ ਅਰਥ ਲੋਕ ਪਰਲੋਕ ਦੇ ਭੋਗਾਂ ਤੋਂ ਅਚਾਹ, ਮੋਹ ਰਹਿਤ ਹਾਲਤ। ਭਾਈ ਵੀਰ ਸਿੰਘ ਵੈਰਾਗ ਨੂੰ ਸੰਸਕ੍ਰਿਤ ਦੇ ਵੈਰਾਗਯ ਦਾ ਬਦਲ ਦੱਸਦੇ ਹਨ।[11]

ਡਾ. ਗੁਰਚਰਨ ਸਿੰਘ ਅਨੁਸਾਰ ਵੈਰਾਗ ਤੋਂ ਭਾਵ ਹੈ - ਉਪਰਾਮਤਾ, ਉਦਾਸੀਨਤਾ।[12] ਪਦਾਰਥਕ ਸੰਸਾਰ ਦੀ ਉਪਰਾਮਤਾ ਮਨੁੱਖੀ ਚੇਤਨਾ ਅੰਦਰ ਸਹਿਜਤਾ ਤੇ ਸਥਿਰਤਾ ਨੂੰ ਉਤਪੰਨ ਕਰਦੀ ਹੈ।

ਜੀ.ਐੱਸ.ਰਿਆਲ ਆਪਣੀ ਰਚਨਾ 'ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼' ਵਿੱਚ ਵੈਰਾਗ ਦਾ ਨਿਰੁਕਤ ਪੇਸ਼ ਕਰਦੇ ਹਨ – ਵੈਰਾਗ ਉਦਾਸੀਨਤਾ, ਉਚਾਟ ਹੋਣ ਦਾ ਭਾਵ ਸੰਸ, Viraga, ਰੰਗ ਦਾ ਬਦਲਣਾ, ਪ੍ਰੇਮ ਦੀ ਘਾਟ, ਦੁਨਿਆਵੀ ਪਦਾਰਥਾਂ ਨਾਲ ਬੇਰੁਖੀ, ਉਦਾਸੀਨਤਾ।[13]

ਗੁਰ ਗਿਰਾਰਥ ਕੋਸ਼ ਵਿੱਚ ਪੰਡਿਤ ਤਾਰਾ ਸਿੰਘ ਨਿਰੋਤਮ ਵੈਰਾਗ ਦੀ ਪਰਿਭਾਸ਼ਾ ਦਿੰਦੇ ਹੋਏ ਕਹਿੰਦੇ ਹਨ, ''ਵੈਰਾਗ : ਲੋਕ ਪਰਲੋਕ ਦੇ ਪਦਾਰਥੋਂ ਕੇ ਤਯਾਗ ਕੀ ਇੱਛਾ।[14] ਸੰਸਾਰ ਦੇ ਪਦਾਰਥਕ ਰੂਪ ਨਾਲ ਮੋਹ ਨੂੰ ਹੀ ਮਾਇਆ ਤਸੱਵਰ ਕੀਤਾ ਗਿਆ ਹੈ। ਜਿਸ ਦੇ ਦਾਇਰੇ ਵਿੱਚ ਆ ਜਾਣ ਨਾਲ ਮਨੁੱਖੀ ਚੇਤਨਾ ਆਪਣੀਆਂ ਯਥਾਰਥਕ ਪੈੜਾਂ ਤੋਂ ਖੁੰਝ ਜਾਂਦੀ ਹੈ। ਉਸਦੀ ਅਧਿਆਤਮਿਕ ਤਰੱਕੀ ਵਿੱਚ ਬੰਨ੍ਹ ਲੱਗ ਜਾਂਦਾ ਹੈ ਅਤੇ ਉਹ ਪਦਾਰਥਕ ਸੰਸਾਰ ਦੀਆਂ ਮੋਹ ਰੂਪੀ ਤੰਦਾਂ ਵਿੱਚ ਉਲਝ ਕੇ ਇੰਦ੍ਰਿਆਵੀ ਭੋਗਾਂ ਵਿੱਚ ਮਸਤ ਹੋ ਜਾਂਦਾ ਹੈ। ਮਨੁੱਖ ਇਨ੍ਹਾਂ ਇੰਦ੍ਰਿਆਵੀ ਨੇਸਤੋ-ਨਬੂਦ ਸੁੱਖਾਂ ਵਿੱਚ ਫਨ੍ਹਾ ਹੁੰਦਾ ਹੋਇਆ ਪਰਮ ਸੁੱਖ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ 'ਮੰਜ਼ਿਲ-ਏ-ਮਕ਼ਸੂਦ' ਤੋਂ ਅਪਹੁੰਚ ਹੀ ਰਹਿ ਜਾਂਦਾ ਹੈ।

ਸੰਸਕ੍ਰਿਤ-ਪੰਜਾਬੀ ਕੋਸ਼ ਵਿੱਚ ਵੈਰਾਗ ਨੂੰ ਇਸ ਪ੍ਰਕਾਰ ਪਰਭਾਸ਼ਿਤ ਕੀਤਾ ਗਿਆ ਹੈ – (ਕੈਦਾਰਧਮ) ਵੈਰਾਗਯਮ ਤੋਂ ਭਾਵ ਵੈਰਾਗ, (ਨਪੁੰ) ਵੈਰਾਗੀਪੁਣਾ, ਸੰਸਾਰਕ ਪਦਾਰਥਾਂ ਵਿੱਚ ਰੁਚੀ ਦਾ ਨਾ ਹੋਣਾ, ਅਪ੍ਰਸੰਨਤਾ, ਉਦਾਸੀਨਤਾ, ਰੰਜ, ਅਫ਼ਸੋਸ, ਸੋਗ।[15] ਇਹ ਵੈਰਾਗ ਨੂੰ ਪਰਿਭਾਸ਼ਿਤ ਕਰਦੇ ਹੋਏ ਮਨੁੱਖੀ ਚੇਤਨਾ ਦੇ ਵਿਭਿੰਨ ਪਸਾਰ ਹਨ। ਸੰਖ਼ੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਵੈਰਾਗ ਇੱਕ ਪ੍ਰਕਾਰ ਦੀ ਮਾਨਸਿਕ ਮਨੋਵਿਰਤੀ ਹੈ ਜਿਸ ਰਾਹੀਂ ਮਨੁੱਖ ਇੰਦ੍ਰਿਆਵੀ ਵਾਸਨਾਵਾਂ ਦੇ ਘੇਰੇ ਵਿੱਚੋਂ ਉੱਚਾ ਉੱਠਣ ਦੇ ਪ੍ਰਯਤਨ ਵਿੱਚ ਰਹਿੰਦਾ ਹੈ। ਉਹ ਪਦਾਰਥਕ ਤੇ ਜਨ ਸਾਧਾਰਨ ਤੋਂ ਨਿਰਲੇਪ ਰਹਿੰਦਾ ਹੋਇਆ ਆਪਣੀ ਮਾਨਸਿਕਤਾ ਦਾ ਕੇਂਦਰ ਰੱਬੀ ਚੇਤਨਾ ਉੱਪਰ ਕੇਂਦਰਿਤ ਕਰਦਾ ਹੈ। ਮਨੁੱਖ ਆਪਣੀ ਚੇਤਨਾ ਨੂੰ ਸਤਹੀ ਪਸਾਰ ਤੋਂ ਉਠਾ ਕੇ ਅਗੰਮੀ ਚੇਤਨਾ ਨਾਲ ਜੋੜਨ ਦਾ ਪ੍ਰਯਾਸ ਕਰਦਾ ਹੈ। ਸੌਖੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਮਨੁੱਖ ਅਲਪ ਸੁੱਖ ਤੋਂ ਪਰਮ ਆਨੰਦ ਦੀ ਪ੍ਰਾਪਤੀ ਵੱਲ ਵਿਕਾਸ ਕਰਦਾ ਹੈ ਅਤੇ ਇਹੀ ਵਿਕਾਸ ਵਿਗਾਸ ਤੱਕ ਲੈ ਕੇ ਜਾਂਦਾ ਹੈ।

**Oxford Dictionary** ਵਿੱਚ ਵੈਰਾਗ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ : Detachment; The State of being objective.[16] (ਵੈਰਾਗ ਵੱਖ ਜਾਂ ਇਕੱਲਾ ਹੋਣ ਦੀ ਸਥਿਤੀ) ਇਹ ਸਥਿਤੀ ਸਮਾਜਿਕ ਸਥਿਤੀ ਨਾ ਹੁੰਦੀ ਹੋਈ ਮਾਨਸਿਕ ਸਥਿਤੀ ਜਾਂ ਚੇਤਨਾ ਦਾ ਹਿੱਸਾ ਹੈ। ਅਜਿਹੀ ਚੇਤਨਾ ਅਧਿਆਤਮਿਕਤਾ ਦੇ ਪੰਧ ਉੱਪਰ ਚੱਲਦੀ ਹੋਈ ਸਵੈ ਦਵੰਦ ਨੂੰ ਖ਼ਤਮ ਕਰ ਲੈਂਦੀ ਹੈ ਅਤੇ ਪਾਕ ਹੋ ਕੇ ਦੈਵੀ ਚੇਤਨਾ ਵਿੱਚ ਮਿਲ ਜਾਂਦੀ ਹੈ।

**ਵੱਖ ਵੱਖ ਧਰਮਾਂ ਵਿੱਚ ਵੈਰਾਗ ਦਾ ਸਰੂਪ**

ਸੰਸਾਰ ਦੇ ਲਗਭਗ ਸਾਰੇ ਧਰਮਾਂ ਵਿੱਚ ਵੈਰਾਗ ਅਤੇ ਬਿਰਹਾ ਦੇ ਤੱਤ ਮੌਜੂਦ ਹਨ। ਸਾਰੇ ਧਰਮਾਂ ਦੇ ਵਖਰੇਵੇਂ ਪਦਾਰਥਕ ਜਾਂ ਭੌਤਿਕ ਹੋ ਸਕਦੇ ਹਨ ਪਰ ਅਭੌਤਿਕ ਤੌਰ 'ਤੇ ਇਨ੍ਹਾਂ ਦੀ ਅੰਦਰੂਨੀ Spirit ਸਮਭਾਵੀ ਹੀ ਹੁੰਦੀ ਹੈ। ਸਾਮੀ ਤੇ ਆਰੀਅਨ ਪਰੰਪਰਾ ਦੇ ਧਰਮਾਂ ਵਿੱਚ ਸਮੇਂ ਤੇ ਸਥਾਨ ਦਾ ਫ਼ਰਕ ਹੋਣ ਕਾਰਨ ਬਾਹਰੀ ਵਖਰੇਵੇਂ ਹੋਣਾ ਆਮ ਗੱਲ ਹੈ ਪਰ ਧਰਮਾਂ ਦੇ ਸਦਾਚਾਰਕ ਨੈਤਿਕ ਵਿਧਾਨ ਤੇ ਈਸ਼ਵਰ ਭਗਤੀ ਦੀ ਸਮਰੂਪਤਾ ਹਮੇਸ਼ਾ ਰਹਿੰਦੀ ਹੈ।

**ਵੈਦਿਕ/ਆਰੀਅਨ ਧਰਮਾਂ ਵਿੱਚ ਵੈਰਾਗ**

ਸਨਾਤਨ ਧਰਮ ਵਿੱਚ ਚਾਰ ਪੁਰਸ਼ਾਰਥ- ਧਰਮ, ਅਰਥ, ਕਾਮ ਤੇ ਮੋਕਸ਼ ਪ੍ਰਵਾਨ ਕੀਤੇ ਗਏ ਹਨ ਅਤੇ ਇਨ੍ਹਾਂ ਚਾਰ ਪੁਰਸ਼ਾਰਥਾਂ ਵਿੱਚੋਂ ਮਨੁੱਖੀ ਜੀਵਨ ਦਾ ਲਕਸ਼ ਮੁਕਤੀ/ਮੋਕਸ਼ ਨੂੰ ਤਸੱਵਰ ਕੀਤਾ ਗਿਆ ਹੈ। ਇਸੇ ਦੀ ਪ੍ਰਾਪਤੀ ਲਈ ਮਨੁੱਖੀ ਜੀਵਨ ਦੀ ਆਯੂ ਨੂੰ ਸੌ ਸਾਲ ਮੰਨ ਕੇ ਚਾਰ ਹਿੱਸਿਆਂ ਵਿੱਚ ਵੰਡ ਕੇ ਚਾਰ ਆਸ਼ਰਮਾਂ- ਬ੍ਰਹਮਚਾਰਯ, ਗ੍ਰਹਿਸਤ ਆਸ਼ਰਮ, ਵਾਣਪ੍ਰਸਤ ਆਸ਼ਰਮ ਤੇ ਸੰਨਿਆਸ ਦੀ ਰਚਨਾ ਕੀਤੀ। ਮੋਕਸ਼ ਦੀ ਪ੍ਰਾਪਤੀ ਇਨ੍ਹਾਂ ਚਾਰਾਂ ਵਿੱਚੋਂ ਸਫ਼ਲਤਾ ਹਾਸਲ ਕਰਨ ਨਾਲ ਹੀ ਹੁੰਦੀ ਹੈ। ਵਾਣਪ੍ਰਸਤ ਤੇ ਸੰਨਿਆਸ ਆਸ਼ਰਮ ਵਿੱਚ ਵੈਰਾਗ ਤੇ ਬਿਰਹਾ ਦੀ ਪੀਕ (ਸਿਖ਼ਰ) ਦਰਸਾਈ ਗਈ ਹੈ। ਵਾਣਪ੍ਰਸਤ ਵਿੱਚ ਮਨੁੱਖ ਆਪਣੇ ਜੀਵਨ ਸਾਥੀ ਨੂੰ ਨਾਲ ਲੈ ਕੇ ਗ੍ਰਹਿ ਤਿਆਗ ਕਰ ਦਿੰਦਾ ਹੈ ਅਤੇ ਆਪਣੀਆਂ ਕਾਮਨਾਵਾਂ ਨੂੰ ਸੀਮਤ ਸਥਾਨ ਉੱਪਰ ਲਿਆ ਕੇ ਜੀਵਨ ਬਸਰ ਕਰਦਾ ਹੈ। ਇਸ ਆਸ਼ਰਮ ਦਾ ਉਦੇਸ਼ ਮਨੁੱਖ ਦਾ ਸੰਸਾਰ ਵੱਲੋਂ ਮੋਹ ਤੋੜਨਾ ਅਤੇ ਜੀਵਨ ਲਕਸ਼ ਪ੍ਰਤੀ ਚੇਤਨ ਕਰਨਾ ਹੈ। ਸੰਨਿਆਸ ਵੈਰਾਗ ਦੀ ਪੀਕ ਹੈ। ਸੰਨਿਆਸੀ ਪਰਿਵਾਰ/ਸੰਸਾਰ ਦੇ ਰਸਾਂ ਤੋਂ ਬਿਨਾਂ

ਜੀਵਨ ਬਸਰ ਕਰਦਾ ਹੈ ਅਤੇ ਉਸਦਾ ਲਕਸ਼ ਕੇਵਲ ਮੋਕਸ਼ ਦੀ ਪ੍ਰਾਪਤੀ ਹੁੰਦਾ ਹੈ। ਸੰਖ਼ੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਨਾਤਨ/ਹਿੰਦੂ/ਵੈਦਿਕ ਧਰਮ ਵਿੱਚ ਵੈਰਾਗ ਨੂੰ ਇੰਨੀ ਪ੍ਰਮੁੱਖਤਾ ਹਾਸਲ ਹੈ ਕਿ ਇਸ ਤੋਂ ਬਿਨਾਂ ਮੁਕਤੀ ਅਸੰਭਵ ਹੈ।

ਹਨੂਮਾਨ ਪ੍ਰਸਾਦ ਨੇ ਆਪਣੇ ਗ੍ਰੰਥ 'ਗੀਤਾ ਚਿੰਤਨ' ਵਿੱਚ ਹਿੰਦੂ ਧਰਮ ਦੇ ਵੈਰਾਗ ਨੂੰ ਪਰਿਭਾਸ਼ਿਤ ਕਰਦਿਆਂ ਸਾਧਾਰਨ ਤੌਰ 'ਤੇ ਵੈਰਾਗ ਦੇ ਸੱਤ ਲੱਛਣ ਦੱਸੇ ਹਨ:-

1) ਸ੍ਰੀ ਭਗਵਾਨ ਨੂੰ ਛੱਡ ਕੇ ਲੋਕ ਪਰਲੋਕ ਦੇ ਸਾਰੇ ਭੋਗਾਂ ਵਿੱਚ ਫਿੱਕਾਪਣ ਮਹਿਸੂਸ ਹੋਣਾ।
2) ਵਿਸ਼ਿਆਂ ਵਿੱਚ ਭੈ ਅਤੇ ਸਮਸਤ ਦੁੱਖ ਦਿਖਾਈ ਦੇਣਾ।
3) ਭਗਵਾਨ ਨੂੰ ਛੱਡ ਕੇ ਸੰਸਾਰ ਦੇ ਭੋਗ ਚੰਗੇ ਨਾ ਲੱਗਣੇ।
4) ਵਿਕਾਰਾਂ ਨੂੰ ਤਿਆਗਣ ਦੀ ਪ੍ਰਬਲ ਇੱਛਾ ਹੋਣੀ।
5) ਵਿਸ਼ਿਆਂ ਦਾ ਤਿਆਗ ਹੋ ਜਾਣਾ।
6) ਵਿਸ਼ਿਆਂ ਵਿੱਚ ਭਗਵਦ ਭਾਵ ਹੋਣਾ।
7) ਇੱਕ ਭਗਵਾਨ ਦੀ ਸੱਤਾ ਮਹਿਸੂਸ ਹੋਣੀ।[17]

**ਬੁੱਧ ਧਰਮ**

ਬੁੱਧ ਧਰਮ ਦੇ ਸਿਰਜਕ ਮਹਾਤਮਾ ਬੁੱਧ ਦੀ ਬੁੱਧ/ਤਥਾਗਤ ਤੱਕ ਦੇ ਸਫ਼ਰ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਮਹਾਤਮਾ ਬੁੱਧ ਨੇ ਭਰ ਜੁਆਨੀ ਵਿੱਚ ਵੈਰਾਗਮਈ ਬਿਰਤੀ ਧਾਰਨ ਕਰ ਲਈ ਸੀ ਅਤੇ ਸੰਸਾਰ ਨੂੰ ਦੁੱਖਾਂ ਤੋਂ ਬਚਾਉਣ ਲਈ ਮੱਧ ਮਾਰਗ/ਰਸਤਾ ਅਖ਼ਤਿਆਰ ਕੀਤਾ। ਪ੍ਰਿੰਸੀਪਲ ਗੰਗਾ ਸਿੰਘ ਆਪਣੀ ਪੁਸਤਕ 'ਸੰਸਾਰ ਦਾ ਧਾਰਮਿਕ ਇਤਿਹਾਸ' ਵਿੱਚ ਬੁੱਧ ਧਰਮ ਦੀ ਸਮੁੱਚੀ ਫ਼ਿਲਾਸਫ਼ੀ ਨੂੰ ਇੱਕ ਸੂਤਰ ਵਿੱਚ ਬਿਆਨ ਕਰਦੇ ਹਨ ਕਿ ''ਅਨਿਤਯ, ਦੁੱਖ, ਅਨਾਤਮ'' ਭਾਵ ਜਗਤ ਅਨਿਤ ਜਾਂ ਮਿਥਿਆ ਹੈ, ਦੁੱਖ ਹੈ, ਅਨਾਤਮ ਹੈ, ਜਿਸ ਵਿੱਚ ਆਤਮਾ ਕੋਈ ਵੱਖਰੀ ਹਸਤੀ ਨਹੀਂ।[18]

ਧੱਮਪਦ (ਬੋਧੀਆਂ ਦਾ ਧਾਰਮਿਕ ਗ੍ਰੰਥ) ਵਿੱਚ ਮਨੁੱਖੀ ਚੇਤਨਾ ਲਈ ਗ੍ਰਹਿਸਤ ਤੋਂ ਦੂਰ, ਸੰਸਾਰਕ ਮੋਹ ਨੂੰ ਤਿਆਗ ਕੇ ਵੈਰਾਗੀ ਬਣਨ ਦਾ ਉਪਦੇਸ਼ ਦਰਜ਼ ਹੈ। ਸਪੱਸ਼ਟ ਕੀਤਾ ਗਿਆ ਹੈ ਕਿ ਨਿਰਵਾਣ ਦੇ ਇਛੁੱਕ ਮਨੁੱਖ, ਗ੍ਰਹਿ ਤਿਆਗ ਕੇ ਆਸਾਵੇਂ ਹੀਂ ਤੁਰ ਜਾਂਦੇ ਹਨ :-

ਉੱਯੰਜੰਤਿ ਸਤੀਮੰਤੋ, ਨ ਨਿਕੇਤੇ ਰਮੰਤਿ ਤੇ ॥

ਹੰਸਾ ਵ ਪੋਲਲੰ ਹਿਤਵਾ, ਓਕੰ ਓਕੰ ਜਹੰਤਿ ਤੇ ॥[19]

**ਜੈਨ ਧਰਮ**

ਜੈਨ ਧਰਮ ਦੇ ਪਰਵਰਤਕ ਮਹਾਂਵੀਰ ਨੇ ਵੀ ਆਪਣੇ ਮਾਤਾ-ਪਿਤਾ ਦੀ ਮੌਤ ਤੋਂ ਮਗਰੋਂ ਆਪਣੇ ਵੱਡੇ ਭਰਾ ਕੋਲੋਂ ਆਗਿਆ ਪਾ ਕੇ ਗ੍ਰਹਿ ਤਿਆਗ ਕਰਕੇ ਵੈਰਾਗੀ ਜੀਵਨ ਆਰੰਭ ਕੀਤਾ ਅਤੇ ਅੰਤ ਕੇਵਲਯੀ ਹੋ ਨਿਬੜੇ। ਜੈਨ ਧਰਮ ਦੇ ਗ੍ਰੰਥ ਆਚਰਾਂਗ ਸੂਤਰ ਵਿੱਚ ਮੁੱਖ ਤੌਰ 'ਤੇ ਭਿਕਸ਼ੂਆਂ ਦੇ ਨੈਤਿਕ ਆਚਾਰ ਅਤੇ ਆਤਮ ਅਨੁਸ਼ਾਸਨ ਬਾਰੇ ਵਿਵਰਣ ਪ੍ਰਾਪਤ ਹੁੰਦਾ ਹੈ। ਸ੍ਰੀ ਤਤਵਾਰਥ ਸੂਤਰ ਗ੍ਰੰਥ ਦੇ ਪਹਿਲੇ ਅਧਿਆਇ ਵਿੱਚ ਪੰਜ ਵਰਤ (ਅਹਿੰਸਾ, ਸਤ, ਬ੍ਰਹਮਚਰਜ, ਅਸਤੇਯ, ਅਪਹਿਗ੍ਰਹਿ) ਧਾਰਨ ਕਰਨੇ ਲਾਜ਼ਮੀ ਦੱਸੇ ਗਏ ਹਨ। ਈਸਾਈ ਧਰਮ ਵਿੱਚ ਵੀ ਈਸਾ ਨੇ ਵੈਰਾਗਮਈ ਉਪਦੇਸ਼ ਦਿੱਤੇ ਅਤੇ ਉਨ੍ਹਾਂ ਨੂੰ ਅਮਲੀ ਜਾਮਾ ਵੀ ਪਹਿਨਾਇਆ। ਉਦਾਹਰਨ :-

ਧੰਨ ਹਨ ਉਹ ਜੋ ਸ਼ੋਕ ਕਰਦੇ ਹਨ ਕਿਉਂਕਿ ਉਹ ਸ਼ਾਂਤੀ ਪ੍ਰਾਪਤ ਕਰਨਗੇ। ਧੰਨ ਹੋ ਤੁਸੀਂ ਜਦੋਂ ਮੇਰੇ ਕਾਰਨ ਤੁਹਾਡੀ ਨਿੰਦਾ ਕਰਨ, ਤੁਹਾਨੂੰ ਤਕਲੀਫ਼ ਦੇਣ ਅਤੇ ਝੂਠ ਬੋਲ ਬੋਲ ਕੇ ਤੁਹਾਡੇ ਵਿਰੁੱਧ ਸਭ ਤਰ੍ਹਾਂ ਦੀਆਂ ਗੱਲਾ ਕਰਨ।[20]

ਸੂਫੀਮਤ ਵਿੱਚ ਵੈਰਾਗੀ ਅਵਸਥਾ ਅਤੇ ਮੁਰਸ਼ਦ ਪ੍ਰਤੀ ਸਮਰਪਨ ਹੀ ਇਸ਼ਕ-ਏ-ਹਕੀਕੀ ਤੱਕ ਪਹੁੰਚਣ ਦਾ ਸਾਧਨ ਦਰਸਾਇਆ ਹੈ। ਸੂਫੀਮਤ ਵਿੱਚ ਸਾਧਕ ਆਪਣਾ ਸਭ ਕੁੱਝ (ਰਿਸ਼ਤੇ-ਨਾਤੇ, ਦੁਨਿਆਵੀ ਸੁੱਖ) ਤਿਆਗ ਕੇ ਹੀ ਅਸਲੀ ਸੂਫੀ ਅਖਵਾ ਸਕਦਾ ਹੈ। ਹਸਨ ਬਸਰੀ ਅਨੁਸਾਰ ਵੈਰਾਗ ਦਾ ਇੱਕ ਪਲ ਹਜ਼ਾਰਾਂ ਵਰ੍ਹਿਆਂ ਦੀ ਨਮਾਜ਼ ਅਤੇ ਰੋਜ਼ਿਆਂ ਤੋਂ ਸ੍ਰੇਸ਼ਟ ਹੈ।

ਉਪਰੋਕਤ ਵੇਰਵਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਸਾਰ ਦੇ ਲਗਭਗ ਸਾਰੇ ਪ੍ਰਮੁੱਖ ਧਰਮਾਂ ਵਿੱਚ 'ਮੰਜ਼ਿਲ-ਏ-ਮਕ਼ਸੂਦ' ਤੱਕ ਪਹੁੰਚਣ ਲਈ ਵੈਰਾਗ ਦੀ ਅਵਸਥਾ ਜ਼ਰੂਰੀ ਹੈ। ਵੈਰਾਗ ਦਾ ਸਰੂਪ ਤੇ ਪ੍ਰਕਿਰਤੀ ਭਾਵੇਂ ਵੱਖ ਵੱਖ ਹੋ ਸਕਦੀ ਹੈ ਪਰ ਵੈਰਾਗੀ ਅਵਸਥਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਉਦਾਹਰਨ ਵਜੋਂ ਸਿੱਖ ਧਰਮ ਵਿੱਚ ਵੈਰਾਗ ਦੇ ਬਾਹਰਮੁਖੀ ਸਰੂਪ ਤੇ ਪ੍ਰਕਿਰਤੀ ਨੂੰ ਅਪ੍ਰਵਾਨ ਕੀਤਾ ਗਿਆ ਹੈ ਪਰ ਵੈਰਾਗਮਈ ਬਿਰਤੀ ਦੀ ਅੰਤਰਮੁਖੀ Spirit ਨੂੰ ਉਜਾਗਰ ਕੀਤਾ ਗਿਆ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਕਰਤੇ ਦੀ ਇਸ ਕਿਰਤ (ਸ੍ਰਿਸ਼ਟੀ/ਸੰਸਾਰ) ਦੇ ਅੰਦਰ, ਸੰਸਾਰਕ ਸਹੂਲਤਾਂ ਵਿੱਚ ਜੀਵਨ ਬਸਰ ਕਰਦੇ ਹੋਏ ਨਿਰਲੇਪ ਰਹਿਣਾ ਹੈ। ਇਹੀ ਪ੍ਰਸ਼ਨ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਕੀਤਾ ਸੀ ਕਿ ਮਾਇਆ ਭਵਜਲ ਰੂਪੀ ਸੰਸਾਰ ਵਿੱਚ ਰਹਿੰਦੇ ਹੋਏ ਨਿਰਲੇਪ ਕਿਵੇਂ ਰਿਹਾ ਜਾ ਸਕਦਾ ਹੈ ਤਾਂ ਗੁਰੂ ਨਾਨਕ ਸਾਹਿਬ ਨੇ ਉੱਤਰ ਵਜੋਂ ਕਿਹਾ ਸੀ ਕਿ :-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥[21]

## ਗੁਰਮਤਿ ਅਨੁਸਾਰ ਵੈਰਾਗ ਦਾ ਸਰੂਪ

ਗੁਰਮਤਿ ਵਿੱਚ ਵੈਰਾਗ ਦਾ ਮੌਲਿਕ ਤੇ ਆਸ਼ਾਵਾਦੀ ਸਰੂਪ ਪੇਸ਼ ਹੁੰਦਾ ਹੈ। ਗੁਰਮਤਿ ਦਾ ਵੈਰਾਗ ਸੰਸਾਰ ਤੋਂ ਭਾਂਜਵਾਦੀ ਬਿਰਤੀ ਦਾ ਲਖਾਇਕ ਨਹੀਂ ਅਤੇ ਨਾ ਹੀ ਨੀਰਸ ਇਕਾਂਤ ਤੇ ਉਚਾਰਨ ਦਾ ਧਾਰਨੀ ਹੈ। ਇਹ ਵੈਰਾਗ ਸਮਾਜਿਕ ਵਿਵਹਾਰਕਤਾ ਤੇ ਅਧਿਆਤਮਿਕਤਾ ਦੇ ਸੰਗਮ ਨਾਲ ਪ੍ਰਣਾਇਆ ਹੋਇਆ ਹੈ। ਇਸ ਦਾ ਉਦੇਸ਼ ਸੰਸਾਰ ਨਾਲੋਂ ਤੋੜ ਕੇ ਪਰਮਾਰਥ ਨਾਲ ਜੋੜਨਾ ਨਹੀਂ ਅਤੇ ਨਾ ਹੀ ਭਾਂਜਵਾਦੀ ਬਿਰਤੀ ਅਧੀਨ ਆਪਣੇ ਸਮਾਜਿਕ, ਪਰਿਵਾਰਕ ਫ਼ਰਜ਼ਾਂ ਤੋਂ ਕੰਨੀ ਕਤਰਾਉਣਾ ਹੈ। ਗੁਰਮਤਿ ਵਿੱਚਲਾ ਵੈਰਾਗ ਮਨੁੱਖੀ ਚੇਤਨਾ ਦੀਆਂ ਅਤਿ ਨੀਚ ਮਨੋਬਿਰਤੀਆਂ ਨੂੰ ਉੱਚ ਆਦਰਸ਼ ਵਿੱਚ ਤਬਦੀਲ ਕਰਨ ਦੀ ਅਵਸਥਾ ਹੈ। ਗੁਰਮਤਿ ਵੈਰਾਗ ਮਨੁੱਖੀ ਅੰਤਹਕਰਣ ਦੇ ਵਿਸ਼ੇ ਵਿਕਾਰਾਂ, ਸੰਸਾਰਕ ਲੋਭ, ਕਾਮਨਾਵਾਂ ਆਦਿ ਰਾਹੀਂ ਮੈਲੇਪਣ ਨੂੰ ਰੱਬੀ ਪ੍ਰੇਮ ਦੀ ਨਿਰਮਲ ਧਾਰਾ ਨਾਲ ਸਵੱਛ ਕਰਨਾ ਹੈ। ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਆਪਣੇ ਕੰਟਰੋਲ ਵਿੱਚ ਲੈ ਕੇ ਆਉਣਾ ਹੀ ਵੈਰਾਗ ਕਹਾਉਂਦਾ ਹੈ। ਗੁਰਮਤਿ ਵੈਰਾਗ ਤਨ, ਧਨ, ਪ੍ਰਭੂਤਾ, ਸਾਕ-ਸੰਬੰਧੀਆਂ,

ਪਦਾਰਥਕ ਸੁੱਖਾਂ ਨੂੰ ਤਿਆਗਣ ਲਈ ਹੁਕਮ ਨਹੀਂ ਕਰਦਾ ਬਲਕਿ ਇਹ ਰਸਾਂ ਦੇ ਸਮੁੱਚ ਦੀ ਮਸਤੀ, ਲੋਭ ਆਦਿ ਨੂੰ ਤਿਆਗਣ ਦਾ ਹੁਕਮ ਕਰਦਾ ਹੈ।

ਗੁਰਮਤਿ ਵੈਰਾਗ ਆਪਣੇ ਆਪ ਵਿੱਚ ਮੌਲਿਕ ਤੇ ਵਿਲੱਖਣ ਸੰਕਲਪ ਹੈ। ਗੁਰਮਤਿ ਵੈਰਾਗ ਕੇਵਲ ਸੰਕਲਪ ਨਾ ਹੋ ਕੇ ਕਰਨੀ, ਅਨੁਭਵ, ਵਿਵੇਕ 'ਤੇ ਆਧਾਰਤ ਹੈ। ਵੈਰਾਗੀ ਅਵਸਥਾ ਦੇ ਵਿਸ਼ੇਸ਼ ਚਿੰਨ੍ਹਾਂ ਪ੍ਰੇਮਾ-ਭਗਤੀ, ਕੀਰਤਨ, ਨਾਮ ਸਿਮਰਨ, ਭਾਣਾ ਮੰਨਣ, ਆਤਮ-ਸਮਰਪਣ ਆਦਿ ਮੰਨੇ ਜਾ ਸਕਦੇ ਹਨ। ਵੈਰਾਗੀ ਮਨੁੱਖ ਆਪਣੇ ਅੰਦਰੂਨੀ ਸੰਸਾਰ ਦੇ ਗ੍ਰਹਿ ਵਿੱਚ ਨਿਵਾਸ ਕਰ ਰਹੇ ਅਗੰਮੀ ਪ੍ਰਕਾਸ਼ ਨੂੰ ਲੱਭ ਲੈਂਦਾ ਹੈ ਅਤੇ ਉਸਦੀਆਂ ਗਿਆਨ ਤੇ ਕਰਮ ਇੰਦਰੀਆਂ ਉਸੇ ਰੱਬੀ ਪ੍ਰਕਾਸ਼ ਦੀ ਸ਼ਰਨ ਵਿੱਚ ਲੱਗ ਜਾਂਦੀਆਂ ਹਨ। ਵੈਰਾਗੀ ਅਸਲੀ ਵੈਰਾਗ ਦੀ ਉੱਚ ਅਵਸਥਾ ਤੱਕ ਪਹੁੰਚ ਬਣਾ ਕੇ 'ਮੰਜ਼ਿਲ-ਏ-ਮਖ਼ਸੂਦ' ਵਿੱਚ ਅਭੇਦ ਹੋ ਜਾਂਦਾ ਹੈ। ਅਭੇਦ ਹੋਣ ਤੋਂ ਭਾਵ ਇਹ ਨਹੀਂ ਕਿ ਉਹ ਸੰਸਾਰ ਦੀਆਂ ਬੁਰਾਈਆਂ, ਅਨ੍ਹਿਆ, ਜ਼ੁਲਮ, ਸਿਤਮ ਨੂੰ ਦੇਖ ਕੇ ਸ਼ਾਂਤ ਰਹਿ ਸਕਦਾ ਹੈ ਸਗੋਂ ਉਹ ਇਨ੍ਹਾਂ ਬੁਰੀਆਂ ਸ਼ਕਤੀਆਂ ਦਾ ਡਟ ਕੇ ਮੁਕਾਬਲਾ ਤੇ ਖ਼ਾਤਮਾ ਕਰਕੇ ਸੰਸਾਰ ਵਿੱਚ ਸੰਤੁਲਨ ਕਾਇਮ ਕਰਦਾ ਹੈ। ਗੁਰਮਤਿ ਦਰਸ਼ਨ ਬਾਹਰੀ ਵੈਰਾਗ, ਫੋਕੇ ਕਰਮ-ਕਾਂਡ ਜਾਂ ਬਾਹਰੀ ਅਭਿਵਿਅਕਤੀ ਨੂੰ ਮਾਨਤਾ ਨਹੀਂ ਦਿੰਦਾ। ਗੁਰਬਾਣੀ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਜੋ ਮਨੁੱਖ ਵੈਰਾਗੀ ਹੋਣ ਦਾ ਪਾਖੰਡ ਕਰਦਾ ਹੈ ਉਸ ਤੋਂ ਜਿਆਦਾ ਸੰਸਾਰ ਵਿੱਚ ਕੋਈ ਅਭਾਗਾ ਮਨੁੱਖ ਨਹੀਂ ਜਿਵੇ :-

ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥[22]

ਗੁਰਮਤਿ ਦਰਸ਼ਨ ਇੰਦ੍ਰਿਆਵੀ ਰਸਿਕਤਾ ਦੇ ਮੋਹ ਨੂੰ ਤਿਆਗਣ ਦੀ ਤਾਕੀਦ ਕਰਦਾ ਹੈ ਅਤੇ ਇਸ ਨੂੰ ਵੈਰਾਗ ਦੀ ਪ੍ਰਥਮ ਸਟੇਜ਼ ਕਿਹਾ ਜਾਂਦਾ ਹੈ ਕਿਉਂਕਿ ਪਦਾਰਥਕ ਸੰਸਾਰ ਦਾ ਤਿਆਗ ਕਰਨ ਨਾਲ ਵੈਰਾਗੀ ਨਹੀਂ ਬਣਿਆ ਜਾ ਸਕਦਾ। ਸੰਪੂਰਨ ਵੈਰਾਗੀ ਬਣਨ ਲਈ ਪਹਿਲਾਂ ਪਦਾਰਥਕ ਸੰਸਾਰ ਦਾ ਮੋਹ ਤਿਆਗਣਾ ਅਤਿ ਅਵੱਸ਼ਕ ਹੈ :-

ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥

ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥[23]

ਵੈਰਾਗ ਇੱਕ ਜੀਵਨ ਦ੍ਰਿਸ਼ਟੀ ਅਤੇ ਮਾਨਸਿਕ ਅਵਸਥਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਜੀਵ ''ਸੁਖ-ਦੁਖ ਦੋਨੋ ਸਮ ਕਰਿ ਜਾਨੈ'' ਵਾਲੀ ਅਵਸਥਾ ਹਾਸਲ ਕਰ ਲੈਂਦਾ ਹੈ। ਸਿਧਾਂਤਕ ਪਰਿਪੇਖ ਦੇ ਅਤਿਰਿਕਤ ਗੁਰਮਤਿ ਵੈਰਾਗ ਇੱਕ ਸਮਝਿਆ-ਬੁੱਝਿਆ ਹੋਇਆ ਵਿਵਹਾਰ ਹੈ।

ਗੁਰਬਾਣੀ ਵਿੱਚ ਗੁਰੂ ਨੂੰ ਜੋਗੀ ਵੀ ਕਿਹਾ ਗਿਆ ਹੈ। ਅਸਲ ਜੱਗ ਦਾ ਦਾਤਾ ਵੀ ਸਤਿਗੁਰੂ ਨੂੰ ਦੱਸਿਆ ਗਿਆ ਹੈ। ਅਸਲ ਜੋਗੀ ਬਣਨ ਲਈ ਸਭ ਤੋਂ ਪਹਿਲਾਂ ਗੁਰੂ ਨੂੰ ਮਿਲਣਾ ਜ਼ਰੂਰੀ ਹੈ ਅਤੇ ਫਿਰ ਗੁਰੂ ਰਾਹੀਂ ਦਿੱਤੇ ਸ਼ਬਦ ਦੀ ਅਰਾਧਨਾ ਤੇ ਉਸਦਾ ਵਿਵਹਾਰ ਧਾਰਨ ਕਰਕੇ ਕੇ ਹੀ ਜੋਗੀ ਬਣਿਆ ਜਾ ਸਕਦਾ ਹੈ। ਨਾਮ ਸਿਮਰਨ ਅਸਲ ਜੱਗ ਦਾ ਪ੍ਰਧਾਨ ਤੇ ਮੁੱਢਲਾ ਤੱਤ ਹੈ ਜਿਸਦਾ ਗੁਰਬਾਣੀ ਵਿੱਚ ਅਨੰਤ ਦੁਹਰਾਅ ਕੀਤਾ ਗਿਆ ਹੈ :-

ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ ॥[24]

ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥
ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਓ ॥[25]

ਗੁਰਮਤਿ ਵੈਰਾਗ ਅੰਤਰਮੁਖੀ ਸਾਧਨਾ ਹੈ ਜਿਸ ਨਾਲ ਅੰਤਹਕਰਣ ਦਾ ਸ਼ੁੱਧੀਕਰਨ ਕੀਤਾ ਜਾਂਦਾ ਹੈ। ਮਨੁੱਖੀ ਚੇਤਨਾ ਨੂੰ ਵਿਸ਼ੇ ਵਿਕਾਰਾਂ ਦੀ ਮੈਲ ਤੋਂ ਆਜ਼ਾਦ ਕਰਵਾ ਕੇ ਉੱਜਵਲ ਬਣਾਉਣਾ ਹੀ ਗੁਰਮਤਿ ਵੈਰਾਗ ਹੈ। ਸੰਸਕਾਰਾਂ ਦੇ ਜਾਲ ਤੋਂ ਖ਼ਲਾਸੀ ਤਾਂ ਹੀ ਮਿਲ ਸਕਦੀ ਹੈ ਜੇਕਰ ਗੁਰਮਤਿ ਵੈਰਾਗ ਦਾ ਧਾਰਨੀ ਬਣਿਆ ਜਾਵੇ।

ਡਾ. ਗੁਲਜ਼ਾਰ ਸਿੰਘ ਕੰਗ ਭਾਈ ਨੰਦ ਲਾਲ ਦੇ ਹਵਾਲੇ ਨਾਲ ਗੁਰਮਤਿ ਵੈਰਾਗ ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਵਸਲ ਦਾ ਬੀਜ ਅਤੇ ਸੁਆਦ ਅਸਲ ਵਿੱਚ ਬਿਰਹਾ ਦੀ ਪ੍ਰੇਮ ਪੀੜ੍ਹਾ ਵਿੱਚ ਲੁਕਿਆ ਹੈ। ਜਿਵੇਂ ਮੀਂਹ ਦੀ ਹਸਤੀ ਗਰਮੀ, ਹੁੰਮਸ ਤੇ ਕਾਲੀ-ਬੋਲੀ ਹਨ੍ਹੇਰੀ ਵਿੱਚ ਪਲ਼ਦੀ ਹੈ, ਇਸੇ ਤਰ੍ਹਾਂ ਮਿਲਾਪ ਦਾ ਬੀਜ ਜੁਦਾਈ ਵਿੱਚ ਨਿੰਮਦਾ, ਜੰਮਦਾ ਅਤੇ ਪਲਦਾ ਹੈ। ਜੁਦਾਈ ਵਿੱਚੋਂ ਵੈਰਾਗ ਉਤਪੰਨ ਹੁੰਦਾ ਹੈ ਅਤੇ ਵੈਰਾਗ ਵਿੱਚੋਂ ਮਿਲਾਪ।।[26]

ਸੰਖ਼ੇਪ ਵਿੱਚ ਕਹਿ ਸਕਦੇ ਹਾਂ ਕਿ ਗੁਰਮਤਿ ਵਿਚਾਰਧਾਰਾ ਨੇ ਸੰਸਾਰਿਕਤਾ ਤੇ ਅਧਿਆਤਮਿਕਤਾ ਦੀ ਪਰਸਪਰ ਸਹਿਹੋਂਦ ਰਾਹੀਂ ਆਤਮਾ ਦਾ ਪਰਮਾਤਮਾ ਵਿੱਚ ਵਿਲੀਨਤਾ ਦਾ ਮਾਰਗ ਦ੍ਰਿੜ ਕਰਵਾਇਆ ਜੋ ਮੌਲਿਕ ਅਤੇ ਵਿਸ਼ੇਸ਼ ਹੈ। ਗੁਰਮਤਿ ਵਿਚਾਰਧਾਰਾ ਨੇ ਅਧਿਆਤਮਿਕਤਾ ਦੀ ਬਾਹਰਮੁਖੀ ਅਤੇ ਫੋਕੀ ਅਭਿਵਿਅਕਤੀ ਦੀ ਆਲੋਚਨਾ ਕਰਕੇ ਉਸਨੂੰ ਅੰਤਰਮੁਖੀ ਅਨੁਭਵ ਅਤੇ ਸਾਧਨਾ ਤਸੱਵਰ ਕੀਤਾ ਹੈ। ਬਾਹਰੀ ਲੇਖਾਂ, ਚਿੰਨ੍ਹਾਂ, ਕਰਮ ਕਾਂਡਾਂ ਤੋਂ ਵਰਜ ਕੇ ਅੰਤਹਕਰਣ ਦੀ ਸ਼ੁੱਧੀਕਰਨ ਉੱਪਰ ਜ਼ੋਰ ਦੇ ਕੇ ਸਰਲ ਮਾਰਗ ਵੀ ਪ੍ਰਗਟਾਇਆ ਹੈ।

**ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚਲੀਆਂ ਪਰਸਪਰ ਸਾਂਝਾਂ ਅਤੇ ਵਖਰੇਵੇਂ**

**ਗੁਰੂ ਤੇਗ ਬਹਾਦਰ ਜੀਵਨ, ਰਚਨਾ ਅਤੇ ਤੱਤਕਾਲੀਨ ਬੋਧ**

ਗੁਰੂ ਤੇਗ ਬਹਾਦਰ ਨੂੰ ਗੁਰੂ ਨਾਨਕ ਦੀ 'ਨੌਵੀਂ ਜੋਤ' ਅਤੇ 'ਹਿੰਦ ਦੀ ਚਾਦਰ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਅਤੇ ਉਨ੍ਹਾਂ ਦੇ ਸਮੁੱਚੇ ਜੀਵਨ ਦੀ ਵਿਵਹਾਰਕਤਾ ਸਮਭਾਵੀ ਸੀ। ਉਨ੍ਹਾਂ ਦੀ ਰਚਨਾ ਵਿੱਚੋਂ ਜੋ ਉਪਦੇਸ਼ ਦ੍ਰਿੜ ਹੁੰਦਾ ਹੈ ਉਸੇ ਉਪਦੇਸ਼ ਦੀ ਮਹਿਕ ਉਨ੍ਹਾਂ ਦੀ ਦੇਹ ਦੇ ਵਿਵਹਾਰ ਵਿੱਚੋਂ ਮਿਲਦੀ ਹੈ। ਉਹ ਪਵਿੱਤਰਤਾ ਦਾ ਮੁਜੱਸਮਾ, ਨਿਮਰਤਾ ਦੇ ਪੁੰਜ, ਮਹਾਨ ਤਪੱਸਵੀ, ਤੇਗ ਦੇ ਧਨੀ, ਨਿਡਰ, ਤਿਆਗੀ ਅਤੇ ਜਗਤ ਉੱਧਾਰਕ ਸਨ। ਅਜਿਹੀ ਰੱਬੀ ਆਤਮਾ ਦਾ ਪ੍ਰਕਾਸ਼ ਵਿਸਾਖ ਵਦੀ 5 ਸੰਮਤ 1678 ਬਿਕ੍ਰਮੀ (1 ਅਪ੍ਰੈਲ, 1621 ਈ:) ਨੂੰ ਅੰਮ੍ਰਿਤਸਰ ਵਿੱਚ ਹੋਇਆ।[27]

ਗੁਰੂ ਹਰਿਗੋਬਿੰਦ ਜੀ ਨੇ ਜਦੋਂ ਬਾਲਕ ਦੇ ਦਰਸ਼ਨ ਕੀਤੇ ਤਾਂ ਸ਼ੁਭ ਭਵਿੱਖ ਬਾਣੀ ਕੀਤੀ ''ਮੇਰੇ ਪੰਜ ਪੁੱਤਰਾਂ ਵਿੱਚੋਂ ਇਹ ਗੁਰਗੱਦੀ ਦਾ ਵਾਰਸ ਬਣੇਗਾ। ਇਹ ਨਿਤਾਣਿਆਂ ਦਾ ਤਾਣ ਬਣੇਗਾ ਅਤੇ ਉਨ੍ਹਾਂ ਦੇ ਦੁੱਖ ਹਰੇਗਾ। ਇਸਦੀ ਪ੍ਰਮੁੱਖ ਪਛਾਣ ਇਹੀ ਹੋਵੇਗੀ।''[28] ਮੁੱਢਲਾ ਨਾਂ ਤਿਆਗ ਮੱਲ ਰੱਖਿਆ ਗਿਆ ਅਤੇ ਕਰਤਾਰਪੁਰ ਦੀ ਜੰਗ ਵਿੱਚ ਤਲਵਾਰ ਦੇ ਜੌਹਰ ਦਿਖਾਉਣ ਕਾਰਨ ਗੁਰੂ ਹਰਗੋਬਿੰਦ ਜੀ ਨੇ ਤਿਆਗ ਮੱਲ ਤੋਂ ਤੇਗ ਬਹਾਦਰ ਬਣਾ ਦਿੱਤਾ।

**ਮੁੱਢਲਾ ਸਮਾਂ ਤੇ ਵਿੱਦਿਆ**

ਗੁਰੂ ਤੇਗ ਬਹਾਦਰ ਦੇ ਬਚਪਨ ਦਾ ਮੁੱਢਲਾ ਸਮਾਂ ਅੰਮ੍ਰਿਤਸਰ ਵਿੱਚ ਬਤੀਤ ਹੋਇਆ। ਉਨ੍ਹਾਂ ਦੀ ਪਰਵਰਿਸ਼ ਦੀ ਜਿੰਮੇਵਾਰੀ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਦੀ ਲਾਈ ਗਈ। ਸ਼ਾਸਤਰ ਤੇ ਸ਼ਸਤਰ ਵਿੱਦਿਆ ਵੀ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਅਧੀਨ ਹੋਈ।[29] ਗੁਰੂ ਤੇਗ ਬਹਾਦਰ ਨੇ ਬੜੀ ਕੁਸ਼ਲਤਾ, ਅਭਿਆਸ, ਮਿਹਨਤ ਤੇ ਲਗਨ ਨਾਲ ਸ਼ਾਸਤਰ ਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨਤਾ ਹਾਸਲ ਕੀਤੀ। ਗੁਰੂ ਤੇਗ ਬਹਾਦਰ ਜੀ ਨੇ ਭਾਸ਼ਾ, ਇਤਿਹਾਸ, ਹਿਸਾਬ, ਧਰਮ ਸ਼ਾਸਤਰ, ਤੱਤ ਵਿਗਿਆਨ ਤੇ ਤਰਕ, ਇਸਲਾਮੀ ਸ਼ਰ੍ਹਾ ਦਾ ਗਿਆਨ, ਗੀਤਾ, ਰਮਾਇਣ, ਮਹਾਂਭਾਰਤ, ਸੂਫੀ ਸਿਧਾਤਾਂ ਬਾਰੇ ਗਿਆਨ, ਸੰਗੀਤ, ਘੋੜ ਸਵਾਰੀ, ਧਨੁਸ਼ਬਾਜ਼ੀ ਤੇ ਹੋਰ ਸ਼ਾਸਤਰ ਕਲਾਵਾਂ ਵਿੱਚ ਪ੍ਰਵੀਨਤਾ ਹਾਸਲ ਕੀਤੀ।[30]

**ਵਿਆਹ**

ਗੁਰੂ ਤੇਗ ਬਹਾਦਰ ਸਾਹਿਬ ਦਾ ਵਿਆਹ 13 ਸਾਲ ਦੀ ਉਮਰ ਵਿੱਚ ਕਰਤਾਰਪੁਰ ਦੇ ਲਾਲ ਚੰਦ ਦੀ ਸਪੁੱਤਰੀ 'ਗੁਜਰੀ' ਨਾਲ ਹੋਇਆ ਡਾ. ਹਰਬੰਸ ਸਿੰਘ ਅਨੁਸਾਰ 9 ਫੱਗਣ 1689 ਬਿਕ੍ਰਮੀ (14 ਫਰਵਰੀ, 1633 ਈ:) ਨੂੰ ਗੁਰੂ ਤੇਗ ਬਹਾਦਰ ਸਾਹਿਬ ਦਾ ਵਿਆਹ ਰਚਾਇਆ ਗਿਆ।[31] ਵਿਆਹ ਤੋਂ ਉਪਰੰਤ 27 ਸਾਲ ਗੁਰੂ ਜੀ ਤਿਆਗੀ, ਬ੍ਰਹਮਚਾਰੀ ਜੀਵਨ ਬਸਰ ਕਰਦੇ ਰਹੇ ਅਤੇ ਅਕਾਲ ਪੁਰਖ ਦੀ ਬੰਦਗੀ ਵਿੱਚ ਸਮਾਂ ਬਤੀਤ ਕੀਤਾ । ਗੁਰੂ ਜੀ ਨੇ ਸੰਸਾਰਕ ਰੁਚੀਆਂ ਵਿੱਚ ਸਮੇਂ ਨੂੰ ਖ਼ਪਤ ਨਹੀਂ ਕੀਤਾ।

**ਗੁਰਤਾਗੱਦੀ**

ਗੁਰੂ ਤੇਗ ਬਹਾਦਰ ਸਾਹਿਬ ਨੇ ਬਾਬਾ ਬਕਾਲਾ ਸਾਹਿਬ ਦੀ ਧਰਤੀ ਉੱਪਰ ਨਿਵਾਸ ਕਰ ਲਿਆ ਸੀ। ਗੁਰੂ ਹਰਗੋਬਿੰਦ ਜੀ 4 ਮਾਰਚ, 1644 ਈ: ਨੂੰ ਜੋਤੀ ਜੋਤਿ ਸਮਾ ਗਏ ਅਤੇ ਗੁਰਗੱਦੀ ਆਪਣੇ ਪੋਤਰੇ ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਗਏ ਜੋ ਬਾਬਾ ਗੁਰਦਿੱਤਾ ਜੀ ਦੇ ਪੁੱਤਰ ਸਨ। ਗੁਰੂ ਹਰਿਰਾਇ ਜੀ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ 'ਤੇ ਬੈਠੇ ਜੋ 30 ਮਾਰਚ, 1664 ਈ: ਨੂੰ ਜੋਤੀ ਜੋਤਿ ਸਮਾ ਗਏ ਅਤੇ ਸਿੱਖਾਂ ਨੂੰ ਗੁਰਗੱਦੀ ਦੇ ਅਗਲੇ ਵਾਰਸ ਲਈ ਸਪੱਸ਼ਟ ਇਸ਼ਾਰਾ ਦਿੱਤਾ 'ਬਾਬਾ ਬਕਾਲੇ'। ਇਹ ਵਾਕ ਸੁਣਦੇ ਹੀ ਕਰਤਾਰਪੁਰ ਦੇ ਸੋਢੀਆਂ,

ਬੇਦੀਆਂ ਤੇ ਮੀਣਿਆਂ ਨੇ ਆਪਣੀਆਂ ਆਪਣੀਆਂ ਗੁਰਗੱਦੀਆਂ ਸਥਾਪਿਤ ਕਰ ਲਈਆਂ। ਉਨ੍ਹਾਂ ਵਿੱਚੋਂ 11 ਪ੍ਰਮੁੱਖ ਮਸੰਦ ਸਨ ਜਿੰਨ੍ਹਾਂ ਦਾ ਸੰਗਤਾਂ ਵਿੱਚ ਕਾਫੀ ਬੋਲਬਾਲਾ ਸੀ। ਇਸ ਤਰ੍ਹਾਂ 22 ਮੰਜੀਆਂ ਲੱਗ ਗਈਆਂ।[32]

ਜਿਸ ਕਾਰਨ ਸਿੱਖਾਂ ਲਈ ਅਸਲੀ ਗੁਰੂ ਦੀ ਭਾਲ ਕਰਨਾ ਬਹੁਤ ਕਠਿਨਾਈ ਵਾਲਾ ਕਾਰਜ ਸੀ। ਇਸ ਸਮੱਸਿਆ ਦਾ ਹੱਲ ਭਾਈ ਮੱਖਣ ਸ਼ਾਹ ਲੁਬਾਣਾ ਦੁਆਰਾ ਸਰ ਹੁੰਦਾ ਹੈ ਅਤੇ ਅਕਤੂਬਰ, 1664 ਈ: ਨੂੰ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਉੱਪਰ ਪ੍ਰਤੱਖ ਤੌਰ 'ਤੇ ਸੁਭਾਇਮਾਨ ਹੋ ਜਾਂਦੇ ਹਨ। ਧੀਰ ਮੱਲੀਆਂ ਤੇ ਮਸੰਦਾਂ ਵੱਲੋਂ ਬਹੁਤ ਵਿਰੋਧ ਵੀ ਕੀਤਾ ਜਾਂਦਾ ਹੈ ਪਰ ਗੁਰੂ ਜੀ ਸਿੱਖ ਸੰਗਤਾਂ ਨੂੰ ਨਿਮਰਤਾ ਤੇ ਸ਼ਾਂਤੀ ਦਾ ਉਪਦੇਸ਼ ਦ੍ਰਿੜ ਕਰਾਉਂਦੇ ਹਨ। ਭਾਈ ਗੁਰਦਿੱਤਾ ਜੀ ਨੇ ਗੁਰਗੱਦੀ ਦੀ ਰਸਮ ਦੀ ਸੇਵਾ ਨਿਭਾਈ।

**ਯਾਤਰਾਵਾਂ**

ਧਰਮ ਦੇ ਪ੍ਰਚਾਰ ਹਿਤ ਗੁਰੂ ਤੇਗ ਬਹਾਦਰ ਜੀ ਨੇ ਬਹੁਤ ਲੰਮੇਰੀਆਂ ਯਾਤਰਾਵਾਂ ਕੀਤੀਆਂ। ਆਸਾਮ, ਢਾਕੇ, ਮਾਲਵਾ, ਦੁਆਬਾ, ਮਾਝਾ, ਉੱਤਰ ਪ੍ਰਦੇਸ਼, ਬੰਗਾਲ ਆਦਿ ਸਭ ਤੀਰਥਾਂ ਉੱਪਰ ਜਾ ਕੇ ਗੋਸ਼ਟੀਆਂ, ਵਿਚਾਰ ਵਟਾਂਦਰਾ ਕੀਤਾ ਤੇ ਸਿੱਖਾਂ ਨੂੰ ਉਪਦੇਸ਼ ਦਿੱਤੇ। ਸਿੱਖੀ ਦੇ ਪ੍ਰਚਾਰ ਦੇ ਪ੍ਰਸਾਰ ਵਿੱਚ ਵੱਡਮੁਲਾ ਯੋਗਦਾਨ ਪਾਇਆ। 1671 ਈ: ਨੂੰ ਗੁਰੂ ਸਾਹਿਬ ਅਨੰਦਪੁਰ ਦੀ ਧਰਤੀ ਉੱਪਰ ਵਾਪਸ ਪਰਤਦੇ ਹਨ ਅਤੇ ਇੱਥੇ ਹੀ ਨਿਵਾਸ ਕਰਦੇ ਹਨ।

**ਸ਼ਹਾਦਤ**

ਔਰੰਗਜ਼ੇਬ ਭਾਰਤ ਦੇ ਵਿਭਿੰਨ ਮੱਤਾਂ ਨੂੰ ਇੱਕ ਮੱਤ ਵਿੱਚ ਤਬਦੀਲ ਕਰਨਾ ਚਾਹੁੰਦਾ ਸੀ ਜਿਸ ਕਾਰਨ ਉਸਨੇ ਨਜ਼ਾਇਜ ਕਰ ਅਤੇ ਅੱਤਿਆਚਾਰ ਆਰੰਭਿਆ ਹੋਇਆ ਸੀ। ਇਸੇ ਅੱਤਿਆਚਾਰ ਦੇ ਸਤਾਏ ਕਸ਼ਮੀਰੀ ਪੰਡਤ ਗੁਰੂ ਤੇਗ ਬਹਾਦਰ ਪਾਸ ਧਰਮ ਤੇ ਜਾਨ ਦੀ ਸਲਾਮਤੀ ਲਈ ਫ਼ਰਿਆਦ ਲੈ ਕੇ ਆਏ। ਗੁਰੂ ਜੀ ਨੇ ਉਨ੍ਹਾਂ ਦੀ ਫ਼ਰਿਆਦ ਪਰਵਾਨ ਕੀਤੀ ਅਤੇ 'ਸ਼ਹਾਦਤ-ਏ-ਜਾਮ' ਪੀਣ ਲਈ ਦਿੱਲੀ ਵੱਲ ਕੂਚ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲ ਕਰਨ ਲਈ ਜਾਂ ਕਰਾਮਾਤ ਦਿਖਾਉਣ ਲਈ ਕਿਹਾ ਜਾਂਦਾ ਹੈ। ਇਨ੍ਹਾਂ ਦੋਨਾਂ ਨੂੰ ਅਪ੍ਰਵਾਨ ਕਰਨ ਦੀ ਸਜ਼ਾ 'ਸਜ਼ਾ-ਏ-ਮੌਤ' ਸੀ। ਗੁਰੂ ਜੀ ਨੇ ਔਰੰਗਜ਼ੇਬ ਦੁਆਰਾ ਰੱਖੇ ਪ੍ਰਸਤਾਵ ਨੂੰ ਠੁਕਰਾਉਂਦੇ

ਹੋਏ, ਜ਼ੁਲਮ ਨਾ ਸਹਿਣ ਕਰਦੇ ਹੋਏ, ਧਰਮ ਦੀ ਖ਼ਾਤਰ ਸ਼ਹੀਦ ਹੋਣਾ ਪ੍ਰਵਾਨ ਕੀਤਾ। 11 ਨਵੰਬਰ,1675 ਈ: ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਕਾਜ਼ੀ ਅਬੁਲ ਵਹਾਬ ਨੇ ਫ਼ਤਵਾ ਪੜ੍ਹਿਆ ਅਤੇ ਸਮਾਣੇ ਦੇ ਜੱਲਾਦ ਜਲਾਲਦੀਨ ਨੇ ਗੁਰੂ ਸਾਹਿਬ ਦਾ ਸੀਸ ਧੜ ਤੋਂ ਜੁਦਾ ਕਰ ਦਿੱਤਾ।

**ਬਾਣੀ**

ਗੁਰੂ ਤੇਗ ਬਹਾਦਰ ਸਾਹਿਬ ਦੇ 59 ਸ਼ਬਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ। ਇਨ੍ਹਾਂ ਦੀ ਸਮੁੱਚੀ ਬਾਣੀ 15 ਰਾਗਾਂ ਵਿੱਚ ਅੰਕਿਤ ਹੈ। ਇਸ ਸਮੁੱਚੀ ਬਾਣੀ ਦਾ ਰਚਨਾਕਾਲ ਸੰਮਤ 1721 ਤੋਂ 1732 ਦੇ ਦਰਮਿਆਨ ਮੰਨਿਆ ਜਾਂਦਾ ਹੈ।[33]

**ਬਾਬਾ ਫ਼ਰੀਦ ਜੀਵਨ, ਰਚਨਾ ਤੇ ਤੱਤਕਾਲੀਨ ਬੋਧ**

ਸ਼ੇਖ ਫ਼ਰੀਦ ਸੂਫੀਆਂ ਦੇ ਚਿਸ਼ਤੀ ਸਿਲਸਿਲੇ ਦੇ ਰੂਹਾਨੀ ਅਤੇ ਪ੍ਰਸਿੱਧ ਦਰਵੇਸ਼ ਹੋਏ ਹਨ। ਇਸ ਸਿਲਸਿਲੇ ਦਾ ਆਰੰਭਕ ਖਵਾਜ਼ਾ ਹਸਨ ਬਸਰੀ ਨੂੰ ਤਸੱਵਰ ਕੀਤਾ ਜਾਂਦਾ ਹੈ। ਹਿੰਦੁਸਤਾਨ ਵਿੱਚ ਇਸ ਖਾਨਦਾਨ ਦਾ ਪ੍ਰੇਵਸ਼ ਹਸਨ ਬਸਰੀ ਦੇ ਚੌਦਵੇਂ ਖਲੀਫ਼ੇ ਖਵਾਜਾ ਮੁਈਨਦੀਨ ਦੁਆਰਾ ਹੁੰਦਾ ਹੈ। ਖਵਾਜਾ ਮੁਈਨਦੀਨ ਚਿਸ਼ਤੀ ਨੇ ਆਪਣੀ ਗੱਦੀ ਕੁਤਬੁਦੀਨ ਬਖ਼ਤਿਆਰ ਕਾਕੀ ਨੂੰ ਦਿੱਤੀ। ਇਸ ਤੋਂ ਬਾਅਦ ਇਸ ਗੱਦੀ ਦੇ ਜਾਨਸ਼ੀਨ ਸ਼ੇਖ ਫ਼ਰੀਦ ਬਣਦੇ ਹਨ। ਡਾ. ਜੀਤ ਸਿੰਘ ਸੀਤਲ ਬਾਬਾ ਫ਼ਰੀਦ ਜੀ ਦੇ ਇੱਕ ਸੌ ਇੱਕ (101) ਨਾਵਾਂ ਦੀ ਸੂਚੀ ਦਾ ਜ਼ਿਕਰ ਕਰਦੇ ਹਨ।[34]

**ਜਨਮ ਤੇ ਵਿਆਹ**

ਬਾਬਾ ਫ਼ਰੀਦ ਦਾ ਜਨਮ ਜਿਲ੍ਹਾ ਮੁਲਤਾਨ ਦੇ ਪਿੰਡ ਖੋਤਵਾਲ ਵਿਖੇ 1173 ਈ: ਵਿੱਚ ਪਿਤਾ ਜਮਾਲੁਦੀਨ ਸੁਲੇਮਾਨ ਦੇ ਘਰ ਮਾਤਾ ਕਰਸੂਸ ਬੀਬੀ ਦੀ ਕੁੱਖੋਂ ਹੋਇਆ। ਮੁੱਢਲੀ ਵਿੱਦਿਆ ਖੋਤਵਾਲ ਅਤੇ ਮੁਲਤਾਨ ਵਿੱਚ ਹੀ ਪ੍ਰਾਪਤ ਕੀਤੀ ਅਤੇ ਇੱਥੇ ਹੀ ਕੁਤਬੁਦੀਨ ਬਖ਼ਤਿਆਰ ਕਾਕੀ ਤੋਂ ਪ੍ਰਭਾਵਿਤ ਹੋ ਗਏ ਅਤੇ ਰੱਬੀ ਪਿਆਰ ਦੇ ਰੰਗ ਵਿੱਚ ਮਸਤ ਹੋ ਗਏ। ਫ਼ਰੀਦ ਜੀ ਨੇ ਆਪਣੇ ਮੁਰਸ਼ਦ ਕੁਤਬੁਦੀਨ ਬਖ਼ਤਿਆਰ ਕਾਕੀ ਦੇ ਹੁਕਮ ਅਨੁਸਾਰ ਦੁਨਿਆਵੀ ਵਿੱਦਿਆ ਵਿਭਿੰਨ ਸਥਾਨਾਂ ਤੋਂ ਪ੍ਰਾਪਤ ਕਰਨ ਉਪਰੰਤ ਕਾਸ਼ੀ ਜਾ ਕੇ ਇਸਲਾਮ ਦਾ ਪ੍ਰਚਾਰ ਕੀਤਾ

ਅਤੇ ਮੁਰਸ਼ਦ ਦੇ 'ਸਪੁਰਦ-ਏ-ਖਾਕ' ਹੋਣ ਤੋਂ ਬਾਅਦ ਗੱਦੀ ਦੇ ਵਾਰਸ ਬਣੇ ਅਤੇ ਪਾਕਪਟਨ ਨੂੰ ਨਿਵਾਸ ਸਥਾਨ ਬਣਾ ਲਿਆ। ਬਾਬਾ ਫ਼ਰੀਦ ਜੀ ਦੀਆਂ ਕਈ ਸ਼ਾਦੀਆਂ ਦਾ ਉਲੇਖ ਮਿਲਦਾ ਹੈ। ਪਹਿਲਾ ਵਿਆਹ ਬਾਦਸ਼ਾਹ ਨਾਸਿਰੁਦੀਨ ਦੀ ਪੁੱਤਰੀ ਹਜਬਰਾ ਨਾਲ ਹੋਇਆ। ਉਨ੍ਹਾਂ ਦੇ ਪੰਜ ਪੁੱਤਰ ਤੇ ਤਿੰਨ ਧੀਆਂ ਦੱਸੇ ਜਾਂਦੇ ਹਨ। ਪੁੱਤਰਾਂ ਦੇ ਨਾਂ- ਸ਼ੇਖ ਅਬਦੁਲਾ, ਸ਼ੇਖ ਬਦਰੁਦੀਨ ਸੁਲੇਮਾਨ, ਸ਼ੇਖ ਸ਼ਹਾਬੁਦੀਨ (ਗੰਜੁਲ ਇਲਪ), ਸ਼ੇਖ ਨਿਜਾਮੁਦੀਨ ਅਤੇ ਸ਼ੇਖ ਯਾਕੂਬ। ਧੀਆਂ ਦੇ ਨਾਂ : ਬੀਬੀ ਫ਼ਾਤਮਾ, ਮਸਤੂਰਾ ਅਤੇ ਸ਼ਰੀਫਾ। ਉਪਰੰਤ ਇੱਕ ਵਿਧਵਾ ਉਸ ਕਲਸੂਮ ਨਾਲ ਸ਼ਾਦੀ ਦਾ ਜ਼ਿਕਰ ਮਿਲਦਾ ਹੈ। ਬਾਬਾ ਫ਼ਰੀਦ ਜੀ ਦੀ ਅੰਤਮ ਯਾਤਰਾ 15 ਅਕਤੂਬਰ, 1266 ਨੂੰ ਸਮਾਪਤ ਹੋਈ।[35]

**ਫ਼ਰੀਦ ਵਿਅਕਤੀਤਵ**

ਕਿਸੇ ਵੀ ਸ਼ਖ਼ਸੀਅਤ ਦੇ ਵਿਅਕਤੀਤਵ ਨੂੰ ਦੇਖਣ ਲਈ ਉਸਦੇ ਜੀਵਨ ਦੀ ਵਿਵਹਾਰਕਤਾ ਤੇ ਉਸਦੀ ਰਚਨਾ ਨੂੰ ਆਧਾਰ ਬਣਾਇਆ ਜਾਣਾ ਜ਼ਰੂਰੀ ਹੈ ਕਿਉਂਕਿ ਜੋ ਤੱਥ ਕਿਸੇ ਦੀ ਕਿਰਤ ਬਿਆਨ ਕਰ ਸਕਦੀ ਹੈ ਉਹ ਦੂਜੇ ਦੀ ਪਹੁੰਚ ਤੋਂ ਪਰੇ ਹੁੰਦੇ ਹਨ। ਇਸ ਲਈ ਬਾਬਾ ਫ਼ਰੀਦ ਦੇ ਵਿਅਕਤੀਤਵ ਦੇ ਪ੍ਰਸ਼ਨ ਲਈ ਉਨ੍ਹਾਂ ਦੀ ਰਚਨਾ ਦਾ ਅਧਿਐਨ ਕਰਨਾ ਲਾਜ਼ਮੀ ਹੈ।

**ਸੰਜਮੀ ਸੁਭਾਅ**

ਬਾਬਾ ਫ਼ਰੀਦ ਜੀ ਦੀ ਰਚਨਾ ਦਾ ਅਧਿਐਨ ਕੀਤਿਆਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੇ ਵਿਅਕਤੀਤਵ ਅਤੇ ਜੀਵਨ ਸ਼ੈਲੀ ਦਾ ਸਰਲ ਤੇ ਪ੍ਰਥਮ ਗੁਣ ਸੰਜਮੀ ਜੀਵਨ ਸੀ ਕਿਉਂਕਿ ਸੰਜਮੀ ਜੀਵਨ ਵਿੱਚ ਇੱਛਾਵਾਂ ਦੀ ਬਹੁਤਾਂਤ ਨਹੀਂ ਹੁੰਦੀ ਅਤੇ ਮਨੁੱਖ ਸੀਮਤ ਵਸਤਾਂ ਨਾਲ ਜੀਵਨ ਨਿਰਬਾਹ ਕਰਕੇ ਆਪਣੇ ਅੰਤਮ ਲਕਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਸੰਪੂਰਨ ਗਿਆਨ ਤੇ ਕਰਮ ਇੰਦਰੀਆਂ ਦਾ ਸੰਜਮ ਹੀ ਅਸਲ ਤਿਆਗ/ਵੈਰਾਗ ਹੈ। ਇਨ੍ਹਾਂ ਇੰਦ੍ਰਿਆਵੀ ਰਸਾਂ ਦੇ ਮੋਹ ਦਾ ਤਿਆਗ ਸੰਜਮਮਈ ਜੀਵਨ ਸ਼ੈਲੀ ਰਾਹੀਂ ਹੀ ਸੰਭਵ ਹੈ। ਇਸੇ ਮੋਹ ਤੋਂ ਖ਼ਲਾਸੀ ਮਨੁੱਖ ਨੂੰ ਗੁਰਮੁੱਖ/ਅਸਲ ਯੋਗੀ ਦੀ ਅਵਸਥਾ ਪ੍ਰਦਾਨ ਕਰਦੀ ਹੈ। ਆਧੁਨਿਕ ਸਮਾਜਿਕ ਬੁਰਾਈਆਂ, ਯੁੱਧ, ਲੜਾਈਆਂ, ਆਦਿ ਦਾ ਸਮਾਧਾਨ 'ਸੰਤੋਖ਼ੀ/ਸੰਜਮੀ ਜੀਵਨ ਸ਼ੈਲੀ ਵਿੱਚ ਪਿਆ ਹੈ।

ਸਮਾਜਿਕ ਜਗੀਰੂ ਪ੍ਰਬੰਧ, ਕਬਾਇਲੀ ਸੋਚ ਆਦਿ ਸਭ ਇੰਦ੍ਰਿਆਵੀ ਰਸਿਕਤਾ ਦੇ ਮੋਹ ਦੀ ਪੈਦਾਇਸ਼ ਹੈ। ਬਾਬਾ ਫ਼ਰੀਦ ਜੀ ਉਪਰੋਕਤ ਵੀਚਾਰ ਦੀ ਪੁਸ਼ਟੀ ਕਰਦੇ ਹਨ :-

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥[36]

**ਨਿਮਰਤਾ ਦਾ ਮੁਜੱਸਮਾ**

ਫ਼ਰੀਦ ਜੀ ਦੇ ਜੀਵਨ ਵਿੱਚ ਬਚਪਨ ਤੋਂ ਲੈ ਕੇ ਦੇਹ ਦੇ ਅੰਤਲੇ ਸੁਆਸਾਂ ਤੱਕ ਕਿਸੇ ਵੀ ਅਜਿਹੀ ਘਟਨਾ ਦਾ ਉਲੇਖ ਪ੍ਰਾਪਤ ਨਹੀਂ ਹੁੰਦਾ ਜਿਸ ਤੋਂ ਪਤਾ ਲੱਗੇ ਕਿ ਫ਼ਰੀਦ ਜੀ ਨੇ ਬਦਲਾ ਲਿਆ ਜਾਂ ਵਧੀਕੀ ਕੀਤੀ ਹੋਵੇ। ਫ਼ਰੀਦ ਜੀ ਆਪਣੀ ਰਚਨਾ ਵਿੱਚ ਸਪੱਸ਼ਟ ਚਿਤਰਨ ਕਰਦੇ ਹਨ ਕਿ ਬੁਰੇ ਨਾਲ ਬੁਰਾ ਕਰਨਾ ਨੇਕ ਬੰਦੇ ਦਾ ਕਾਰਜ ਨਹੀਂ। ਫ਼ਰੀਦ ਜੀ ਤਾਂ 'ਬੁਰੇ ਦਾ ਭਲਾ ਕਰਿ' ਦਾ ਸੰਕਲਪ ਸਿਰਜਦੇ ਹਨ ਅਤੇ ਇਸ ਦਾ ਵਿਵਹਾਰਕ ਰੂਪ ਉਨ੍ਹਾਂ ਦੇ ਜੀਵਨ ਵਿੱਚੋਂ ਵੀ ਦੇਖਿਆ ਜਾ ਸਕਦਾ ਹੈ :-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥[37]

ਬਾਬਾ ਫ਼ਰੀਦ ਜੀ ਦੇ ਵਿਅਕਤੀਤਵ ਨੂੰ ਸੰਖ਼ਿਪਤ ਰੂਪ ਵਿੱਚ ਪ੍ਰਗਟ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਫ਼ਰੀਦ ਇਲਾਹੀ ਨੂਰ ਨਾਲ ਸ਼ਰਸ਼ਾਰ, ਪਰਉਪਕਾਰੀ ਬਿਰਤੀ, ਅਤਿ ਸੰਜਮੀ ਜੀਵਨ ਸ਼ੈਲੀ, ਰੱਬੀ ਪਿਆਰ ਵਿੱਚ ਭਿੱਜੀ ਰੂਹ ਸੀ ਜਿਸ ਨੇ ਅਧਿਆਤਮਿਕ ਪੰਧ ਦੀਆਂ ਸਮੂਹ ਮੰਜ਼ਿਲਾਂ ਨੂੰ ਸਰ ਕਰਕੇ ਅਸਲ ਮੁਕਾਮ ਹਾਸਲ ਕੀਤਾ।

**ਰਚਨਾ**

ਬਾਬਾ ਫ਼ਰੀਦ ਜੀ ਦੀ ਰਚਨਾ (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ) 112 ਸਲੋਕ ਤੇ 04 ਸ਼ਬਦ ਹਨ। ਭਾਵੇਂ ਕਿ ਇਨ੍ਹਾਂ ਦੀ ਰਚਨਾ ਬਾਰੇ ਸ਼ੰਕੇ ਵੀ ਖੜੇ ਕੀਤੇ ਜਾਂਦੇ ਹਨ ਕਿ ਇਹ ਬਾਣੀ ਫ਼ਰੀਦ ਜੀ ਦੀ ਨਹੀਂ ਪਰ

ਵਿਦਵਾਨਾਂ ਦੀ ਬਹੁਤਾਂਤ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਬਾਣੀ ਨੂੰ ਫ਼ਰੀਦ ਜੀ ਦੀ ਬਾਣੀ ਹੀ ਮੰਨਦੇ ਹਨ। ਇਨ੍ਹਾਂ ਸਲੋਕਾਂ ਦੀ ਭਾਸ਼ਾ ਸਥਾਨਕ ਦੇਸੀ ਭਾਸ਼ਾ ਹੈ ਜਿਸ ਨੂੰ ਠੇਠ ਪੰਜਾਬੀ ਵੀ ਕਹਿ ਸਕਦੇ ਹਾਂ। ਫ਼ਰੀਦ ਜੀ ਦੀ ਰਚਨਾ ਅਧਿਆਤਮਿਕਤਾ ਦਾ ਮਾਰਗ ਦਰਸ਼ਨ ਅਤੇ ਸੰਪੂਰਨ ਅਨੁਭਵ ਆਧਾਰਤ ਹੈ। ਇਹ ਅਨੁਪਮ ਰਚਨਾ ਅਧਿਆਤਮਿਕ ਗਿਆਨ ਅਤੇ ਧਰਾਤਲੀ ਕਲਾਤਮਕ ਪਰਿਪੇਖ ਤੋਂ ਵੀ ਸੰਪੂਰਨ ਹੈ ਕਿਉਂਕਿ ਇਸ ਵਿੱਚ ਰੂਪਕ, ਉਪਮਾਵਾਂ, ਚਿੰਨ੍ਹਾਂ/ਪ੍ਰਤੀਕਾਂ ਆਦਿ ਦੀ ਉਚੇਚ ਤੇ ਵਿਸ਼ੇਸ਼ ਵਰਤੋਂ ਕੀਤੀ ਗਈ ਹੈ। ਸ਼ੈਲੀ ਇੰਨ੍ਹੀ ਸਰਲ ਹੈ ਕਿ ਹਰ ਇੱਕ ਸਾਧਾਰਨ ਮਨੁੱਖ ਦੀ ਚੇਤਨਾ ਦੀ ਪਕੜ ਵਿੱਚ ਆ ਜਾਂਦੀ ਹੈ।

**ਫ਼ਰੀਦ ਰਚਨਾ ਦਾ ਵਿਸ਼ਾ ਵਸਤੂ**

ਫ਼ਰੀਦ ਬਾਣੀ ਵਿੱਚਲਾ ਪ੍ਰਮੁੱਖ ਤੇ ਪ੍ਰਧਾਨ ਵਿਸ਼ਾ ਨੇਹੁ/ਪ੍ਰੇਮ ਹੈ। ਉਨ੍ਹਾਂ ਦੀ ਸਮੁੱਚੀ ਰਚਨਾ ਦਾ ਵੇਗ ਰੱਬੀ ਇਸ਼ਕ ਪ੍ਰਤੀ ਵਹਿੰਦਾ ਹੈ। ਫ਼ਰੀਦ ਜੀ ਜੀਵਨ ਦੀ ਅਸਥਿਰਤਾ ਅਤੇ ਪਰਿਵਰਤਨਸ਼ੀਲਤਾ ਦੇ ਯਥਾਰਥ ਤੋਂ ਜਾਣੂ ਕਰਵਾਉਂਦੇ ਹੋਏ ਇੱਕ ਰੱਬ ਦੀ ਬੰਦਗੀ ਅਤੇ ਪ੍ਰੇਮ ਦਾ ਸੰਦੇਸ਼ ਦਿੰਦੇ ਹਨ। ਵਿਸ਼ਵਨਾਥ ਤਿਵਾੜੀ ਅਨੁਸਾਰ, ''ਮੌਤ ਦੇ ਪ੍ਰਸੰਗ ਵਿੱਚ ਫ਼ਰੀਦ ਇਸਲਾਮ ਦੀ ਵਿਚਾਰਧਾਰਾ ਨਾਲ ਜੁੜਿਆ ਹੈ, ਇਸ ਦੇ ਬਾਵਜੂਦ ਕਿ ਉਸ ਨੇ ਇਹ ਪੰਜਾਬੀ ਕਵਿਤਾ ਭਾਰਤ ਵਿੱਚ ਰਚੀ ਹੈ।''[38]

ਉਹ ਦੈਵੀ ਸੱਤਾ ਦੀ ਵਿਆਪਕਤਾ ਅਤੇ ਅਟੱਲਤਾ ਨੂੰ ਸਪੱਸ਼ਟ ਕਰਦੇ ਹੋਏ ਮਨੁੱਖੀ ਜੀਵਨ ਦੀਆਂ ਬੁਨਿਆਦੀ ਕਠਿਨਾਈਆਂ ਪ੍ਰਗਟ ਕਰਕੇ ਸਮਾਧਾਨ ਵੀ ਪ੍ਰਸਤੁਤ ਕਰਦੇ ਹਨ। ਜਿਵੇਂ ਮਨੁੱਖ ਆਪਣੇ ਦੁੱਖਾਂ ਨੂੰ ਦੂਜੇ ਦੇ ਦੁੱਖਾਂ ਨਾਲੋਂ ਵੱਡਾ ਮੰਨਦਾ ਹੋਇਆ ਵਧੇਰੇ ਵਿਲਕਦਾ ਹੈ। ਫ਼ਰੀਦ ਬਾਣੀ ਸਪੱਸ਼ਟ ਕਰਦੀ ਹੈ ਕਿ ਹਰ ਘਰ ਵਿੱਚ ਰੱਬ ਨਾਲੋਂ ਟੁੱਟੇ ਹੋਣ ਕਾਰਨ ਦੁੱਖਾਂ ਦੀ ਅੱਗ ਵਰਸ ਰਹੀ ਹੈ ਜਿਵੇਂ :-

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜ ਕੈ ਦੇਖਿਆ ਤਾ ਘਰਿ ਘਰਿ ਏਹਾ ਅਗਿ ॥[39]

ਫ਼ਰੀਦ ਜੀ ਸਮਾਜ ਦੀਆਂ ਉੱਚ ਨੈਤਿਕ ਕਦਰਾਂ ਕੀਮਤਾਂ ਦੀ ਪ੍ਰੋੜਤਾ ਕਰਦੇ ਇੱਕ ਸੁਚੱਜੀ ਭਰਾਤਰੀ ਭਾਵੀ ਜੀਵਨ ਸ਼ੈਲੀ ਪ੍ਰਦਾਨ ਕਰਦੇ ਹਨ। ਜਿਸ ਵਿੱਚ ਕਬਾਇਲੀ ਸੋਚ ਨੂੰ ਬਦਲਿਆ ਜਾ ਸਕਦਾ ਹੈ। ਉਹ

ਨਿਮਰਤਾ, ਪਰਉਪਕਾਰ, ਪ੍ਰੇਮ ਆਦਿ ਗੁਣਾਂ ਨੂੰ ਧਾਰਨ ਕਰਨ ਅਤੇ ਅਹੰਕਾਰ, ਈਰਖਾ, ਵੈਰ ਭਾਵਨਾ, ਲੋਭ-ਲਾਲਚ ਆਦਿ ਤੋਂ ਵਰਜਿਤ ਕਰਦੇ ਹਨ। ਉਹ ਜੀਵਨ ਦੀ ਅਸਥਿਰਤਾ ਨੂੰ ਵਿਭਿੰਨ ਪ੍ਰਤੀਕਾਂ, ਰੂਪਕਾਂ ਰਾਹੀਂ ਬਿਆਨ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਇਹ ਦੇਹੀ ਮਿੱਟੀ ਦਾ ਪੁਤਲਾ ਹੈ, ਮਿੱਟੀ ਦਾ ਭਾਂਡਾ ਹੈ ਕਦੋਂ ਵੀ ਬਿਨਸ ਸਕਦਾ ਹੈ। ਵਿਸ਼ਵਨਾਥ ਤਿਵਾੜੀ ਅਨੁਸਾਰ, ''ਮੌਤ ਦਾ, ਅਸਥਿਰਤਾ ਦਾ ਅਹਿਸਾਸ ਤਾਂ ਹਰ ਜੀਵ ਵਿੱਚ ਹੁੰਦਾ ਹੈ, ਪਰ ਫ਼ਰੀਦ ਦੀ ਕਵਿਤਾ ਵਿੱਚ ਇਹ ਅਹਿਸਾਸ ਸਿਖ਼ਰ 'ਤੇ ਹੈ।''[40]

ਉਹ ਦੱਸਦੇ ਹਨ ਕਿ ਹੇ ਜੀਵ ਸਾਡੇ ਪੁਰਖੇ ਆਦਿ ਸਭ ਇਸ ਸੰਸਾਰ ਤੋਂ ਕੂਚ ਕਰ ਗਏ ਹਨ ਅਤੇ ਇਹ ਨਿਰੰਤਰਤਾ ਵਹਿਣ ਵਿੱਚ ਹੈ। ਇਸ ਸੰਸਾਰ ਨੇ ਇੱਕ ਨਾ ਇੱਕ ਦਿਨ ਬਿਨਸ ਜਾਣਾ ਹੈ। ਸਥਿਰਤਾ ਕਿਸੇ ਦੀ ਵੀ ਨਹੀਂ ਇੱਕ ਨਿਰੰਕਾਰ ਤੋਂ ਬਿਨਾਂ :-

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥[41]

ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥[42]

ਸੰਖ਼ੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਫ਼ਰੀਦ ਦਾ ਉਦੇਸ਼ ਮਨੁੱਖੀ ਚੇਤਨਾ ਨੂੰ ਜੀਵਨ ਦੀ ਅਸਥਿਰਤਾ ਤੋਂ ਸੁਚੇਤ ਕਰ ਕੇ 'ਮੰਜ਼ਿਲ-ਏ-ਮਖ਼ਸੂਦ' ਦੇ ਮਾਰਗ 'ਤੇ ਮੁਕਾਮ ਦ੍ਰਿੜ ਕਰਵਾਉਣਾ ਹੈ। ਫ਼ਰੀਦ ਜੀ ਕੇਵਲ ਮੁਕਾਮ ਦਰਸਾਉਣ ਤੱਕ ਹੀ ਸੀਮਤ ਨਹੀਂ ਸਗੋਂ ਮਨੁੱਖੀ ਚੇਤਨਾ ਦਾ ਮਾਰਗ ਦਰਸ਼ਕ ਬਣ ਕੇ ਉਸਨੂੰ ਸੁਚੱਜੀ ਸਮਾਜਿਕ/ਅਧਿਆਤਮਿਕ ਜੀਵਨ ਸ਼ੈਲੀ ਵੀ ਪ੍ਰਦਾਨ ਕਰਦੇ ਹਨ। ਇੱਥੇ ਹੀ ਬੱਸ ਨਹੀਂ ਉਹ ਮਨੁੱਖੀ ਚੇਤਨਾ ਦੇ ਨਿਘਾਰ ਵਿੱਚ ਧੱਸਣ ਦੇ ਸਿੱਟੇ ਵੀ ਪੇਸ਼ ਕਰਦੇ ਹਨ।

**(ੳ) ਸਾਂਝਾਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇੱਕੋ ਇੱਕ ਅਜਿਹਾ ਧਰਮ ਗ੍ਰੰਥ ਹੈ ਜੋ ਆਪਣੇ ਰਹਿਬਰਾਂ ਵੱਲੋਂ ਸੰਪਾਦਿਤ ਤੇ ਸੰਕਲਿਤ ਹੋਇਆ। ਬੇਸ਼ੱਕ ਇਲਹਾਮ ਕਿਸੇ ਖਿੱਤੇ, ਕਾਲ ਖੰਡ ਵਿੱਚ ਇਸ ਧਰਤੀ ਉੱਤੇ ਵੱਖ ਵੱਖ

ਸਮੇਂ ਨਿਵਾਸ ਕਰਦਾ ਹੈ ਪਰ ਵਿਭਿੰਨ ਸਮਿਆਂ, ਸਥਾਨਾਂ ਵਿੱਚ ਆਉਣ ਦੇ ਬਾਵਜੂਦ ਇਸਦੀ ਅੰਦਰੂਨੀ ਸਪਿਰਟ ਸਮਭਾਵੀ ਹੁੰਦੀ ਹੈ। ਇਲਹਾਮ ਦੇ ਬਾਹਰੀ ਰੂਪ ਜਾਂ ਵਿਆਖਿਆਵਾਂ ਵਿਭਿੰਨ ਹੋ ਸਕਦੀਆਂ ਹਨ ਜਾਂ ਵਿਰੋਧਾਭਾਸ ਹੋ ਸਕਦੀਆਂ ਹਨ ਪਰ ਅੰਦਰੂਨੀ ਦੈਵੀ ਸੰਦੇਸ਼ ਦੀ ਸਪਿਰਟ ਸਮੇਂ ਤੇ ਸਥਾਨ ਦੇ ਬੰਧਨਾਂ/ਘੇਰੇ ਤੋਂ ਮੁਕਤ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਜਿਹਾ ਇਲਹਾਮੀ ਧਰਮ ਗ੍ਰੰਥ ਹੈ ਜੋ 36 ਮਹਾਂਪੁਰਖਾਂ ਉੱਪਰ ਹੋਏ ਇਲਹਾਮ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ ਅਤੇ ਸਮੁੱਚੇ ਵਿਸ਼ਵ ਨੂੰ ਚਾਨਣ ਬਖ਼ਸ਼ ਰਿਹਾ ਹੈ। ਇਹ 36 ਮਹਾਂਪੁਰਖ ਇਸ ਧਰਤੀ ਦੇ ਵੱਖ ਵੱਖ ਸਥਾਨਾਂ ਅਤੇ ਸਮਿਆਂ ਨਾਲ ਸੰਬੰਧ ਰੱਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੇ ਬਹੁਤੇਰੇ ਰਚਨਾਕਾਰ (ਬਾਣੀਕਾਰ) ਵਿਭਿੰਨ ਸਮਿਆਂ ਅਤੇ ਵਿਭਿੰਨ ਕਾਲ ਖੰਡਾਂ (ਸਥਾਨਾਂ) ਨਾਲ ਸੰਬੰਧ ਰੱਖਦੇ ਹਨ ਅਤੇ ਇਨ੍ਹਾਂ ਦੀਆਂ ਬੋਲੀਆਂ ਵੀ ਵਿਭਿੰਨ ਹਨ। ਇਨ੍ਹਾਂ ਸਭ ਵਖਰੇਵਿਆਂ ਦੇ ਬਾਵਜੂਦ ਵੀ ਸਮੁੱਚੇ ਇਲਹਾਮ ਦੀ ਵਿਚਾਰਧਾਰਾ ਅਤੇ ਅੰਦਰੂਨੀ ਸਪਿਰਟ ਸਮਾਨ ਵਰਤਦੀ ਹੈ। ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਦੇ ਸਮੇਂ ਦੇ ਫ਼ਰਕ ਨੂੰ ਦੇਖਣਾ ਹੋਵੇ ਤਾਂ ਲਗਭਗ ਚਾਰ ਸਦੀਆਂ ਦਾ ਫ਼ਰਕ ਹੈ। ਫ਼ਰੀਦ ਜੀ ਤਾਂ ਸਿੱਖ ਧਰਮ ਦੇ ਆਗਮਨ ਤੋਂ ਵੀ ਬਹੁਤ ਪਹਿਲਾਂ ਹੋਏ ਪਰ ਫ਼ਰੀਦ ਜੀ ਦੀ ਆਧਿਆਤਮਿਕ ਇੱਕਸੁਰਤਾ ਤੇ ਵਿਚਾਰਧਾਰਾ ਸਿੱਖ ਧਰਮ ਦੇ ਇੰਨ-ਬਿੰਨ ਸਮਭਾਵੀ ਹੈ। ਦੈਵੀ ਧਰਮ ਤਾਂ ਸੰਸਾਰ ਉੱਪਰ ਇੱਕ ਹੀ ਹੈ। ਜੋ ਜੀਵ ਉਸ ਧਰਮ ਦਾ ਧਾਰਨੀ ਹੁੰਦਾ ਹੈ ਉਹ ਹੀ ਅਨੰਤ ਵਿੱਚ ਸਮਾ ਜਾਂ ਅਭੇਦ ਹੋ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਰਚਨਾ ਦਾ ਵਿਸ਼ਾ ਵਸਤੂ ਪਦਾਰਥਕ ਸੰਸਾਰਿਕਤਾ ਦੇ ਮੋਹ ਵਿੱਚ ਸੁੱਤੀ ਮਨੁੱਖੀ ਚੇਤਨਾ ਨੂੰ ਜਗਾਉਣਾ, ਜੀਵਨ ਦੇ ਯਥਾਰਥ ਦਾ ਗਿਆਨ ਕਰਾਉਣਾ, ਅਧਿਆਤਮਿਕ ਪੰਥ ਦੇ ਪਾਂਧੀ ਬਣਾਉਣਾ, ਜੀਵਨ ਮਨੋਰਥ ਦ੍ਰਿੜ ਕਰਾ ਕੇ ਉੱਚਤਮ ਜੀਵਨ ਸ਼ੈਲੀ ਪ੍ਰਦਾਨ ਕਰਨਾ ਹੈ। ਇਹੀ ਸਪਿਰਟ ਭਗਤ ਫ਼ਰੀਦ ਜੀ ਦੀ ਬਾਣੀ ਵਿੱਚੋਂ ਮਿਲਦੀ ਹੈ। ਉਨ੍ਹਾਂ ਦੀ ਬਾਣੀ ਵਿਸ਼ੇਸ਼ ਕਰਕੇ ਪੰਜਾਬ ਵਾਸੀਆਂ ਦੀ ਸੰਵੇਦਨਾ ਨਾਲ ਜੁੜੀ ਹੋਈ ਹੈ। ਡਾ. ਅਤਰ ਸਿੰਘ ਅਨੁਸਾਰ, ''ਫ਼ਰੀਦ ਦੀ ਕਾਵਿ ਕਲਾ ਦਾ ਸ਼ਾਇਦ ਸਭ ਤੋਂ ਵੱਧ ਪ੍ਰਭਾਵਸ਼ਾਲੀ ਪੱਖ ਸ਼ਬਦ ਦੀਆਂ ਸੁੱਤੀਆਂ ਕਲਾਂ ਜਗਾਣ ਦੀ ਸਮਰੱਥਾ ਹੈ।''[43]

ਫ਼ਰੀਦ ਜੀ ਭਾਵੇਂ ਸੂਫੀਮਤ ਦੇ ਚਿਸ਼ਤੀ ਸਿਲਸਿਲੇ ਨਾਲ ਸਬੰਧਿਤ ਸਨ ਪਰ ਵੈਰਾਗ ਦੀ ਭਾਵਨਾ ਉਨ੍ਹਾਂ ਅੰਦਰ ਬਚਪਨ ਤੋਂ ਹੀ ਪ੍ਰਬਲ ਸੀ। ਫ਼ਰੀਦ ਸਾਹਿਬ ਬਾਬਤ ਵਿਭਿੰਨ ਸਾਖੀਆਂ ਵੀ ਪ੍ਰਚਲਤ ਹਨ ਜੋ ਮੌਖਿਕ ਸਾਹਿਤ ਵਿੱਚ ਸੀਨਾ-ਬਸੀਨਾ ਚੱਲਦੀਆਂ ਆ ਰਹੀਆਂ ਹਨ। ਮੌਖਿਕ ਇਤਿਹਾਸ ਰਾਹੀਂ ਇਹ ਮੰਨਿਆ ਜਾਂਦਾ ਹੈ ਕਿ ਫ਼ਰੀਦ ਜੀ ਨੂੰ ਬਚਪਨ ਵਿੱਚ ਹੀ ਬੰਦਗੀ ਕਰਨ ਦੀ ਲਗਨ ਸੀ ਅਤੇ ਇਹ ਲਗਨ ਉਨ੍ਹਾਂ ਨੂੰ ਉਨ੍ਹਾਂ ਦੀ ਮਾਤਾ ਦੁਆਰਾ ਲੱਗੀ। ਸ਼ੱਕਰ ਦੇ ਲਾਲਚ ਨਾਲ ਰੱਬੀ ਬੰਦਗੀ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਗਈ। ਮਾਤਾ ਜੀ ਦਾ ਕਹਿਣਾ ਸੀ ਕਿ ਫ਼ਰੀਦ ਤੂੰ ਬੰਦਗੀ ਕਰ ਰੱਬ ਤੈਨੂੰ ਸ਼ੱਕਰ ਦੇਵੇਗਾ। ਜਦੋਂ ਫ਼ਰੀਦ ਸਫਾ ਉੱਪਰ ਬੈਠ ਕੇ ਸਿਮਰਨ ਕਰਦਾ ਤਾਂ ਮਾਤਾ ਚੁਪਕੇ ਜਿਹੇ ਸ਼ੱਕਰ ਦੀ ਕੌਲੀ ਸਫਾ ਪਾਸ ਰੱਖ ਦਿੰਦੀ ਸੀ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਿਰਤਾਂਤ ਨੂੰ ਦੇਖਦੇ ਹਾਂ ਤਾਂ ਵਿਦਵਾਨਾਂ ਦਾ ਮੰਨਣਾ ਹੈ ਕਿ ਉਹ ਬਚਪਨ ਤੋਂ ਹੀ ਤਿਆਗੀ ਅਤੇ ਸੰਜਮੀ ਬਿਰਤੀ ਦੇ ਧਾਰਨੀ ਸਨ। ਇਨ੍ਹਾਂ ਦੀ ਅਜਿਹੀ ਬਿਰਤੀ ਨੂੰ ਭਾਂਪਦੇ ਹੋਏ ਹੀ ਗੁਰੂ ਹਰਗੋਬਿੰਦ ਸਾਹਿਬ ਨੇ ਤੇਗ ਬਹਾਦਰ ਦਾ ਨਾਮ ਤਿਆਗ ਮੱਲ ਰੱਖਿਆ ਸੀ।

ਉਪਰੋਕਤ ਕਥਨਾਂ ਮੁਤਾਬਕ ਕਹਿ ਸਕਦੇ ਹਾਂ ਕਿ ਇਨ੍ਹਾਂ ਦੋਨਾਂ ਮਹਾਂਪੁਰਖਾਂ ਦੇ ਜੀਵਨ ਦੇ ਆਰੰਭਲੇ ਸਮੇਂ ਦੌਰਾਨ ਹੀ ਵੈਰਾਗ ਦੀ ਪ੍ਰਵਿਰਤੀ ਦੇਖਣ ਨੂੰ ਮਿਲ ਜਾਂਦੀ ਹੈ। ਇਨ੍ਹਾਂ ਦੋਨਾਂ ਮਹਾਂਪੁਰਖਾਂ ਦੀਆਂ ਰਚਨਾਵਾਂ ਵਿੱਚ ਵੀ ਵੈਰਾਗ ਦੀ ਸੁਰ ਪ੍ਰਧਾਨ ਹੈ। ਫ਼ਰੀਦ ਜੀ ਦੇ ਸਲੋਕਾਂ ਵਿੱਚ ਵਿਛੋੜੇ ਦੀ ਤੜਫ਼ ਦੀ ਤੀਬਰਤਾ ਦਰਸਾ ਕੇ ਦੈਵੀ ਪ੍ਰੇਮ ਲੋਚਾ ਦੀ ਜੋਦੜੀ ਹੋ ਰਹੀ ਹੈ। ਫ਼ਰੀਦ ਅਨੁਸਾਰ ਦੈਵੀ ਪ੍ਰੇਮ ਲਈ ਸੰਸਾਰਕ ਮੋਹ ਤਿਆਗਣਾ ਅਤਿ ਲਾਜ਼ਮੀ ਹੈ। ਜਿਸ ਜਗ੍ਹਾ ਲਬ (ਲਾਲਚ/ਮੋਹ) ਆ ਗਿਆ ਉੱਥੇ ਨੇਹ ਦਾ ਵਾਸਾ ਨਹੀਂ ਹੋ ਸਕਦਾ। ਲਾਲਚ ਵਾਲਾ ਪਿਆਰ ਤਾਂ ਕੂੜ ਹੈ। ਉਸਦਾ ਕੋਈ ਲਾਭ ਨਹੀਂ। ਫ਼ਰੀਦ ਜੀ ਮੀਂਹ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਕਹਿੰਦੇ ਹਨ ਕਿ ਲਾਲਚ ਵਾਲਾ ਪਿਆਰ ਇਸ ਤਰ੍ਹਾਂ ਦਾ ਹੈ ਜਿਵੇਂ ਮੀਂਹ ਦੇ ਦੌਰਾਨ ਟੁੱਟਿਆ ਹੋਇਆ ਛੱਪਰ ਹੋਵੇ ਜਿਸ ਦਾ ਕੋਈ ਭਰੋਸਾ ਨਹੀਂ ਹੁੰਦਾ :-

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥[44]

ਗੁਰੂ ਤੇਗ ਬਹਾਦਰ ਜੀ ਆਪਣੀ ਰਚਨਾ ਵਿੱਚ ਵੀ ਅਜਿਹੀ ਪ੍ਰੀਤ ਤੋਂ ਵਰਜਿਤ ਕਰਦੇ ਹਨ। ਉਹ ਜੀਵ ਨੂੰ ਕਹਿੰਦੇ ਹਨ ਕਿ ਤੂੰ ਜ਼ਹਿਰ ਰੂਪੀ ਪਦਾਰਥਾਂ ਨਾਲ ਪ੍ਰੇਮ ਕਰੀ ਬੈਠਾ ਹੈਂ ਅਤੇ ਇਨ੍ਹਾਂ ਵਿੱਚ ਹੀ ਮਸਤ ਹੈਂ। ਇਨ੍ਹਾਂ ਨਾਲੋਂ ਮੋਹ ਤੋੜਿਆਂ ਹੀ ਪਰਮਾਤਮਾ ਨਾਲ ਪਿਆਰ ਸੰਭਵ ਹੈ। ਰੱਬੀ ਪ੍ਰੇਮ ਹੀ ਤੈਨੂੰ ਜਮ ਦੀ ਫਾਂਸੀ ਤੋਂ ਮੁਕਤ ਕਰਾ ਸਕਦਾ ਹੈ :-

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥

ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥[45]

ਗੁਰੂ ਤੇਗ ਬਹਾਦਰ ਵੈਰਾਗ ਨੂੰ ਸਪੱਸ਼ਟ ਕਰਦੇ ਹਨ ਕਿ ਜੋ ਜੀਵ ਬਿਖਿਆ ਦੇ ਸਾਰੇ ਰੂਪਾਂ (ਨਿੰਦਾ, ਈਰਖਾ, ਅਹੰਕਾਰ, ਮੋਹ, ਕ੍ਰੋਧ, ਲਾਲਚ ਆਦਿ) ਵੱਲੋਂ ਕਿਨਾਰਾ ਕਰ ਲੈਂਦਾ ਹੈ ਉਹੀ ਵੈਰਾਗੀ ਕਹਾ ਸਕਦਾ ਹੈ। ਉਹ ਹੀ ਅਸਲ ਵੈਰਾਗ ਦੀ ਸਪਿਰਟ ਦਾ ਧਾਰਨੀ ਹੋ ਸਕਦਾ ਹੈ ਅਤੇ ਇਸਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਹੀ ਹੁੰਦੀ ਹੈ :-

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥[46]

ਇੰਦ੍ਰਿਆਵੀ ਤ੍ਰਿਸ਼ਨਾਵਾਂ ਉੱਪਰ ਕੰਟਰੋਲ ਕਰਨ ਲਈ ਫ਼ਰੀਦ ਜੀ ਜ਼ਿਕਰ ਕਰਦੇ ਹਨ ਕਿ ਮੇਰਾ ਮਨ ਤਨ ਭੌਂਕਾ ਬਣ ਗਿਆ ਹੈ। ਇਹ ਹਰ ਸਮੇਂ ਨਵੀਂ ਤੋਂ ਨਵੀਂ ਇੱਛਾ/ਤ੍ਰਿਸ਼ਨਾ ਦੀ ਮੰਗ ਕਰਦਾ ਹੈ। ਇੱਕ ਇੱਛਾ ਸੰਪੂਰਨ ਹੁੰਦੀ ਹੈ ਤਾਂ ਦਸ ਹੋਰ ਨਵੀਆਂ ਉੱਪਜ ਜਾਂਦੀਆਂ ਹਨ।

ਇਨ੍ਹਾਂ ਤ੍ਰਿਸ਼ਨਾਵਾਂ/ਇੱਛਾਵਾਂ/ਮੰਗਾਂ ਨੂੰ ਸੰਪੂਰਨ ਕਰਨ ਲਈ ਕੌਣ ਔਖਾ ਹੁੰਦਾ ਫਿਰੇ। ਇਨ੍ਹਾਂ ਨਿੱਤ ਦੀਆਂ ਖੁਵਾਇਸ਼ਾਂ/ਮੰਗਾਂ/ਇੱਛਾਵਾਂ ਤੋਂ ਬਚਾਅ ਕਰਨ ਲਈ ਮੈਂ ਕੰਨਾਂ ਵਿੱਚ ਬੁੱਜੇ ਦੇ ਦਿੱਤੇ ਹਨ। ਹੁਣ ਇਨ੍ਹਾਂ ਦੀ ਜਿਤਨੀ ਮਰਜ਼ੀ ਆਵਾਜ਼/ਹਵਾ ਝੁਲਦੀ ਰਹੇ, ਕੋਈ ਪਰਵਾਹ ਨਹੀਂ ਭਾਵ ਵੈਰਾਗ ਕੋਈ ਸੰਸਾਰ ਦਾ ਤਿਆਗ ਨਹੀਂ, ਗ੍ਰਹਿਸਤ ਦਾ ਤਿਆਗ ਨਹੀਂ ਸਗੋਂ ਸਰੀਰਕ ਵਿਕਾਰਾਂ ਦਾ ਤਿਆਗ ਹੀ ਅਸਲੀ ਵੈਰਾਗ ਹੈ :-

ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥

ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥[47]

ਇਹੀ ਸੁਰ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਵਿੱਚੋਂ ਉਸਰਦੀ ਹੈ। ਆਸ਼ਾਵਾਂ, ਮਨ ਦੇ ਖਿਆਲਾਂ ਆਦਿ ਭਾਵ ਗਿਆਨ ਤੇ ਕਰਮ ਜ਼ਰੀਏ ਇੰਦ੍ਰਿਆਵੀ ਅਭਿਲਾਸ਼ਾਵਾਂ ਤੋਂ ਮੁਕਤ ਹੋ ਸੰਸਾਰਿਕਤਾ ਦਾ ਮੋਹ ਤਿਆਗਣ ਵਾਲਾ ਹੀ ਵੈਰਾਗੀ ਹੁੰਦਾ ਹੈ ਅਤੇ ਉਸੇ ਦੇ ਹਿਰਦੇ ਵਿੱਚ ਹੀ ਦੈਵੀ ਪ੍ਰਕਾਸ਼ ਉਸਰਦਾ ਹੈ। ਅਜਿਹੀ ਬਿਰਤੀ ਵਾਲੇ ਜੀਵ ਦਾ ਸੰਸਾਰਕ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ) ਉੱਪਰ ਕੰਟਰੋਲ ਹੋ ਜਾਂਦਾ ਹੈ ਪਰ ਇਹ ਅਵਸਥਾ ਗੁਰੂ ਦੀ ਕਿਰਪਾ ਤੋਂ ਬਿਨਾਂ ਅਸੰਭਵ ਹੈ। ਗੁਰੂ ਤੇਗ ਬਹਾਦਰ ਬਾਣੀ ਵਿੱਚ ਵਾਰ ਵਾਰ ਮਨੁੱਖੀ ਜੀਵਨ ਦੀ ਮਹੱਤਤਾ ਬਾਰੇ ਦਰਸਾਇਆ ਗਿਆ ਹੈ। ਡਾ. ਬਲਬੀਰ ਸਿੰਘ ਦਿਲ ਅਨੁਸਾਰ, ''ਵੈਸੇ ਗੁਰੂ ਤੇਗ ਬਹਾਦਰ ਦੀ ਸਮੁੱਚੀ ਵਿਚਾਰਧਾਰਾ ਵਿੱਚ ਵੀ ਅਨੇਕ ਵਿਸ਼ਿਆਂ ਦਾ ਵਿਸਥਾਰ ਹੋਣ ਦੀ ਥਾਂ ਅਧਿਆਤਮਿਕ ਜੀਵਨ ਦਾ ਇਹੋ ਕੇਂਦਰੀ ਵਿਚਾਰ ਵਾਰ ਵਾਰ ਦ੍ਰਿੜ ਕੀਤਾ ਗਿਆ ਹੈ ਕਿ ਮਨੁੱਖੀ ਜਨਮ ਅਮੋਲਕ ਹੈ ਅਤੇ ਇਸ ਨੂੰ ਅਸਥਿਰ ਸੰਸਾਰਕ ਪਦਾਰਥਾਂ, ਪਰਿਵਾਰਕ ਮੋਹ ਮਾਇਆ, ਛਿਣਭੰਗਰੇ  ਮਾਇਕ-ਰਸਾਂ ਵਿੱਚ ਵਿਅਰਥ ਗੁਆਉਣ ਦੀ ਥਾਂ ਪ੍ਰਭੂ ਭਗਤੀ ਦੁਆਰਾ ਸਫ਼ਲ ਬਣਾਉਣਾ ਚਾਹੀਦਾ ਹੈ।''[48]

ਗੁਰੂ ਤੇਗ ਬਹਾਦਰ ਜੀ ਸੋਰਠਿ ਰਾਗ ਵਿੱਚ ਲਿਖ਼ਦੇ ਹਨ :-

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥[49]

ਭਗਤ ਫ਼ਰੀਦ ਅਨੁਸਾਰ ਬਿਰਹਾ ਹੀ ਵਸਲ ਦਾ ਕਾਰਨ ਬਣਦਾ ਹੈ। ਜਿੰਨਾ ਚਿਰ ਤੱਕ ਮਨੁੱਖ ਸੰਸਾਰਕ ਮੋਹ ਤੋਂ ਵਿਰਕਤ ਨਹੀਂ ਹੁੰਦਾ ਤਦ ਤੱਕ ਦੈਵੀ ਪ੍ਰੇਮ ਪੈਦਾ ਨਹੀਂ ਹੋ ਸਕਦਾ ਅਤੇ ਦੈਵੀ ਝਲਕਾਰੇ ਤੋਂ ਪਹਿਲਾਂ ਬਿਰਹਾ ਦੀ ਤੜਫ਼ ਪੈਦਾ ਹੋਣੀ ਜ਼ਰੂਰੀ ਹੈ। ਇਹ ਤੜਫ਼ ਦੀ ਸਜੱਗਤਾ ਸਾਧ ਸੰਗਤ ਵਿੱਚੋਂ ਹੁੰਦੀ ਹੈ। ਸਾਧ ਸੰਗਤ ਵਿੱਚ 'ਪੁਰਖ' ਦੇ ਗੁਣਾਤਮਕ ਸਰੂਪ ਨੂੰ ਸੁਹਾਗਣਾਂ ਵੱਲੋਂ ਵਡਿਆਇਆ ਜਾਂਦਾ ਹੈ। ਜਿਸ ਕਾਰਨ ਦੁਹਾਗਣ ਜੀਵ

ਇਸਤਰੀ ਦੇ ਮਨ ਵਿੱਚ ਚਾਅ ਪੈਦਾ ਹੁੰਦਾ ਹੈ ਅਤੇ ਇਹੀ ਚਾਅ ਬਿਰਹਾ ਦੀ ਉੱਪਜ ਦਾ ਕਾਰਨ ਬਣਦਾ ਹੈ। ਵੈਰਾਗ ਅਸਲ ਵਿੱਚ ਬਾਹਰੀ ਮੌਤ ਹੈ। ਅਸਲ ਵੈਰਾਗੀ ਦੂਹਰੀ ਮੌਤ ਰਾਹੀਂ ਲੰਘਦਾ ਹੋਇਆ ਜੀਵਨ ਮੁਕਤ ਅਵਸਥਾ ਨੂੰ ਹਾਸਲ ਕਰਦਾ ਹੈ। ਫ਼ਰੀਦ ਸਾਹਿਬ ਇੱਥੋਂ ਤੱਕ ਕਹਿ ਦਿੰਦੇ ਹਨ ਕਿ ਜਿਸ ਦੇਹ ਵਿੱਚ ਬਿਰਹਾ ਦਾ ਵਾਸ ਨਹੀਂ ਹੁੰਦਾ ਉਹ ਤਾਂ ਮਸਾਨ (ਸ਼ਮਸ਼ਾਨ/ਮੁਰਦਾ) ਦੀ ਤਰ੍ਹਾਂ ਹੈ ਕਿਉਂਕਿ ਜਿਸ ਜੀਵ ਨੂੰ ਸੰਸਾਰ ਵਿੱਚ ਆਪਣੇ ਕਲਬੂਤ ਦਾ ਉਦੇਸ਼ ਹੀ ਸਮਝ/ਯਾਦ ਨਹੀਂ ਆਇਆ ਉਹ ਤਾਂ ਮੁਰਦਾ ਦੇ ਤੁਲ ਹੀ ਹੈ ਜਿਵੇਂ ਕਿ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥[50]

ਸੰਸਾਰ ਵਿੱਚ ਬਹੁਤ ਲੋਕ ਵਿਛੋੜੇ (ਬਿਰਹਾ) ਦੇ ਧਾਰਨੀ ਮਿਲਦੇ ਹਨ ਪਰੰਤੂ ਉਨ੍ਹਾਂ ਦੇ ਹਿਰਦੇ ਵਿੱਚ ਬਿਰਹਾ ਦੀ ਤੜਫ਼ ਦਾ ਉਦੇਸ਼/ਕਾਰਨ ਜ਼ਰੂਰ ਹੁੰਦਾ ਹੈ। ਕੋਈ ਮਨੁੱਖ ਸੰਸਾਰਕ ਸੱਜਣਾ/ਮਿੱਤਰਾਂ ਦੇ ਬਿਰਹਾ ਦੀ ਤੜਫ਼ ਵਿੱਚ ਸੜ ਰਿਹਾ ਹੈ। ਕੁੱਝ ਮਨੁੱਖੀ ਚੇਤਨਾਵਾਂ ਪੈਸੇ/ਧਨ/ਦੌਲਤ ਦੇ ਵਿਛੋੜੇ ਕਾਰਨ ਦੁੱਖ ਵੱਸ ਹਨ ਦੇਖੋ :-

ਦੁਖੁ ਵੇਛੋੜਾ ਇਕੁ ਦੁਖੁ ਭੂਖ ॥

ਇਕੁ ਦੁਖੁ ਸਕਤਵਾਰ ਜਮਦੂਤ ॥[51]

ਪਰੰਤੂ ਜਿਸ ਬਿਰਹਾ ਦੀ ਬਾਤ ਫ਼ਰੀਦ ਜੀ ਕਰ ਰਹੇ ਹਨ ਉਹ ਬਿਰਹਾ ਰੱਬੀ ਸ਼ਕਤੀ ਨਾਲੋਂ ਦੂਰੀ ਹੈ। ਆਤਮਾ ਦੀ ਪਰਮਾਤਮਾ ਨਾਲੋਂ ਦੂਰੀ ਹੀ ਬਿਰਹਾ ਹੈ। ਜੋ ਮਨੁੱਖੀ ਚੇਤਨਾ ਦੈਵੀ ਨਾਮ ਤੋਂ ਟੁੱਟ ਜਾਂਦੀ ਹੈ, ਆਪਣੇ ਖ਼ਸਮ ਨੂੰ ਵਿਸਾਰ ਦਿੰਦੀ ਹੈ ਤਾਂ ਉਸਨੂੰ ਸੰਕਟਮਈ ਜੀਵਨ ਪੰਧ ਬਸਰ ਕਰਨਾ ਪੈਂਦਾ ਹੈ। ਇਸ ਸੰਕਟਮਈ ਕਾਲ ਤੋਂ ਖ਼ਲਾਸੀ ਅਤੇ ਸਦੀਵੀ ਸੁੱਖ ਪ੍ਰਭੂ ਦੀ ਪ੍ਰਾਪਤੀ ਅਤੇ ਨਾਮ ਸਿਮਰਨ ਰਾਹੀਂ ਸੰਭਵ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਰਚਨਾ ਵਿੱਚ ਪੌਰਾਣਿਕ ਇਤਿਹਾਸ ਦੀਆਂ ਉਦਾਹਰਨਾਂ ਦੇ ਕੇ ਜੀਵ ਨੂੰ ਸਦੀਵੀ ਸੁੱਖ ਦੀ ਪ੍ਰਾਪਤੀ ਅਤੇ ਦੁੱਖਾਂ ਤੋਂ ਨਵਿਰਤੀ ਲਈ ਮਾਰਗ ਦ੍ਰਿੜ ਕਰਾਉਂਦੇ ਲਿਖ਼ਦੇ ਹਨ :-

ਹਰਿ ਕੋ ਨਾਮੁ ਸਦਾ ਸੁਖਦਾਈ ॥

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥[52]

ਦੋਨਾਂ ਮਹਾਂਪੁਰਖਾਂ ਦੀ ਬਾਣੀ ਦਾ ਅਧਿਐਨ ਕੀਤਿਆਂ ਦ੍ਰਿਸ਼ਟਮਾਨ ਹੁੰਦਾ ਹੈ ਕਿ ਦੋਨੋਂ ਮਹਾਂਪੁਰਖ ਵੈਰਾਗ ਦਾ ਮੂਲ ਕਾਰਨ ਨਾਸ਼ਮਾਨਤਾ ਨੂੰ ਪ੍ਰਵਾਨ ਕਰਦੇ ਹਨ। ਕਿਸੇ ਵਸਤੂ ਦੀ ਛਿਣ ਭੰਗਰਤਾ/ਨਾਸ਼ਮਾਨਤਾ ਹੀ ਮਨੁੱਖ ਨੂੰ ਸਦੀਵੀ ਅਟੱਲਤਾ ਵੱਲ ਪ੍ਰੋਸਾਹਿਤ ਕਰਦੀ ਹੈ। ਸੰਸਾਰਕ ਭੋਗਾਂ, ਇੰਦ੍ਰਿਆਵੀ ਰਸਾਂ, ਕਲਬੂਤ ਦਾ ਮੋਹ ਆਦਿ ਦੀ ਨਾਸ਼ਮਾਨਤਾ ਮਨੁੱਖੀ ਚੇਤਨਾ ਦਾ ਹਿੱਸਾ ਬਣਦੀ ਹੈ ਤਾਂ ਮਨੁੱਖੀ ਚੇਤਨਤਾ ਉਪਰਾਮ ਵਾਲੀ ਅਵਸਥਾ ਵੱਲ ਪ੍ਰੇਰਿਤ ਅਤੇ ਵਿਕਾਸ ਕਰਦੀ ਹੈ। ਇਹੀ ਵੈਰਾਗ ਦਾ ਆਰੰਭਲਾ ਪੜਾਅ ਹੈ ਜੋ ਮਨੁੱਖੀ ਚੇਤਨਤਾ ਨੂੰ ਦੈਵੀ ਸੱਤਾ ਪ੍ਰਤੀ ਸਜੱਗ ਕਰਕੇ ਉਸ ਲਈ ਅੰਤਮ ਲਕਸ਼ ਦੀ ਪਿੱਠ ਭੂਮੀ ਸਿਰਜਦਾ ਹੈ ਜਿਸ ਵਿੱਚੋਂ ਬਿਰਹਾ ਪੈਦਾ ਹੁੰਦਾ ਹੈ। ਨਾਸ਼ਮਾਨਤਾ ਦੇ ਵਿਭਿੰਨ ਰੂਪਾਂ ਦਾ ਚਿਤਰਨ ਦੋਨਾਂ ਮਹਾਂਪੁਰਖਾਂ ਨੇ ਆਪਣੀ ਆਪਣੀ ਰਚਨਾ ਵਿੱਚ ਚਿਤਰਿਆ ਹੈ ਜਿਵੇਂ– ਸਰੀਰ/ਦੇਹ ਦੀ ਨਾਸ਼ਮਾਨਤਾ, ਮੰਡਪ/ਮਾੜੀਆਂ/ਮਾਲ ਦੀ ਨਾਸ਼ਮਾਨਤਾ, ਸੁਆਸਾਂ/ਆਯੂ ਦੀ ਨਾਸ਼ਮਾਨਤਾ, ਸੰਸਾਰਕ ਨਾਸ਼ਮਾਨਤਾ ਆਦਿ। ਸ.ਸ. ਅਮੋਲ ਅਨੁਸਾਰ, ''ਫ਼ਰੀਦ ਮਨੁੱਖ ਦੀ ਇਸ ਹੋਣੀ ਬਾਰੇ ਚਿੰਤਾਤੁਰ ਹੈ। ਉਹ ਇਸ ਨਿਰਾਸ਼ਾਜਨਕ ਸਥਿਤੀ ਵਿੱਚੋਂ ਮਨੁੱਖ ਨੂੰ ਕੱਢਣ ਲਈ ਉਤਸੁਕ ਹੈ।''[53]

ਨਾਸ਼ਮਾਨਤਾ ਮਨੁੱਖ ਦੀ ਪਹਿਲੀ ਮ੍ਰਿਤੂ ਹੈ। ਇਹ ਮੌਤ ਵੈਰਾਗ ਨੂੰ ਨਵਾਂ ਜਨਮ ਦਿੰਦੀ ਹੈ ਜਿਸ ਤੋਂ ਅਗਲਾ ਮਾਰਗ ਆਰੰਭ ਹੁੰਦਾ ਹੈ। ਦੂਸਰੀ ਮੌਤ ਉਦੋਂ ਹੁੰਦੀ ਹੈ ਜਦੋਂ ਮਨੁੱਖੀ ਚੇਤਨਾ ਜੀਵਨ ਮੁਕਤ ਅਵਸਥਾ ਨੂੰ ਹਾਸਲ ਕਰ ਲੈਂਦੀ ਹੈ। ਇਸ ਦ੍ਰਿਸ਼ਟਮਾਨ ਸੰਸਾਰ ਨੂੰ ਮਨੁੱਖੀ ਚੇਤਨਾ ਸੱਚ/ਸਦੀਵੀ/ਸਥਿਰ ਮੰਨੀ ਬੈਠੀ ਹੋਣ ਕਰਕੇ ਇਸ ਨਾਲ ਮੋਹ ਦਾ ਤਾਣਾ ਉਲਝਾਈ ਫਿਰਦੀ ਹੈ ਅਤੇ ਖੁਦ ਵੀ ਸਥਿਰ ਰਹਿਣਾ ਚਾਹੁੰਦੀ ਹੈ। ਜਿਸ ਕਾਰਨ ਉਹ ਵਿਕਾਰਾਂ ਦੀ ਦਲਦਲ ਵਿੱਚ ਫਸ ਜਾਂਦੀ ਹੈ ਅਤੇ ਵਿਕਾਰਾਂ ਵਿੱਚੋਂ ਨਿਕਲਣਾ ਅਸੰਭਵ ਹੋ ਜਾਂਦਾ ਹੈ। ਵਿਕਾਰਾਂ ਦੀ ਧੁੰਦ ਮਨੁੱਖੀ ਚੇਤਨਤਾ ਦੇ ਯਥਾਰਥ ਤੇ ਅੰਤਮ ਲਕਸ਼ ਨੂੰ ਚੇਤਨਤਾ ਦੀਆਂ ਡੂੰਘਾਣਾ ਵਿੱਚ ਧੱਕ ਦਿੰਦੀ ਹੈ ਜਿਸ ਕਾਰਨ ਮਨੁੱਖ ਸਾਰੀ ਆਯੂ ਇਸ ਤੋਂ ਬੇਖ਼ਬਰ ਰਹਿੰਦਾ ਹੈ। ਉਹ ਮਾਇਆਵੀ ਸੰਸਾਰ ਦੇ ਰੰਗਾਂ ਵਿੱਚ ਮਸਤ ਹੋਇਆ ਰਹਿੰਦਾ ਹੈ। ਮਸਤ ਹੋਇਆ 'ਮੰਜ਼ਿਲ-ਏ-ਮਖ਼ਸੂਦ' ਵੱਲ ਕੋਈ ਵੀ ਕਦਮ ਵਿਕਾਸ ਨਹੀਂ ਕਰਦਾ ਅਤੇ ਆਪਣੇ ਸਰੀਰਕ ਬਲ ਉੱਪਰ ਮਾਣ ਕਰਦਾ ਹੈ ਪਰ ਬਲ ਖੁੱਸਣ 'ਤੇ ਵਿਕਾਰਾਂ ਦੇ ਆਨੰਦ ਤੋਂ ਵੰਚਿਤ ਹੁੰਦਾ ਹੈ

ਅਤੇ ਫਿਰ ਵਿਕਾਰਾਂ ਹੇਠ ਦੱਬਿਆ ਅੰਤਮ ਸੱਚ/ਲਕਸ਼ ਮਨੁੱਖੀ ਚੇਤਨਾ ਦੀ ਯਾਦ ਦਾ ਹਿੱਸਾ ਬਣਦਾ ਹੈ। ਫ਼ਰੀਦ ਸਾਹਿਬ ਬਹੁਤ ਸੋਹਣਾ ਦ੍ਰਿਸ਼ਟਾਂਤ ਦੇ ਕੇ ਚਿੱਤਰ ਉਲੀਕਦੇ ਹਨ :-

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ ॥

ਅਜੁ ਫਰੀਦੈ ਕੂਜੜਾ ਸੈ ਕੋਹਾ ਥੀਓਮਿ ॥[54]

ਗੁਰੂ ਤੇਗ ਬਹਾਦਰ ਜੀ ਵੀ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਮਨੁੱਖੀ ਚੇਤਨਾਮਈ ਸੰਸਾਰ ਦੀ ਅਵਸਥਾ ਉੱਤਮ ਪੁਰਖ ਰਾਹੀਂ ਬਿਆਨ ਕਰਦੇ ਹਨ। ਉਹ ਸਪੱਸ਼ਟ ਕਰਦੇ ਹਨ ਕਿ ਮਨੁੱਖ ਗੁਰੂ ਦੇ ਉਪਦੇਸ਼/ਹੁਕਮ ਨੂੰ ਗ੍ਰਹਿਣ ਤਾਂ ਕਰਦਾ ਨਹੀਂ ਪਰ ਬਾਹਰੀ ਉਦਾਸੀ/ਵੈਰਾਗੀ/ਉਪਰਾਮੀ ਬਿਰਤੀ ਧਾਰਨ ਕਰ ਲੈਂਦਾ ਹੈ ਪਰ ਅਜਿਹੀ ਹਾਲਤ ਵਿੱਚ ਮਨੁੱਖ ਦੀ ਬਿਰਤੀ ਪਦਾਰਥਕ/ਇੰਦ੍ਰਿਆਵੀ ਸੰਸਾਰ ਨਾਲ ਇਕਸੁਰ ਹੋਈ ਹੁੰਦੀ ਹੈ ਜਿਸ ਕਾਰਨ ਉਹ ਇਸ ਭੌਤਿਕ ਅਭਿਵਿਅਕਤੀ ਨੂੰ ਅਸਥਿਰ/ਚਲਾਇਮਾਨ ਨਾ ਮੰਨਦਾ ਹੋਇਆ ਸੱਚ ਮੰਨਦਾ ਹੈ। ਵਿਕਾਰ ਉਸਦੇ ਅੰਦਰ ਗਹਿਰਾਈ ਤੱਕ ਘਰ ਬਣਾ ਲੈਂਦੇ ਹਨ ਅਤੇ ਮਨੁੱਖੀ ਚੇਤਨਾ ਉੱਪਰ ਕੰਟਰੋਲ ਵਿਕਾਰਾਂ ਦਾ ਹੁੰਦਾ ਹੈ। ਮਨੁੱਖ ਸਿਰਦਾਰ ਜੂਨ ਵਿੱਚ ਹੁੰਦਾ ਹੋਇਆ ਪਸ਼ੂਆਂ ਦੇ ਤੁਲ ਹੋ ਜਾਂਦਾ ਹੈ :-

ਮਨ ਰੇ ਗਹਿਓ ਨ ਗੁਰ ਉਪਦੇਸੁ ॥

ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥

.....................................................................

ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ ॥

ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥[55]

ਫ਼ਰੀਦ ਬਾਣੀ ਵਿੱਚ ਇੰਦ੍ਰਿਆਵੀ ਬਲ ਦੀ ਨਾਸ਼ਮਾਨਤਾ ਦਾ ਉਲੇਖ ਵੀ ਪ੍ਰਗਟ ਹੁੰਦਾ ਹੈ। ਫ਼ਰੀਦ ਜੀ ਅਨੁਸਾਰ ਜਰ (ਬੁੱਢੇਪਾ) ਦੇ ਘੇਰੇ ਵਿੱਚ ਆਉਣ ਨਾਲ ਇੰਦ੍ਰਿਆਵੀ ਮਿੱਤਰ ਸਾਥ ਛੱਡ ਜਾਂਦੇ ਹਨ ਅਤੇ ਦੇਹ ਵਿਲਕਦੀ ਰਹਿ ਜਾਂਦੀ ਹੈ :-

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥

ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥[56]

ਦੋਨਾਂ ਮਹਾਂਪੁਰਖਾਂ ਦੀ ਬਾਣੀ ਮਨੁੱਖੀ ਆਤਮਾ ਨੂੰ ਦੇਹ ਦੀ ਨਿਰਬਲਤਾ ਦੇ ਯਥਾਰਥ ਨਾਲ ਰੂ-ਬ-ਰੂ ਕਰਾ ਕੇ ਉਸ ਨੂੰ ਪਰਮ ਸੱਚ ਤੇ ਜੀਵਨ ਮਨੋਰਥ ਵੱਲ ਵਿਕਾਸ ਕਰਨ ਲਈ ਪ੍ਰੇਰਦੀ ਹੈ। ਕਹਿਣ ਤੋਂ ਭਾਵ ਨਾਸ਼ਮਾਨਤਾ ਹੀ ਵੈਰਾਗ ਦੇ ਪ੍ਰਕਾਸ਼ ਲਈ ਜ਼ਰੂਰੀ ਹੁੰਦੀ ਹੈ। ਜਿਵੇਂ ਰਾਤ ਇੱਕ ਤਰ੍ਹਾਂ ਦੀ ਮੌਤ/ਕਾਲ ਹੈ, ਇਹ ਹਨ੍ਹੇਰਾ ਜੇ ਚਾਨਣ ਦਾ ਨਾਸ਼ਕ ਹੈ ਤਾਂ ਚਾਨਣ ਦਾ ਜਨਮਦਾਤਾ ਵੀ ਹਨੇਰਾ ਹੀ ਹੈ। ਭਾਵ ਨਵੇਂ ਪ੍ਰਕਾਸ਼ ਲਈ ਹਨੇਰਾ ਹੋਣਾ ਜ਼ਰੂਰੀ ਹੈ। ਇਸੇ ਪ੍ਰਕਾਰ ਵੈਰਾਗਮਈ ਬਿਰਤੀ ਲਈ ਸੰਸਾਰਕ ਮੋਹ ਦੀ ਨਾਸ਼ਮਾਨਤਾ ਅਤਿ ਲਾਜ਼ਮੀ ਹੈ ਜਿਸ ਨੂੰ ਉੱਪਰ ਮੌਤ ਦੇ ਸਮਤੋਲ ਬਣਾਇਆ ਹੈ। ਰਾਏ ਜਸਬੀਰ ਸਿੰਘ ਅਨੁਸਾਰ, ''ਮਾਇਆ ਵਿੱਚ ਗ੍ਰਸਤ ਜੀਵਨ ਦੀ ਨਾਸ਼ਮਾਨਤਾ ਬਾਰੇ ਆਦਿ ਗ੍ਰੰਥ ਕਾਵਿ ਵਿੱਚ ਲਿਖਣ ਵਾਲੇ ਦੋ ਵਿਅਕਤੀ ਪ੍ਰਸਿੱਧ ਹਨ : ਸ਼ੇਖ ਫ਼ਰੀਦ ਅਤੇ ਗੁਰੂ ਤੇਗ ਬਹਾਦਰ। ਇਹ ਵਿਚਾਰ ਗੁਰੂ ਤੇਗ ਬਹਾਦਰ ਦੀ ਰਚਨਾ ਵਿੱਚ ਇਸ ਹੱਦ ਤੱਕ ਹਨ ਕਿ ਸਾਹਿਤ ਦਾ ਇਤਿਹਾਸ ਲਿਖ ਰਹੇ ਵਿਦਵਾਨਾਂ ਨੂੰ ਇਨ੍ਹਾਂ ਦੇ ਕਾਵਿ ਵਿੱਚੋਂ ਇਹੋ ਵਿਚਾਰ ਹੀ ਦ੍ਰਿਸ਼ਟੀਗੋਚਰ ਹੋਏ ਹਨ।''[57]

ਵੈਰਾਗਮਈ ਅਵਸਥਾ ਦਾ ਅਗਲੇਰਾ ਪੜਾਅ ਬਿਰਹਾ (ਵਿਛੋੜਾ) ਦਾ ਆਉਂਦਾ ਹੈ ਕਿਉਂਕਿ ਮਨੁੱਖੀ ਚੇਤਨਾ ਆਪਣੇ ਜੀਵਨ ਮਨੋਰਥ (ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ)[58] ਨੂੰ ਸਮਝ ਲੈਂਦੀ ਹੈ ਅਤੇ ਛਿਣਭੰਗਰਤਾ ਦਾ ਤਿਆਗ ਕਰ ਦਿੰਦੀ ਹੈ। ਉਹ ਹਰ ਪਲ ਬਿਰਹਾ ਦੀ ਤੜਫ਼ ਵਿੱਚ ਰਹਿੰਦੀ ਹੈ ਅਤੇ ਵਸਲ ਲਈ ਜੋਦੜੀਆਂ ਕਰਦੀ ਨਾਮ ਸਿਮਰਨ ਵਿੱਚ ਮਸਤ ਰਹਿੰਦੀ ਹੈ। ਉਸਨੂੰ ਸਮਝ ਲੱਗ ਜਾਂਦੀ ਹੈ ਕਿ ਪ੍ਰਭੂ ਪਤੀ ਨਾਲ ਮਿਲਾਪ ਤੋਂ ਬਿਨਾਂ ਉਸਦੀ ਗਤੀ ਸੰਭਵ ਨਹੀਂ। ਉਸਨੂੰ ਉਸਦੀ ਇਸ ਵੈਰਾਗਮਈ ਹਾਲਤ ਬਾਰੇ ਜਦੋਂ ਕੋਈ ਪੁੱਛਦਾ ਹੈ ਕਿ ਅਜਿਹੀ ਅਵਸਥਾ ਦਾ ਕੀ ਕਾਰਨ ਹੈ? ਤਾਂ ਉਹ ਦੱਸਦੀ ਹੈ ਕਿ ਉਸਦੀ ਅਜਿਹੀ ਹਾਲਤ ਆਪਣੇ ਪ੍ਰੀਤਮ ਦੇ ਵਿਛੋੜੇ ਕਾਰਨ ਹੋਈ ਹੈ। ਫ਼ਰੀਦ ਸਾਹਿਬ ਕਾਲੀ ਕੋਇਲ ਦੇ ਬਿੰਬ ਰਾਹੀਂ ਆਪਣੀ ਅੰਤਰੀਵੀ ਸਥਿਤੀ ਨੂੰ ਰੂਪਮਾਨ ਕਰਦੇ ਹੋਏ ਕਹਿੰਦੇ ਹਨ ਕਿ ਖ਼ਸਮ ਤੋਂ ਬਿਨਾਂ ਕੋਈ ਸੁੱਖ ਨਹੀਂ ਅਤੇ ਇਹ ਹਾਲਤ ਉਦੋਂ ਹੀ ਸੁਰਖ਼ਰੂ ਹੋ ਸਕਦੀ ਹੈ ਜਦੋਂ ਪ੍ਰੀਤਮ ਨਾਲ ਮਿਲਾਪ ਹੋਵੇ ਪਰੰਤੂ ਇਹ ਮਿਲਾਪ ਉਸਦੀ ਕਿਰਪਾ ਤੋਂ ਬਿਨਾਂ ਅਸੰਭਵ ਹੈ। ਪ੍ਰਭੂ ਦੀ ਕਿਰਪਾ

ਲਈ ਉਸ ਤੋਂ ਹੀ ਸਾਧਸੰਗ ਦੀ ਦਾਤ ਲਈ ਅਰਦਾਸ ਕਰਨੀ ਪਵੇਗੀ ਕਿਉਂਕਿ ਸਾਧਸੰਗ ਵਿੱਚ ਦੈਵੀ ਪ੍ਰਕਾਸ਼ ਵਰਤ ਰਿਹਾ ਹੁੰਦਾ ਹੈ ਜਿਸ ਕਾਰਨ ਜਗਿਆਸੂ ਨੂੰ ਰੱਬੀ ਦੀਦਾਰੇ ਹੋ ਜਾਂਦੇ ਹਨ। ਉਦਾਹਰਨ ਦੇਖੋ :-

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥

ਬਾਵਲਿ ਹੋਈ ਸੋ ਸਹੁ ਲੋਰਉ ॥

.............................................

ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥[59]

ਦੋਨਾਂ ਮਹਾਂਪੁਰਖਾਂ ਦੀ ਰਚਨਾ ਵਿੱਚ ਜੀਵਨ ਮਨੋਰਥ ਸਪੱਸ਼ਟ ਹੈ। ਗੁਰੂ ਤੇਗ ਬਹਾਦਰ ਸਾਹਿਬ ਅਨੁਸਾਰ ਜੋ ਮਨੁੱਖੀ ਚੇਤਨਾ (ਸੰਸਾਰ) ਮਾਇਆ ਦੇ ਰੰਗਾਂ/ਭਰਮਾਂ ਵਿੱਚ ਮੋਹੀ ਪਈ ਹੈ ਉਹ ਨਿਰਭੈ ਪਦਵੀ ਪ੍ਰਾਪਤ ਨਹੀਂ ਕਰ ਸਕਦੀ। ਅਜਿਹਾ ਪ੍ਰਾਣੀ ਸੰਸਾਰ ਵਿੱਚ ਵਿਭਿੰਨ ਪ੍ਰਕਾਰ ਦੇ ਡਰਾਂ ਦੇ ਘੇਰੇ ਵਿੱਚ ਵੀ ਡਰਦਾ ਰਹਿੰਦਾ ਹੈ ਕਿਉਂਕਿ ਮਾਇਆ ਦੇ ਸਮਸਤ ਰੂਪ ਛਲਾਵੇ ਅਤੇ ਛਿਣਭੰਗਰ ਹਨ। ਇਸ ਛਿਣਭੰਗਰਤਾ ਦੀ ਲਗਾਤਾਰਤਾ ਬਣਾਈ ਰੱਖਣ ਅਤੇ ਇਨ੍ਹਾਂ ਦੇ ਖੁੱਸਣ ਦਾ ਡਰ ਹਮੇਸ਼ਾ ਵਿਆਪਦਾ ਰਹਿੰਦਾ ਹੈ। ਮਾਇਆ ਦੇ ਰੰਗਾਂ ਵਿੱਚ ਵਿਕਾਰਾਂ ਦੀ ਭਰਮਾਰ ਹੈ ਅਤੇ ਵਿਕਾਰ ਕਦੇ ਵੀ ਨਿਰਭੈ ਪਦਵੀ ਤੱਕ ਨਹੀਂ ਪਹੁੰਚਾ ਸਕਦੇ। ਵਿਕਾਰਾਂ ਗ੍ਰਸਤ ਮਨੁੱਖ ਹਰ ਪਲ ਦੱਬੀ ਮਾਨਸਿਕਤਾ ਰਾਹੀਂ ਜੀਅ ਰਿਹਾ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਰਚਨਾ ਵਿੱਚ ਮਨੁੱਖ ਨੂੰ ਸਦੀਵੀ ਸੁਖੀਆ ਬਣਨ ਦਾ ਮਾਰਗ ਰਾਮ (ਪਰਮਾਤਮਾ) ਦੇ ਗੁਣਾਂ ਦਾ ਗਾਇਨ ਦ੍ਰਿੜ ਕਰਾਉਂਦੇ ਹਨ। ਰੱਬੀ ਨਾਮ ਸਿਮਰਨ ਵਾਲੀ ਰੂਹ ਨਿਰਭੈ ਪਦ ਪ੍ਰਾਪਤ ਕਰ ਸਕਦੀ ਹੈ :-

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥

ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥[60]

ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਪ੍ਰੋ. ਰਾਜਬੀਰ ਕੌਰ ਅਨੁਸਾਰ, ਗੁਰੂ ਸਾਹਿਬ (ਗੁਰੂ ਤੇਗ ਬਹਾਦਰ) ਦੀ ਬਾਣੀ ਵਿੱਚ ਵੈਰਾਗ, ਕਰੁਣਾ ਅਤੇ ਜੀਵਨ ਦੀ ਨਾਸ਼ਮਾਨਤਾ ਦੇ ਚਿੱਤਰ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਵਿਅਕਤ ਹੁੰਦੇ ਹਨ।[61]

ਫ਼ਰੀਦ ਸਾਹਿਬ ਆਪਣੀ ਰਚਨਾ ਵਿੱਚ 'ਨਾਮ' ਨੂੰ ਬੰਦਗੀ ਦਾ ਅੰਤਮ ਸਾਧਨ ਤਸੱਵਰ ਕਰਦੇ ਹਨ। ਉਹ ਇੱਥੋਂ ਤੱਕ ਕਹਿ ਦਿੰਦੇ ਹਨ ਕਿ ਜਿਨ੍ਹਾਂ ਚੇਤਨਾਵਾਂ ਵਿੱਚ ਦੈਵੀ ਨਾਮ ਨਿਵਾਸ ਨਹੀਂ ਕਰਦਾ ਭਾਵ ਉਹ ਰੂਹਾਂ ਜੋ ਨਾਮ ਬਿਨਾਂ ਹੀ ਜੀਵਨ ਬਸਰ ਕਰ ਰਹੀਆਂ ਹਨ ਉਹ ਤਾਂ ਇਸ ਧਰਤੀ ਉੱਪਰ ਨਿਰਾ ਭਾਰ ਹਨ। ਨਾਮ ਤੋਂ ਹੀਣੇ ਜੀਵਾਂ ਨੂੰ ਤਾਂ ਮਨੁੱਖਾਂ ਦੇ ਵਰਗ ਵਿੱਚ ਵੀ ਸ਼ਾਮਲ ਨਹੀਂ ਕਰਨਾ ਚਾਹੀਦਾ। ਫ਼ਰੀਦ ਜੀ ਅਨੁਸਾਰ ਜੋ ਮਨੁੱਖ ਰੱਬੀ ਪਿਆਰ ਵਿੱਚ ਰੰਗੇ ਹੋਏ ਹਨ ਉਹੀ ਅਸਲ ਮਨੁੱਖ ਹਨ :-

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥

ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥[62]

ਗੁਰੂ ਤੇਗ ਬਹਾਦਰ ਜੀ ਵੀ ਉਪਰੋਕਤ ਕਥਨ ਦੀ ਪੁਸ਼ਟੀ ਕਰਦੇ ਹਨ। ਉਹ ਆਪਣੀ ਰਚਨਾ ਰਾਹੀਂ ਜੀਵ ਦੀ ਮਾਨਸਿਕ ਸਥਿਤੀ ਨੂੰ ਬਿਆਨ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਨਾਮ ਸਿਮਰਨ ਤੋਂ ਬਿਨਾਂ ਮਨੁੱਖ ਇਸ ਸੰਸਾਰ ਵਿੱਚ ਤਾਂ ਦੁੱਖੀ ਹੁੰਦਾ ਹੀ ਹੈ ਪਰ ਇਸ ਲੋਕ ਤੋਂ ਪਾਰ ਪਰਲੋਕ ਵਿੱਚ ਵੀ ਜਮ੍ਹਾਂ ਦੀ ਸਜਾ ਸਹਿਣ ਕਰਨੀ ਪੈਂਦੀ ਹੈ। ਗੁਰੂ ਜੀ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਸਮਾਂ ਬੀਤ ਰਿਹਾ ਹੈ, ਤੇਰਾ ਦੁਰਲੱਭ ਜਨਮ ਅਕਾਰਥ ਹੀ ਚਲਾ ਜਾਵੇਗਾ। ਤੂੰ ਕਿਉਂ ਨਾਸ਼ਮਾਨ/ਛਿਣਭੰਗਰ ਵਸਤੂਆਂ ਪਿੱਛੇ ਦੌੜ ਰਿਹਾ ਹੈਂ? ਹੇ ਮੂਰਖ਼ ਜੀਵ ਤੈਨੂੰ ਕਿਉਂ ਲੱਜਾ ਨਹੀਂ ਆਉਂਦੀ ਜਨਮ ਦੇ ਅੰਤਮ ਸੱਚ ਨੂੰ ਪਛਾਣ ਅਤੇ ਨਾਮ ਸਿਮਰਨ ਕਰ। ਰਾਗ ਜੈਜਾਵੰਤੀ ਵਿੱਚਲਾ ਹੇਠਲਾ ਸ਼ਬਦ ਪੜ੍ਹ-ਸੁਣ ਕੇ ਅਮਲ ਕਰਨਾ ਸਿੱਖ :-

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥

ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥

ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ਰਹਾਉ॥

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥

ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥[63]

ਗੁਰੂ ਤੇਗ ਬਹਾਦਰ ਸਾਹਿਬ ਦੀ ਲਗਭਗ ਸਮੁੱਚੀ ਰਚਨਾ ਵਿੱਚ ਵਾਰ ਵਾਰ ਮਨੁੱਖ ਨੂੰ ਸੰਸਾਰਿਕਤਾ ਦੇ ਮੋਹ ਤੋਂ ਉਦਾਸੀ ਧਾਰਨ ਕਰਨ ਲਈ ਪ੍ਰੇਰਿਆ ਗਿਆ ਹੈ। ਇੰਦ੍ਰਿਆਵੀ ਰਸਾਂ/ਵਾਸ਼ਨਾਵਾਂ/ਲਾਲਸਾਵਾਂ ਨੂੰ ਤਿਆਗ ਕੇ ਇੱਕ ਪਰਮਾਤਮਾ ਦਾ ਪਿਆਰ ਅਤੇ ਉਸਦਾ ਨਾਮ ਹਿਰਦੇ ਵਿੱਚ ਟਿਕਾਉਣ ਦੀ ਤਾਕੀਦ ਕੀਤੀ ਗਈ ਹੈ :-

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥[64]

ਗੁਰੂ ਤੇਗ ਬਹਾਦਰ ਸਾਹਿਬ ਮਨੁੱਖੀ ਚੇਤਨਾ ਨੂੰ ਸੁਚੇਤ ਕਰਦੇ ਹਨ ਕਿ ਸਿਮਰਨ ਤੋਂ ਬਿਨਾਂ ਮਨੁੱਖ ਨੂੰ ਧੱਕੇ ਹੀ ਪੈਂਦੇ ਹਨ। ਫਿਰ ਪਛਤਾਉਣ ਤੋਂ ਬਿਨਾਂ ਹੋਰ ਕੁੱਝ ਨਹੀਂ ਬਚਦਾ। ਮਨੁੱਖ ਵਿਕਾਰਾਂ ਵੱਸ ਹੋ ਨਿਤਾਪ੍ਰਤੀ ਕਮਾਉਂਦਾ ਹੈ ਅਤੇ ਆਪਣੇ ਸਰੀਰਕ ਬਲ/ਜੋਬਨ ਦੇ ਹੰਕਾਰ ਵਿੱਚ ਗ੍ਰਸਿਆ ਰਹਿੰਦਾ ਹੈ। ਭਗਤ ਕਬੀਰ ਜੀ ਬਹੁਤ ਯਥਾਰਥਮਈ ਚਿਤਰ ਉਲੀਕ ਕੇ ਮਨੁੱਖ ਨੂੰ ਆਸ਼ਾਵਾਦੀ ਉਪਦੇਸ਼ ਦ੍ਰਿੜ ਕਰਾਉਂਦੇ ਹਨ :-

ਰਾਮੁ ਸਿਮਰੁ ਪਛੁਤਾਹਿਗਾ ਮਨ ॥

ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ ॥੧॥ਰਹਾਉ॥

ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥

ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥

...........................................................................

ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥[65]

ਭਗਤ ਫ਼ਰੀਦ ਜੀ ਵੀ ਇਸੇ ਸੁਰ ਦੇ ਸਮਭਾਵੀ ਆਪਣੀ ਰਚਨਾ ਵਿੱਚ ਜੀਵ ਨੂੰ ਯਥਾਰਥ ਨਾਲ ਰੂ-ਬ-ਰੂ ਕਰਾਉਂਦੇ ਹਨ। ਉਨ੍ਹਾਂ ਅਨੁਸਾਰ ਜਿਸ ਦਿਨ ਸਰੀਰਕ ਘੜਾ ਟੁੱਟ ਜਾਵੇਗਾ ਤਾਂ ਸੁਆਸਾਂ ਰੂਪੀ ਲੱਜ ਵੀ ਟੁੱਟ ਜਾਵੇਗੀ ਅਤੇ ਮੌਤ ਦਾ ਫਰਿਸ਼ਤਾ ਤੁਰੰਤ ਆ ਜਾਵੇਗਾ। ਜੋ ਮਨੁੱਖ ਧਰਤੀ ਉੱਪਰ ਨਿਰਾ ਭਾਰ ਹੀ ਸਨ ਉਨ੍ਹਾਂ ਨੂੰ ਦੁਬਾਰਾ ਇਸ ਦੇਹ ਦਾ ਆਨੰਦ ਨਹੀਂ ਮਿਲੇਗਾ। ਉਨ੍ਹਾਂ ਲਈ ਫਿਰ ਦੋਜ਼ਕ ਤਿਆਰ ਹੈ। ਇਸ ਕਰਕੇ ਇਸ ਦੇਹ ਦੇ ਖ਼ਤਮ ਹੋਣ ਤੋਂ ਪਹਿਲਾਂ ਰੱਬੀ ਬੰਦਗੀ ਨਾਲ ਨੇਹ ਕਰ। ਸੰਸਾਰਿਕਤਾ ਤੋਂ ਵੈਰਾਗੀ ਹੋ ਕੇ ਨਿਰੰਕਾਰ ਦੀ ਬੰਦਗੀ ਵੱਲ ਵਿਕਾਸ ਕਰ :-

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥

ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥[66]

ਅਜਰਾਈਲ ਫਰੇਸਤਾ ਤਿਲ ਪੀੜੇ ਘਾਣੀ ॥[67]

ਮਨ ਕੀ ਮਨ ਹੀ ਮਾਹਿ ਰਹੀ ॥

ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥[68]

ਗੁਰਮਤਿ ਦਾ ਵੈਰਾਗ ਨਿਰਾਸ਼ਾਵਾਦੀ ਨਹੀਂ। ਇਹ ਮਨੁੱਖੀ ਚੇਤਨਾ ਦੀਆਂ ਅੰਤਰੀਵੀ ਤਹਿਆਂ ਦੀ ਯਥਾਰਥਕ ਸਥਿਤੀ ਤੋਂ ਮਨੁੱਖ ਨੂੰ ਹਲੂਣਦਾ ਹੈ। ਇਹ ਨਹੀਂ ਕਿ ਗੁਰਮਤਿ ਦਾ ਵੈਰਾਗ ਮਨੁੱਖ ਨੂੰ ਯਥਾਰਥ ਨਾਲ ਸਾਂਝ ਪਵਾ ਕੇ ਉਪਰਾਮ ਸਥਿਤੀ ਵਿੱਚ ਛੱਡ ਦਿੰਦਾ ਹੈ। ਨਹੀਂ ਗੁਰਮਤਿ ਦਾ ਵੈਰਾਗ ਇਸ ਸੰਸਾਰ ਦੇ ਯਥਾਰਥ ਨੂੰ ਉਭਾਰਦਾ ਹੋਇਆ ਮਨੁੱਖੀ ਚੇਤਨਾ ਨੂੰ ਇਸ ਵਿੱਚੋਂ ਬਾਹਰ ਨਿਕਲਣ, ਨਿਰਾਸ਼ਾਵਾਦ ਤੋਂ ਆਸ਼ਾਵਾਦੀ ਚੇਤਨਾ ਦਾ ਪਾਂਧੀ ਬਣਨ ਅਤੇ ਮਾਇਆਵੀ ਸੰਸਾਰ/ਚਿੱਕੜ ਵਿੱਚ ਨਿਰਲੇਪ ਕਿਵੇਂ ਰਹਿਣਾ ਹੈ? ਦੀ ਜੀਵਨ ਜਾਂਚ ਦ੍ਰਿਸ਼ਟੀਗੋਚਰ ਕਰਦਾ ਹੈ। ਦੋਨਾਂ ਮਹਾਂਪੁਰਖਾਂ (ਗੁਰੂ ਤੇਗ ਬਹਾਦਰ ਤੇ ਬਾਬਾ ਫ਼ਰੀਦ) ਦੀ ਰਚਨਾ ਵਿੱਚ ਵੈਰਾਗ ਦਾ ਸਰੂਪ ਗੁਰਮਤਿ/ਗੁਰਬਾਣੀ ਦੀ ਵਿਚਾਰਧਾਰਾ ਵਾਲਾ ਹੈ। ਭਾਵੇਂ ਇਨ੍ਹਾਂ ਦੇ ਸਮੇਂ/ਸੱਭਿਆਚਾਰ/ਵਾਤਾਵਰਣ ਵਿੱਚ ਅੰਤਰ ਵਿਰੋਧ ਹਨ ਪਰ ਇਨ੍ਹਾਂ ਦੀ ਅਧਿਆਤਮਿਕ ਸੁਰ ਸਮਭਾਵੀ ਹੈ। ਫ਼ਰੀਦ ਜੀ ਸੂਫੀ ਪਰੰਪਰਾ ਨਾਲ ਸਬੰਧਿਤ ਹੋਣ ਕਾਰਨ ਇਨ੍ਹਾਂ ਦੀ ਸਾਰੀ ਰਚਨਾ ਵਿੱਚ ਪਰਮਾਤਮਾ ਨੂੰ ਪਤੀ/ਸ਼ਹੁ ਅਤੇ ਮਨੁੱਖੀ ਜੀਵ ਨੂੰ ਪਤਨੀ/ਇਸਤਰੀ ਦੇ ਪ੍ਰਤੀਕਾਂ ਨੂੰ ਸਾਹਮਣੇ ਰੱਖ ਕੇ ਆਧਿਆਤਮਿਕ ਉਪਦੇਸ਼ ਦਿੱਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉੱਤਮ ਪੁਰਖ ਵਿੱਚ ਵਧੇਰੇ ਹੈ। ਉਦਾਹਰਨ :-

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥

ਜਿਨਾ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ ॥[69]

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥

ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥[70]

ਮਾਈ ਮਨੁ ਮੇਰੋ ਬਸਿ ਨਾਹਿ ॥[71]

ਜਗਤ ਮੈ ਝੂਠੀ ਦੇਖੀ ਪ੍ਰੀਤਿ ॥[72]

ਪਹਿਲਾਂ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਇਲਹਾਮ ਦੀ ਬੁਨਿਆਦ ਅਤੇ ਉਸਦਾ ਸਰੋਤ ਇੱਕ ਹੀ ਹੁੰਦਾ ਹੈ। ਇਸ ਨੂੰ ਦੈਵੀ ਸੱਤਾ ਦਾ ਸੰਦੇਸ਼ ਕਿਹਾ ਜਾਂਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਭਿੰਨ ਮਹਾਂਪੁਰਖਾਂ ਉੱਪਰ ਹੋਏ ਇਲਹਾਮ ਨੂੰ ਸਮਾਨ ਸਥਾਨ ਪ੍ਰਦਾਨ ਕਰਕੇ ਆਪਣੇ ਵਿੱਚ ਸਮੋਈ ਬੈਠਾ ਹੈ। ਸ਼ੇਖ ਫ਼ਰੀਦ ਦੀ ਬਾਣੀ ਸੰਬੰਧੀ ਪ੍ਰੋ. ਨਿਜ਼ਾਮੀ ਲਿਖ਼ਦੇ ਹਨ, ''ਫ਼ਰੀਦ ਦੇ ਇਹ ਵਚਨ ਨਿਰੇ ਖੁਸ਼ਕ ਸਿੱਟੇ ਨਹੀਂ, ਇਹ ਸਦਾਚਾਰ ਤੇ ਸਿਆਣਪ ਦਾ ਸਾਰ ਹਨ ਅਤੇ ਰਹੱਸਵਾਦ ਵਿਚਾਰਧਾਰਾ ਦੀ ਡੂੰਘਾਈ ਤੱਕ ਪੁੱਜੇ ਹਨ।''[73]

ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਦੋਨਾਂ ਮਹਾਂਪੁਰਖਾਂ ਦੀ ਵਿਚਾਰਧਾਰਾ ਸਮਭਾਵੀ ਹੈ। ਦੋਨੋਂ ਹੀ ਵੈਰਾਗ ਦੇ ਬਾਹਰੀ ਸਰੂਪ/ਕਰਮ ਕਾਂਡਾਂ ਦੀ ਆਲੋਚਨਾ ਕਰਦੇ ਹਨ। ਵਿਕਾਰਾਂ ਵਿੱਚ ਫਸੇ ਹੋਏ ਮਨੁੱਖ ਦੇ ਪ੍ਰਥਾਇ ਮਾਇਆਵੀ/ਚਲਾਇਮਾਨ ਸੰਸਾਰ ਦਾ ਯਥਾਰਥਮਈ ਚਿਤਰਨ ਵਿਅਕਤ ਕਰਦੇ ਹਨ। ਦੋਨੋਂ ਮਹਾਂਪੁਰਖ ਇਸ ਜਗਤ ਦਾ ਯਥਾਰਥਕ ਰੂਪ ਬਿਆਨ ਕਰਦੇ ਇਸਨੂੰ 'ਧੂੰਏ ਦਾ ਧਵਲਹਾਰ', 'ਕਾਜਲ ਦੀ ਕੋਠੜੀ', 'ਪਾਣੀ ਦਾ ਬੁਲਬੁਲਾ', 'ਬਾਲੂ ਕੀ ਭੀਤ' (ਰੇਤ) ਆਦਿ ਤਸੱਵਰ ਕਰਦੇ ਹਨ। ਮਨੁੱਖ ਨੂੰ ਇਸ (ਜਗਤ) ਦੀ ਅਸਥਿਰਤਾ ਨੂੰ ਸਪੱਸ਼ਟ ਕਰਕੇ ਸੁਚੇਤ ਕਰਦੇ ਹਨ ਕਿ ਜੋ ਵੀ ਇਨ੍ਹਾਂ ਅੱਖਾਂ ਨਾਲ ਦਿਖ ਰਿਹਾ, ਇਹ ਦ੍ਰਿਸ਼ਟਮਾਨ ਸੰਸਾਰ ਜੋ ਬਹੁਤ ਸੁਹਾਵਣਾ, ਮਨਮੋਹਣਾ, ਆਨੰਦਮਈ ਭਾਸਦਾ ਹੈ, ਇਹ ਚਲਾਇਮਾਨ ਹੈ। ਜਿਵੇਂ ਬਾਰਸ਼ ਸਮੇਂ ਪਾਣੀ ਵਿੱਚ ਪਾਣੀ ਦੇ ਬੁਲਬੁਲੇ ਉੱਠਦੇ ਹੋਏ ਬਹੁਤ ਸੋਹਣੇ ਲੱਗਦੇ ਹਨ ਪਰ ਉਨ੍ਹਾਂ ਦੀ ਅਸਲੀਅਤ ਪ੍ਰਤੱਖ ਹੈ। ਸੰਸਾਰ ਨੂੰ ਮਨੁੱਖ ਚਿਰੰਜੀਵੀ ਤੇ ਸੱਚ ਖਿਆਲ ਕਰ ਬੈਠਦਾ ਹੈ ਅਤੇ ਇਸੇ ਨੂੰ ਸਵਾਰਨ ਹਿੱਤ ਆਪਣੇ ਆਨੰਦਮਈ ਜੀਵਨ ਨੂੰ ਛਿਣਭੰਗਰਤਾ ਲਈ ਸਾਰੀ ਉਮਰ ਲਗਾ ਦਿੰਦਾ ਹੈ ਅਤੇ ਵਿਅਰਥ ਹੀ ਅਨਮੋਲ ਜੀਵਨ ਕੌਡੀ ਦੇ ਤੁਲ ਖ਼ਰਾਬ

ਕਰ ਜਾਂਦਾ ਹੈ। ਗੁਰੂ ਤੇਗ ਬਹਾਦਰ ਮਨੁੱਖ ਨੂੰ ਇਸ ਸੰਸਾਰਕ ਸੱਚ ਤੋਂ ਜਾਣੂ ਕਰਵਾ ਕੇ ਰੱਬੀ ਪ੍ਰੇਮ ਪ੍ਰਤੀ ਸਜੱਗ ਕਰਦੇ ਹਨ :-

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥[74]

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥[75]

ਫ਼ਰੀਦ ਸਾਹਿਬ ਦੀ ਸੁਰ :-

ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥[76]

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥[77]

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥
ਗੋਰਾ ਸੇ ਨਿਮਾਣੀਆ ਬਹਸਨਿ ਰੂਹਾ ਮਲਿ ॥[78]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸੰਸਾਰ ਨੂੰ ਮਿਥਿਆ, ਸੁਪਨਮਈ ਆਦਿ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਡਾ. ਬਲਬੀਰ ਸਿੰਘ ਦਿਲ ਅਨੁਸਾਰ, ''ਗੁਰੂ ਜੀ ਰਚਿਤ ਹਰ ਪਦੇ ਦੀ ਵਡਿਆਈ ਇਸ ਵਿੱਚ ਹੈ ਕਿ ਸੁਪਨੇ ਦੀ ਖੇਡ ਵਰਗੇ ਸਰਬ ਪ੍ਰਵਾਨ ਅਲੰਕਾਰਾਂ ਦੁਆਰਾ ਵਿਚਾਰਾਂ ਦੀ ਪੁਸ਼ਟੀ ਕਰਕੇ ਗੱਲ ਮੁਕਾਉਣ ਦੀ ਕੀਤੀ ਹੈ।''[79]

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥[80]

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥[81]

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥[82]

ਉਪਰੋਕਤ ਕਥਨ ਤੋਂ ਵਿਅਕਤ ਹੁੰਦਾ ਹੈ ਕਿ ਪਰਮਾਤਮਾ ਦੀ ਬੰਦਗੀ, ਉਸਦਾ ਨਾਮ ਸਿਮਰਨ ਹੀ ਇਸ ਸੰਸਾਰ ਉੱਪਰ ਸਥਿਰ ਹੈ ਅਤੇ ਇਹ ਦੇਹ ਦਾ ਹਿੱਸਾ ਨਹੀਂ ਸਗੋਂ ਆਤਮਾ ਦਾ ਹਿੱਸਾ ਹੈ। ਸੰਸਾਰ ਦਾ ਫਨ੍ਹਾ ਰੂਪ ਮਨੁੱਖ ਨੂੰ ਚੇਤੇ ਕਰਾਇਆ ਗਿਆ ਹੈ। ਸੂਤ੍ਰਕ ਅਤੇ ਅਸਿੱਧੇ ਰੂਪ ਵਿੱਚ ਸੰਸਾਰਿਕਤਾ ਦੇ ਮੋਹ ਨੂੰ ਤਿਆਗਣ ਭਾਵ ਵੈਰਾਗ ਧਾਰਨ ਕਰਨ ਲਈ ਪ੍ਰੇਰਿਆ ਹੈ। ਵੈਰਾਗ ਹੀ ਬਿਰਹਾ ਨੂੰ ਪੈਦਾ ਕਰਦਾ ਹੈ, ਬਿਰਹਾ ਹੀ ਵਸਲ ਦਾ ਜ਼ਰੀਆ ਬਣਕੇ ਆਤਮਾ ਨੂੰ ਪਰਮਾਤਮਾ ਨਾਲ ਅਭੇਦਤਾ ਦੀ ਅਵਸਥਾ ਤੱਕ ਪਹੁੰਚਾਉਂਦਾ ਹੈ। ਇਸ ਲਈ ਦੋਨੋਂ ਮਹਾਂਪੁਰਖ ਸੰਸਾਰ ਦੀ ਨਾਸ਼ਮਾਨਤਾ ਤੇ ਅਸਥਿਰਤਾ ਨੂੰ ਮਨੁੱਖ ਦੇ ਚੇਤਨ ਦਾ ਭਾਗ ਬਣਾਉਂਦੇ ਹਨ। ਦੋਨੋਂ ਮਹਾਂਪੁਰਖ ਵੈਰਾਗ ਦੀ ਅਵਸਥਾ ਤੋਂ ਪਰਮਾਤਮਾ/ਦੈਵੀ ਸ਼ਕਤੀ ਦੀ ਭਾਲ ਵਿੱਚ ਲੱਗੇ ਮਨੁੱਖ ਨੂੰ ਰੱਬੀ ਪੰਧ ਵੀ ਪ੍ਰਦਾਨ ਕਰਦੇ ਹਨ ਕਿਉਂਕਿ ਮਨੁੱਖੀ ਚੇਤਨਾ ਵੈਰਾਗ ਨੂੰ ਪ੍ਰਵਾਨ ਕਰਨ ਸਮੇਂ ਅਤੇ ਬਿਰਹਾ ਦੀ ਤੜਫ਼ ਅਤੇ ਬੰਦਗੀ ਲਈ ਧਰਾਤਲੀ ਸੰਸਾਰ ਦੇ ਕਰਮ ਕਾਂਡਾਂ ਵਿੱਚ ਵੀ ਉਲਝ ਕੇ ਰੱਬੀ ਪੱਥ ਦੀ ਭਾਲ ਤੋਂ ਭਟਕ ਸਕਦੀ ਹੈ। ਗੁਰਮਤਿ ਵੈਰਾਗ ਦਾ ਮਾਰਗ ਮੌਲਿਕ ਤੇ ਵਿਲੱਖਣ ਇਸੇ ਕਰਕੇ ਹੈ ਕਿ ਉਹ ਮਨੁੱਖੀ ਚੇਤਨਤਾ ਨੂੰ ਧਰਾਤਲੀ ਘੁੰਮਣ ਘੇਰੀਆਂ ਅਤੇ ਚੱਕਰਵਿਊ ਵਿੱਚ ਡਿੱਗਣ ਦੀ ਬਜਾਏ ਸਰਲ ਤੇ ਸਿੱਧਾ ਪੱਥ ਪ੍ਰਦਾਨ ਕਰਦਾ ਹੈ। ਗੁਰਮਤਿ ਵੈਰਾਗ ਲਈ ਗ੍ਰਹਿਸਤ ਦਾ ਤਿਆਗ, ਸਾਕ-ਸੰਬੰਧੀਆਂ ਦਾ ਤਿਆਗ, ਬੱਚਿਆਂ ਦਾ ਤਿਆਗ ਮਾਇਕ ਲੋੜਾਂ ਦਾ ਤਿਆਗ ਆਦਿ ਤਿਆਗਣਾ ਨਹੀਂ ਪੈਂਦਾ। ਘਰ ਤੋਂ ਦੂਰ ਕਿਸੇ ਜੰਗਲ ਦਾ ਸਹਾਰਾ ਜਾਂ ਸੰਸਾਰ ਨੂੰ ਤਿਆਗ ਪਰਬਤਾਂ ਉੱਪਰ ਨਹੀਂ ਜਾਣਾ ਪੈਂਦਾ। ਗੁਰਮਤਿ ਵਿੱਚ ਤਾਂ ਸਗੋਂ 'ਗ੍ਰਹਿਸਤ ਪ੍ਰਧਾਨ' ਹੈ। ਗ੍ਰਹਿਸਤੀ ਜੀਵਨ ਵਿੱਚ ਆਪਣੀ ਸੰਸਾਰਿਕਤਾ ਨਿਭਾਉਂਦੇ ਹੋਏ ਅਧਿਆਤਮਿਕਤਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਸਾਹਿਬ (ਸਿੱਖ ਧਰਮ ਦੇ ਬਾਨੀ) ਨੇ ਸਿੱਧਾਂ ਨੂੰ ਵੀ ਇਹੀ ਹੁਕਮ ਕੀਤਾ ਸੀ ਕਿ ਸੰਸਾਰ ਤੋਂ ਭਾਂਜਵਾਦੀ ਬਿਰਤੀ ਨਹੀਂ ਅਪਣਾਉਣੀ

ਸਗੋਂ 'ਘਰ ਹੀ ਮਾਹਿ ਉਦਾਸੁ' ਦੇ ਧਾਰਨੀ ਹੋਣਾ ਹੈ। ਸਿੱਖ ਧਰਮ ਵਿਅਕਤੀਗਤ ਧਰਮ ਨਹੀਂ ਸਗੋਂ ਸਮੂਹਿਕ ਚੇਤਨਾ ਦਾ ਧਰਮ ਹੈ। ਇਸ ਵਿੱਚ 'ਆਪਿ ਜਪੈ ਅਵਰਹ ਨਾਮੁ ਜਪਾਵੈ' ਦਾ ਸੰਕਲਪ ਹੈ ਅਤੇ ਇਸ ਧਰਮ ਦੀ ਬੁਨਿਆਦ 'ਸਾਧ-ਸੰਗਤ' ਉੱਪਰ ਟਿਕੀ ਹੋਈ ਹੈ। ਦੋਨੋਂ ਮਹਾਂਪੁਰਖਾਂ ਦੀ ਵਿਚਾਰਧਾਰਾ ਗੁਰਮਤਿ ਦੀ ਉਪਰੋਕਤ ਧਾਰਨਾ ਨੂੰ ਬਾਖੂਬੀ ਵਿਆਖਿਆ ਪ੍ਰਦਾਨ ਕਰਦੀ ਹੈ। ਇਨ੍ਹਾਂ ਅਨੁਸਾਰ ਵੀ ਰੱਬ ਦੀ ਪ੍ਰਾਪਤੀ/ਬੰਦਗੀ ਲਈ ਜੰਗਲਾਂ ਦਾ ਸਹਾਰਾ ਲੈਣ ਦੀ ਜ਼ਰੂਰਤ ਨਹੀਂ। ਦੈਵੀ ਸ਼ਕਤੀ ਦਾ ਵਾਸਾ ਇਸ ਬ੍ਰਹਿਮੰਡ ਦੇ ਕਣ ਕਣ ਵਿੱਚ ਹੈ। ਫ਼ਰੀਦ ਸਾਹਿਬ ਮਨੁੱਖੀ ਮਨ ਨੂੰ ਸਜੱਗ ਕਰਦੇ ਹਨ ਕਿ ਰੱਬ ਦੇ ਵਸਲ ਲਈ ਜੰਗਲਾਂ ਵਿੱਚ ਕਿਉਂ ਜਾ ਰਿਹਾ ਹੈਂ। ਵਣਾਂ ਵਿੱਚ ਤਾਂ ਕੰਡੇ ਆਦਿ ਮੁਸ਼ਕਲਾਂ ਹਨ, ਭਿਅੰਕਰ ਕਠੋਰਤਾ, ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਿਸ ਨੂੰ ਲੱਭ ਰਿਹਾ ਹੈਂ (ਪਰਮਾਤਮਾ ਨੂੰ) ਉਹ ਤਾਂ ਤੇਰੇ ਹਿਰਦੇ ਰੂਪੀ ਘਰ ਵਿੱਚ ਹੀ ਬੈਠਾ ਹੈ :-

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥[83]

ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਮਨੁੱਖ ਨੂੰ ਗਿਆਨ ਦਿੰਦੇ ਹਨ ਕਿ ਪਰਮਾਤਮਾ ਦਾ ਵਾਸਾ ਹਰ ਘਰ-ਘਰ ਵਿੱਚ ਹੈ। ਉਹ ਤੇਰੇ ਹਿਰਦੇ ਵਿੱਚ ਵੀ ਹੈ ਉਸਨੂੰ ਬਾਹਰ ਲੱਭਣ ਦੀ ਲੋੜ ਨਹੀਂ। ਗੁਰੂ ਅਰਜਨ ਸਾਹਿਬ ਵੀ ਫ਼ੁਰਮਾਉਂਦੇ ਹਨ :

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥

ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥[84]

ਗੁਰੂ ਤੇਗ ਬਹਾਦਰ ਸਾਹਿਬ ਜੀਵ ਨੂੰ ਸਮਝਾਉਂਦੇ ਹਨ ਕਿ ਰੱਬੀ ਵਾਸਾ ਤੇਰਾ ਹਿਰਦਾ ਹੀ ਹੈ ਉਹ ਤੇਰੇ ਅੰਦਰ ਹੀ ਹੈ ਪਰ ਉਹ ਉਦੋਂ ਪ੍ਰਗਟ ਹੋਵੇਗਾ ਜਦੋਂ ਮਨੁੱਖ ਆਪਣਾ ਆਪਾ ਚੀਨੇਗਾ। ਆਪਣਾ ਆਪਾ ਪਛਾਣਨ ਨਾਲ 'ਭਰਮ ਦੀ ਕਾਈ' ਮਿਟੇਗੀ :-

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥[85]

ਬਾਬਾ ਫ਼ਰੀਦ ਜੀ ਰੱਬੀ ਪ੍ਰੇਮ ਦੀ ਪੀਕ ਨੂੰ ਸਪੱਸ਼ਟ ਕਰਦੇ ਹੋਏ ਸੰਸਾਰਕ ਸਮੱਸਿਆਵਾਂ ਦਾ ਜ਼ਿਕਰ ਕਰਦੇ ਹਨ। ਉਹ ਪ੍ਰੀਤਮ ਪ੍ਰੇਮ ਦੀ ਖਿੱਚ/ਬਿਹਬਲਤਾ/ਤੜਫ਼ ਨੂੰ ਬਿਆਨ ਕਰਦੇ ਕਹਿੰਦੇ ਹਨ ਕਿ ਸੰਸਾਰ ਦੀਆਂ ਮੁਸ਼ਕਲਾਂ, ਕਠਿਨਾਈਆਂ ਜਿੰਨੀਆਂ ਵੀ ਵੱਡੀਆਂ ਹੋਣ ਉਹ ਮੇਰੇ ਪ੍ਰੀਤਮ ਦੇ ਪਿਆਰ ਵਿੱਚ ਬਾਧਾ ਨਹੀਂ ਬਣ ਸਕਦੀਆਂ। ਸਾਧਨਾ ਦਾ ਮਹੱਤਵਪੂਰਨ ਗੁਣ ਦ੍ਰਿੜਤਾ ਜਾਂ ਪ੍ਰਤੀਬੱਧਤਾ ਹੈ। ਇਸ ਦੇ ਬਿਨ੍ਹਾਂ ਕੋਈ ਵੀ ਜਗਿਆਸੂ ਜਾਂ ਸਾਧਕ ਪਰਮ ਸੱਤਾ ਦੀ ਪ੍ਰਾਪਤੀ ਨਹੀਂ ਕਰ ਸਕਦਾ। ਫ਼ਰੀਦ ਸਾਹਿਬ ਦਾ ਇਹ ਸਲੋਕ ਇਸ ਸੰਦਰਭ ਵਿੱਚ ਵਿਸ਼ੇਸ਼ ਗੁਣਾਂ ਦਾ ਧਾਰਨੀ ਹੈ :-

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥

ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥[86]

ਗੁਰੂ ਤੇਗ ਬਹਾਦਰ ਜੀ ਪਰਮਾਤਮਾ ਅੱਗੇ ਸੰਪੂਰਨ ਸਮਰਪਨ ਵਜੋਂ ਪੇਸ਼ ਹੁੰਦੇ ਹੋਏ ਮਨੁੱਖ ਨੂੰ ਵੀ ਪੂਰਨ ਸਮਰਪਨ ਦਾ ਉਪਦੇਸ਼ ਦਿੰਦੇ ਹਨ। ਉਹ ਸਪੱਸ਼ਟ ਕਰਦੇ ਹਨ ਕਿ ਮੇਰਾ ਬਲ, ਬੰਧਨ ਸਭ ਕੁੱਝ ਪਰਮਾਤਮਾ ਵੱਸ ਹੈ। ਮੈਂ ਤਾਂ ਉਪਰਾਲਾ ਵੀ ਕੋਈ ਨਹੀਂ ਕਰ ਸਕਦਾ। ਪਰਮਾਤਮਾ ਹੀ ਮੇਰੇ ਬੰਧਨਾਂ ਨੂੰ ਤੋੜ ਸਕਦਾ ਹੈ ਅਤੇ ਮੈਨੂੰ ਸੱਤਿਆ ਪ੍ਰਦਾਨ ਕਰ ਸਕਦਾ ਹੈ। ਜੇਕਰ ਅਕਾਲ ਪੁਰਖ ਆਸਰਾ ਬਖਸ਼ੇ ਤਾਂ ਸਭ ਕੁੱਝ ਸੰਭਵ ਹੈ। ਇਹ ਅਵਸਥਾ ਆਪਣੇ ਪਿਆਰੇ ਪ੍ਰਤੀ ਪ੍ਰੇਮ ਪ੍ਰਗਟਾਵਾ ਤੇ ਸਮਰਪਨ ਹੈ :-

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥[87]

ਉਪਰੋਕਤ ਕਥਨਾਂ ਨੂੰ ਵਿਚਾਰਨ ਤੋਂ ਬਾਅਦ ਕਹਿ ਸਕਦੇ ਹਾਂ ਕਿ ਦੋਨਾਂ ਮਹਾਂਪੁਰਖਾਂ ਦੀ ਬਾਣੀ ਮਨੁੱਖੀ ਚੇਤਨਾ ਨੂੰ ਗੁਰਮਤਿ ਵੈਰਾਗ ਵੱਲ ਪ੍ਰੇਰਿਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਬਾਣੀ ਮਨੁੱਖ ਨੂੰ ਭੌਤਿਕ ਤੇ ਦ੍ਰਿਸ਼ਟਮਾਨ ਵਰਤਾਰੇ ਨੂੰ ਤਿਆਗਣ ਲਈ ਨਹੀਂ ਸਗੋਂ ਅਸਲ ਵੈਰਾਗੀ/ਜੋਗੀ ਬਣਨ ਲਈ ਪ੍ਰੇਰਨਾ ਪ੍ਰਦਾਨ ਕਰਦੀ ਹੈ। ਦੋਨਾਂ ਮਹਾਂਪੁਰਖਾਂ (ਗੁਰੂ ਤੇਗ ਬਹਾਦਰ ਤੇ ਬਾਬਾ ਫ਼ਰੀਦ) ਦੀ ਬਾਣੀ 'ਘਰ ਹੀ ਮਾਹਿ ਉਦਾਸੁ' ਦਾ ਉਪਦੇਸ਼ ਦ੍ਰਿੜ ਕਰਵਾ ਕੇ ਦੈਵੀ ਸੱਤਾ ਦਾ ਵਾਸਾ ਮਨੁੱਖੀ ਹਿਰਦੇ ਨੂੰ ਤਸੱਵਰ ਕਰਦੀ ਹੈ। ਬਾਹਰੀ ਕਰਮਕਾਂਡਾਂ, ਪਾਖੰਡਾਂ, ਪਹਿਰਾਵਿਆਂ ਦੀ ਆਲੋਚਨਾਂ ਦੋਨਾਂ ਮਹਾਂਪੁਰਖਾਂ ਦੀ ਬਾਣੀ ਵਿੱਚ ਕੀਤੀ ਗਈ ਹੈ ਅਤੇ ਵੈਰਾਗ ਨੂੰ ਅੰਤਰਮੁਖੀ ਸਾਧਨਾ ਨਾਲ ਜੋੜਿਆ ਹੈ। ਵੈਰਾਗ ਆਪਣੇ ਪ੍ਰਬਲ ਵੇਗ ਰਾਹੀਂ ਦੋਨਾਂ ਮਹਾਂਪੁਰਖਾਂ ਦੀ ਬਾਣੀ ਵਿੱਚ ਵਹਿ ਰਿਹਾ ਹੈ। ਡਾ. ਤਾਰਨ ਸਿੰਘ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਅਧਿਐਨ ਉਪਰੰਤ ਵੈਰਾਗ ਦੇ ਤਿੰਨ ਪੱਖਾਂ ਨੂੰ ਬਿਆਨ ਕਰਦੇ ਹਨ ਅਤੇ ਇਹੀ ਤਿੰਨ ਪੱਖ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਡਾ. ਸਾਹਿਬ ਅਨੁਸਾਰ ਪਹਿਲਾ ਪੱਖ- ਬਨ ਵਿੱਚ ਜਾਣਾ ਨਿਸਫ਼ਲ ਹੈ, ਭਾਵ ਗ੍ਰਹਿਸਤ ਵਿੱਚ ਹੀ ਉਦਾਸ ਰਹਿਣਾ; ਪ੍ਰਭੂ ਜਾਂ ਸੱਚ ਨੂੰ ਅੰਦਰੋਂ ਪਛਾਨਣਾ ਹੈ; ਫਿਰ ਸੱਚ ਨੂੰ ਸਾਰੀ ਮਨੁੱਖਤਾ ਨਾਲ ਅਭੇਦ ਕਰਨਾ ਹੈ ਤੇ ਮਨੁੱਖਤਾ ਲਈ ਪ੍ਰੇਮ ਵਿੱਚ ਤਨ, ਮਨ, ਧਨ ਕੁਰਬਾਨ ਕਰਨਾ ਹੈ।[88] ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਵੀ ਵੈਰਾਗ ਅਤੇ ਬਿਰਹਾ ਦੀ ਬਿਹਬਲਤਾ ਚਰਮ ਸੀਮਾ ਉੱਪਰ ਵਿਮਾਨ ਕਰ ਰਹੀ ਹੈ। ਉਨ੍ਹਾਂ ਦੀ ਬਾਣੀ ਵਿੱਚ ਬਿਰਹੋਂ ਦੀ ਵੇਦਨਾ ਇਸ ਪ੍ਰਕਾਰ ਵਹਿੰਦੀ ਹੈ ਕਿ ਉਹ ਆਪਣੇ ਪਤੀ (ਪਰਮਾਤਮਾ) ਦਾ ਵਿਛੋੜਾ ਇੱਕ ਪਲ ਵੀ ਸਹਿਣ ਨਹੀਂ ਕਰ ਸਕਦੇ :-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥[89]

ਸੋ ਫ਼ਰੀਦ ਬਾਣੀ ਵਿੱਚ ਬਿਰਹਾ ਅਤੇ ਵੈਰਾਗ ਆਪਣੇ ਜੋਬਨ ਅਤੇ ਸ਼ਿਖਰ 'ਤੇ ਹੈ। ਦੋਨਾਂ ਮਹਾਪੁਰਖਾਂ ਦੀ ਬਾਣੀ ਵਿੱਚ ਵੈਰਾਗ ਅਤੇ ਬਿਰਹਾ ਦੀਆਂ ਸਾਂਝਾਂ ਭਲੀਭਾਂਤ, ਪ੍ਰਤੱਖ਼ ਅਤੇ ਸਪੱਸ਼ਟ ਦੇਖੀਆਂ ਜਾ ਸਕਦੀਆਂ ਹਨ।

**(ਅ) ਵਖਰੇਵੇਂ**

ਇਲਹਾਮ ਦੀ ਧਰਾਤਲੀ ਪੱਧਰ ਉੱਪਰ ਬਾਹਰੀ ਰੂਪ ਵਿੱਚ ਅਸਮਾਨਤਾ ਹੋ ਸਕਦੀ ਹੈ ਪਰੰਤੂ ਅੰਦਰੂਨੀ ਸੁਰ ਅਤੇ ਅਧਿਆਤਮਿਕ ਗਿਆਨ ਸਮਭਾਵੀ ਹੁੰਦਾ ਹੈ ਕਿਉਂਕਿ ਸੰਸਾਰ ਦੇ ਸਭ ਇਲਹਾਮਾਂ ਦਾ ਮੁੱਢਲਾ ਸਰੋਤ ਇੱਕ (ਪਰਮਾਤਮਾ) ਹੀ ਹੁੰਦਾ ਹੈ। ਭਾਵੇਂ ਇਲਹਾਮ ਸਾਮੀ ਪਰੰਪਰਾ ਵਿੱਚ ਹੋ ਰਿਹਾ ਹੈ ਭਾਵੇਂ ਵੈਦਿਕ (ਆਰੀਅਨ) ਪਰੰਪਰਾ ਵਿੱਚ ਸਮੇਂ, ਸਥਾਨ, ਵਾਤਾਵਰਣ, ਸੱਭਿਆਚਾਰਕ ਵਿਭਿੰਨਤਾਵਾਂ ਹੋ ਸਕਦੀਆਂ ਹਨ ਪਰੰਤੂ ਅਧਿਆਤਮਿਕ ਉਪਦੇਸ਼ ਸਮਭਾਵੀ ਹੁੰਦਾ ਹੈ। ਸਿਰਲੇਖ ਵਿੱਚ ਵਖਰੇਵੇਂ ਸ਼ਬਦ ਤੋਂ ਉਪਰੋਕਤ ਵਿਚਾਰ ਵਿਰੋਧਾ-ਭਾਸ ਪ੍ਰਤੀਤ ਹੁੰਦਾ ਹੈ। ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਅੰਤਰਗਤ ਸਮੇਂ ਅਤੇ ਸਥਾਨ ਦੀ ਹੀ ਭਿੰਨਤਾ ਨਹੀਂ ਸਗੋਂ ਸੱਭਿਆਚਾਰ ਦੀ ਵੀ ਭਿੰਨਤਾ ਹੈ। ਬਾਹਰੀ ਧਰਾਤਲੀ ਵਿਭਿੰਨਤਾਵਾਂ ਹੋਣ ਨਾਲ ਵਿਚਾਰਧਾਰਾ ਦੇ ਪ੍ਰਗਟਾਅ ਤੇ ਸਰੂਪ ਵਿਚ ਥੋੜਾ ਬਹੁਤ ਅੰਤਰ ਹੋਣਾ ਸਾਧਾਰਨ ਗੱਲ ਹੈ। ਸੂਖ਼ਮ ਦ੍ਰਿਸ਼ਟੀ ਨਾਲ ਗਹਿਣ ਅਧਿਐਨ ਕੀਤਿਆਂ ਇਨ੍ਹਾਂ ਵਿਭਿੰਨਤਾਵਾਂ ਤੱਕ ਪਹੁੰਚਿਆ ਜਾ ਸਕਦਾ ਹੈ। ਜੇਕਰ ਦੋਨਾਂ ਮਹਾਂਪੁਰਖਾਂ ਦੇ ਜੀਵਨ ਦੇ ਵਿਅਕਤੀਤਵ ਦਾ ਅਧਿਐਨ ਕਰਦੇ ਹਾਂ ਤਾਂ ਕੁੱਝ ਭਿੰਨਤਾਵਾਂ ਦਾ ਪ੍ਰਤੱਖਣ ਸਾਡੇ ਸਾਹਮਣੇ ਵਿਅਕਤ ਹੁੰਦਾ ਹੈ। ਫ਼ਰੀਦ ਸਾਹਿਬ ਸੂਫ਼ੀ ਪਰੰਪਰਾ ਨਾਲ ਸਬੰਧਿਤ ਹੋਣ ਕਾਰਨ ਉਨ੍ਹਾਂ ਦਾ ਵਿਅਕਤੀਤਵ ਦਰਵੇਸ਼ੀ ਹੈ। ਉਹ ਦਰਵੇਸ਼ੀ ਜੀਵਨ ਹੀ ਬਸਰ ਕਰਦੇ ਰਹੇ :-

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥[90]

ਪਰੰਤੂ ਦੂਜੇ ਪਾਸੇ ਗੁਰੂ ਤੇਗ ਬਹਾਦਰ ਜੀ ਦਰਵੇਸ਼ੀ ਹੋਣ ਦੇ ਨਾਲ ਨਾਲ ਕ੍ਰਾਂਤੀਕਾਰੀ, ਯੁੱਗ ਪਲਟਾਊ, ਸ਼ਹਾਦਤ ਦੇ ਪਰਿਵਰਤਕ ਤੇ ਕੁਰਬਾਨੀ ਦੇ ਪ੍ਰਤੀਕ ਵੀ ਹਨ ਅਤੇ 'ਜੰਗ-ਏ-ਮੈਦਾਨ' ਵਿੱਚ ਤੇਗ ਦੇ ਜੌਹਰ

ਦਿਖਾਉਣ ਵਾਲੇ ਵੀ ਹਨ। ਦੋਨਾਂ ਮਹਾਂਪੁਰਖਾਂ ਦੇ ਵਿਅਕਤੀਤਵ ਵਿੱਚਲੀ ਵਿਭਿੰਨਤਾ ਇਨ੍ਹਾਂ ਦੀ ਵਿਚਾਰਧਾਰਾ ਉੱਪਰ ਵੀ ਅਸਰ ਦਿਖਾਉਂਦੀ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚੋਂ ਵਿਅਕਤ ਹੋ ਰਿਹਾ ਵੈਰਾਗ ਦਾ ਸਰੂਪ ਵਿਲੱਖਣ ਹੈ ਜੋ ਫ਼ਰੀਦ ਸਾਹਿਬ ਦੀ ਬਾਣੀ ਨਾਲੋਂ ਸੂਖ਼ਮ ਭਿੰਨਤਾ ਰੱਖਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿੱਚੋਂ ਵਿਅਕਤ ਹੋ ਰਿਹਾ ਵੈਰਾਗ ਧਰਮ ਦੀ ਸਥਾਪਨਾ ਹਿੱਤ ਮਨੁੱਖੀ ਚੇਤਨਾ ਅੰਦਰ ਸ਼ਹਾਦਤ ਦਾ ਚਾਉ ਵੀ ਪੈਦਾ ਕਰਦਾ ਹੈ। ਇੱਥੇ ਸੰਸਾਰਿਕਤਾ ਤੇ ਅਧਿਆਤਮਿਕਤਾ, ਮੀਰੀ ਤੇ ਪੀਰੀ ਦੇ ਦੋਨਾਂ ਸੰਕਲਪਾਂ ਦੀ ਪਰਸਪਰ ਸਹਿਹੋਂਦ ਪ੍ਰਗਟ ਹੋ ਰਹੀ ਹੈ। ਇਸੇ ਵੈਰਾਗ ਵਿੱਚ ਵੈਰਾਗੀ ਯੋਧਾ ਪ੍ਰਗਟ ਹੁੰਦਾ ਹੈ ਜੋ ਅੰਤਹਕਰਣ ਦੇ ਵਿਕਾਰਾਂ ਦਾ ਵਿਜੇਤਾ ਅਤੇ ਬਾਹਰੀ ਤੌਰ ’ਤੇ ਸਿਰਲੱਥ, ਸ਼ਹਾਦਤ ਦੇ ਜਜ਼ਬੇ ਵਾਲਾ ਧਰਮ ਰੱਖਿਅਕ ਅਤੇ ਧਰਮ ਸੰਸਥਾਪਕ ਵੀ ਹੁੰਦਾ ਹੈ। ਗੁਰਬਾਣੀ ਉਪਰੋਕਤ ਵਿਚਾਰਧਾਰਾ ਵਾਲਾ ਸੰਤ-ਸਿਪਾਹੀ ਪੈਦਾ ਕਰਦੀ ਹੈ। ਇਸ ਪ੍ਰਕਾਰ ਦੀ ਅਵਸਥਾ ਦਾ ਚਿਤਰਨ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚੋਂ ਇਸ ਪ੍ਰਕਾਰ ਮਿਲਦਾ ਹੈ :-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥[91]

ਮਾਨਵ ਦੀ ਬਿਰਤੀ ਇੱਕ ਅਜਿਹਾ ਮਹੱਤਵਪੂਰਨ ਕਾਰਨ ਹੁੰਦਾ ਹੈ ਜੋ ਵਿਅਕਤੀ ਨੂੰ ਮੂਲ ਤੱਤ ਨਾਲ ਜੋੜਨ ਦਾ ਸਾਧਨ ਬਣਦਾ ਹੈ। ਇਹੀ ਮਾਨਵੀ ਗੁਣ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਬਦ ਤੋਂ ਤਲਵਾਰ ਤੱਕ

ਤੇ ਬਾਅਦ ਵਿੱਚ ਤਲਵਾਰ ਤੋਂ ਸ਼ਹਾਦਤ ਤੱਕ ਦੇ ਤਲਿਸ਼ਮੀ ਸਫ਼ਰ ਨਾਲ ਜੋੜਦਾ ਹੈ। ਜਿਸ ਅੰਦਰ ਵੈਰਾਗ ਦੇ ਅੰਬਾਰ ਲੱਗੇ ਹੁੰਦੇ ਹਨ। ਗੁਰੂ ਅਮਰਦਾਸ ਸਾਹਿਬ ਵੀ ਆਪਣੀ ਰਚਨਾ ਵਿੱਚ ਸੰਤ ਸਿਪਾਹੀ ਜੋ ਅਸਲ ਵੈਰਾਗੀ ਹੈ ਦਾ ਜ਼ਿਕਰ ਕਰਦੇ ਹਨ:-

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥[92]

ਡਾ. ਜਸਬੀਰ ਸਿੰਘ ਅਹਲੂਵਾਲੀਆ ਅਨੁਸਾਰ ਸ਼ੇਖ ਫ਼ਰੀਦ ਦਾ ਅਨੁਭਵ ਚਿੰਤਨ ਆਧਾਰਤ ਨਹੀਂ। ਉਨ੍ਹਾਂ ਦੀ ਬਾਣੀ ਗੁਰੂ ਨਾਨਕ ਬਾਣੀ ਵਾਂਗ ਫ਼ਲਸਫ਼ੇ ਦੇ ਮੁੱਢਲੇ ਤੇ ਮੂਲਕ ਪ੍ਰਸ਼ਨਾਂ (ਧਰਮ ਹਸਤੀ ਦਾ ਸਰੂਪ, ਮਨੁੱਖ ਦਾ ਸੰਕਲਪ, ਭੌਤਿਕ ਤੇ ਪਰਾਭੌਤਿਕ ਯਥਾਰਥ ਦੇ ਆਪਸੀ ਸੰਬੰਧ ਆਦਿ) ਬਾਰੇ ਕੋਈ ਬੌਧਿਕ ਚਿੱਤਰ ਪੇਸ਼ ਨਹੀਂ ਕਰਦੀ। ਸ਼ੇਖ ਫ਼ਰੀਦ ਦੀ ਬਾਣੀ ਵਿੱਚ ਬਿਰਹਾ ਦੀ ਵੇਦਨਾ ਤਾਂ ਬਹੁਤ ਹੈ ਪਰ ਮਿਲਾਪ ਦੀ ਰੂਪ ਰੇਖਾ ਬਾਰੇ ਚੇਤਨਾ ਘੱਟ ਹੈ।[93] ਪਰੰਤੂ ਉਪਰੋਕਤ ਵਿਚਾਰ ਦਾ ਅਰਥ ਇਹ ਨਹੀਂ ਕਿ ਫ਼ਰੀਦ ਬਾਣੀ ਗੁਰੂ ਨਾਨਕ ਬਾਣੀ ਦੇ ਸਮਭਾਵੀ ਨਹੀਂ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਸਮੁੱਚੀ ਬਾਣੀ ਦੀ ਵਿਚਾਰਧਾਰਾ ਸਮਭਾਵੀ, ਇੱਕ ਅਕਾਲਪੁਰਖ ਦਾ ਗੁਣਾਤਮਿਕ ਵਖਿਆਣ ਅਤੇ ਗੁਰਮੁੱਖ (ਸੰਤ-ਸਿਪਾਹੀ) ਦੀ ਅਵਸਥਾ ਦਾ ਪੰਧ ਹੈ। ਫ਼ਰੀਦ ਬਾਣੀ ਦੀ ਅਧਿਆਤਮਿਕ ਸੁਰ, ਅਧਿਆਤਮਵਾਦ ਦੀ ਪ੍ਰਬਲਤਾ, ਵੇਦਨਾ, ਭਾਵਨਾ, ਗੁਰੂ ਨਾਨਕ ਬਾਣੀ ਅਨੁਕੂਲ ਹੋਣ ਕਾਰਨ ਹੀ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ। ਇਨ੍ਹਾਂ ਦੀ ਬਾਣੀ ਜਗਿਆਸੂ ਦੇ ਹਿਰਦੇ ਨੂੰ ਗਹਿਰਾਈ ਤੋਂ ਟੁੰਬਦੀ ਹੈ ਕਿਉਂਕਿ ਬਿਰਹਾ ਦੀ ਵੇਦਨਾ/ਬਿਹਬਲਤਾ ਆਪਣੀ ਚਰਮ ਸੀਮਾ ਉੱਪਰ ਪਹੁੰਚ ਕੇ ਦੂਜੇ ਨੂੰ ਇਹੀ ਰੰਗ ਮਾਣਨ ਲਈ ਮਜ਼ਬੂਰ ਕਰ ਦਿੰਦੀ ਹੈ। ਫ਼ਰੀਦ ਜੀ ਦੀ ਬਾਣੀ ਜਗਿਆਸੂ ਨੂੰ ਅਧਿਆਤਮਿਕ ਪ੍ਰਵਿਰਤੀ ਤਹਿਤ ਪ੍ਰੇਰਿਤ ਕਰਦੀ ਹੈ ਪਰ ਜਗਿਆਸੂ ਨੂੰ ਮਿਲਾਪ/ਵਸਲ ਦੇ ਮਾਰਗ ਦੀ ਰੂਪ ਰੇਖਾ ਦੀ ਚੇਤਨਾ ਘੱਟ ਹੈ। ਪਰ ਇਹ ਚੇਤਨਾ ਗੁਰੂ ਤੇਗ ਬਹਾਦਰ ਸਾਹਿਬ ਦੀ ਰਚਨਾ ਵਿੱਚ ਵਧੇਰੇ ਪ੍ਰਬਲ ਹੈ। ਗੁਰੂ ਤੇਗ ਬਹਾਦਰ ਜੀ ਮਨੁੱਖੀ ਚੇਤਨਾ ਪ੍ਰਤੀ ਚੇਤਨਾ ਦੇ ਨਿਘਾਰ ਤੇ ਯਥਾਰਥ ਨਾਲ ਸਾਂਝ ਪਵਾਉਂਦੇ ਹੋਏ ਵੈਰਾਗਮਈ ਜੀਵਨ ਪ੍ਰਤੀ ਚੇਤਾ ਕਰਵਾ ਕੇ ਨਾਲ ਹੀ ਮਿਲਾਪ/ਵਸਲ ਦੀ ਰੂਪ ਰੇਖਾ ਤੇ ਪੰਧ ਵੀ ਵਿਅਕਤ ਕਰਦੇ ਹਨ :-

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥

ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥

ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥

ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੧॥[94]

ਫ਼ਰੀਦ ਸਾਹਿਬ ਦੀ ਬਾਣੀ ਵਿੱਚ ਨਿਰੋਲ ਪੀਰੀ ਤੱਤ ਦੀ ਬਹੁਤਾਂਤ ਹੈ ਅਤੇ ਉਹ ਮਨੁੱਖੀ ਚੇਤਨਾ ਨੂੰ ਦਰਵੇਸ਼ੀ ਦਾ ਰਸਤਾ ਅਪਨਾਉਣ ਲਈ ਅਧਿਆਤਮਿਕ ਪੰਧ ਤਹਿਤ ਨੈਤਿਕਤਾ ਦੀਆਂ ਉੱਚ ਕਦਰਾਂ-ਕੀਮਤਾਂ ਦਾ ਵਿਵਹਾਰਕ ਰੂਪ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ। ਇਸਦੇ ਨਾਲ ਹੀ ਉਹ ਬੰਦਗੀ ਅਤੇ ਪ੍ਰਭੂ ਪ੍ਰੇਮ/ਨਾਮ ਸਿਮਰਨ ਨੂੰ ਅਤਿਅੰਤ ਲਾਜ਼ਮੀ ਤਸੱਵਰ ਕਰਦੇ ਹਨ ਅਤੇ ਇੱਥੋਂ ਤੱਕ ਕਹਿ ਦਿੰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਵਿਸਰ (ਭੁੱਲ) ਜਾਂਦਾ ਹੈ ਜਾਂ ਜੋ ਸੰਸਾਰਕ ਭਰਮ ਦੇ ਅੰਤਰਗਤ ਵਿਕਾਰਾਂ ਅਧੀਨ ਹੋ ਕੇ ਨਾਮ ਸਿਮਰਨ ਨੂੰ ਵਿਸਾਰ ਦਿੰਦੇ ਹਨ ਉਹ ਇਸ ਧਰਤੀ ਉੱਪਰ ਭਾਰ ਹੀ ਹਨ। ਉਨ੍ਹਾਂ ਨੂੰ ਇਸ ਧਰਤੀ ਉੱਪਰ ਜਿਊਣ ਦਾ ਅਧਿਕਾਰੀ ਨਹੀਂ ਮੰਨਿਆ ਜਾ ਸਕਦਾ ਜਿਵੇਂ :-

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥[95]

ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖੀ ਚੇਤਨਾ ਨੂੰ ਕੇਵਲ ਪੀਰੀ ਦਾ ਹੀ ਉਪਦੇਸ਼ ਨਹੀਂ ਦਿੰਦੇ ਸਗੋਂ ਉਨ੍ਹਾਂ ਦੀ ਬਾਣੀ ਵਿੱਚੋਂ ਪ੍ਰਗਟ ਹੋ ਰਿਹਾ ਵੈਰਾਗ ਮਨੁੱਖੀ ਚੇਤਨਾ ਨੂੰ ਨਿਰਭਉ ਤੇ ਨਿਰਵੈਰ ਵੀ ਬਣਾਉਂਦਾ ਹੈ। ਇਹੀ ਨਿਰਭਉ ਅਵਸਥਾ ਮਨੁੱਖ ਨੂੰ ਸਮਾਜਿਕ ਅਨੈਤਿਕਤਾ ਅਤੇ ਜ਼ੁਲਮ ਦੇ ਅੰਤਰ ਵਿਰੋਧ ਖੜਾ ਕਰ ਦਿੰਦੀ ਹੈ।

ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚੋਂ ਮਿਲਾਪ ਦੀ ਰੂਪ-ਰੇਖਾ ਵਿਅਕਤੀਗਤ ਰੂਪ ਵਿੱਚ ਉਪਜਦੀ ਹੈ ਪਰੰਤੂ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿੱਚ ਵੈਰਾਗ ਪੈਦਾ ਹੋ ਕੇ ਮਿਲਾਪ/ਵਸਲ/ਅਭੇਦਤਾ ਦੀ ਰੂਪ-ਰੇਖਾ ਜਾਂ ਪੰਧ ਸਮੂਹਿਕ ਚੇਤਨਾ (ਸਾਧ ਸੰਗਤ) ਰਾਹੀਂ ਦ੍ਰਿਸ਼ਟੀਗੋਚਰ ਹੋ ਰਿਹਾ ਹੈ :-

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥[96]

ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥

ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥[97]

ਉਪਰੋਕਤ ਤੱਥਾਂ ਦੇ ਆਧਾਰ 'ਤੇ ਸੰਖ਼ੇਪ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਲਹਾਮ ਦੀ ਅੰਦਰੂਨੀ ਅਧਿਆਤਮਿਕ ਪਰਮਾਰਥਕ ਭਾਵਨਾ ਜਾਂ ਸੁਰ ਸਾਂਝੀ ਹੁੰਦੀ ਹੈ। ਸਮਾਜਿਕ ਧਰਾਤਲੀ ਵਿਭਿੰਨਤਾਵਾਂ ਹੋਣ ਕਾਰਨ ਵਿਚਾਰਧਾਰਾ ਦੇ ਪ੍ਰਗਟਾ ਜਾਂ ਪ੍ਰਕਿਰਤੀ ਵਿੱਚ ਸੂਖ਼ਮ ਭਿੰਨਤਾ ਹੋ ਸਕਦੀ ਹੈ ਪਰੰਤੂ ਉਨ੍ਹਾਂ ਦੀ ਮੂਲ ਸੁਰ/ਸਰੋਤ ਇੱਕ ਹੀ ਹੁੰਦਾ ਹੈ। ਉਦੇਸ਼ ਰੱਬੀ ਜੋਤ ਨਾਲ ਇਕਾਤਮਿਕਤਾ/ਅਭੇਦਤਾ ਕਾਇਮ ਕਰਨੀ ਹੁੰਦੀ ਹੈ ਜਿਸ ਨੂੰ ਫ਼ਰੀਦ ਬਾਣੀ ਮਿਲਾਪ ਜਾਂ ਵਸਲ ਰਾਹੀਂ ਪ੍ਰਗਟ ਕਰਦੀ ਹੈ। ਗੁਰੂ ਨਾਨਕ (ਨੌਵੇਂ ਸਰੀਰ) ਬਾਣੀ ਅਤੇ ਫ਼ਰੀਦ ਬਾਣੀ ਦੀਆਂ ਪਰੰਪਰਾਵਾਂ ਵਿਭਿੰਨ ਹੋਣ ਨਾਲ 'ਪ੍ਰਗਟਾ' ਦੀ ਪ੍ਰਕਿਰਤੀ ਵੱਖ ਵੱਖ ਪ੍ਰਤੀਤ ਹੁੰਦੀ ਹੈ ਪਰੰਤੂ ਮੁੱਢਲੀ ਤੇ ਸੂਖ਼ਮ ਵਿਭਿੰਨਤਾ ਇਹੀ ਹੈ ਕਿ ਗੁਰੂ ਨਾਨਕ ਬਾਣੀ ਵਿੱਚੋਂ ਵਿਅਕਤ ਹੋ ਰਿਹਾ ਵੈਰਾਗ ਮਨੁੱਖੀ ਚੇਤਨਾ ਨੂੰ ਨਿਰਭਉ ਤੇ ਨਿਰਵੈਰ ਬਣਾਉਣ ਦੇ ਨਾਲ ਪੀਰੀ ਵਿੱਚ ਵੀ ਪ੍ਰਪੱਕ ਭਾਵ 'ਸੰਤ-ਸਿਪਾਹੀ' ਬਣਾਉਂਦਾ ਹੈ ਅਤੇ ਫ਼ਰੀਦ ਬਾਣੀ ਦਾ ਸੰਪੂਰਨ ਝੁਕਾਅ ਦਰਵੇਸੀ ਰਸਤੇ ਉੱਪਰ ਕੇਂਦਰਿਤ ਹੈ। ਦੋਨਾਂ ਮਹਾਂਪੁਰਖਾਂ (ਫ਼ਰੀਦ ਜੀ ਤੇ ਗੁਰੂ ਤੇਗ ਬਹਾਦਰ) ਦੀ ਬਾਣੀ ਵਿੱਚ ਵੈਰਾਗ ਤੇ ਬਿਰਹਾ ਦੇ ਪ੍ਰਗਟ ਰੂਪ ਦੇ ਵਖਰੇਵੇਂ ਤੋਂ ਸਾਡਾ ਪ੍ਰਯੋਜਨ ਇਹ ਨਹੀਂ ਕਿ ਇਨ੍ਹਾਂ ਦੋਨਾਂ ਮਹਾਂਪੁਰਖਾਂ ਦੀ ਬਾਣੀ ਨੂੰ ਵੱਖ ਵੱਖ ਦੱਸ ਕੇ ਪ੍ਰਸ਼ਨ ਪੈਦਾ ਕਰਨਾ, ਆਲੋਚਨਾ ਕਰਨਾ ਜਾਂ ਵਿਤਕਰੇ ਦੀ ਭਾਵਨਾ ਉਜਾਗਰ ਕਰਨੀ ਹੈ। ਸਾਡਾ ਪ੍ਰਯੋਜਨ ਵਿਗਿਆਨਿਕ ਦ੍ਰਿਸ਼ਟੀ ਅਪਣਾ ਕੇ ਵੈਰਾਗ ਦੇ ਵਿਭਿੰਨ ਪ੍ਰਗਟ ਰੂਪਾਂ ਦਾ ਅਧਿਐਨ ਕਰਨਾ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਵੈਰਾਗ ਦੀ ਕਾਰਜਸ਼ੀਲਤਾ ਅਤੇ ਸਿੱਟੇ ਕੀ ਹਨ? ਇਹ ਸਥਾਪਿਤ ਕਰਨਾ ਹੈ।

ਇਸ ਅਧਿਆਇ ਦਾ ਸਿਰਲੇਖ '**ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਤੇ ਵੈਰਾਗ**' ਦਾ ਤੁਲਨਾਤਮਕ ਅਧਿਐਨ ਹੈ। ਇਸ ਅਧਿਆਇ ਦੀ ਸਮੁੱਚੀ ਵਿਚਾਰਧਾਰਾ ਇਸੇ ਦੇ ਇਰਦ ਗਿਰਦ ਹੀ ਵਿਕਾਸ ਕਰਦੀ ਹੈ ਅਤੇ ਸਿਰਲੇਖ ਦੇ ਪ੍ਰਯੋਜਨ ਨੂੰ ਸਪੱਸ਼ਟ ਕਰਦੀ ਹੈ। ਤੁਲਨਾਤਮਕ ਅਧਿਐਨ ਪ੍ਰਣਾਲੀ ਦੀ ਪ੍ਰਕਿਰਤੀ ਸਾਕਾਰਾਤਮਕ ਹੋਵੇ ਤਾਂ ਸਮੁੱਚੀ ਮਨੁੱਖਤਾ ਅਤੇ ਚਿੰਤਨ ਲਈ ਸਾਰਥਕ ਨਤੀਜੇ ਤੇ ਭਾਈਚਾਰਕ ਸਾਂਝ ਦਾ

ਵਿਕਾਸ ਕਰਦੀ ਹੈ ਪਰੰਤੂ ਜੇਕਰ ਤੁਲਨਾਤਮਕ ਅਧਿਐਨ ਪ੍ਰਣਾਲੀ ਦੀ ਪਿੱਠ ਭੂਮੀ ਨਕਾਰਾਤਮਕ ਚੇਤਨਾ ਅਧੀਨ ਕਾਰਜਸ਼ੀਲ ਹੋਵੇ ਤਾਂ ਇਹ ਬਹੁਤ ਘਾਤਕ/ਮਾਰੂ ਸਿੱਧ ਹੋ ਸਕਦੀ ਹੈ। ਇਹ ਸਮੁੱਚੀ ਮਨੁੱਖਤਾ ਲਈ ਵੱਡੇ ਤੋਂ ਵੱਡੇ ਹਥਿਆਰ ਨਾਲੋਂ ਵੀ ਜ਼ਿਆਦਾ ਵਿਨਾਸ਼ਕਾਰੀ ਸਿੱਧ ਹੋ ਸਕਦੀ ਹੈ। ਇਹ ਤੁਲਨਾ ਜੇਕਰ ਧਰਮ ਗ੍ਰੰਥਾਂ ਦੀ ਜਾਂ ਧਰਮਾਂ ਦੀ ਹੋਵੇ ਤਾਂ ਇਹ ਕਾਰਜ ਬਹੁਤ ਹੀ ਸੁਹਜ/ਸੰਜ਼ੀਦਗੀ ਅਤੇ ਕਠਿਨਾਈ ਵਾਲਾ ਹੁੰਦਾ ਹੈ। ਅਸੀਂ ਇਸ ਅਧਿਆਇ ਵਿੱਚ ਦੋਨੋਂ ਮਹਾਂਪੁਰਖਾਂ ਗੁਰੂ ਤੇਗ ਬਹਾਦਰ ਤੇ ਬਾਬਾ ਫ਼ਰੀਦ ਦੀ ਬਾਣੀ ਵਿੱਚੋਂ ਵਿਅਕਤ ਹੋ ਰਹੇ ਬਿਰਹੋਂ ਤੇ ਵੈਰਾਗ ਦੇ ਸਰੂਪਾਂ ਨੂੰ ਪ੍ਰਗਟਾਉਣ ਦਾ ਪ੍ਰਯਤਨ ਕੀਤਾ ਹੈ। ਵੈਰਾਗ ਕੀ ਹੁੰਦਾ ਹੈ? ਵੈਰਾਗ ਦੀ ਪਰਿਭਾਸ਼ਾ, ਵਿਭਿੰਨ ਧਰਮਾਂ (ਸਾਮੀ/ਆਰੀਅਨ) ਵਿੱਚ ਵੈਰਾਗ ਦਾ ਸਰੂਪ ਕੀ ਹੈ? ਸੰਖ਼ੇਪ ਵਿੱਚ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਪਰੰਤ ਗੁਰਮਤਿ ਵਿੱਚ ਵੈਰਾਗ ਦਾ ਸਰੂਪ ਕੀ ਹੈ? ਇਹ ਹੋਰਨਾਂ ਧਰਮਾਂ ਨਾਲੋਂ ਵਿਲੱਖਣ ਕਿਵੇਂ ਹੈ? ਆਦਿ ਬਿਆਨ ਕਰਨ ਦਾ ਪ੍ਰਯਤਨ ਕੀਤਾ ਹੈ। ਗੁਰਮਤਿ ਵਿੱਚਲਾ ਵੈਰਾਗ ਸਭ ਧਰਮਾਂ ਨਾਲੋਂ ਵਿਲੱਖਣ ਹੈ ਕਿਉਂਕਿ ਇਸ ਵਿੱਚ ਸੰਸਾਰਿਕਤਾ ਦਾ ਤਿਆਗ ਨਹੀਂ ਸਗੋਂ ਮੋਹ ਦਾ ਤਿਆਗ ਕਰਨਾ ਹੁੰਦਾ ਹੈ। 'ਘਰ ਹੀ ਮਾਹਿ ਉਦਾਸੁ' ਦੇ ਸਿਧਾਂਤ ਦਾ ਧਾਰਨੀ ਕੇਵਲ ਗੁਰਮਤਿ ਵੈਰਾਗ ਹੈ। ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਤੇ ਬਾਬਾ ਫ਼ਰੀਦ ਜੀ ਦੇ ਜੀਵਨ ਤੇ ਰਚਨਾਵਾਂ ਨੂੰ ਇਤਿਹਾਸਕ ਤੇ ਉਨ੍ਹਾਂ ਦੀ ਰਚਨਾ ਦੇ ਆਧਾਰ 'ਤੇ ਸੰਖ਼ਿਪਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਬਾਅਦ ਦੋਨਾਂ ਮਹਾਂਪੁਰਖਾਂ ਦੀ ਬਾਣੀ ਵਿੱਚ ਬਿਰਹੋਂ ਤੇ ਵੈਰਾਗ ਦੀਆਂ ਸਾਂਝਾਂ ਅਤੇ ਵਖਰੇਵਿਆਂ ਨੂੰ ਰੂਪਮਾਨ ਕੀਤਾ ਗਿਆ ਹੈ।

ਇਸ ਅਧਿਆਇ ਵਿੱਚਲੀ ਸਮੁੱਚੀ ਵਿਚਾਰ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪਰਮਾਰਥਕ ਜੀਵਨ ਲਈ ਵੈਰਾਗ ਮਨੁੱਖੀ ਅਧਿਆਤਮਿਕ ਪੰਧ ਵੱਲ ਪਹਿਲਾ ਕਦਮ ਹੈ। ਕੁੱਝ ਕੁ ਧਰਮਾਂ ਨੂੰ ਛੱਡ ਕੇ ਬਾਕੀ ਸਮੁੱਚੀ ਕਾਇਨਾਤ ਦੇ ਧਰਮਾਂ ਵਿੱਚ ਵੈਰਾਗ ਨੂੰ ਪ੍ਰਵਾਨ ਕੀਤਾ ਗਿਆ ਹੈ ਅਤੇ ਧਰਮ ਦਾ ਮੁੱਢਲਾ ਕਾਰਜ ਵੀ ਤਸੱਵਰ ਕੀਤਾ ਗਿਆ ਹੈ ਕਿਉਂਕਿ ਪ੍ਰੀਤੀ ਕੇਵਲ ਇੱਕ ਨਾਲ ਹੀ ਹੋ ਸਕਦੀ ਹੈ। ਸੱਚਾ ਪ੍ਰੇਮ ਕੇਵਲ ਇੱਕ ਨਾਲ ਹੀ ਸੰਭਵ ਹੈ। ਕਬੀਰ ਬਾਣੀ ਵਿੱਚ ਵੀ ਜ਼ਿਕਰ ਮਿਲਦਾ ਹੈ :-

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥[98]

ਫ਼ਰੀਦ ਸਾਹਿਬ ਦਾ ਮਹਾਂਵਾਕ ਹੈ :-

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥

ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਢੇ ਕਚਿਆ ॥[99]

ਇਹ ਪਿਆਰ ਚਾਹੇ ਸੰਸਾਰ ਨਾਲ ਹੋ ਜਾਵੇ ਚਾਹੇ ਨਿਰੰਕਾਰ ਨਾਲ। ਪਰਮਾਰਥ ਦੇ ਰਸਤੇ ਲਈ ਸੰਸਾਰਕ ਮੋਹ ਨੂੰ ਤਿਆਗ ਕੇ ਨਿਰੰਕਾਰ ਜਾਂ ਦੈਵੀ ਸੱਤਾ ਨਾਲ ਪ੍ਰੀਤ ਜੋੜਨੀ ਪਵੇਗੀ। ਮਹਾਤਮਾ ਬੁੱਧ ਨੇ ਨਿਰਵਾਣ ਲਈ ਵੈਰਾਗ ਨੂੰ ਪਹਿਲੀ ਪਉੜੀ ਦੱਸਿਆ ਹੈ। ਮਹਾਂਵੀਰ ਜੈਨ ਵੀ ਵੈਰਾਗੀ ਹੋਣ ਤੋਂ ਬਾਅਦ ਕੇਵਲਯ ਤੱਕ ਪਹੁੰਚਦਾ ਹੈ। ਭਾਵ ਕਿ ਵੈਰਾਗ ਪਰਮਾਰਥ ਉੱਪਰ ਚੱਲਣ ਲਈ ਪਉੜੀ ਦਾ ਪਹਿਲਾ ਡੰਡਾ ਹੈ ਪਰੰਤੂ ਗੁਰਮਤਿ ਦਾ ਵੈਰਾਗ ਸੰਸਾਰ ਨੂੰ ਤਿਆਗਣ ਦੀ ਤਾਕੀਦ ਨਹੀਂ ਕਰਦਾ। ਬਾਕੀ ਧਰਮਾਂ ਵਿੱਚ ਵੈਰਾਗ ਸਿੱਧੇ ਜਾਂ ਅਸਿੱਧੇ ਰੂਪ ਰਾਹੀਂ ਨਿਰਾਸ਼ਾ ਵਿੱਚੋਂ ਉਪਜ ਰਿਹਾ ਹੈ। ਇਹ ਨਿਰਾਸ਼ਾ ਮਨੁੱਖੀ ਚੇਤਨਾ ਲਈ ਘਾਤਕ ਵੀ ਹੋ ਸਕਦੀ ਹੈ ਪਰੰਤੂ ਗੁਰਮਤਿ ਦਾ ਵੈਰਾਗ ਆਸ਼ਾਵਾਦੀ ਪ੍ਰਵਿਰਤੀ ਦਾ ਲਖਾਇਕ ਹੈ। ਸੰਸਾਰਕ ਨਾਸ਼ਮਾਨਤਾ, ਸਰੀਰਕ/ਪਦਾਰਥਕ ਨਾਸ਼ਮਾਨਤਾ ਨੂੰ ਸਪੱਸ਼ਟ ਕਰਕੇ ਆਸ਼ਾਵਾਂ ਦਾ ਪੱਖ ਗੁਰਮਤਿ ਵਿੱਚੋਂ ਵਿਅਕਤ ਹੁੰਦਾ ਹੈ। ਗੁਰਮਤਿ ਸਾਕਾਰਾਤਮਕ ਚੇਤਨਾ ਰਾਹੀਂ ਮਨੁੱਖ ਦੀ ਯਥਾਰਥ ਨਾਲ ਸਾਂਝ ਪੁਆ ਕੇ ਸਦੀਵੀ ਸੱਚ ਨਾਲ ਮਿਲਾਪ/ਅਭੇਦ ਹੋਣ ਦੀ ਆਸ਼ਾਵਾਦੀ ਕਿਰਨ ਮਨੁੱਖੀ ਚੇਤਨਾ ਵਿੱਚ ਪੈਦਾ ਕਰ ਦਿੰਦੀ ਹੈ। ਗੁਰਮਤਿ ਦਾ ਵੈਰਾਗ ਸੰਸਾਰਕ ਤੇ ਅਧਿਆਤਮਿਕਤਾ ਦੀ ਪਰਸਪਰ ਸਹਿਹੋਂਦ ਦਾ ਧਾਰਨੀ ਹੈ। ਜਗਿਆਸੂ ਜੀਵ ਸੰਸਾਰਕ ਮੋਹ ਦਾ ਤਿਆਗ ਕਰਕੇ ਰੋਜ਼ਾਨਾ ਦੀ ਕਾਰ ਵਿਹਾਰ ਵਿੱਚ ਸੰਸਾਰਿਕਤਾ ਨਿਭਾਉਂਦੇ ਹੋਏ ਪਰਮਾਰਥ ਅਵਸਥਾ ਤੱਕ ਪਹੁੰਚਾਅ ਸਕਦਾ ਹੈ।

ਬਾਬਾ ਫ਼ਰੀਦ ਜੀ ਦੀ ਬਾਣੀ ਵੀ ਗੁਰਮਤਿ ਦੇ ਸਿਧਾਂਤਾਂ ਦੇ ਅਨੁਕੂਲ ਹੈ। ਜਿਹੀ ਸੁਰ ਗੁਰੂ ਨਾਨਕ ਬਾਣੀ ਦੀ ਹੈ ਤੈਸੀ ਹੀ ਸਮਭਾਵੀ ਸੁਰ ਬਾਬਾ ਫ਼ਰੀਦ ਜੀ ਦੀ ਬਾਣੀ ਦੀ ਹੈ। ਜਿਸ ਕਾਰਨ ਫ਼ਰੀਦ ਬਾਣੀ ਗੁਰੂ ਗ੍ਰੰਥ ਦਾ ਭਾਗ ਬਣ ਸਕੀ। ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਦੋਨਾਂ ਮਹਾਂਪੁਰਖਾਂ ਦੀ ਬਾਣੀ ਵਿੱਚ ਵੈਰਾਗ ਸੁਰ ਦੀ ਪ੍ਰਧਾਨਤਾ ਹੈ। ਕੁੱਝ ਸੂਖ਼ਮ ਵਿਭਿੰਨਤਾਵਾਂ ਤੋਂ ਬਿਨਾਂ ਇਨ੍ਹਾਂ ਦੀ ਬਾਣੀ ਵਿੱਚ ਵੈਰਾਗ ਦੀ ਪ੍ਰਬਲਤਾ, ਵੇਦਨਾ, ਮਹੱਤਤਾ ਸਮਭਾਵੀ ਚਲਦੀ ਹੈ। ਫ਼ਰੀਦ ਜੀ ਸੂਫੀ ਪਰੰਪਰਾ ਨਾਲ ਸਬੰਧਿਤ ਹੋਣ ਦੇ ਬਾਵਜੂਦ ਫ਼ਰੀਦ ਬਾਣੀ

ਵਿੱਚ ਵੈਰਾਗ ਦੀ ਸੁਰ/ਪ੍ਰਕਿਰਤੀ ਗੁਰਮਤਿ ਅਨੁਸਾਰੀ ਹੈ। ਗੁਰਮਤਿ ਵਾਸ਼ਨਾਵਾਂ/ਲਾਲਚ/ਤ੍ਰਿਸ਼ਨਾਵਾਂ ਦਾ ਤਿਆਗ ਕਰਨ ਲਈ ਉਪਦੇਸ਼ਾਤਮਕ ਵਿਚਾਰ ਪ੍ਰਦਾਨ ਕਰਦੀ ਹੈ। ਇਹੀ ਭਾਵ ਫ਼ਰੀਦ ਬਾਣੀ ਵਿੱਚੋਂ ਪ੍ਰਗਟ ਹੁੰਦੇ ਹਨ। ਮੌਤ ਦੀ ਨਾਸ਼ਮਾਨਤਾ, ਜਗਤ ਦੀ ਅਸਥਿਰਤਾ, ਪਦਾਰਥਕ ਸੰਪੱਤੀ ਦੀ ਨਾਸ਼ਮਾਨਤਾ ਦੋਨਾਂ ਮਹਾਂਪੁਰਖਾਂ ਦੀ ਬਾਣੀ ਵਿੱਚੋਂ ਸਪੱਸ਼ਟ ਹੋ ਕੇ ਮਨੁੱਖੀ ਚੇਤਨਾ ਨੂੰ ਬੰਦਗੀ/ਨਾਮ ਸਿਮਰਨ ਲਈ ਪ੍ਰੇਰਿਤ ਕਰਦੀ ਹੈ।

ਉਪਰੋਕਤ ਸਾਂਝਾ ਤੋਂ ਬਿਨਾਂ ਸੂਖ਼ਮ ਅਧਿਐਨ ਰਾਹੀਂ ਕੀਤੀਆਂ ਵੱਖਰਤਾਵਾਂ/ਵਿਭਿੰਨਤਾਵਾਂ ਦਾ ਉਲੇਖ ਇਸ ਅਧਿਆਇ ਵਿੱਚ ਪ੍ਰਸਤੁਤ ਕੀਤਾ ਗਿਆ ਹੈ। ਸੰਖ਼ੇਪ 'ਚ ਕਿਹਾ ਜਾ ਸਕਦਾ ਹੈ ਕਿ ਫ਼ਰੀਦ ਬਾਣੀ ਦਰਵੇਸ਼ੀ ਜੀਵਨ ਪ੍ਰਤੀ ਸਜੱਗ ਹੈ ਅਤੇ ਗੁਰੂ ਤੇਗ ਬਹਾਦਰ ਬਾਣੀ ਵਿੱਚੋਂ ਉਪਜ ਰਿਹਾ ਵੈਰਾਗ ਨਿਰਭਉ, ਨਿਰਵੈਰ ਦੇ ਧਾਰਨੀ, ਧਰਮ ਸੰਸਥਾਪਕ ਤੇ ਸ਼ਹਾਦਤ ਦਾ ਚਾਅ ਭਰੀ ਮਨੁੱਖੀ ਚੇਤਨਾ ਪੈਦਾ ਕਰਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸੂਖ਼ਮ ਭਿੰਨਤਾਵਾਂ ਹੋਣ ਦੇ ਬਾਵਜੂਦ ਵੀ ਦੋਨਾਂ ਮਹਾਂਪੁਰਖਾਂ ਦੀ ਅਧਿਆਤਮਿਕ ਸੁਰ ਤੇ ਭਾਵਨਾ ਇੱਕ ਹੈ। ਇਨ੍ਹਾਂ ਦੀ ਬਾਣੀ ਵਿੱਚੋਂ ਉਪਜ ਰਿਹਾ ਵੈਰਾਗ ਤੇ ਬਿਰਹਾ ਦਾ ਪ੍ਰਗਟਾਅ ਭਿੰਨ ਹੋ ਸਕਦਾ ਹੈ ਪਰ ਮੂਲ ਭਾਵ ਤੇ ਸੁਰ ਨਿਰੋਲ ਪਰਮਾਰਥਕ ਹੈ। ਇਹ ਕਾਰਜ ਆਪਣੇ ਆਪ ਵਿੱਚ ਮੌਲਿਕ ਹੈ। ਇਸ ਨਾਲ ਦੋ ਪਰੰਪਰਾਵਾਂ ਦੇ ਧਰਾਤਲੀ ਪਸਾਰਾਂ ਵਿੱਚਲੇ ਫ਼ਰਕ/ਤਣਾਅ ਸੁਲਝ ਸਕਦੇ ਹਨ ਕਿਉਂਕਿ ਇਨ੍ਹਾਂ ਦੀ ਅੰਦਰੂਨੀ ਵਿਚਾਰਧਾਰਾ ਅਤੇ ਪ੍ਰਯੋਜਨ ਇੱਕ ਹੈ ਜਿਸ ਕਾਰਨ ਇਨ੍ਹਾਂ ਵਿੱਚਲੀ ਆਪਸੀ ਦੂਰੀ ਘੱਟ ਸਕਦੀ ਹੈ। ਇਹ ਕਾਰਜ ਬਾਕੀ ਧਰਮਾਂ ਦੇ ਅਧਿਆਤਮਿਕ ਸੰਕਲਪਾਂ ਨਾਲ ਤੁਲਨਾਤਮਕ ਅਧਿਐਨ ਕਰਨ ਲਈ ਪ੍ਰੇਰਣਾਦਾਇਕ ਹੈ। ਇਹ ਕਾਰਜ ਤੁਲਨਾਤਮਕ ਅਧਿਐਨ ਕਰਨ ਲਈ ਇੱਕ ਵਿਗਿਆਨਕ ਦ੍ਰਿਸ਼ਟੀ ਦੇ ਨਾਲ ਨਾਲ ਸਾਕਾਰਾਤਮਕ ਚੇਤਨਤਾ ਵੀ ਪ੍ਰਦਾਨ ਕਰਦਾ ਹੈ। ਜਗਿਆਸੂ ਜੋ ਪਰਮਾਰਥਕ ਪੱਥ ਦੇ ਪਾਂਧੀ ਹਨ ਉਨ੍ਹਾਂ ਲਈ ਵੀ ਇਹ ਕਾਰਜ ਰਾਹ ਦਸੇਰਾ ਬਣੇਗਾ।

## ਹਵਾਲੇ ਅਤੇ ਟਿੱਪਣੀਆਂ

1. ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥, ਦਸਮ ਗ੍ਰੰਥ, ਪੰਨਾ – 125
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 634
3. ਉਹੀ, ਪੰਨਾ – 1104
4. ਉਹੀ, ਪੰਨਾ – 871
5. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ - 891
6. अरविंद कुमार, कुसुम कुमार, समांतर कोश हिन्दी थियारस खण्ड, पृष्ठ – 204
7. S.K. Verma, R.N. Sohai (Ed.), Oxford English – Hindi Dictionary, Page – 572
8. ਸ.ਸ. ਜੋਸ਼ੀ, ਮੁਖਤਿਆਰ ਸਿੰਘ ਗਿੱਲ (ਸੰਪਾ.) ਪੰਜਾਬੀ-ਅੰਗਰੇਜ਼ੀ ਕੋਸ਼, ਪੰਨਾ – 630
9. Pawan Kumar Goswami, Punjabi – English Dictionary, Page – 616
10. ਰਾਜਬੀਰ ਕੌਰ, ਗੁਰੂ ਤੇਗ ਬਹਾਦਰ : ਚਿੰਤਨ ਤੇ ਚੇਤਨਾ, ਪੰਨਾ – 45
11. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ – 435
12. ਡਾ. ਗੁਰਚਰਨ ਸਿੰਘ (ਸੰਪਾ.) ਸ੍ਰੀ ਗੁਰੂ ਗ੍ਰੰਥ ਕੋਸ਼ (ਦੂਜੀ ਜਿਲਦ), ਪੰਨਾ – 1772
13. ਜੀ.ਐੱਸ. ਰਿਆਲ (ਸੰਪਾ.) ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼, ਪੰਨਾ – 623
14. ਪੰਡਿਤ ਤਾਰਾ ਸਿੰਘ ਨਿਰੋਤਮ, ਗੁਰ ਗਿਰਾਰਥ ਕੋਸ਼ (ਦੂਜੀ ਜਿਲਦ), ਪੰਨਾ – 282
15. ਡਾ. ਪ੍ਰੇਮ ਪ੍ਰਕਾਸ਼ ਸਿੰਘ (ਸੰਪਾ.) ਸੰਸਕ੍ਰਿਤ-ਪੰਜਾਬੀ ਕੋਸ਼, ਪੰਨਾ – 902
16. Judy Pearsall (Ed.), Concise Oxford Dictionary, Page – 389
17. हनुमान प्रसाद, गीता चिन्तन, पृष्ठ – 446
18. ਪ੍ਰਿੰਸੀਪਲ ਗੰਗਾ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ – 61
19. ਐੱਲ. ਐੱਮ. ਜੋਸ਼ੀ, ਡਾ. ਸ਼ਾਰਧਾ ਗਾਂਧੀ (ਸੰਪਾ. ਅਤੇ ਅਨੁ.) ਧੱਮਪਦ, ਪੰਨਾ – 135
20. नया नियम गिडियन्स इन्टरनेशनल, पृष्ठ – 04

21. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 938

22. ਉਹੀ, ਪੰਨਾ – 1377

23. ਉਹੀ, ਪੰਨਾ – 29

24. ਉਹੀ, ਪੰਨਾ – 909

25. ਉਹੀ, ਪੰਨਾ – 1016

26. ਡਾ. ਗੁਲਜ਼ਾਰ ਸਿੰਘ ਕੰਗ, ਸ਼ਬਦ ਦਾ ਸੰਕਲਪ, ਪੰਨਾ – 181

27. ਡਾ. ਬਲਵੀਰ ਸਿੰਘ ਦਿਲ, ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ, ਪੰਨਾ – 01

28. ਗੁਰਬਿਲਾਸ, ਪਾਤਸ਼ਾਹੀ ਛੇਵੀਂ, ਪੰਨਾ – 272

29. ਹਰਬੰਸ ਸਿੰਘ, ਗੁਰੂ ਤੇਗ ਬਹਾਦਰ, ਪੰਨਾ – 19

30. ਅਜੀਤ ਕੌਰ, ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਦੇ ਸਲੋਕਾਂ ਦਾ ਤੁਲਨਾਤਮਕ ਅਧਿਐਨ, ਪੰਨਾ – 04

31. ਹਰਬੰਸ ਸਿੰਘ, ਗੁਰੂ ਤੇਗ ਬਹਾਦਰ, ਪੰਨਾ – 22

32. ਅਜੀਤ ਕੌਰ, ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਦੇ ਸਲੋਕਾਂ ਦਾ ਤੁਲਨਾਤਮਕ ਅਧਿਐਨ, ਪੰਨਾ – 04

33. ਡਾ. ਤਾਰਨ ਸਿੰਘ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ – 436

34. ਡਾ. ਜੀਤ ਸਿੰਘ ਸੀਤਲ, ਸ਼ੇਖ ਫ਼ਰੀਦ ਜੀਵਨ ਤੇ ਰਚਨਾ, ਪੰਨਾ – 23

35. ਪ੍ਰੋ : ਦੀਵਾਨ ਸਿੰਘ, ਫ਼ਰੀਦ ਦਰਸ਼ਨ, ਪੰਨਾ – 22

36. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

37. ਉਹੀ, ਪੰਨਾ – 1381

38. ਵਿਸ਼ਵਨਾਥ ਤਿਵਾੜੀ, ਬਾਬਾ ਫ਼ਰੀਦ ਅਤੇ ਮੌਤ, ਬਾਬਾ ਫ਼ਰੀਦ ਜੀਵਨ, ਸਮਾਂ ਅਤੇ ਰਚਨਾ, ਪੰਨਾ - 238

39. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1382

40. ਵਿਸ਼ਵਨਾਥ ਤਿਵਾੜੀ, ਬਾਬਾ ਫ਼ਰੀਦ ਅਤੇ ਮੌਤ, ਬਾਬਾ ਫ਼ਰੀਦ ਜੀਵਨ, ਸਮਾਂ ਅਤੇ ਰਚਨਾ,ਪੰਨਾ - 238

41. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 488

42. ਉਹੀ, ਪੰਨਾ – 1381

43. ਡਾ. ਅਤਰ ਸਿੰਘ, ਸ਼ੇਖ ਫ਼ਰੀਦ ਦੀ ਕਾਵਿ ਕਲਾ, ਬਾਬਾ ਫ਼ਰੀਦ ਜੀਵਨ, ਸਮਾਂ ਅਤੇ ਰਚਨਾ ,ਪੰਨਾ - 118

44. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1378

45. ਉਹੀ, ਪੰਨਾ – 1426

46. ਉਹੀ, ਪੰਨਾ – 1427

47. ਉਹੀ, ਪੰਨਾ – 1382

48. ਡਾ. ਬਲਬੀਰ ਸਿੰਘ ਦਿਲ, ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ, ਪੰਨਾ – 66

49. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 633

50. ਉਹੀ, ਪੰਨਾ – 1379

51. ਉਹੀ, ਪੰਨਾ – 1256

52. ਉਹੀ, ਪੰਨਾ – 1008

53. ਸ.ਸ. ਅਮੋਲ, ਬਾਬਾ ਫ਼ਰੀਦ ਜੀਵਨ ਤੇ ਰਚਨਾ, ਪੰਨਾ – 102

54. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1378

55. ਉਹੀ, ਪੰਨਾ – 633

56. ਉਹੀ, ਪੰਨਾ – 1381

57. ਰਾਏ ਜਸਬੀਰ ਸਿੰਘ, ਜੀਵਨ ਅਤੇ ਬਾਣੀ ਸੰਸਾਰ, ਗੁਰੂ ਤੇਗ ਬਹਾਦਰ ਜੀ, ਪੰਨਾ – 48

58. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 12

59. ਉਹੀ, ਪੰਨਾ – 794

60. ਉਹੀ, ਪੰਨਾ – 220

61. ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਪ੍ਰੋ. ਰਾਜਬੀਰ ਕੌਰ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ − 197

62. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 488

63. ਉਹੀ, ਪੰਨਾ – 1353

64. ਉਹੀ, ਪੰਨਾ – 1352

65. ਉਹੀ, ਪੰਨਾ – 1106

66. ਉਹੀ, ਪੰਨਾ – 1381

67. ਉਹੀ, ਪੰਨਾ – 315

68. ਉਹੀ, ਪੰਨਾ – 631

69. ਉਹੀ, ਪੰਨਾ – 1384

70. ਉਹੀ, ਪੰਨਾ – 1379

71. ਉਹੀ, ਪੰਨਾ – 632

72. ਉਹੀ, ਪੰਨਾ – 536

73. ਏ.ਕੇ. ਨਿਜ਼ਾਮੀ, ਦਿ ਲਾਈਫ ਐਂਡ ਟਾਈਮਜ਼ ਆੱਫ ਫਰੀਦੁਦੀਨ ਗੰਜਿਸ਼ਕਰ, ਪੰਨਾ − 23

74. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1429

75. ਉਹੀ, ਪੰਨਾ – 1427

76. ਉਹੀ, ਪੰਨਾ – 1378

77. ਉਹੀ, ਪੰਨਾ – 721

78. ਉਹੀ, ਪੰਨਾ – 1382

79. ਡਾ. ਬਲਬੀਰ ਸਿੰਘ ਦਿਲ, ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ, ਪੰਨਾ − 66

80. ਸ੍ਰੀ ਗੁਰੂ ਗ੍ਰੰਥ ਸਾਹਿਬ , ਪੰਨਾ – 808

81. ਉਹੀ, ਪੰਨਾ – 1427

82. ਉਹੀ, ਪੰਨਾ – 1429

83. ਉਹੀ, ਪੰਨਾ – 1378

84. ਉਹੀ, ਪੰਨਾ – 102

85. ਉਹੀ, ਪੰਨਾ – 684

86. ਉਹੀ, ਪੰਨਾ – 1379

87. ਉਹੀ, ਪੰਨਾ – 1429

88. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ, ਪੰਨਾ – 436

89. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1379

90. ਉਹੀ, ਪੰਨਾ – 1381

91. ਉਹੀ, ਪੰਨਾ – 633

92. ਉਹੀ, ਪੰਨਾ – 86

93. ਡਾ. ਜਸਬੀਰ ਸਿੰਘ ਆਹਲੂਵਾਲੀਆ, ਸਿੱਖ ਫ਼ਲਸਫ਼ੇ ਦੀ ਭੂਮਿਕਾ, ਪੰਨਾ – 97

94. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 726

95. ਉਹੀ, ਪੰਨਾ – 488

96. ਉਹੀ, ਪੰਨਾ – 631

97. ਉਹੀ, ਪੰਨਾ – 632

98. ਉਹੀ, ਪੰਨਾ – 1365

99. ਉਹੀ, ਪੰਨਾ – 488

# GURU KASHI UNIVERSITY

## CANDIDATE'S DECLARATION

I hereby declare that the work which is being presented in the thesis, entitled **"Guru Teg Bahadar Te Farid Bani Vich Birhon Te Vairag"** in fulfillment of the requirements for the award of the degree of **Doctor of Philosophy in Faculty of Arts, Discipline of Punjabi** and submitted in Guru Kashi University, Talwandi Sabo is an authentic record of my own work carried out during the period from January 2013 to August 2020.

The matter embodied in this thesis has not been submitted by me for the award of any other degree of this or any other University/Institute.

Mr. Shavinder SinghP
Ph.D Research Scholar
Univ. Roll no.:136811016

This is to certify that the above statement made by the candidate is correct to the best of my knowledge.

(Supervisor)

The Ph.D Viva-voce examination of Mr. Shavinder Singh has been held on 26.08.2020 (Online mode, with reference of UGC guidelines letter no. D.O.No. F.1-1/2020 (Secy.) on dated 29 April, 2020) and accepted for the award of Ph.D Degree.

**Dr. Buta Singh Brar**
(External Examiner)

(Supervisor)

# ਸਾਰ ਤੇ ਸਥਾਪਨਾਵਾਂ

ਤੁਲਨਾ ਮਾਨਵੀ ਜੀਵਨ ਦਾ ਮਹੱਤਵਪੂਰਨ ਹਿੱਸਾ ਹੈ। ਇਹ ਤੁਲਨਾ ਹੀ ਮਨੁੱਖ ਨੂੰ ਸਮਾਨਤਾਵਾਂ ਤੇ ਵਖਰੇਵਿਆਂ ਦੇ ਬੋਧ ਨਾਲ ਜੋੜਦੀ ਹੋਈ ਸੰਪੂਰਨ ਗਿਆਨ-ਬੋਧ ਦਾ ਵਰਤਾਰਾ ਸਿਰਜਦੀ ਹੈ। ਇਹ ਤੁਲਨਾ ਮਾਨਵੀ ਜੀਵਨ ਦੇ ਵਿਗਸਣ ਤੋਂ ਲੈ ਕੇ ਵਿਕਸਿਤ ਹੋਣ ਤੱਕ ਨਿਰੰਤਰ ਉਸ ਦੀ ਪਹੁੰਚ ਦਾ ਹਿੱਸਾ ਹੀ ਨਹੀਂ ਰਹੀ ਹੈ ਸਗੋਂ ਸਮਕਾਲ ਵਿੱਚ ਵੱਖ ਵੱਖ ਅਨੁਸ਼ਾਸਨਾਂ ਨਾਲ ਜੁੜ ਕੇ ਇੱਕ ਅਧਿਐਨ ਵਿਧੀ ਵਜੋਂ ਆਪਣੀ ਨਿੱਗਰ ਸਨਾਖ਼ਤ ਪੇਸ਼ ਕਰਦੀ ਦੇਖੀ ਜਾ ਸਕਦੀ ਹੈ। ਅੱਜ ਤੁਲਨਾਤਮਕ ਅਧਿਐਨ ਗਿਆਨ, ਵਿਗਿਆਨ ਅਤੇ ਤਕਨਾਲੋਜੀ ਦੇ ਹਰ ਵਰਤਾਰੇ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ ਅਤੇ ਅੱਜ ਇਹ ਅਨੁਸ਼ਾਸਨ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਉੱਪਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਸ ਦਾ ਸੁਭਾਅ ਅਤੇ ਪ੍ਰਕਾਰਜ ਖੋਜਾਤਮਕ ਹੈ।

ਤੁਲਨਾਤਮਕ ਅਧਿਐਨ ਦੇ ਸਮੁੱਚ ਵਿੱਚ ਤੁਲਨਾਤਮਕ ਸਾਹਿਤ ਅਧਿਐਨ ਇੱਕ ਬਹੁਤ ਹੀ ਮਹੱਤਵਪੂਰਨ ਅਨੁਸ਼ਾਸਨ ਵਜੋਂ ਸਵੀਕਾਰਿਆ ਜਾਂਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਇਕਹਿਰੀ ਵਿਧੀ ਨਾ ਹੋ ਕੇ ਬਹੁ-ਪਰਤੀ ਅਤੇ ਬਹੁ-ਪਸਾਰੀ ਹੈ। ਇਹ ਵਿਧੀ ਇੱਕ ਤੋਂ ਵੱਧ ਭਾਸ਼ਾਵਾਂ ਨੂੰ ਆਪਣੇ ਕਲੇਵੇਂ ਵਿੱਚ ਲੈਂਦੀ ਹੈ। ਰਚਨਾਤਮਿਕਤਾ ਜਾਂ ਸਿਰਜਨਾਤਮਿਕਤਾ ਤੋਂ ਲੈ ਕੇ ਆਲੋਚਨਾ ਤੱਕ ਇਹ ਅਨੁਸ਼ਾਸਨ ਵੱਖ ਵੱਖ ਧਰਾਤਲਾਂ ਉੱਪਰ ਵਿਦਮਾਨ ਰਹਿੰਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਦੇ ਇਸ ਅਨੁਸ਼ਾਸਨ ਦੀ ਵਿਧੀਵਧ ਆਧਾਰ ਭੂਮੀ ਪੈਰਿਸ ਨਾਲ ਜਾ ਜੁੜਦੀ ਹੈ ਜੋ ਆਪਣੇ ਨਿਰੰਤਰ ਵਿਕਾਸ ਦੌਰਾਨ ਫਰੈਂਚ ਜਰਮਨ ਸਕੂਲ ਅਤੇ ਅਮਰੀਕਨ ਸਕੂਲ ਵਿੱਚੋਂ ਗੁਜਰਦੀ ਹੋਈ ਇਹ ਵਿਧੀ ਵਿਸ਼ਵ-ਵਿਆਪੀ ਪਛਾਣ ਸਥਾਪਿਤ ਕਰਨ ਦੇ ਸਮਰੱਥ ਹੁੰਦੀ ਹੈ। ਇਸ ਵਿਧੀ ਨਾਲ ਨਵੀਆਂ ਅੰਤਰ ਦ੍ਰਿਸ਼ਟੀਆਂ ਦਾ ਆਗਮਨ ਹੋਇਆ ਅਤੇ ਸੰਸਾਰ ਪੱਧਰ ਦੇ ਸਾਹਿਤਕ ਗੁਣਾਂ ਦੀ ਨਿਸ਼ਾਨਦੇਹੀ ਅਤੇ ਪ੍ਰਾਪਤੀ ਦੇ ਅਵਸਰ ਵਧੇ ਤੇ ਨਾਲ ਨਾਲ ਭਿੰਨ ਭਿੰਨ ਪ੍ਰਕਾਰ ਦੇ ਸਾਹਿਤ ਰੂਪਾਂ ਦੇ ਪ੍ਰਚਲਣ ਵਿੱਚ ਵੀ ਵਾਧਾ ਹੋਇਆ। ਇਸ ਵਿਧੀ ਦੇ ਖੇਤਰ ਵਿੱਚ ਵੀ ਵਿਸ਼ਾਲਤਾ ਆਈ ਅਤੇ ਇਸ ਵਿੱਚ ਸੱਭਿਆਚਾਰਕ ਅਤੇ ਭਾਸ਼ਾ ਦਾ ਤੁਲਨਾਤਮਕ ਅਧਿਐਨ ਆਦਿ ਅਨੁਸ਼ਾਸਨ ਵੀ ਜੁੜੇ। ਤੁਲਨਾਤਮਕ ਅਧਿਐਨ

ਦਾ ਮੁੱਖ ਮੰਤਵ ਵੱਖਰੀਆਂ ਵੱਖਰੀਆਂ ਭਾਸ਼ਾਵਾਂ, ਸੱਭਿਆਚਾਰਾਂ, ਸਮਾਜਿਕ ਇਕਾਈਆਂ, ਸਾਹਿਤਕ ਕ੍ਰਿਤਾਂ ਅਤੇ ਗਿਆਨ ਅਨੁਸ਼ਾਸਨਾਂ ਵਿੱਚ ਆਪਸੀ ਵਖਰੇਵੇਂ, ਸਮਾਨਤਾਵਾਂ ਅਤੇ ਉਪਲਬਧੀਆਂ ਜਾਂ ਵਿਸ਼ੇਸ਼ਤਾਵਾਂ ਦੀ ਖੋਜ ਕਰਨਾ ਹੈ। ਜਿਸ ਦਾ ਵਰਤਾਰਾ ਅੰਤਰ-ਰਾਸ਼ਟਰੀ ਪੱਧਰ ਤੱਕ ਜਾ ਫ਼ੈਲਦਾ ਹੈ।

ਤੁਲਨਾਤਮਕ ਸਾਹਿਤ ਅਧਿਐਨ ਦੇ ਸਿਧਾਂਤਕ ਪ੍ਰਬੰਧ ਦੀਆਂ ਖ਼ੂਬੀਆਂ ਇਸ ਅਧਿਐਨ ਵਿਧੀ ਨੂੰ ਹੋਰ ਵੀ ਉੱਚਿਆਉਂਦੀਆਂ ਹਨ ਜਿਸ ਦਾ ਮੂਲ ਕੇਂਦਰ ਇਸ ਅਧਿਐਨ ਦੀ ਤਾਰਕਿਕਤਾ ਹੈ। ਸਦ੍ਰਿਸ਼ਟ ਦੇ ਆਧਾਰ ’ਤੇ ਕੀਤੀ ਪਛਾਣ ਇਸ ਵਿਧੀ ਦੀਆਂ ਅਹਿਮ ਪ੍ਰਾਪਤੀਆਂ ਵਿੱਚੋਂ ਇੱਕ ਹੈ। ਤੁਲਨਾਤਮਕ ਅਧਿਐਨ ਵਿਧੀ ਪਰੰਪਰਾ ਦੇ ਅਧਿਐਨ ਰਾਹੀਂ ਵੱਖ ਵੱਖ ਧਰਾਤਲਾਂ ’ਤੇ ਉਸਰੀਆਂ ਸਾਹਿਤਕ ਕ੍ਰਿਤਾਂ ਦਾ ਨਿਖੇੜਾ ਕਰਦੀ ਹੈ ਅਤੇ ਪ੍ਰਭਾਵ ਦੇ ਅਧਿਐਨ ਨੂੰ ਮੁੱਖ ਰੱਖ ਕੇ ਵੱਖ ਵੱਖ ਸ੍ਰੋਤਾਂ ਨੂੰ ਉਜਾਗਰ ਕਰਦੀ ਰਚਨਾ ਦੇ ਮਨੋਵਿਗਿਆਨਕ ਅਤੇ ਸਮਾਜ ਸ਼ਾਸ਼ਤਰੀ ਪ੍ਰਸੰਗ ਨੂੰ ਸੰਚਾਰਿਤ ਕਰਦੀ ਹੈ। ਇਹ ਵਿਧੀ ਸਾਹਿਤਕਾਰਾਂ ਦੇ ਥੀਮਕ, ਮੋਟਿਫ਼, ਸੰਰਚਨਾਤਮਕ ਪੱਖ ਨੂੰ ਉਜਾਗਰ ਕਰਕੇ ਸਹੀ ਅਰਥ ਨੂੰ ਸੰਚਾਰਿਤ ਕਰਦੀ ਹੈ। ਸਪੱਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਅਧਿਐਨ ਵਿਧੀ ਗਿਆਨ ਅਤੇ ਅਨੁਭਵ ਨੂੰ ਤੀਖਣ ਕਰਨ ਵਿੱਚ ਬੜੀ ਹੀ ਕਾਰਗਰ ਭੂਮਿਕਾ ਨਿਭਾਉਂਦੀ ਹੈ।

ਤੁਲਨਾਤਮਕ ਸਾਹਿਤ ਅਧਿਐਨ ਬੜੀ ਹੀ ਬਾਰੀਕਬੀਨੀ ਵਾਲਾ ਕਾਰਜ ਹੈ। ਇਸ ਲਈ ਇਸ ਅਧਿਐਨ ਲਈ ਇਹ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ ਕਿ ਅਧਿਐਨ ਲਈ ਦ੍ਰਿਸ਼ਟੀ ਸਪੱਸ਼ਟ ਅਤੇ ਤਾਰਕਿਕ ਹੋਵੇ ਅਤੇ ਅਧਿਐਨ ਅਧੀਨ ਖੇਤਰ ਪੂਰੀ ਤਰ੍ਹਾਂ ਤਹਿ ਕੀਤਾ ਹੋਵੇ ਨਾਲ ਹੀ ਇਹ ਵੀ ਅਤਿ ਅਨਿਵਾਰੀ ਹੋ ਜਾਂਦਾ ਹੈ ਕਿ ਸਬੰਧਿਤ ਖੇਤਰ ਨਾਲ ਸਮੁੱਚੀ ਜਾਣਕਾਰੀ ਅਧਿਐਨ ਕਰਤਾ ਨੂੰ ਬਾਖ਼ੂਬੀ ਹੋਵੇ ਭਾਵ ਕਿ ਚੋਣ ਕੀਤਾ ਵਿਸ਼ਾ ਉਸ ਦੀ ਪਹੁੰਚ ਵਿੱਚ ਹੋਵੇ। ਇਸ ਦੇ ਨਾਲ ਨਾਲ ਚਿੰਤਨ ਸਮੱਗਰੀ ਦੀ ਰੂਪ ਰੇਖਾ ਦਾ ਨਿਰਧਾਰਨ ਵੀ ਉਨਾ ਹੀ ਜ਼ਰੂਰੀ ਹੈ। ਸਾਡੇ ਅਧਿਐਨ ਵਿੱਚਲਾ ਖੇਤਰ ਗੁਰਮਤਿ ਅਤੇ ਸੂਫੀ ਕਾਵਿ ਧਾਰਾਵਾਂ ਵਿੱਚੋਂ ਗੁਰੂ ਤੇਗ ਬਹਾਦਰ ਅਤੇ ਸ਼ੇਖ ਫ਼ਰੀਦ ਹਨ। ਮੱਧ ਕਾਲ ਦੀਆਂ ਇਹ ਦੋਨੋਂ ਕਾਵਿ ਧਾਰਾਵਾਂ ਵਿਚਾਰਧਾਰਕ ਪੱਧਰ ਉੱਪਰ ਮਜਬੂਤ, ਪਿਆਰੀਆਂ ਅਤੇ ਸਤਿਕਾਰੀਆਂ ਜਾਣ ਵਾਲੀਆਂ ਧਾਰਾਵਾਂ ਹਨ। ਮੱਧ ਕਾਲ ਦੀਆਂ ਇਹ ਕਾਵਿ ਧਾਰਾਵਾਂ ਇਸ ਕਾਲ ਨੂੰ ਸਾਹਿਤ ਦੇ ‘ਸੁਨਿਹਰੀ ਕਾਲ’ ਦੇ ਨਾਮ ਨਾਲ ਨਿਵਾਜਦੀਆਂ ਹਨ। ਮੱਧ ਕਾਲ ਵਿੱਚਲਾ ਗੁਰੂ ਕਾਵਿ ਇੱਕ

ਨਵੀਨ ਕ੍ਰਾਂਤੀਕਾਰੀ ਵਿਚਾਰਧਾਰਾ ਵਜੋਂ ਉਭਰ ਕੇ ਆਇਆ ਅਜਿਹਾ ਕਾਵਿ ਅਨੁਭਵ ਹੈ ਜੋ ਮਾਨਵੀ ਜੀਵਨ ਨੂੰ ਅਧਿਆਤਮਿਕ ਅਤੇ ਸਮਾਜਿਕ ਅਗਵਾਈ ਦੇਣ ਲਈ ਬਹੁਤ ਹੀ ਕਾਰਗਰ ਸਿੱਧ ਹੋਇਆ। ਇਸੇ ਪ੍ਰਕਾਰ ਸੂਫੀ ਕਾਵਿ ਧਾਰਾ ਨੇ ਵੀ ਲੋਕ ਜਨ-ਜੀਵਨ ਨੂੰ ਆਪਣੇ ਰਚਨਾਤਮਿਕ ਅਨੁਭਵ ਵਿੱਚ ਸ਼ਾਮਲ ਕੀਤਾ, ਜਿਸ ਦੇ ਕਾਰਨ ਇਹ ਕਾਵਿ ਧਾਰਾ ਵੀ ਪਿਆਰ ਅਤੇ ਸਤਿਕਾਰ ਦੀ ਪਾਤਰ ਬਣੀ। ਗੁਰਮਤਿ ਕਾਵਿ ਵਿੱਚ ਗੁਰੂ ਕਵੀਆਂ ਦੀ ਮਹੱਤਵਪੂਰਨ ਦੇਣ ਹੈ। ਸਾਡਾ ਮਨੋਰਥ ਨੌਵੇਂ ਗੁਰੂ ਤੇਗ ਬਹਾਦਰ ਨਾਲ ਜੁੜਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਪੰਦਰਾਂ (15) ਰਾਗਾਂ ਵਿੱਚ ਉਨਾਹਠ (59) ਪਦੇ ਅਤੇ ਸਤਵੰਜਾ (57) ਸਲੋਕਾਂ ਦੀ ਰਚਨਾ ਕਰਦਿਆਂ ਗੁਰੂ ਕਾਵਿ ਦੀ ਵਿਚਾਰਧਾਰਾ ਨੂੰ ਪਰੰਪਰਾਗਤ ਵਿਧੀ ਅਨੁਸਾਰ ਜਿੱਥੇ ਵਿਸਥਾਰਿਆ ਉੱਥੇ ਗੁਣਾਤਮਕ ਅਤੇ ਗਿਣਾਤਮਕ ਵਾਧਾ ਵੀ ਦਰਜ਼ ਕੀਤਾ। ਗੁਰਮਤਿ ਕਾਵਿ ਵਿੱਚ ਰਾਗਾਂ ਦੀ ਬਹੁਤ ਮਹੱਤਤਾ ਹੈ ਆਪ ਨੇ ਰਾਗ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਅਤੇ ਜੈਜਾਵੰਤੀ ਰਾਗਾਂ ਵਿੱਚ ਕਾਵਿ ਰਚਨਾ ਕੀਤੀ। ਗੁਰੂ ਤੇਗ ਬਹਾਦਰ ਨੇ ਆਪਣੇ ਗੁਰਮਤਿ ਕਾਵਿ ਦਰਸ਼ਨ ਰਾਹੀਂ ਵੈਰਾਗ ਅਤੇ ਤਿਆਗ ਨੂੰ ਬੜੀ ਹੀ ਸੂਖ਼ਮਤਾ ਨਾਲ ਪ੍ਰਸਤੁਤ ਕੀਤਾ। ਦੂਜੇ ਪਾਸੇ ਦੋ ਪਦੇ ਅਤੇ ਛੇ ਪਦੇ ਸਲੋਕਾਂ ਦੀ ਸੰਖ਼ੇਪਤਾ ਕਾਰਨ ਉਨ੍ਹਾਂ ਦੀ ਬਾਣੀ ਵਿੱਚ ਇੱਕ ਅਨੂਠਾ ਰਸ ਵਿਦਮਾਨ ਰਹਿੰਦਾ ਹੈ ਜਿਸ ਕਾਰਨ ਪਾਠਕ ਨੀਰਸ ਨਹੀਂ ਹੁੰਦਾ ਸਗੋਂ ਆਨੰਦ ਦੀ ਅਨੁਭੂਤੀ ਵੱਲ ਜੁੜਨ ਲੱਗਦਾ ਹੈ। ਮਾਨਵ ਦੀ ਬਿਰਤੀ ਕਈ ਪੱਖਾਂ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਬਿਰਤੀ ਹੀ ਹੈ ਜੋ ਇੱਕ ਕਾਰਨ ਦੇ ਰੂਪ ਵਿੱਚ ਸਾਧਕ ਨੂੰ ਮੂਲ ਤੱਤ ਨਾਲ ਜੋੜਨ ਦੇ ਸਾਧਨ ਵਜੋਂ ਭੂਮਿਕਾ ਨਿਭਾਉਂਦੀ ਹੈ। ਇਹੀ ਮਾਨਵੀ ਗੁਣ ਗੁਰਮਤਿ ਵਿੱਚੋਂ ਵੀ ਸਹਿਜੇ ਹੀ ਤਲਾਸ਼ਿਆ ਜਾ ਸਕਦਾ ਹੈ। ਜੋ ਜਗਿਆਸਾ, ਤਿਆਗ, ਸ਼ਬਦ ਤੋਂ ਤਲਵਾਰ ਅਤੇ ਸ਼ਹਾਦਤ ਤੱਕ ਜਾ ਅੱਪੜਦਾ ਹੈ। ਜੋ ਵੈਰਾਗ ਨੂੰ ਉਪਜਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਮਾਨਵੀ ਜੀਵਨ ਦੀ ਅਧਿਆਤਮਿਕ ਅਤੇ ਵਿਵਹਾਰਕ ਪੇਸ਼ਕਾਰੀ ਉਨ੍ਹਾਂ ਦੀ ਬਾਣੀ ਦੀ ਸਾਰਥਿਕਤਾ ਉੱਪਰ ਪੁਖਤਗੀ ਦੀ ਮੋਹਰ ਲਗਾਉਂਦੀ ਹੈ। ਜੀਵਨ ਦੇ ਕਰੂਰ ਯਥਾਰਥ ਦੀ ਪੇਸ਼ਕਾਰੀ ਉਨ੍ਹਾਂ ਦੀ ਬਾਣੀ ਅੰਦਰ ਕਰੁਣਾ ਅਤੇ ਸ਼ਾਂਤ ਰਸ ਦੀ ਅਨੁਭੂਤੀ ਜਗਾਉਂਦੀ ਹੈ। ਲੌਕਿਕ ਅਤੇ ਪ੍ਰਾਲੌਕਿਕ ਸੱਚ ਦੀ ਪ੍ਰਸਤੁਤੀ ਉਨ੍ਹਾਂ ਦੀ ਬਾਣੀ ਦੀ

ਅਜਿਹੀ ਪ੍ਰਾਪਤੀ ਹੋ ਨਿਬੜਦੀ ਹੈ ਜੋ ਸਾਧਕ ਨੂੰ ਆਤਮਿਕ ਹੁਲਾਰਾ ਦੇ ਕੇ ਅੰਤਰੀਵੀ ਮੰਡਲਾਂ ਦੇ ਪ੍ਰਾਲੌਕਿਕ ਵਰਤਾਰੇ ਨਾਲ ਜੋੜਦੀ ਹੈ। ਗੁਰੂ ਤੇਗ ਬਹਾਦਰ ਨੇ ਆਪਣੀ ਵਿਚਾਰਧਾਰਕ ਪ੍ਰਸੰਗਕਤਾ ਨੂੰ ਪ੍ਰਪੱਕ ਅਤੇ ਪ੍ਰਭਾਵੀ ਬਣਾਉਣ ਲਈ ਵਿਸ਼ੇਸ਼ ਕਰਕੇ ਅਨੁਪ੍ਰਾਸ, ਉਪਮਾ, ਰੂਪਕ, ਦ੍ਰਿਸ਼ਟਾਂਤ ਅਤੇ ਲੋਕੋਕਤੀ ਅਲੰਕਾਰਾਂ ਦੀ ਵਿਧੀਵਧ ਵਰਤੋਂ ਕੀਤੀ ਜਿਸ ਸਦਕਾ ਉਨ੍ਹਾਂ ਨੇ ਮਾਨਵੀ ਮਨ ਦੀ ਅਡੋਲਤਾ ਨੂੰ ਪ੍ਰਮੁੱਖ ਰੂਪ ਵਿੱਚ ਉਭਾਰਿਆ ਹੈ। ਪੰਜਾਬੀ ਭਾਸ਼ਾ ਦੀ ਨੇੜਤਾ, ਬ੍ਰਿਜ ਅਤੇ ਸਾਧ ਭਾਸ਼ਾ ਦੇ ਪ੍ਰਭਾਵ ਸਦਕਾ ਉਹ ਸੰਚਾਰੀ ਭਾਵ ਨੂੰ ਬੜੀ ਪ੍ਰਬੀਨਤਾ ਨਾਲ ਪ੍ਰਸਤੁਤ ਕਰਦੇ ਹਨ। ਗੁਰੂ ਤੇਗ ਬਹਾਦਰ ਦੇ ਕਾਵਿ ਅਨੁਭਵ ਵਿੱਚ ਇਤਿਹਾਸਕ ਬੋਧ ਉਨ੍ਹਾਂ ਦੇ ਕਾਵਿ ਨੂੰ ਵਧੇਰੇ ਫ਼ੈਲਾਉ ਪ੍ਰਦਾਨ ਕਰਦਾ ਹੈ। ਗਨਿਕਾ, ਅਜਾਮਲ, ਦ੍ਰੋਪਦੀ ਅਤੇ ਧਰੂ ਭਗਤ ਆਦਿ ਪੌਰਾਣਿਕ ਕਥਾਵਾਂ ਵਾਲੀ ਸੰਕੇਤਕ ਸ਼ੈਲੀ ਨੂੰ ਕਾਵਿ ਸੰਚਾਰ ਲਈ ਬਾਖ਼ੂਬੀ ਵਰਤਿਆ ਹੈ।

ਭਾਰਤ ਵਿੱਚ ਕਾਵਿ ਦੀ ਬੜੀ ਹੀ ਗੌਰਵਸ਼ੀਲ ਪਰੰਪਰਾ ਰਹੀ ਹੈ। ਜਿਸ ਵਿੱਚ ਬਿਰਹਾ ਦਾ ਸੰਕਲਪ ਸਦੀਆਂ ਤੋਂ ਨਿਰੰਤਰ ਸਫ਼ਰ ਕਰਦਾ ਨਜ਼ਰੀਂ ਆਉਂਦਾ ਹੈ। ਕਾਲੀਦਾਸ, ਸੂਰਦਾਸ, ਮਲਕ ਮੁਹੰਮਦ ਅਤੇ ਭਾਰਤੀ ਮਹਾਂਕਾਵਾਂ ਵਿੱਚ ਇਸ ਨੂੰ ਖੋਜਿਆ-ਪੜਤਾਲਿਆ ਜਾ ਸਕਦਾ ਹੈ। ਜਿਸ ਦੀ ਪਹੁੰਚ ਮੱਧ ਕਾਲ ਵਿੱਚਲੇ ਸੂਫੀ ਅਤੇ ਗੁਰਮਤਿ ਕਾਵਿ ਵਿੱਚੋਂ ਵੀ ਆਸਾਨੀ ਨਾਲ ਪਛਾਣੀ ਜਾ ਸਕਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਅੰਤਰੀਵੀ ਤੱਤ ਵਜੋਂ ਬਿਰਹਾ ਦੀ ਸਨਾਖ਼ਤ ਬੜੇ ਵੈਰਾਗਮਈ ਢੰਗ ਨਾਲ ਅਨੁਭਵ ਕੀਤੀ ਜਾ ਸਕਦੀ ਹੈ। ਜੋ ਰਸਾਂ ਰਾਹੀਂ ਆਪਣੀ ਹੋਂਦ ਨੂੰ ਉਜਾਗਰ ਕਰਦਾ ਹੈ। ਗੁਰਮਤਿ ਕਾਵਿ ਦੀ ਵਿਚਾਰਧਾਰਾ ਵਿੱਚ ਵਿਛੋੜੇ ਦੀ ਮਹੱਤਤਾ ਆਤਮਾ ਅਤੇ ਪਰਮਾਤਮਾ ਦੇ ਸੰਕਲਪਾਂ ਵਿੱਚੋਂ ਸਮਝੀ ਜਾ ਸਕਦੀ ਹੈ। ਬਿਰਹਾ ਜਾਂ ਵਿਛੋੜਾ ਲੋਚਾ ਦਾ ਜਨਮਦਾਤਾ ਹੈ ਅਤੇ ਲੋਚਾ ਮਿਲਾਪ ਦੀ ਪੌੜੀ ਹੋ ਨਿਬੜਦੀ ਹੈ। ਇਹ ਆਤਮਿਕ ਸਫ਼ਰ ਵਿੱਚਲਾ ਸਥਾਈ ਭਾਵ ਬਿਰਹਾ ਹੈ ਜਿਸ ਤੋਂ ਬਗੈਰ ਵੈਰਾਗੀ ਮਨ ਪਰਮ ਸੱਤਾ ਤੱਕ ਨਹੀਂ ਅੱਪੜ ਸਕਦਾ। ਗੁਰੂ ਤੇਗ ਬਹਾਦਰ ਦੀ ਬਾਣੀ ਦੇ ਅਧਿਐਨ ਉਪਰੰਤ ਇਹ ਮੱਤ ਉਜਾਗਰ ਹੁੰਦਾ ਹੈ ਕਿ ਬਿਰਹਾ ਉਨ੍ਹਾਂ ਦੀ ਬਾਣੀ ਦੇ ਅਵਚੇਤਨ ਵਿੱਚ ਸਮੋਇਆ ਹੋਇਆ ਹੈ ਜੋ ਭਾਵੇਂ ਸਪੱਸ਼ਟ ਰੂਪ ਵਿੱਚ ਉਜਾਗਰ ਨਹੀਂ ਹੁੰਦਾ ਪਰੰਤੂ ਲੁਪਤ ਰੂਪ ਵਿੱਚ ਬਿਰਹਾ ਦੇ ਅਹਿਸਾਸ ਦੀ ਪਰਤ ਆਰ-ਪਾਰ ਫ਼ੈਲਦੀ ਨਜ਼ਰ ਆਉਂਦੀ ਹੈ। ਇਹ ਵੈਰਾਗ ਭਾਰਤੀ ਚਿੰਤਨ ਦੇ ਹਰ ਚਿੰਤਕ ਅੰਦਰ

ਦੇਖਿਆ ਜਾ ਸਕਦਾ ਹੈ। ਮਹਾਮਤਾ ਬੁੱਧ ਨਿਰਵਾਣ ਪ੍ਰਾਪਤੀ ਦੀ ਪਹਿਲੀ ਮਹੱਤਵਪੂਰਨ ਪੌੜੀ ਵੈਰਾਗ ਨੂੰ ਹੀ ਨਿਸ਼ਚਿਤ ਕਰਦਾ ਹੈ। ਇਸੇ ਪ੍ਰਕਾਰ ਜੈਨ ਚਿੰਤਨ ਵੀ ਇਸੇ ਧਾਰਨਾ ਦੀ ਸ਼ਾਹਦੀ ਭਰਦਾ ਹੈ। ਪਰੰਤੂ ਇੱਥੇ ਇਹ ਦੱਸਣਾ ਅਨਿਵਾਰੀ ਹੈ ਕਿ ਗੁਰਮਤਿ ਚਿੰਤਨ ਵਿੱਚਲਾ ਵੈਰਾਗ ਸੰਸਾਰ ਨੂੰ ਤਿਆਗਣ ਜਾਂ ਰੱਦਣ ਦੇ ਤਰਕ ਦਾ ਵਿਰੋਧ ਕਰਦਾ ਹੈ। ਦੂਸਰੇ ਚਿੰਤਕ ਨਿਰਾਸ਼ਾ ਨੂੰ ਵੈਰਾਗ ਉਤਪਤੀ ਦੀ ਧਾਰਨਾ ਸਥਾਪਿਤ ਕਰਦੇ ਹਨ ਪਰੰਤੂ ਗੁਰਮਤਿ ਫ਼ਲਸਫ਼ਾ ਸੰਸਾਰ, ਸਰੀਰ ਅਤੇ ਪਦਾਰਥ ਦੀ ਨਾਸ਼ਮਾਨਤਾ ਨੂੰ ਸਪੱਸ਼ਟ ਕਰਕੇ ਆਸ਼ਾਵਾਦੀ ਚਿੰਤਨ ਵਿਅਕਤ ਕਰਦਾ ਨਜ਼ਰੀਂ ਪੈਂਦਾ ਹੈ। ਭਾਵ ਇਹ ਕਿ ਇਹ ਚਿੰਤਨ ਲੋਕਿਕ ਅਤੇ ਪ੍ਰਾਲੋਕਿਕ ਸਹਿਹੋਂਦ ਦਾ ਧਾਰਨੀ ਹੈ। ਇਸ ਲਈ ਗੁਰਮਤਿ ਵਿੱਚ ਵੈਰਾਗ ਨਿਰਾਸ਼ਾਵਾਦੀ ਨਾ ਹੋ ਕੇ ਇੱਕ ਕ੍ਰਾਂਤੀਕਾਰੀ ਸੰਕਲਪ ਵਜੋਂ ਦੇਖਿਆ ਜਾ ਸਕਦਾ ਹੈ। ਜੋ ਉਪਰਾਮਤਾ ਤੋਂ ਚਲਕੇ ਭਗਤੀ-ਜੁਗਤੀ ਦੇ ਮਹੱਤਵਪੂਰਨ ਸਾਧਨ ਵਜੋਂ ਭੂਮਿਕਾ ਨਿਭਾਉਂਦਾ ਨਜ਼ਰੀਂ ਪੈਂਦਾ ਹੈ। ਵੈਰਾਗ ਇੱਕ ਅਜਿਹੀ ਅਵਸਥਾ ਜਾਂ ਸਥਿਤੀ ਹੈ ਜੋ ਅੰਤਰੀਵੀ ਗਿਆਨ ਪ੍ਰਾਪਤੀ ਤੋਂ ਤਿਆਗ ਅਤੇ ਤਿਆਗ ਤੋਂ ਰੂਹਾਨੀਅਤ ਦੀ ਪ੍ਰਤੀਬੱਧਤਾ ਤੱਕ ਸਫ਼ਰ ਕਰਦੀ ਹੈ। ਵੈਰਾਗ ਦੀ ਅਵਸਥਾ ਅੰਦਰੂਨੀ ਅਤੇ ਬਾਹਰੀ ਤਾਰਕਿਕਤਾ ਨੂੰ ਦ੍ਰਿਸ਼ਟੀਗੋਚਰ ਕਰਦੀ ਹੋਈ ਮਾਨਵੀ ਜੀਵਨ ਵਿੱਚ ਘਟਤ ਅਟੱਲ ਸੱਚਾਈ ਨੂੰ ਸਮਝਣ ਅਤੇ ਮੰਨਣ ਯੋਗ ਬਣਾ ਕੇ ਦੁੱਖ-ਸੁੱਖ, ਜੀਵਨ-ਮੌਤ ਵਰਗੀਆਂ ਸੱਚਾਈਆਂ ਨਾਲ ਬਾਵਾਸਤਾ ਕਰਦੀ ਹੈ ਅਤੇ ਕਾਮ, ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਵਰਗੇ ਵਿਕਾਰੀ ਮਨੋਭਾਵਾਂ ਨੂੰ ਨੰਗਾ ਕਰਦਿਆਂ ਆਤਮਿਕ ਅਤੇ ਸਮਾਜਿਕ ਦੋਸ਼ਾਂ ਨੂੰ ਰੂਪਮਾਨ ਕਰਦੀ ਹੈ। ਜਿਸ ਦੇ ਬੋਧ ਤੋਂ ਸਾਧਕ ਆਤਮਿਕ ਉੱਚਤਾ ਅਤੇ ਗਿਰਾਵਟ ਦਾ ਅੰਤਰ ਨਿਖੇੜ ਕਰਨ ਦੀ ਯੋਗਤਾ ਦੀ ਪਛਾਣ ਨਾਲ ਜੁੜਦਾ ਹੈ।

ਗੁਰਮਤਿ ਕਾਵਿ ਦੇ ਸਮੁੱਚ ਵਿੱਚ ਵੈਰਾਗ ਦਾ ਕਾਫ਼ੀ ਮਹੱਤਵ ਹੈ ਜੋ ਨਾਨਕ ਤੋਂ ਗੋਬਿੰਦ ਸਿੰਘ ਤੱਕ ਆਰ-ਪਾਰ ਫ਼ੈਲਿਆ ਹੋਇਆ ਪਛਾਣਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਮਾਨਵੀ ਅੰਤਰੀਵ ਵੈਰਾਗ ਦੀ ਤੀਬਰਤਾ ਨੂੰ ਸੰਚਾਰਿਤ ਕਰਦੀ ਹੈ ਜਿਸ ਦੀ ਬਦੌਲਤ ਉਹ ਪ੍ਰਭੂ ਭਗਤੀ, ਸਿਮਰਨ ਆਦਿ ਨੂੰ ਆਪਣੇ ਕਾਵਿ ਅਨੁਭਵ ਵਿੱਚ ਢਾਲਦੇ ਨਜ਼ਰੀਂ ਪੈਂਦੇ ਹਨ। ਉਨ੍ਹਾਂ ਦੀ ਬਾਣੀ ਵਿੱਚਲੀ ਉਪਜ ਰੱਬੀ ਸਾਧਨਾ, ਸਿਮਰਨ ਅਤੇ ਤਿਆਗ ਹੈ ਜਿਸ ਦੀ ਪਿਸ਼ਟ ਭੂਮੀ ਵਿੱਚ ਵੈਰਾਗ ਨੂੰ ਪਛਾਣਿਆ ਜਾ ਸਕਦਾ ਹੈ। ਤੇਗ ਬਹਾਦਰ

ਸਾਹਿਬ ਜੀ ਦੀ ਬਾਣੀ ਦੇ ਹਵਾਲੇ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਆਪ ਸੂਖ਼ਮ ਨੂੰ ਸਥੂਲ ਵਿੱਚ ਪ੍ਰਸਤੁਤ ਕਰਦੇ ਹਨ ਜਿਸ ਨਾਲ ਆਪ ਜੀ ਦੀ ਬਾਣੀ ਉੱਤਮ ਸੰਚਾਰ ਨਾਲ ਲਬਰੇਜ਼ ਹੋ ਜਾਂਦੀ ਹੈ। ਉਨ੍ਹਾਂ ਦੀ ਬਾਣੀ ਵਿੱਚਲਾ ਲੁਪਤ ਵੈਰਾਗ ਮਾਨਵ ਅਤੇ ਸਮਾਜ ਦੇ ਰਿਸ਼ਤੇ ਨੂੰ ਸਹਿਜੇ ਹੀ ਪਰਿਭਾਸ਼ਿਤ ਕਰਦਾ ਹੋਇਆ ਅੰਤਰ-ਰਾਸ਼ਟਰੀ ਯਥਾਰਥ ਨੂੰ ਪ੍ਰਤੀਬਿੰਬਤ ਕਰਦਾ ਹੈ ਜਿਵੇਂ :-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

ਇਸੇ ਪ੍ਰਕਾਰ ਉਹ ਵੈਰਾਗਮਈ ਆਵੇਸ਼ ਵਿੱਚ ਦੁਨਿਆਵੀ ਰਿਸ਼ਤਿਆਂ ਨੂੰ ਪਰਿਭਾਸ਼ਿਤ ਕਰਦੇ ਉੱਤਮ ਅਤੇ ਸੱਚੇ ਰਿਸ਼ਤੇ ਦੀ ਪਹਿਚਾਣ ਨਾਲ ਜੋੜਦੇ ਹੋਏ ਜੀਵਨ-ਮੌਤ ਦੇ ਅਟੱਲ ਯਥਾਰਥ ਨੂੰ ਉਭਾਰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਇਹ ਤਰਕ ਉਭਾਰਦੇ ਹਨ ਕਿ ਸੰਸਾਰਕ ਅਸਵੀਕ੍ਰਿਤੀ ਪਰਮਾਤਮਾ ਦੀ ਸਵੀਕ੍ਰਿਤੀ ਪ੍ਰਦਾਨ ਕਰਦੀ ਹੈ। ਇਹ ਸਵੀਕ੍ਰਿਤੀ ਵਿਰੋਧ ਵਿੱਚੋਂ ਨਹੀਂ ਸਗੋਂ ਵਿਸਥਾਰ ਵਿੱਚੋਂ ਉਪਜਦੀ ਨਜ਼ਰੀਂ ਪੈਂਦੀ ਹੈ। ਇਹੀ ਉਨ੍ਹਾਂ ਦੀ ਬਾਣੀ ਦੀ ਵਿਸ਼ੇਸ਼ਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਿਲਕੁੱਲ ਸਪੱਸ਼ਟ ਧਾਰਨਾ ਸਥਾਪਿਤ ਕਰਦੀ ਹੋਈ ਤੁਲਨਾਤਮਕ ਪੱਧਰ ’ਤੇ ਮਹੱਤਵਪੂਰਨ ਅਰਥਾਂ ਦੀ ਧਾਰਨੀ ਹੋ ਨਿਬੜਦੀ ਹੈ। ਉਨ੍ਹਾਂ ਦੇ ਪ੍ਰਸ਼ਨ ਉੱਤਰ ਸਾਡੇ ਇਸ ਮੱਤ ਨੂੰ ਹੋਰ ਪਰੇਕਾ ਕਰਦੇ ਨਜ਼ਰੀਂ ਪੈਂਦੇ ਹਨ ਜਿਵੇਂ - ਤਿਆਗ ਕਿਸਦਾ ਕਰਨਾ, ਵੈਰਾਗੀ ਕਿਸ ਤੋਂ ਹੋਣਾ, ਲੀਨ ਕਿਸ ਵਿੱਚ ਹੋਣਾ, ਮਨ ਕਿੱਥੇ ਟਿਕਾਉਣਾ ਤੇ ਕਿੱਥੋਂ ਹਟਾਉਣਾ ਜਾਂ ਮੋੜਨਾ ਹੈ ਤੇ ਅੰਤ ਬ੍ਰਹਮੰਡ ਦੇ ਸਮੁੱਚ ਵਿੱਚ ਮਨੁੱਖੀ ਜੀਵਨ ਦਾ ਮੁੱਖ ਮਨੋਰਥ ਕੀ ਹੈ ਅਤੇ ਉਸ ਨੇ ਕਿੱਥੇ ਅਤੇ ਕਿਵੇਂ ਪਹੁੰਚਣਾ ਹੈ। ਉਨ੍ਹਾਂ ਦਾ ਸਮੁੱਚਾ ਕਾਵਿ ਅਨੁਭਵ ਅਤੇ ਕਾਵਿ ਵਿਧੀ ਉਨ੍ਹਾਂ ਨੂੰ ਵੱਖਰਿਉਂਦੀ ਨਜ਼ਰੀਂ ਪੈਂਦੀ ਹੈ। ਇਸ ਪ੍ਰਕਾਰ ਉਹ ਸਪੱਸ਼ਟ ਧਾਰਨਾ ਸਥਾਪਿਤ ਕਰਦੇ ਹਨ ਕਿ ਮੌਤ ਨਾ ਹੀ ਟਾਲਣਯੋਗ ਹੈ ਅਤੇ ਨਾ ਹੀ ਇਸਦਾ ਕੋਈ ਬਦਲ ਹੈ ਸਗੋਂ ਇਹ ਤਾਂ ਜੀਵਨ ਦੀ ਅਹਿਮ ਸੱਚਾਈ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਗੁਰਮਤਿ ਦੇ ਆਸੇ ਨੂੰ ਕੇਂਦਰ ਵਿੱਚ ਰੱਖ ਕੇ ਉਸ ਨੂੰ ਹੋਰ ਸੂਖ਼ਮਤਾ ਨਾਲ ਵਿਸਥਾਰਨ ਦਾ ਕਾਰਜ ਕਰਦਿਆਂ ਇਸ ਗੱਲ ਦੀ ਨਿਸ਼ਾਨਦੇਹੀ ਕੀਤੀ ਕਿ ਗ੍ਰਹਿਸਤੀ ਜੀਵਨ ਵਿੱਚ ਨਿਰਲੇਪਤਾ ਦਾ ਪੱਲਾ ਫੜ ਕੇ ਵਾਸ਼ਨਾਵਾਂ ਨੂੰ ਆਪਣੇ ਨਿਯੰਤਰਨ ਵਿੱਚ ਰੱਖ

ਕੇ ਅਸਲੇ ਨਾਲ ਜੁੜਨ ਦੀ ਕੋਸ਼ਿਸ਼ ਹੀ ਵੈਰਾਗ ਦੀ ਪਹਿਲੀ ਪੌੜੀ ਵੀ ਹੈ ਅਤੇ ਨਿਸ਼ਾਨੀ ਵੀ ਹੈ। ਵੈਰਾਗ ਦਾ ਅਜਿਹਾ ਵਰਤਾਰਾ ਹੀ ਸੰਸਾਰ ਨਾਲ ਘ੍ਰਿਣਾ ਭਰੇ ਤਿਆਗ ਤੋਂ ਮੁਕਤ ਕਰਕੇ ਸੰਸਾਰ ਵਿੱਚ ਰਹਿ ਕੇ ਉੱਚ ਮੁੱਲਾਂ ਵਾਲੇ ਜੀਵਨ ਦੀ ਵਿਉਂਤਬੰਦੀ ਦੀ ਉਸਾਰੀ ਕਰਦਾ ਹੈ। ਜਿਸ ਦੀ ਬਦੌਲਤ ਸਾਧਕ ਹਰ ਸਥਿਤੀ ਨੂੰ ਸਮਝ ਕੇ ਪ੍ਰਵਾਨ ਕਰਦਿਆਂ ਸਦਾ ਅਡੋਲ ਰਹਿੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਸੇ ਆਸੇ ਤੋਂ ਮਾਨਵਤਾ ਲਈ ਕੁਰਬਾਨੀ ਦਾ ਜਜ਼ਬਾ ਭਰਦੀ ਹੈ। ਉਹ ਜਜ਼ਬਾ ਸਮਾਜ ਦੇ ਸੁਧਾਰ ਜਾਂ ਮਾਨਵਤਾ ਦੇ ਕਲਿਆਣ ਲਈ ਸਿਰ ਵਾਰਨ ਦੀ ਤਾਕਤ ਵੀ ਰੱਖਦਾ ਹੈ ਅਤੇ ਸਿਰ ਉਸਾਰਨ ਦੀ ਬੁੱਧੀ ਵੀ ਰੱਖਦਾ ਹੈ। ਇਹੀ ਜਜ਼ਬਾ ਸਮੂਹਿਕ ਕਲਿਆਣ ਲਈ ਸ਼ਬਦ ਤੋਂ ਤਲਵਾਰ ਵਿੱਚ ਵਟ ਕੇ ਜ਼ਰਵਾਇਆਂ ਨੂੰ ਵੰਗਾਰਦਾ ਅਤੇ ਨਿਮਾਣਿਆਂ ਨੂੰ ਪਿਆਰਦਾ ਤੇ ਮਾਣ ਬਖ਼ਸ਼ਦਾ ਹੈ। ਇਸ ਪ੍ਰਕਾਰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿੱਚ ਸੰਚਾਰਿਤ ਵੈਰਾਗ ਮਨੁੱਖ ਨੂੰ ਚਿੱਤਸ਼ਾਂਤੀ, ਅਡੋਲਤਾ, ਨਿਰਭੈਤਾ, ਸਿਦਕ ਅਤੇ ਸੰਤੋਖ਼ ਵਰਗੇ ਉੱਚ ਮੁੱਲਾਂ ਨਾਲ ਜੋੜਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਿਰਹਾ ਅਵਸਥਾ ਵਿੱਚ ਵੀ ਆਸ਼ਾ ਦਾ ਪੱਲਾ ਨਹੀਂ ਛੱਡਣ ਦਿੰਦੇ। ਉਹ ਗੁਰਮੁੱਖ ਸਾਧਕ ਨੂੰ ਨਿਰਾਸ਼ਾ ਵਿੱਚੋਂ ਵੀ ਪਰਮ ਸੁੱਖ ਲੱਭ ਕੇ ਧਿਆਨ ਨੂੰ ਨਿਰੰਤਰ ਜਾਰੀ ਰੱਖਦਿਆਂ, ਦੁੱਖਾਂ-ਸੁੱਖਾਂ ਵਿੱਚੋਂ ਲੰਘਦਿਆਂ ਮੂਲ ਆਸੇ ਨਾਲ ਜੁੜਨ ਲਈ ਪ੍ਰੇਰਦੇ ਨਜ਼ਰੀਂ ਪੈਂਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਸਾਧਕ ਜਾਂ ਜਗਿਆਸੂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦੇ ਹੋਏ ਭਾਣਾ ਮੰਨਣ ਦੇ ਸੰਕਲਪ ਦੀ ਪੇਸ਼ਕਾਰੀ ਵੀ ਕਰਦੇ ਹਨ।

ਸੂਫੀ ਅਤੇ ਗੁਰਮਤਿ ਚਿੰਤਨ ਦੀ ਤੁਲਨਾ ਵਿੱਚ ਮਹੱਤਵਪੂਰਨ ਮੱਤ ਇਹ ਹੈ ਕਿ ਨਾਨਕ ਦੇ ਬਾਅਦ ਪੈਦਾ ਹੋਏ ਗੁਰੂ ਕਵੀ ਨਾਨਕ ਦੀ ਵਿਚਾਰਧਾਰਾ ਨੂੰ ਸਤਿਕਾਰਦੇ ਅਤੇ ਵਿਸਥਾਰਦੇ ਹਨ ਪਰੰਤੂ ਸੂਫੀ ਕਾਵਿ ਧਾਰਾ ਵਿੱਚ ਵਿਰੋਧ ਨੂੰ ਵੀ ਪਛਾਣਿਆ ਜਾ ਸਕਦਾ ਹੈ। ਸ਼ਰ੍ਹਾ ਪਾਬੰਦ ਅਤੇ ਸ਼ਰ੍ਹਾ ਭੰਜਨ ਸੂਫੀ ਕਵੀ ਇਸ ਦਾ ਪ੍ਰਤੱਖ ਉਦਾਹਰਨ ਹਨ। ਬੁੱਲ੍ਹੇ ਸ਼ਾਹ ਤਾਂ ਬਿਲਕੁੱਲ ਵਿਦਰੋਹੀ ਸੁਰ ਅਲਾਪਤਾ ਪ੍ਰਾਪਤ ਹੁੰਦਾ ਹੈ। ਪਰੰਤੂ ਗੁਰਮਤਿ ਵਿਚਾਰਧਾਰਾ ਨਾਲ ਕੁੱਝ ਕਵੀਆਂ ਦੀ ਸਾਂਝ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਜਿਸ ਦੀ ਪ੍ਰਤੱਖ ਅਤੇ ਪ੍ਰਮਾਣਿਕ ਉਦਾਹਰਨ ਬਾਬਾ ਫ਼ਰੀਦ ਸਾਹਿਬ ਹੈ। ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਬਹੁਤ ਪਹਿਲਾਂ ਸੂਫੀਵਾਦ ਆਪਣੀਆਂ ਬੁਲੰਦੀਆਂ ਛੋਹ ਰਿਹਾ ਸੀ ਅਤੇ ਪ੍ਰਚਾਰ ਤੇ ਪ੍ਰਸਾਰ ਲਈ ਵਿਸ਼ਵ ਵਿਆਪੀ ਹੋ ਰਿਹਾ ਸੀ। ਜਿਸ ਦੀ

ਬਦੌਲਤ ਉਹ ਬਹੁਤ ਸਾਰੀਆਂ ਸੰਪਰਦਾਵਾਂ ਅਤੇ ਉਪ-ਸੰਪਰਦਾਵਾਂ ਵਿੱਚ ਕਾਰਜ ਹਿੱਤ ਸੀ। ਇੰਨ੍ਹਾਂ ਸੰਪਰਦਾਵਾਂ ਨੇ ਸਮਾਜ ਸੁਧਾਰ ਹਿੱਤ ਥਾਂ ਪੁਰ ਥਾਂ ਆਪਣੇ ਕੇਂਦਰ ਕਾਇਮ ਕੀਤੇ ਹੋਏ ਸਨ। ਸਪੱਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਿਧਾਂਤਕ ਅਤੇ ਵਿਵਹਾਰਕ ਤੌਰ ’ਤੇ ਉਭਰੀ ਇਹ ਵਿਚਾਰਧਾਰਾ ਪੱਕੇ ਪੈਰੀਂ ਸੀ। ਸੂਫੀਵਾਦ ਦੇ ਸਮੁੱਚ ਵਿੱਚ ਬਿਰਹਾ ਅਤੇ ਵੈਰਾਗ ਬਹੁਤ ਹੀ ਮਹੱਤਵਪੂਰਨ ਅਤੇ ਅਹਿਮ ਸਨਾਖ਼ਤ ਰੱਖਦੇ ਹਨ। ਸੂਫੀ ਸਾਧਕ ਲਈ ਅੱਲ੍ਹਾ ਪ੍ਰਾਪਤੀ ਦਾ ਮੁੱਖ ਮਾਰਗ ਪ੍ਰੇਮ ਹੈ। ਉਹ ਇਸ਼ਕ ਹਕੀਕੀ ਜਾਂ ਮਜਾਜੀ ਵਿੱਚ ਗ੍ਰਹਿਸੇ ਵੈਰਾਗ ਨੂੰ ਇਸਦੀ ਆਤਮਾ ਸਵੀਕਾਰਦੇ ਹਨ। ਸੂਫ਼ੀ ਸਾਧਕ ਇਸ਼ਕ ’ਤੇ ਬਲ ਦਿੰਦਾ ਹੈ। ਉਹ ਬੰਧਨ ਰਹਿਤ ਪ੍ਰੇਮ ਦਾ ਲਖਾਇਕ ਹੈ। ਜਿਸ ਦਾ ਨਿਜ਼ਾਮ ਅੰਤਰਮੁਖੀ ਹੁੰਦਾ ਹੈ ਜਿਸ ਦੇ ਫ਼ਲਸਰੂਪ ਇਹ ਸਾਧਨਾ ਦੀ ਯਾਤਰਾ ਵਿੱਚ ਅਭੇਦਤਾ ਦਾ ਪੜਾਅ ਪਰਮ ਸੱਚ ਦੀ ਪੌੜੀ ਹੋ ਨਿਬੜਦਾ ਹੈ।

ਸ਼ੇਖ ਫ਼ਰੀਦ ਸੂਫੀ ਜਗਤ ਦੀ ਪਿਆਰੀ ਤੇ ਸਤਿਕਾਰੀ ਸ਼ਖ਼ਸੀਅਤ ਹਨ। ਜੋ ਆਪਣੀ ਕਾਵਿ ਅਨੁਭੂਤੀ ਰਾਹੀਂ ਸ਼ਰ੍ਹਾ ਦੇ ਨੇਮਾਂ ਉੱਪਰ ਪਾਬੰਦ ਰਹਿ ਕੇ ਰੂਹਾਨੀਅਤ ਤੋਂ ਸੱਖਣੀ ਜਾਂ ਅਡੰਬਰੀ ਫ਼ਕੀਰੀ ਦੇ ਵਿਰੋਧ ਵਿੱਚ ਖੜਦੇ ਨਜ਼ਰੀਂ ਪੈਂਦੇ ਹਨ। ਉਨ੍ਹਾਂ ਰੱਬੀ ਇਸ਼ਕ ਨੂੰ ਉੱਤਮ ਦੱਸਿਆ ਤੇ ਜਿਸ ਚਿੱਤ-ਚੇਤੇ ਵਿੱਚ ਰੱਬੀ ਇਸ਼ਕ ਦੀ ਪੀੜ੍ਹ ਨਹੀਂ ਉਹ ਮਸਾਨ ਵਾਂਗ ਹੈ। ਉਨ੍ਹਾਂ ਦਾ ਇਹ ਫੁਰਮਾਨ ਫ਼ਰੀਦ ਸਾਹਿਬ ਦੀ ਅੰਦਰੂਨੀ ਵਿਸ਼ਾਲਤਾ ਦਾ ਲਖਾਇਕ ਹੋ ਨਿਬੜਦਾ ਹੈ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

ਸੂਫੀ ਚਿੰਤਨ ਵਿੱਚ ਸਾਧਕ ਨੂੰ ਸਰੀਰ ਅਤੇ ਮਨ ਦੋਨਾਂ ਨੂੰ ਸੋਧਨ ਦੀ ਤਾਕੀਦ ਹੈ। ਸਰੀਰ ਲਈ ਕਈ ਤਰਾਂ ਦੇ ਕਸ਼ਟਾਂ ਦਾ ਵੇਰਵਾ ਹੈ ਅਤੇ ਮਨ ਨੂੰ ਅੱਲ੍ਹਾ ਨਾਲ ਜੋੜੀ ਰੱਖਣ ਲਈ ਪੰਜ ਨਮਾਜ਼ਾਂ ਦਾ ਵੇਰਵਾ ਹੈ। ਗੁਰਮਤਿ ਵਿੱਚ ਮਨ ਨੂੰ ਸੋਧਨ ਦੀ ਥਾਂ ਨਿਯੰਤਰਨ ਕਰਨ ਦਾ ਹੁਕਮ ਹੈ। ਸਰੀਰ ਅਤੇ ਮਨ, ਸਾਧਕ ਅਤੇ ਰੱਬੀ ਸ਼ਕਤੀ ਨਾਲ ਰਿਸ਼ਤਾ, ਇਹ ਦੋਨਾਂ ਵਿਚਾਰਧਾਰਾਵਾਂ ਦਾ ਤੁਲਨਾਤਮਕ ਵਖਰੇਵਾਂ ਹੈ। ਇੱਕ ਪਾਸੇ ਸਰੀਰ ਅਤੇ ਮਨ ਨੂੰ ਕਸ਼ਟਾਂ ਨਾਲ ਸਾਧਨਾ ਹੈ ਦੂਜੇ ਪਾਸੇ ਸਰੀਰ ਅਤੇ ਮਨ ਨੂੰ ਨਿਮਰਤਾ ਨਾਲ ਸੋਮਲ ਕਰਨਾ ਹੈ। ਬੰਦਗੀ ਅਤੇ

ਸਿਮਰਨ ਭਾਵੇਂ ਦੋਨਾਂ ਹੀ ਵਿਚਾਰਧਾਰਾਵਾਂ ਵਿੱਚ ਸਾਂਝਾ ਹੈ ਪਰੰਤੂ ਵਿਧੀਆਂ ਦੇ ਪੱਧਰ ’ਤੇ ਵਖਰੇਵੇਂ ਹਨ। ਇਸੇ ਮੱਤ ਦੀ ਰੋਸ਼ਨੀ ਵਿੱਚ ਅਸੀਂ ਗੁਰੂ ਤੇਗ ਬਹਾਦਰ ਅਤੇ ਬਾਬਾ ਫ਼ਰੀਦ ਜੀ ਦੇ ਵਿਚਾਰਧਾਰਕ ਅਤੇ ਵਿਵਹਾਰਕ ਵਖਰੇਵੇਂ ਅਤੇ ਸਾਂਝ ਨੂੰ ਆਪਣੇ ਖੋਜ ਕਾਰਜ ਵਿੱਚ ਵਿਚਾਰਿਆ ਹੈ। ਫ਼ਰੀਦ ਬਾਣੀ ਦੇ ਸਮੁੱਚ ਵਿੱਚ ਬਿਰਹਾ ਜਾਂ ਵੈਰਾਗ ਸਮੂਰਤ ਰੂਪ ਵਿੱਚ ਫ਼ੈਲਿਆ ਦੇਖਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਜਿੱਥੇ ਇਹ ਲੁਪਤ ਰੂਪ ਵਿੱਚ ਜਾਂ ਅਦ੍ਰਿਸ਼ਟਮਾਨ ਹੈ ਉੱਥੇ ਫ਼ਰੀਦ ਬਾਣੀ ਵਿੱਚ ਵੈਰਾਗ ਦੀ ਪੂਰਨ ਨਿਸ਼ਪਤੀ ਦਾ ਸਾਧਨ ਬਿਰਹਾ ਹੈ ਜੋ ਪ੍ਰਭੂ ਵਿਛੋੜੇ ਦੀ ਉਪਜ ਹੈ। ਫ਼ਰੀਦ ਬਾਣੀ ਅਨੁਸਾਰ ਬਿਰਹਾ ਪਰਮ ਸੱਤਾ ਨਾਲ ਅਭੇਦ ਹੋਣ ਦਾ ਵੱਡਾ ਵਸੀਲਾ ਮੰਨਿਆ ਗਿਆ ਹੈ। ਬਿਰਹਾ ਹੀ ਉੱਚ ਹਸਤੀ ਦਾ ਅਹਿਸਾਸ ਜਗਾਉਂਦਾ ਹੈ ਤੇ ਹਕੀਕਤ ਦਾ ਬੋਧ ਪੈਦਾ ਕਰਦਾ ਹੈ। ਸਾਧਕ ਆਪਣੀ ਹਸਤੀ ਤੋਂ ਲੈ ਕੇ ਮੂਲ ਤੱਤ ਦੀ ਹਸਤੀ ਦੀ ਨਿਰੋਲ ਪਰਿਭਾਸ਼ਾ ਨਾਲ ਜੁੜਦਾ ਹੈ। ਬਿਰਹਾ ਜਾਂ ਵੈਰਾਗ ਰੂਹ/ਆਤਮਾ ਨੂੰ ਤੀਬਰਤਾ ਪ੍ਰਦਾਨ ਕਰਦਾ ਹੈ ਇਹੀ ਤੀਬਰਤਾ ਉਸ ਨੂੰ ਰੱਬੀ ਇਸ਼ਕ ਦੀ ਲਗਾਤਾਰਤਾ ਨਾਲ ਜੋੜਦੀ ਹੈ ਅਤੇ ਇਹੀ ਲਗਾਤਾਰਤਾ ਇਲਾਹੀ ਗਿਆਨ ਵੱਲ ਸਫ਼ਰ ਕਰਾਉਂਦੀ ਹੈ ਜਿੱਥੇ ਜਾ ਕੇ ਉਸ ਨੂੰ ਇਹ ਸੋਝੀ ਪ੍ਰਾਪਤ ਹੁੰਦੀ ਹੈ ਕਿ ਜੇ ਗਲੀਏ ਚਿੱਕੜ ਅਤੇ ਪਿਆਰੇ ਦਾ ਘਰ ਦੂਰ ਹੋਣ ਕਰਕੇ ਕੰਬਲੀ ਭਿੱਜਦੀ ਹੈ ਤਾਂ ਰਸਤਿਓਂ ਮੁੜਨ ’ਤੇ ਪ੍ਰੇਮ ਜਾਂ ਇਸ਼ਕ ਭੰਗ ਹੁੰਦਾ ਹੈ। ਫ਼ਰੀਦ ਬਾਣੀ ਮਾਨਵੀ ਜਾਂ ਸਾਧਕ ਦੇ ਰਸਤੇ ਵਿੱਚ ਆਉਂਦੇ ਦਵੰਧਾਂ ਨੂੰ ਸਾਹਮਣੇ ਲੈ ਆਉਂਦੀ ਹੈ। ਇਹ ਦਵੰਧ ਨੂੰ ਉਪਜਾਉਣ ਵਾਲੇ ਪ੍ਰਸ਼ਨ ਸਮਾਜ ਜਾਂ ਰੂਹਾਨੀਅਤ ਦੇ ਅੰਦਰੂਨੀ ਤੇ ਬਾਹਰੀ ਪ੍ਰਸ਼ਨ ਹਨ ਜਿੰਨ੍ਹਾਂ ਦਾ ਪੈਦਾ ਹੋਣਾ ਜ਼ਰੂਰੀ ਹੈ। ਜੀਵਨ ਦੀ ਨੀਰਸਤਾ, ਮੌਤ ਦਾ ਭੈਅ, ਆਤਮਾ ਦਾ ਪਰਮਾਤਮਾ ਨਾਲੋਂ ਵਿਛੋੜਾ ਆਦਿ ਪ੍ਰਸ਼ਨ ਹੀ ਸਾਧਕ ਨੂੰ ਚਿੰਤਨ ਨਾਲ ਜੋੜਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਵੀ ਗੁਰਮਤਿ ਅਨੁਸਾਰ ਇੰਨ੍ਹਾਂ ਪ੍ਰਸ਼ਨਾਂ ਦੇ ਪ੍ਰਤੀਉੱਤਰ ਸਿਰਜਦੇ ਨਜ਼ਰੀਂ ਪੈਂਦੇ ਹਨ। ਦੋਨਾਂ ਹੀ ਮਹਾਂਕਵੀਆਂ ਦੇ ਪ੍ਰਸ਼ਨ ਮੂਲ ਰੂਪ ਵਿੱਚ ਸਾਂਝੀ ਸੁਰ ਵਾਲੇ ਹਨ। ਪਰੰਤੂ ਉੱਤਰਾਂ ਦੇ ਵਿੱਚ ਵਿਚਾਰਧਾਰਾ ਦੇ ਸਨਮੁੱਖ ਕੁੱਝ ਕੁ ਵਖਰੇਵੇਂ ਹਨ ਅਤੇ ਸਾਂਝਾਂ ਵੀ ਹਨ। ਇਹੀ ਸਾਂਝਾਂ ਫ਼ਰੀਦ ਬਾਣੀ ਨੂੰ ਗੁਰਮਤਿ ਅਨੁਸਾਰ ਸਵੀਕ੍ਰਿਤੀ ਦਿੰਦੀਆਂ ਹਨ। ਜਿਸ ਨੂੰ ਅਸੀਂ ਖੋਜ ਕਾਰਜ ਵਿੱਚ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਫ਼ਰੀਦ ਸਾਹਿਬ ਨਿਰਾਸ਼ਾ ਵਿੱਚ ਡੁੱਬੇ ਆਲਮ ਵਿੱਚੋਂ ਜ਼ਰੂਰ ਬੋਲਦੇ ਹਨ ਪਰੰਤੂ ਨਿਰਾਸ਼ਾ ਵੱਲ ਧੱਕਣ ਦੀ ਬਜਾਏ

ਆਤਮਿਕ ਬਲਸ਼ੀਲਤਾ ਉੱਪਰ ਨਿੱਗਰ ਬਲ ਦਿੰਦੇ ਹਨ। ਉਹ ਨਾਸ਼ਮਾਨਤਾ ਦੇ ਦੁੱਖ ਤੋਂ ਬਚਣ ਲਈ ਨੈਤਿਕ ਗੁਣਾਂ ਨੂੰ ਅਮਲੀ ਰੂਪ ਵਿੱਚ ਅਪਣਾਉਣ ਦਾ ਜ਼ਿਕਰ ਕਰਦੇ ਹੋਏ ਮਾਨਵ ਨੂੰ ਨਾਸ਼ਮਾਨਤਾ ਦੇ ਦੁੱਖ ਤੋਂ ਬਚਣ ਲਈ ਆਤਮਿਕ ਚਿੰਤਨ ਅਤੇ ਆਤਮਿਕ ਤੌਰ 'ਤੇ ਤੱਕੜਾ ਹੋਣ ਦੀ ਲੋੜ ਨੂੰ ਸੁਝਾਉਂਦੇ ਹਨ। ਫ਼ਰੀਦ ਬਾਣੀ ਦੇ ਅਧਿਐਨ ਉਪਰੰਤ ਇਹ ਮੱਤ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਨਿਰੋਲ ਉਪਦੇਸ਼ਾਤਮਕ ਨਹੀਂ ਸਗੋਂ ਸਵੈ ਅਨੁਭਵੀ ਅਤੇ ਕਥਨੀ ਤੇ ਕਰਨੀ ਦੇ ਪ੍ਰਪੱਕ ਸਨ। ਉਹ ਜੋ ਦੂਜਿਆਂ ਨੂੰ ਸਮਝਾਉਂਦੇ ਸਨ ਪਹਿਲਾਂ ਖੁਦ ਉਸ ਮਾਰਗ 'ਤੇ ਤੁਰਦੇ ਸਨ ਜਿਵੇਂ :-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

ਫ਼ਰੀਦ ਇੱਕ ਸੋਮਲ ਮਨੁੱਖ ਦੀ ਉਸਾਰੀ ਕਰਦੇ ਨਜ਼ਰੀਂ ਪੈਂਦੇ ਹਨ ਜੋ ਕਾਮ, ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਵਰਗੀਆਂ ਤਨ ਮਨ ਨੂੰ ਨਾਸ਼ ਕਰਨ ਵਾਲੀਆਂ ਭੈੜੀਆਂ ਵਾਦੀਆਂ ਤੋਂ ਮੁਕਤ ਹੋਵੇ ਅਤੇ ਇਨ੍ਹਾਂ ਨੂੰ ਤਾਕਤ ਦੇ ਰੂਪ ਵਿੱਚ ਵਰਤਣ ਦਾ ਮਾਰਗ ਸੁਝਾਅ ਕੇ ਚੰਗੇ ਅਮਲ ਵੱਲ ਲੈ ਜਾਵੇ। ਚੰਗੇ ਅਮਲ ਦੀ ਪ੍ਰੇਰਨਾ ਹੀ ਵੈਰਾਗੀ ਅਵਸਥਾ ਦੀ ਪਹਿਚਾਣ ਅਤੇ ਕਾਰਜ ਹੈ। ਫ਼ਰੀਦ ਸਾਹਿਬ ਇਸ ਮੱਤ ਰਾਹੀਂ ਸਪੱਸ਼ਟ ਕਰਦੇ ਹਨ ਕਿ ਵੈਰਾਗ ਅੰਦਰੂਨੀ ਹੈ। ਇਸ ਵੈਰਾਗ ਦੀ ਅਵਸਥਾ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਜੰਗਲਾਂ, ਪਹਾੜਾਂ ਵਿੱਚ ਭਟਕਣ ਦੀ ਜਾਂ ਹਠ ਤਪ ਕਰਨ ਦੀ ਲੋੜ ਨਹੀਂ ਹੈ ਸਗੋਂ ਇਹ ਤਾਂ ਘਰ ਬੈਠਿਆਂ ਹੀ ਪ੍ਰਾਪਤ ਹੋ ਸਕਦਾ ਹੈ ਪਰੰਤੂ ਵਿਵਹਾਰ (ਨੀਅਤ) ਵਿੱਚ ਇਮਾਨ ਲੈ ਆਉਣਾ ਅਤਿਅੰਤ ਜ਼ਰੂਰੀ ਹੈ। ਜਿਸ ਲਈ ਕਿਰਤ, ਪ੍ਰੇਮ ਅਤੇ ਸਾਦਗੀ ਦੇ ਧਾਰਨੀ ਹੋਣਾ ਲਾਜ਼ਮੀ ਹੈ। ਫ਼ਰੀਦ ਬਾਣੀ ਦੇ ਅਧਿਐਨ ਉਪਰੰਤ ਇਹ ਤਰਕ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਬਿਰਹਾ ਤੋਂ ਬਗੈਰ ਈਸ਼ਵਰ ਪਿਆਰੇ ਨਾਲ ਪ੍ਰੇਮ ਦੀ ਲਗਨ ਨਾ ਸੱਚੀ ਹੋ ਸਕਦੀ ਹੈ ਤੇ ਨਾ ਹੀ ਸੁਆਦਲੀ। ਇਸ ਬਿਰਹੋਂ ਦੀ ਭੱਠੀ ਅੰਦਰ ਤਪ ਕੇ ਹੀ ਮਨੁੱਖ ਦਾ ਹਿਰਦਾ ਕੋਮਲ ਅਤੇ ਸ਼ੁੱਧ ਹੋ ਸਕਦਾ ਹੈ। ਕੋਮਲ ਅਤੇ ਸੋਮਲ ਹਿਰਦੇ ਵਿੱਚ ਹੀ ਪਰਮਾਤਮਾ ਦਾ ਟਿਕਾਉ ਜਾਂ ਵਾਸਾ ਸੰਭਵ ਹੈ। ਇਹ ਅਵਸਥਾ ਹਨੇਰੇ ਵਿੱਚ ਕੀਤੇ ਚਾਨਣ ਵਾਲੀ ਹੁੰਦੀ ਹੈ।

ਦੋਨਾਂ ਕਾਵਿ ਧਾਰਾਵਾਂ ਦੇ ਇੰਨ੍ਹਾਂ ਮਹਾਂਕਵੀਆਂ ਦੀ ਬਾਣੀ ਦੇ ਅਧਿਐਨ ਨੂੰ ਅਸੀਂ ਆਪਣੇ ਖੋਜ ਕਾਰਜ ਵਿੱਚ ਸਪੱਸ਼ਟ ਕਰਦਿਆਂ ਮੁੱਖ ਰੂਪ ਵਿੱਚ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਦੋਨੋਂ ਹੀ ਕਵੀ ਵੈਰਾਗ ਦਾ ਮੂਲ ਕਾਰਨ ਨਾਸ਼ਮਾਨਤਾ ਦੇ ਸੰਕਲਪ ਵਿੱਚੋਂ ਉਸਾਰਦੇ ਅਤੇ ਪ੍ਰਵਾਨ ਕਰਦੇ ਹੋਏ ਨਜ਼ਰੀਂ ਪੈਂਦੇ ਹਨ। ਇਹ ਨਾਸ਼ਮਾਨਤਾ ਹੀ ਦੋਨਾਂ ਦੇ ਕਾਵਿ ਪ੍ਰਵਚਨ ਨੂੰ ਪ੍ਰਭਾਵਿਤ ਕਰਦੀ ਹੋਈ ਜੀਵਨ ਦੀ ਅਟੱਲ ਸੱਚਾਈ ਦਾ ਅਹਿਸਾਸ ਕਰਾਉਂਦੀ ਨਜ਼ਰੀਂ ਪੈਂਦੀ ਹੈ। ਦੋਨਾਂ ਕਵੀਆਂ ਦੀ ਰਚਨਾ ਸੰਸਾਰਕ ਭੋਗਾਂ, ਇੰਦਰੀਆਂ ਦੇ ਰਸ, ਦੇਹ ਕਲਬੂਤ ਦਾ ਮੋਹ ਆਦਿ ਦੀ ਨਾਸ਼ਮਾਨਤਾ ਨੂੰ ਮਾਨਵੀ ਚੇਤਨਤਾ ਦਾ ਹਿੱਸਾ ਬਣਾਉਂਦੀ ਹੈ। ਇਹੀ ਚੇਤਨਤਾ ਉਪਰਾਮਤਾ ਦੀ ਅਵਸਥਾ ਉਪਜਾਉਂਦੀ ਹੈ। ਜਿਸ ਦੇ ਕਾਰਨ ਵੈਰਾਗ ਆਪਣਾ ਸਫ਼ਰ ਤਹਿ ਕਰਦਾ ਹੋਇਆ ਸਾਧਨਾ ਦੀ ਬੇੜੀ ਵਿੱਚ ਪੈਰ ਧਰਨ ਦਾ ਇਸ਼ਾਰਾ ਕਰਦਾ ਹੈ। ਦੋਨਾਂ ਹੀ ਮਹਾਂਪੁਰਖਾਂ ਨੇ ਆਪਣੇ ਕਾਵਿ ਅਨੁਭਵ ਰਾਹੀਂ ਦੇਹ, ਮਹਲ-ਮਾੜੀਆਂ, ਧਨ-ਮਾਲ, ਸੁਆਸ, ਉਮਰ ਤੇ ਸੰਸਾਰ ਦੀ ਨਾਸ਼ਮਾਨਤਾ ਉੱਪਰ ਕੇਂਦਰਿਤ ਕੀਤਾ ਹੈ ਅਤੇ ਇਸ ਸੰਸਾਰੀ ਸੱਚ ਵਿੱਚ ਸੱਚਾ ਮਾਰਗ ਤਲਾਸ਼ਣ ਦੀ ਯੁਗਤ ਦੱਸੀ ਹੈ। ਦੋਨੋਂ ਹੀ ਮਹਾਂਪੁਰਖ ਮਾਨਵ ਨੂੰ ਸੁਚੇਤ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਸਿਮਰਨ ਤੋਂ ਬਿਨਾਂ ਆਤਮਿਕ ਮੁਕਤੀ ਅਸੰਭਵ ਹੈ। ਸੰਸਾਰਕ ਵਸਤਾਂ ਦੇ ਮੁਕਾਬਲੇ ਇਹੀ ਸਹੀ, ਸੱਚੀ ਅਤੇ ਨਾਲ ਜਾਣ ਵਾਲੀ ਪੂੰਜੀ ਹੈ। ਜੀਵਨ ਦੁਰਲੱਭ ਹੈ ਇਸ ਨੂੰ ਸਰੀਰਕ ਅਤੇ ਆਤਮਿਕ ਤੌਰ ’ਤੇ ਲਾਲਸਾਵਾਂ ਨਾਲ ਜੋੜੀ ਰੱਖਣਾ ਮਾਨਵਤਾ ਦੀ ਮੌਤ ਹੈ। ਮੌਤ ਇੱਕ ਅਟੱਲ ਸੱਚਾਈ ਹੈ ਜੋ ਨਾ ਟਾਲਣਯੋਗ ਹੈ ਅਤੇ ਨਾ ਹੀ ਉਸਦਾ ਕੋਈ ਬਦਲ ਹੈ। ਉਸ ਨੂੰ ਸਾਧਨਾ ਨਾਲ ਸਮਝਿਆ ਜਾ ਸਕਦਾ ਹੈ। ਦੋਨਾਂ ਹੀ ਮਹਾਂਪੁਰਖਾਂ ਨੇ ਨਾਮ ਸਿਮਰਨ ਅਤੇ ਬੰਦਗੀ ਨੂੰ ਮੁਕਤੀ ਸੂਤਰ ਵਜੋਂ ਪ੍ਰਸਾਰਿਤ ਕੀਤਾ ਹੈ ਕਿਉਂਕਿ ਸਿਮਰਨ ਬੰਦਗੀ ਮਾਨਵ ਨੂੰ ਅਜਿਹੇ ਗਿਆਨ ਨਾਲ ਜੋੜਦੇ ਹਨ ਜਿਸ ਨਾਲ ਉਹ ਲੌਕਿਕ ਜਾਂ ਧਰਾਤਲੀ ਘੁੰਮਣ ਘੇਰੀਆਂ ਵਿੱਚੋਂ ਆਪਣੇ ਆਪ ਨੂੰ ਬਚਾ ਕੇ ਅਜਿਹੀ ਸੋਝੀ ਪ੍ਰਾਪਤ ਕਰ ਸਕਦਾ ਹੈ ਜੋ ਉਸ ਨੂੰ ਅਜਿਹੇ ਪ੍ਰਾਲੌਕਿਕ ਮੰਡਲ ਵਿੱਚ ਵਿਚਰਨ ਦਿੰਦੀ ਹੈ ਜਿਸ ਦੀ ਮੱਦਦ ਨਾਲ ਉਹ ਵਿਸ਼ਮਾਦੀ ਪੂੰਜੀ ਇਕੱਠੀ ਕਰਨ ਦੇ ਕਾਬਲ ਹੋ ਜਾਂਦਾ ਹੈ ਅਤੇ ਮੂਲ ਤੱਤ ਦੇ ਮਿਲਾਪ ਵੱਲ ਵਧਣ ਲੱਗਦਾ ਹੈ। ਦੋਨਾਂ ਮਹਾਂਕਵੀਆਂ ਦੀ ਬਾਣੀ ਦੇ ਅਧਿਐਨ ਉਪਰੰਤ ਕੁੱਝ ਵਖਰੇਵੇਂ ਵੀ ਸਾਹਮਣੇ ਆਉਂਦੇ ਹਨ ਜਿੰਨ੍ਹਾਂ ਨੂੰ ਖੋਜ ਕਾਰਜ ਵਿੱਚ ਸਪੱਸ਼ਟ ਕੀਤਾ ਗਿਆ ਹੈ। ਇੰਨ੍ਹਾਂ ਵਖਰੇਵਿਆਂ ਦਾ ਮੁੱਖ ਕਾਰਨ ਦੋਨਾਂ

ਵਿਚਾਰਧਾਰਾਵਾਂ ਦਾ ਧਰਾਤਲੀ ਵਖਰੇਵਾਂ ਤਾਂ ਹੈ ਹੀ ਸਗੋਂ ਵਿਚਾਰਧਾਰਕ ਪੱਧਰ ’ਤੇ ਵੀ ਵਖਰੇਵਾਂ ਹੈ। ਇੱਥੇ ਇਹ ਦੱਸਣਯੋਗ ਹੈ ਕਿ ਵਖਰੇਵੇਂ ਦੇ ਬਾਵਜੂਦ ਜਿੱਥੇ ਇੰਨ੍ਹਾਂ ਕਵੀਆਂ ਦੀ ਵਿਚਾਰਧਾਰਾ ਮੇਲ ਖਾ ਜਾਂਦੀ ਹੈ ਉੱਥੇ ਹੀ ਦੋਨੋਂ ਕਵੀਆਂ ਦੀ ਬਾਣੀ ਸਮਕਾਲੀ ਸਮੇਂ ਵੀ ਬੜਾ ਹੀ ਸਾਰਥਿਕ ਪ੍ਰਵਚਨ ਸਿਰਜਦੀ ਹੈ। ਦੋਨਾਂ ਮਹਾਂਪੁਰਖਾਂ ਦੇ ਅਨੁਭਵ ਦਾ ਪੱਧਰ ਵਿਚਾਰਧਾਰਾਵਾਂ ਦੀ ਪਿਸ਼ਟ ਭੂਮੀ ਉੱਪਰ ਟਿਕਿਆ ਹੋਇਆ ਹੈ ਅਤੇ ਦੋਨੋਂ ਆਪਣਾ ਮੌਲਿਕ ਚਿੰਤਨ ਆਪਣੀ ਆਪਣੀ ਵਿਚਾਰਧਾਰਾ ਵਿੱਚ ਰਹਿ ਕੇ ਕਰਦੇ ਹਨ। ਫ਼ਰੀਦ ਬਾਣੀ ਗੁਰਮਤਿ ਸਿਧਾਂਤਾ ਦੇ ਅਨੁਕੂਲ ਹੋ ਨਿਬੜਦੀ ਹੈ। ਸੂਫੀ ਧਾਰਾ ਨਾਲੋਂ ਫ਼ਰੀਦ ਦਾ ਵੈਰਾਗ ਗੁਰਮਤਿ ਦੇ ਵੈਰਾਗ ਨਾਲ ਵਧੇਰੇ ਮੇਲ ਖਾਂਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਦੋਨਾਂ ਹੀ ਮਹਾਂਪੁਰਖਾਂ ਦੀ ਸੂਖ਼ਮਭਿੰਨਤਾ ਤਾਂ ਹੈ ਪਰੰਤੂ ਦੋਨਾਂ ਮਹਾਂਪੁਰਖਾਂ ਦੀ ਅਧਿਆਤਮਿਕ ਸੁਰ ਤੇ ਮਨਸ਼ਾ ਇੱਕੋ ਹੈ। ਇਨ੍ਹਾਂ ਦੀ ਕਾਵਿ ਸਿਰਜਣਾ ਦੁਆਰਾ ਬਿਰਹੋਂ ਤੇ ਵੈਰਾਗ ਦਾ ਪ੍ਰਗਟਾਅ ਢੰਗ ਭਿੰਨ ਹੋ ਸਕਦਾ ਹੈ ਪਰ ਮੂਲ ਸਰੋਕਾਰ ਨਿਰੋਲ ਪ੍ਰਮਾਰਥਕ ਹੈ। ਦੋਨਾਂ ਹੀ ਮਹਾਂਕਵੀਆਂ ਦਾ ਮਨਸ਼ਾ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਪੇਸ਼ ਕਰਕੇ ਸੋਹਣਾ ਮਨੁੱਖ ਘੜਨਾ ਹੈ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਊਧਮ ਸਿੰਘ (ਗਿਆਨੀ) : ***ਸੱਚਾ ਗੁਰੂ*** , ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005

ਅਤਰ ਸਿੰਘ : ***ਦ੍ਰਿਸ਼ਟੀਕੋਣ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

ਅਮੋਲ, ਸ.ਸ. (ਸੰਪਾ.) : ***ਬਾਬਾ ਫ਼ਰੀਦ : ਜੀਵਨ ਤੇ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

ਅਲੱਗ, ਸਰੂਪ ਸਿੰਘ (ਡਾ.) : ***ਗੁਰਬਾਣੀ ਸੰਕਲਪ***, ਅਲੱਗ ਸ਼ਬਦ ਯੁਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਲੁਧਿਆਣਾ, 2005

ਅੰਮ੍ਰਿਤਲਾਲ ਪਾਲ (ਡਾ.) : ***ਗੁਰੂ ਰਵਿਦਾਸ ਅਤੇ ਬਾਬਾ ਫ਼ਰੀਦ ਬਾਣੀ ਦਾ ਤੁਲਨਾਤਮਕ ਅਧਿਐਨ***, ਸੰਗਮ ਪਬਲੀਕੇਸ਼ਨਜ਼, ਸਮਾਣਾ, 2005

ਉਹੀ : ***ਬਾਬਾ ਫ਼ਰੀਦ ਜੀਵਨ ਤੇ ਰਚਨਾ***, ਆਰ.ਐੱਸ. ਪਬਲੀਕੇਸ਼ਨ, ਸਮਾਣਾ, 2005.

ਸਤਬੀਰ ਸਿੰਘ : ***ਸਾਡਾ ਇਤਿਹਾਸ (ਭਾਗ ਪਹਿਲਾ)***, ਨਿਊ ਬੁੱਕ ਕੰਪਨੀ, ਜਲੰਧਰ, 2014.

ਸਤਵੰਤ ਕੌਰ (ਡਾ.) : ***ਪੰਜਾਬੀ ਸੂਫੀ ਕਾਵਿ ਵਿੱਚ ਮੌਤ ਦੀ ਚੇਤਨਾ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998

ਸਯਦ, ਨਜਮ ਹੁਸੈਨ : ***ਫ਼ਰੀਦੋਂ ਨਾਨਕ, ਨਾਨਕੋਂ ਫ਼ਰੀਦ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002

ਸਰਹੱਦੀ, ਸੁਲੱਖਨ : ***ਸੁਲਤਾਨ ਬਾਹੂ ਦਾ ਅਸਲ ਕਲਾਮ, ਜੀਵਨ ਅਤੇ ਰਚਨਾ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

ਸਾਹਿਬ ਸਿੰਘ (ਪ੍ਰੋ.) : ***ਬਾਣੀ ਮਹਲਾ 9 ਸਟੀਕ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010

ਉਹੀ : ***ਜਪੁਜੀ ਸਾਹਿਬ ਸਟੀਕ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013

ਸੀਤਲ, ਸੋਹਣ ਸਿੰਘ : ***ਲਾਸਾਨੀ ਸ਼ਹੀਦ : ਗੁਰੂ ਤੇਗ ਬਹਾਦਰ ਜੀ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006

ਸੁਖਦਿਆਲ ਸਿੰਘ (ਡਾ.) : ***ਗੁਰੂ ਤੇਗ ਬਹਾਦੁਰ ਮਾਰਗ ਪੰਜਾਬ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਸੁਖਦੇਵ ਸਿੰਘ (ਡਾ.) : ***ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਸਲੋਕ : ਬਹੁਪੱਖੀ ਅਧਿਐਨ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013

ਸੇਖੋਂ, ਸੰਤ ਸਿੰਘ : ***ਪ੍ਰਸਿੱਧ ਪੰਜਾਬੀ ਕਵੀ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1962

ਉਹੀ : ***ਪੰਜਾਬੀ ਕਾਵਿ ਸ਼ਿਰੋਮਣੀ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964

ਉਹੀ : ***ਪੰਜਾਬੀ ਸਾਹਿਤ ਦਾ ਇਤਿਹਾਸ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1972

ਸੰਤੋਖ ਸਿੰਘ, ਭਾਈ : ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011.

ਹਰਬੰਸ ਸਿੰਘ : ***ਗੁਰੂ ਤੇਗ ਬਹਾਦਰ***, ਵੀਜਨ ਐਂਡ ਵੈਂਚਰ, ਪਟਿਆਲਾ/ਨਵੀਂ ਦਿੱਲੀ, 1998

ਹਰਬੰਸ ਸਿੰਘ (ਗਿਆਨੀ) : ***ਮੌਤ ਕੀ ਹੈ ?*** ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, 2011

ਉਹੀ : ***ਸ੍ਰੀ ਜਪੁਜੀ ਸਾਹਿਬ***, ਡਾ. ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ, 2013

ਕਵੀਸ਼ਰ, ਸਰਦੂਲ ਸਿੰਘ (ਸੰਪਾ.) : ***ਸਿੱਖ ਧਰਮ ਦਰਸ਼ਨ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

ਕਾਸਦ, ਪ੍ਰੀਤਮ ਸਿੰਘ : ***ਗੁਰੂ ਗ੍ਰੰਥ ਸਾਹਿਬ ਜਿਹਾ ਗੁਰੂ ਕਿਹੜਾ ਹੈ ਜਹਾਨ ਤੇ***, ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ, 2002

ਕਿਸ਼ਨ ਸਿੰਘ (ਪ੍ਰੋ.) : ***ਗੁਰਬਾਣੀ ਦਾ ਸੱਚ***, ਸੇਧ ਪ੍ਰਕਾਸ਼ਨ ਦਿੱਲੀ, 1976

ਉਹੀ : ***ਗੁਰਬਾਣੀ ਦੀ ਸਮਝ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਕੁਲਦੀਪ ਕੌਰ : ***ਗੁਰੂ ਤੇਗ ਬਹਾਦਰ ਦਰਸ਼ਨ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005

ਕੇਸਰ, ਕੇਸਰ ਸਿੰਘ : ***ਖੋਜ ਚਿੰਤਨ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਗੁਰਚਰਨ ਸਿੰਘ ਡਾ.(ਸੰਪਾ) : ***ਸ੍ਰੀ ਗੁਰੂ ਗ੍ਰੰਥ ਕੋਸ਼ (ਦੂਜੀ ਜਿਲਦ),*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਗੁਰਚਰਨ ਸਿੰਘ ਤਲਵਾੜਾ (ਪ੍ਰੋ.) : ***ਸੂਫੀਮਤ ਵਿਚਾਰਧਾਰਾ, ਵਿਕਾਸ ਅਤੇ ਸਿਲਸਿਲੇ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2012

ਗੁਰਦੇਵ ਸਿੰਘ ਡਾ. (ਸੰਪਾ.): ***ਪੰਜਾਬੀ ਸੂਫ਼ੀ-ਸਾਹਿਤ ਸੰਦਰਭ ਗ੍ਰੰਥ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1989.

ਉਹੀ : ***ਪੁਰਾਤਨ ਕਾਵਿ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991

ਉਹੀ : ***ਜੀਵਨੀਆਂ ਸੂਫੀ ਦਰਵੇਸ਼ਾ ਦੀਆਂ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004.

ਗੁਰਮੁਖ ਸਿੰਘ (ਐਮ.ਏ.) : ***ਸ੍ਰੀ ਗੁਰੂ ਤੇਗ ਬਹਾਦਰ ਜੀਵਨ, ਦਰਸ਼ਨ ਤੇ ਕਲਾ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975

ਗੁਲਵੰਤ ਸਿੰਘ ਤੇ ਹੋਰ : ***ਨੌਵੀਂ ਪਾਤਸ਼ਾਹੀ : ਸੰਖਿਪਤ ਜੀਵਨੀ ਅਤੇ ਗੁਰਬਾਣੀ ਭਾਵ ਸਹਿਤ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਗੁਲਜ਼ਾਰ ਸਿੰਘ ਕੰਗ (ਡਾ.) : ***ਸੂਫੀਮਤ ਸਿਲਸਿਲੇ ਅਤੇ ਸਾਧਕ*** , ਲਾਹੌਰ ਬੁੱਕ ਸ਼ਾਪ, ਲੁਧਿਆਣਾ, 2002.

ਉਹੀ : ***ਸ਼ਬਦ ਦਾ ਸੰਕਲਪ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005

ਉਹੀ : ***ਸ਼ਬਦ ਅਨੁਭਵ ਤੇ ਦਰਸ਼ਨ***, ਨਾਦ ਪ੍ਰਗਾਸੁ, ਅੰਮ੍ਰਿਤਸਰ, 2014.

ਗੰਗਾ ਸਿੰਘ (ਪ੍ਰਿੰ.) : ***ਲੈਕਚਰ ਮਹਾਂ ਚਾਨਣ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1996

ਗੰਡਾ ਸਿੰਘ : ***ਸਿੱਖ ਇਤਿਹਾਸ ਬਾਰੇ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1998

ਘੁੰਮਣ, ਬਿਕਰਮ ਸਿੰਘ : ***ਜੀਵਨ ਫ਼ਲਸਫ਼ਾ : ਗੁਰੂ ਤੇਗ ਬਹਾਦਰ***, ਪੰਜਾਬੀ ਰਾਈਟਰਜ਼ ਕੋਆਪਰੇਟਿਵ

ਸੋਸਾਇਟੀ ਲਿਮਟਿਡ, ਲੁਧਿਆਣਾ, 1988

ਉਹੀ : ***ਗੁਰੂ ਤੇਗ ਬਹਾਦਰ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1995

ਉਹੀ : ***ਗੁਰਬਾਣੀ ਚਿੰਤਨ ਤੇ ਕਲਾ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003

ਉਹੀ : ***ਗੁਰੂ ਤੇਗ ਬਹਾਦਰ ਜੀ : ਜੀਵਨ, ਚਿੰਤਨ ਤੇ ਬਾਣੀ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013

ਉਹੀ : ***ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013

ਚੰਦਨ, ਸ. ਕਿਰਪਾਲ ਸਿੰਘ : ***ਗੁਰੂ ਗ੍ਰੰਥ ਸਾਹਿਬ ਸਾਰ***, ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ, ਮਿਤੀ ਰਹਿਤ

ਜਸਬੀਰ ਸਿੰਘ ਆਹਲੂਵਾਲੀਆ (ਡਾ.) : ***ਸਿੱਖ ਫ਼ਲਸਫ਼ੇ ਦੀ ਭੂਮਿਕਾ***, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976

ਜਗਜੀਤ ਸਿੰਘ : ***ਸਿੱਖ ਇਨਕਲਾਬ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2002

ਜਗਤਾਰ ਸਿੰਘ (ਡਾ.) : ***ਬੁੱਲੇ ਸ਼ਾਹ : ਜੀਵਨ ਤੇ ਰਚਨਾ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

ਜਗਬੀਰ ਸਿੰਘ (ਡਾ.) : ***ਪੰਜਾਬੀ ਸਾਹਿਤ ਦਾ ਇਤਿਹਾਸ* (ਆਦਿ ਕਾਲ, ਭਗਤੀ ਕਾਲ)**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983

ਉਹੀ : ***ਗੁਰਮਤਿ ਕਾਵਿ : ਸਿਧਾਂਤ ਤੇ ਵਿਹਾਰ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011

ਉਹੀ : ***ਬਾਣੀ ਸੰਸਾਰ : ਸਿਧਾਂਤ ਅਤੇ ਸਮੀਖਿਆ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013

ਜੀਤ ਸਿੰਘ ਸੀਤਲ (ਡਾ.) : ***ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010

ਜੋਗਿੰਦਰ ਸਿੰਘ (ਡਾ.) : ***ਤੇਗ ਬਹਾਦਰ ਸੀ ਕ੍ਰਿਆ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006

ਜੋਧਾ, ਜਗਵਿੰਦਰ : ***ਪੰਜਾਬੀ ਸੂਫ਼ੀ ਕਾਵਿ ਸਮੀਖਿਆ ਸੰਵਾਦ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011

ਜੋਸ਼ੀ, ਐੱਲ.ਐੱਮ., ਸ਼ਾਰਦਾ : ***ਧੱਮਪਦ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਗਾਂਧੀ ਡਾ.(ਸੰਪਾ. ਅਤੇ ਅਨੁ)

ਜੱਗੀ, ਰਤਨ ਸਿੰਘ : ***ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005

ਉਹੀ : ***ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ***, ਆਰਸੀ ਪਬਲਿਸ਼ਰਜ਼, ਦਿੱਲੀ, 2009

ਉਹੀ : ***ਸ਼ੇਖ ਫ਼ਰੀਦ : ਜੀਵਨ, ਚਿੰਤਨ ਅਤੇ ਬਾਣੀ***, ਆਰਸੀ ਪਬਲਿਸ਼ਰਜ਼, ਦਿੱਲੀ, 2009

ਉਹੀ : ***ਗੁਰੂ ਤੇਗ ਬਹਾਦਰ : ਬਾਣੀ ਵਿਸ਼ਲੇਸ਼ਣ***, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2011

ਤਾਰਨ ਸਿੰਘ : ***ਸੇਖ ਫ਼ਰੀਦ ਜੀਵਨ ਤੇ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975.

ਉਹੀ : ***ਗੁਰੂ ਤੇਗ ਬਹਾਦਰ : ਜੀਵਨ ਤੇ ਸਿੱਖਿਆ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਉਹੀ : ***ਗੁਰੂ ਤੇਗ ਬਹਾਦਰ ਸ਼ਹੀਦੀ ਅੰਕ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਤਾਰਨ ਸਿੰਘ (ਸੰਪਾ.) : ***ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਤਾਰਾ ਸਿੰਘ : ***ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977

ਤੁਲਸੀ, ਬਲਜੀਤ ਕੌਰ : ***ਆਸ਼ਾਵਾਦੀ ਆਦੇਸ਼ : ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕਾਵਿਕ ਭਾਸ਼ਯ***, ਮਾਡਰਨ ਪਬਲਿਸ਼ਰਜ਼, ਅੰਮ੍ਰਿਤਸਰ, 1978

ਦਰਸ਼ਨ ਸਿੰਘ : ***ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

ਦਲਾਵਰੀ, ਭਗਵੰਤ ਸਿੰਘ : ***ਗੁਰਸਿੱਖੀ ਬਾਰੀਕ ਹੈ***, ਡਾ. ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ, 2007

ਦਿਲ, ਦਲਬੀਰ ਸਿੰਘ (ਡਾ.) : ***ਗੁਰੂ ਤੇਗ ਬਹਾਦਰ : ਜੀਵਨ ਤੇ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

ਦੀਵਾਨ ਸਿੰਘ (ਡਾ.) : ***ਸੂਫ਼ੀਵਾਦ ਤੇ ਹੋਰ ਲੇਖ***, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1967

ਉਹੀ : ***ਗੁਰਬਾਣੀ ਚਿੰਤਨ,*** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988

ਉਹੀ : ***ਗੁਰਮਤਿ ਗਿਆਨ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1994

ਉਹੀ : ***ਗੁਰਮਤਿ ਸਿਧਾਂਤ***, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1998

ਉਹੀ : ***ਗੁਰਮਤਿ ਵਿਚਾਰ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998

ਦੀਵਾਨ ਸਿੰਘ ਅਤੇ ਸਤਿੰਦਰ ਸਿੰਘ : ***ਗੁਰੂ ਤੇਗ ਬਹਾਦਰ : ਚਿੰਤਨ, ਕਲਾ ਤੇ ਬਾਣੀ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999

ਦੰਡੀ, ਸਵਾਮੀ ਰਾਮਤੀਰਥ : ***ਸਰਵੋਤਮ ਧਰਮ ਗ੍ਰੰਥ : ਸ੍ਰੀ ਗੁਰੂ ਗ੍ਰੰਥ ਸਾਹਿਬ, ਸਰਵੋਤਮ ਧਰਮ : ਖਾਲਸਾ ਪੰਥ***, ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਅੰਮ੍ਰਿਤਸਰ, 2008

ਧਰਮ ਸਿੰਘ (ਡਾ.) : ***ਮਸਲੇ ਸ਼ੇਖ ਫ਼ਰੀਦ ਕੇ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2004

ਉਹੀ : ***ਪੰਜਾਬੀ ਖੋਜ ਸੰਦਰਭ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2015

ਧੀਰ, ਕੁਲਦੀਪ ਸਿੰਘ : ***ਤੁਲਨਾਤਮਕ ਸਾਹਿਤ-ਸ਼ਾਸਤਰ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

ਉਹੀ : ***ਤੁਲਨਾਤਮਕ ਸਾਹਿਤ : ਸਿਧਾਂਤ ਤੇ ਵਿਹਾਰ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1996

ਨਾਭਾ, ਕਾਨ੍ਹ ਸਿੰਘ (ਭਾਈ) : ***ਗੁਰਸ਼ਬਦ ਰਤਨਾਕਰ ਮਹਾਨ ਕੋਸ਼***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਸੱਤਵੀਂ ਵਾਰ, 2006

ਨੰਦਨ, ਅਸ਼ਰਫ ਮਹਿਮੂਦ : ***ਜ਼ਫ਼ਰਨਾਮਾ : ਗੁਰੂ ਗੋਬਿੰਦ ਸਿੰਘ ਜੀ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006

ਪਟਵਾਰੀ, ਕਰਮ ਸਿੰਘ : ***ਗੁਰ-ਇਤਿਹਾਸ ਬਾਰੇ ਜਾਣਕਾਰੀ***, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996

ਪਰਦੇਸੀ, ਸਰਵਨ ਸਿੰਘ : ***ਸੂਫੀ ਸਾਹਿਤ ਦੀ ਸਮਝ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012

ਪਰਮਿੰਦਰ ਸਿੰਘ (ਡਾ.) : ***ਪੰਜਾਬੀ ਸਾਹਿਤ ਦਾ ਇਤਿਹਾਸ : ਆਦਿ ਕਾਲ ਤੋਂ 1700 ਤੱਕ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਪੰਛੀ, ਸੁਰਜੀਤ ਸਿੰਘ : ***ਮਹਾਂ ਬਲੀਦਾਨੀ : ਗੁਰੂ ਤੇਗ ਬਹਾਦੁਰ ਜੀ***, ਲਿਟਰੇਚਰ ਹਾਊਸ, ਅੰਮ੍ਰਿਤਸਰ, 2004

ਪ੍ਰੀਤਮ ਸਿੰਘ(ਸੰਪਾ.) : ***ਸਿੱਖ ਫ਼ਲਸਫ਼ੇ ਦੀ ਰੂਪ-ਰੇਖਾ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975.

ਪ੍ਰੇਮ ਪ੍ਰਕਾਸ਼ ਸਿੰਘ, ਡਾ. (ਮੁੱਖ ਸੰਪਾ.) : ***ਸੰਸਕ੍ਰਿਤ ਪੰਜਾਬੀ ਕੋਸ਼***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਫੌਜਾ ਸਿੰਘ, ਤਾਰਨ ਸਿੰਘ (ਸੰਪਾ.) : ***ਗੁਰੂ ਤੇਗ ਬਹਾਦਰ : ਜੀਵਨ ਤੇ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਬਲਕਾਰ ਸਿੰਘ (ਸੰਪਾ.) : ***ਗੁਰੂ ਨਾਨਕ ਧਰਮ ਚਿੰਤਨ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

ਬਲਜੀਤ ਸਿੰਘ : ***ਗੁਰਮਤਿ ਪ੍ਰਕਾਸ਼, ਗੁਰੂ ਨਾਨਕ ਸਾਹਿਬ ਦਾ ਸੱਚਾ ਸੌਦਾ ਅਤੇ ਅਸੀਂ***, ਗੋਲਡਨ ਆਫਸੈੱਟ, ਅੰਮ੍ਰਿਤਸਰ, 2002.

ਬਲਬੀਰ ਸਿੰਘ : ***ਗੁਰੂ ਤੇਗ ਬਹਾਦਰ ਜੀ : ਜੀਵਨ ਤੇ ਬਾਣੀ***, ਦੀਪਕ ਪਬਲਿਸ਼ਰਜ, ਜਲੰਧਰ, 1976.

ਬਲਵੀਰ ਸਿੰਘ,(ਡਾ.) : ***ਸੁਰਤਿ-ਸ਼ਬਦ ਵਿਚਾਰ***, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

ਬੇਦੀ, ਗੁਰਨਾਮ ਕੌਰ : ***ਗੁਰਮਤਿ ਵਿਵੇਚਨ***, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1994

ਉਹੀ : ***ਗੁਰਮਤਿ ਦ੍ਰਿਸ਼ਟੀ***, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1996

ਉਹੀ : ***ਗੁਰਮਤਿ ਸੰਕਲਪ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਮਿਤੀ ਰਹਿਤ

ਬੱਧਣ, ਕੁੰਦਨ ਲਾਲ : ***ਫ਼ਰੀਦ ਦਰਪਣ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012

ਬ੍ਰਹਮਜਗਦੀਸ਼ ਸਿੰਘ (ਪ੍ਰੋ.): ***ਬੋਲੈ ਸ਼ੇਖ਼ ਫ਼ਰੀਦ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998

ਉਹੀ : ***ਗੁਰੂ ਗ੍ਰੰਥ ਸਾਹਿਬ : ਬਾਣੀ ਤੇ ਬਾਣੀਕਾਰ***, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008

ਉਹੀ : ***ਪੰਜਾਬੀ ਸਾਹਿਤ ਦਾ ਇਤਿਹਾਸ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2011

ਉਹੀ : ***ਸ਼ਬਦ ਤੇ ਸਲੋਕ, ਬਾਬਾ ਸ਼ੇਖ਼ ਫ਼ਰੀਦ : ਵਿਚਾਰਧਾਰਾ ਅਤੇ ਪਾਠ***, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013

ਭਜਨ ਸਿੰਘ (ਗਿਆਨੀ) : ***ਗੁਰੂ ਤੇਗ ਬਹਾਦੁਰ***, ਨੈਸ਼ਨਲ ਬੁੱਕ ਟਰੱਸਟ ਇੰਡੀਆ, ਨਵੀਂ ਦਿੱਲੀ, 1995

ਮਹਿੰਦਰ ਕੌਰ ਗਿੱਲ (ਡਾ.) : ***ਗੁਰੂ ਤੇਗ ਬਹਾਦਰ ਜੀਵਨ ਤੇ ਬਾਣੀ ਅਧਿਐਨ***, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2011.

ਮਠਾੜੂ, ਰਜਵੰਤ ਕੌਰ : ***ਪੰਜਾਬੀ ਕਿੱਸਾ ਕਾਵਿ ਵਿੱਚ ਇਸ਼ਕ ਤੇ ਮੌਤ ਦਾ ਸੰਕਲਪ***, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1999

ਮਨਮੋਹਨ ਸਿੰਘ : ***ਸੂਫੀਮਤ ਅਤੇ ਧਾਰਮਿਕ ਲਹਿਰਾਂ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993

ਮੁਹੰਮਦ ਹਬੀਬ (ਡਾ.) : ***ਸਾਈ ਮੀਆਂ ਮੀਰ ਜੀਵਨ, ਸਾਧਨਾ ਅਤੇ ਸਿੱਖਿਆ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਰਤਨ ਸਿੰਘ ਜੱਗੀ (ਡਾ.) : ***ਫ਼ਰੀਦ : ਜੀਵਨ, ਚਿੰਤਨ ਅਤੇ ਬਾਣੀ***, ਆਰਸੀ ਪਬਲਿਸ਼ਰਜ਼, ਦਿੱਲੀ, 2009

ਉਹੀ : ***ਸਾਹਿਤ ਕੋਸ਼***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

ਰਾਜਬੀਰ ਕੌਰ : ***ਗੁਰੂ ਤੇਗ ਬਹਾਦਰ : ਚਿੰਤਨ ਤੇ ਚੇਤਨਾ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.

ਉਹੀ : ***ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003

ਰਾਜਾ ਸਰ, ਦਲਜੀਤ ਸਿੰਘ : ***ਜੀਵਨ ਗੁਰੂ ਤੇਗ ਬਹਾਦਰ ਜੀ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975

ਰਾਜਿੰਦਰ ਪਾਲ ਸਿੰਘ ਬਰਾੜ (ਡਾ.) : ***ਉੱਤਰ-ਆਧੁਨਿਕਤਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਰਾਮ ਸਿੰਘ : ***ਬਾਣੀ ਗੁਰੂ ਤੇਗ ਬਹਾਦਰ : ਵਿਸ਼ਾ ਤੇ ਕਲਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

ਉਹੀ : ***ਜਪੁਜੀ ਦਾ ਵਿਸ਼ਾ ਤੇ ਰੂਪ***, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 2014

ਵਜੀਰ ਸਿੰਘ (ਡਾ.) : ***ਫ਼ਰੀਦ ਦਾ ਨੈਤਿਕ ਫ਼ਲਸਫ਼ਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਉਹੀ : ***ਸਿੱਖ ਦਰਸ਼ਨਧਾਰਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਵਿਦਿਆਰਥੀ, ਦੇਵਿੰਦਰ ਸਿੰਘ (ਡਾ.) : ***ਪੰਜਾਬੀ ਵਿੱਚ ਖੋਜ : ਸੰਭਾਵਨਾ ਤੇ ਸੇਧ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2011

ਵੇਦੀ, ਭਗਤ ਸਿੰਘ : ***ਸੂਫ਼ੀ-ਸਮਰਾਟ ਬਾਬਾ ਫ਼ਰੀਦ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2000

ਸ਼ਾਰਦਾ, ਸਾਧੂ ਰਾਮ : ***ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973

ਸ਼ੇਰ ਸਿੰਘ (ਪ੍ਰੋ.) : ***ਗੁਰਮਤਿ ਦਰਸ਼ਨ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2004

## ਪੰਜਾਬੀ ਧਰਮ ਗ੍ਰੰਥ, ਖੋਜ ਪ੍ਰਬੰਧ ਤੇ ਖੋਜ ਨਿਬੰਧ

ਅਜੀਤ ਕੌਰ :***ਬਾਬਾ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਦੇ ਸਲੋਕਾਂ ਦਾ ਤੁਲਨਾਤਮਕ ਅਧਿਐਨ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973-74.

ਸੁਖਬੀਰ ਸਿੰਘ : ***ਫ਼ਰੀਦ ਬਾਣੀ ਦਾ ਬਿੰਬ ਵਿਧਾਨਕ ਅਧਿਐਨ***, ਜੰਮੂ ਯੂਨੀਵਰਿਸਟੀ, ਜੰਮੂ, 1985

ਸੇਠੀ, ਉਮਾ ਕੁਮਾਰੀ : ***ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ ਮਾਨਵੀ ਸੰਕਟ ਦੀ ਚੇਤਨਾ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1990

ਸੰਧੂ, ਭਾਰਤਬੀਰ ਕੌਰ : ***ਬਾਣੀ ਸ੍ਰੀ ਗੁਰੂ ਤੇਗ ਬਹਾਦਰ ਦਾ ਚਿਹਨਤ ਵਿਗਿਆਨਕ ਅਧਿਐਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2007

ਹਰਸਿਮਰਨ ਕੌਰ : ***ਸ਼ੇਖ਼ ਫ਼ਰੀਦ ਦੀ ਬਾਣੀ ਦਾ ਬਿੰਬ ਵਿਧਾਨ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1990

ਕਲਸੀ, ਗੁਰਬਖਸ਼ :***ਗੁਰੂ ਨਾਨਕ ਦੇਵ ਜੀ ਦਾ ਬ੍ਰਹਮ ਦਾ ਸੰਕਲਪ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1976

ਕੰਗ, ਗੁਲਜ਼ਾਰ ਸਿੰਘ :***ਸਿੱਖ ਧਰਮ ਵਿੱਚ ਸ਼ਬਦ ਦਾ ਸੰਕਲਪ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978

ਖਹਿਰਾ, ਹਰੀ ਸਿੰਘ : ***ਬਾਬਾ ਫ਼ਰੀਦ ਤੇ ਗੁਰੂ ਨਾਨਕ: ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988

ਗੁਰੂ ਅਰਜਨ ਦੇਵ (ਸੰਪਾ.): ***ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ***

ਪਰਮਜੀਤ ਕੌਰ : ***ਗੁਰਬਾਣੀ ਵਿੱਚ ਮੌਤ ਦਾ ਸੰਕਲਪ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

ਬਲਵਿੰਦਰ ਕੌਰ : ***ਸ਼ੇਖ਼ ਫ਼ਰੀਦ ਦੀ ਕਵਿਤਾ ਦੇ ਮਾਨਵੀ ਸਰੋਕਾਰ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1991

ਮਨਜੀਤ ਸਿੰਘ : ***ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਵਿੱਚ ਮੌਤ ਦਾ ਸੰਕਲਪ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973-74

ਮਨਿੰਦਰ ਕੌਰ : ***ਸ਼ੇਖ਼ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਜੀ ਬਾਣੀ: ਮਾਨਵੀ ਹੋਂਦ ਦੇ ਮਸਲੇ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2011

ਲਵਲੀਨ ਕੌਰ : ***ਬਾਬਾ ਫ਼ਰੀਦ ਤੇ ਲਾਲ ਦਯਦ ਬਾਣੀ : ਇੱਕ ਤੁਲਨਾਤਮਕ ਅਧਿਐਨ***, ਜੰਮੂ ਯੂਨੀਵਰਸਿਟੀ, ਜੰਮੂ, 2013

ਸ਼ਰਨਜੀਤ ਕੌਰ : ***ਸ਼ੇਖ਼ ਫ਼ਰੀਦ ਅਤੇ ਭਗਤ ਕਬੀਰ ਦਾ ਤੁਲਨਾਤਮਕ ਅਧਿਐਨ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1985

## ਖੋਜ ਪੱਤ੍ਰਿਕਾਵਾਂ, ਰਸਾਲੇ ਤੇ ਅਖ਼ਬਾਰ

ਸਿੱਖ ਸ਼ਹਾਦਤ : ਸਾਲ-5, ਅੰਕ-11, ਜਨਵਰੀ, 2005

ਖੋਜ ਪੱਤ੍ਰਿਕਾ : ਸ੍ਰੀ ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ, ਅੰਕ -9, ਮਾਰਚ, 1976

ਉਹੀ : ਗੁਰਮਤਿ ਕਾਵਿ ਅੰਕ, ਅੰਕ-26, ਸਤੰਬਰ, 1985

ਉਹੀ : ਸੂਫ਼ੀ ਕਾਵਿ ਅੰਕ, ਅੰਕ-33, ਮਾਰਚ, 1989

ਉਹੀ : ਅੰਕ - 01, ਮਾਰਚ, 2005

ਗੁਰਮਤਿ ਪ੍ਰਕਾਸ਼ : ਜਿਲਦ - 43, ਅੰਕ - 4, ਜੁਲਾਈ, 1999

ਜਾਗ੍ਰਤੀ : ਜਿਲਦ-22, ਅੰਕ-12, ਦਸੰਬਰ, 1975

ਨਾਨਕ ਪ੍ਰਕਾਸ਼ ਪੱਤ੍ਰਿਕਾ : ਜਿਲਦ ਪੰਜਵੀਂ, ਅੰਕ ਪਹਿਲਾ-ਦੂਜਾ, ਜੂਨ-ਦਸੰਬਰ, 1973

ਉਹੀ : ਜਿਲਦ ਸੱਤਵੀਂ, ਅੰਕ ਪਹਿਲਾ, ਜੂਨ, 1976

ਉਹੀ : ਜਿਲਦ ਦਸਵੀਂ, ਅੰਕ ਪਹਿਲਾ-ਦੂਜਾ, ਜੂਨ-ਦਸੰਬਰ, 1978

ਉਹੀ : ਸਿੱਖ ਅਧਿਐਨ ਵਿਸ਼ੇਸ਼ ਅੰਕ, 1990

ਉਹੀ : ਗੁਰੂ ਤੇਗ ਬਹਾਦਰ ਸ਼ਹੀਦੀ ਅੰਕ, 2002.

ਉਹੀ : ਅੰਕ ਦੂਜਾ, ਦਸੰਬਰ, 2004

ਰੋਜ਼ਾਨਾ ਅਜੀਤ (ਪੰਜਾਬੀ) : ਗੁਰਦੁਆਰਾ ਦੂਖ ਨਿਵਾਰਨ ਗੁਰੂ ਕਾ ਤਾਲ (ਉੱਤਰ ਪ੍ਰਦੇਸ਼), 1 ਜੁਲਾਈ, 2014

## ਅੰਗਰੇਜ਼ੀ ਪੁਸਤਕਾਂ


Arberry, A.J. : ***An Introduction to the History of Sufiism***, Oriental Longman, New Delhi, 1992

Duncan Greenless M.A (oxon) : ***The Gospel of the Guru Granth Sahib***, The Theosophial publishing house, Adyar, Madras, India, 1975.

Hasting, James : ***Encyclopaedia of Religion and Ethic***, T and T Clark Edinburan, New York, 1970.

Khoji : ***Power of Thoughts***, Brahm Bunga Trust, Dodra, Mansa, Punjab, 2002

Krishna , Lajwanti Rama : ***Panjabi Sufi Poets***, Oxford University Press, London, 1938

Macauliffe , Max Arthur : ***Life of Guru Teg Bahadur***, Language Department Punjab, Patiala, 1997

Shan, Harnam Singh : ***So said Sheikh Farid***, Punjab University, Chandigarh, 1974

Singh, Sirdar Kapur : ***The Essentials of Sikhism***, Shiromani Gurdwara Parbandhak Committee, Amritsar, 2006

Talib , Gurbachan Singh : ***Baba Sheikh Farid : His Life and Teaching***, Punjabi University, Patiala, 1972

# ਗੁਰੂ ਤੇਗ ਬਹਾਦਰ ਤੇ ਫ਼ਰੀਦ ਬਾਣੀ ਵਿੱਚ ਬਿਰਹੋਂ ਤੇ ਵੈਰਾਗ

**GURU TEG BAHADAR TE FARID BANI VICH BIRHON TE VAIRAG**

ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)

ਦੀ ਭਾਸ਼ਾ ਅਤੇ ਕਲ਼ਾ ਫ਼ੈਕਲਟੀ ਦੇ ਪੰਜਾਬੀ ਵਿਭਾਗ

ਵਿੱਚ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**


ਖੋਜਾਰਥੀ

ਸ਼ਵਿੰਦਰ ਸਿੰਘ

ਯੂਨੀਵਰਸਿਟੀ ਰੋਲ ਨੰ: 136811016

ਨਿਗਰਾਨ

ਡਾ. ਬਲਜਿੰਦਰ ਸਿੰਘ



ਯੂਨੀਵਰਸਿਟੀ ਕਾਲਜ ਆੱਫ਼ ਬੇਸਿਕ ਸਾਇੰਸ ਐਂਡ ਹਿਊਮੈਨਟੀਜ਼

ਗੁਰੂ ਕਾਸ਼ੀ ਯੂਨੀਵਰਸਿਟੀ

ਤਲਵੰਡੀ ਸਾਬੋ, ਬਠਿੰਡਾ, ਪੰਜਾਬ (ਭਾਰਤ)



2020

# ਸਾਰ ਤੇ ਸਥਾਪਨਾਵਾਂ

ਤੁਲਨਾ ਮਾਨਵੀ ਜੀਵਨ ਦਾ ਮਹੱਤਵਪੂਰਨ ਹਿੱਸਾ ਹੈ। ਇਹ ਤੁਲਨਾ ਹੀ ਮਨੁੱਖ ਨੂੰ ਸਮਾਨਤਾਵਾਂ ਤੇ ਵਖਰੇਵਿਆਂ ਦੇ ਬੋਧ ਨਾਲ ਜੋੜਦੀ ਹੋਈ ਸੰਪੂਰਨ ਗਿਆਨ-ਬੋਧ ਦਾ ਵਰਤਾਰਾ ਸਿਰਜਦੀ ਹੈ। ਇਹ ਤੁਲਨਾ ਮਾਨਵੀ ਜੀਵਨ ਦੇ ਵਿਗਸਣ ਤੋਂ ਲੈ ਕੇ ਵਿਕਸਿਤ ਹੋਣ ਤੱਕ ਨਿਰੰਤਰ ਉਸ ਦੀ ਪਹੁੰਚ ਦਾ ਹਿੱਸਾ ਹੀ ਨਹੀਂ ਰਹੀ ਹੈ ਸਗੋਂ ਸਮਕਾਲ ਵਿੱਚ ਵੱਖ ਵੱਖ ਅਨੁਸ਼ਾਸਨਾਂ ਨਾਲ ਜੁੜ ਕੇ ਇੱਕ ਅਧਿਐਨ ਵਿਧੀ ਵਜੋਂ ਆਪਣੀ ਨਿੱਗਰ ਸਨਾਖ਼ਤ ਪੇਸ਼ ਕਰਦੀ ਦੇਖੀ ਜਾ ਸਕਦੀ ਹੈ। ਅੱਜ ਤੁਲਨਾਤਮਕ ਅਧਿਐਨ ਗਿਆਨ, ਵਿਗਿਆਨ ਅਤੇ ਤਕਨਾਲੋਜੀ ਦੇ ਹਰ ਵਰਤਾਰੇ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ ਅਤੇ ਅੱਜ ਇਹ ਅਨੁਸ਼ਾਸਨ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਉੱਪਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਸ ਦਾ ਸੁਭਾਅ ਅਤੇ ਪ੍ਰਕਾਰਜ ਖੋਜਾਤਮਕ ਹੈ।

ਤੁਲਨਾਤਮਕ ਅਧਿਐਨ ਦੇ ਸਮੁੱਚ ਵਿੱਚ ਤੁਲਨਾਤਮਕ ਸਾਹਿਤ ਅਧਿਐਨ ਇੱਕ ਬਹੁਤ ਹੀ ਮਹੱਤਵਪੂਰਨ ਅਨੁਸ਼ਾਸਨ ਵਜੋਂ ਸਵੀਕਾਰਿਆ ਜਾਂਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਇਕਹਿਰੀ ਵਿਧੀ ਨਾ ਹੋ ਕੇ ਬਹੁ-ਪਰਤੀ ਅਤੇ ਬਹੁ-ਪਸਾਰੀ ਹੈ। ਇਹ ਵਿਧੀ ਇੱਕ ਤੋਂ ਵੱਧ ਭਾਸ਼ਾਵਾਂ ਨੂੰ ਆਪਣੇ ਕਲੇਵੇਂ ਵਿੱਚ ਲੈਂਦੀ ਹੈ। ਰਚਨਾਤਮਿਕਤਾ ਜਾਂ ਸਿਰਜਨਾਤਮਿਕਤਾ ਤੋਂ ਲੈ ਕੇ ਆਲੋਚਨਾ ਤੱਕ ਇਹ ਅਨੁਸ਼ਾਸਨ ਵੱਖ ਵੱਖ ਧਰਾਤਲਾਂ ਉੱਪਰ ਵਿਦਮਾਨ ਰਹਿੰਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਦੇ ਇਸ ਅਨੁਸ਼ਾਸਨ ਦੀ ਵਿਧੀਵਧ ਆਧਾਰ ਭੂਮੀ ਪੈਰਿਸ ਨਾਲ ਜਾ ਜੁੜਦੀ ਹੈ ਜੋ ਆਪਣੇ ਨਿਰੰਤਰ ਵਿਕਾਸ ਦੌਰਾਨ ਫਰੈਂਚ ਜਰਮਨ ਸਕੂਲ ਅਤੇ ਅਮਰੀਕਨ ਸਕੂਲ ਵਿੱਚੋਂ ਗੁਜਰਦੀ ਹੋਈ ਇਹ ਵਿਧੀ ਵਿਸ਼ਵ-ਵਿਆਪੀ ਪਛਾਣ ਸਥਾਪਿਤ ਕਰਨ ਦੇ ਸਮਰੱਥ ਹੁੰਦੀ ਹੈ। ਇਸ ਵਿਧੀ ਨਾਲ ਨਵੀਆਂ ਅੰਤਰ ਦ੍ਰਿਸ਼ਟੀਆਂ ਦਾ ਆਗਮਨ ਹੋਇਆ ਅਤੇ ਸੰਸਾਰ ਪੱਧਰ ਦੇ ਸਾਹਿਤਕ ਗੁਣਾਂ ਦੀ ਨਿਸ਼ਾਨਦੇਹੀ ਅਤੇ ਪ੍ਰਾਪਤੀ ਦੇ ਅਵਸਰ ਵਧੇ ਤੇ ਨਾਲ ਨਾਲ ਭਿੰਨ ਭਿੰਨ ਪ੍ਰਕਾਰ ਦੇ ਸਾਹਿਤ ਰੂਪਾਂ ਦੇ ਪ੍ਰਚਲਣ ਵਿੱਚ ਵੀ ਵਾਧਾ ਹੋਇਆ। ਇਸ ਵਿਧੀ ਦੇ ਖੇਤਰ ਵਿੱਚ ਵੀ ਵਿਸ਼ਾਲਤਾ ਆਈ ਅਤੇ ਇਸ ਵਿੱਚ ਸੱਭਿਆਚਾਰਕ ਅਤੇ ਭਾਸ਼ਾ ਦਾ ਤੁਲਨਾਤਮਕ ਅਧਿਐਨ ਆਦਿ ਅਨੁਸ਼ਾਸਨ ਵੀ ਜੁੜੇ। ਤੁਲਨਾਤਮਕ ਅਧਿਐਨ

ਦਾ ਮੁੱਖ ਮੰਤਵ ਵੱਖਰੀਆਂ ਵੱਖਰੀਆਂ ਭਾਸ਼ਾਵਾਂ, ਸੱਭਿਆਚਾਰਾਂ, ਸਮਾਜਿਕ ਇਕਾਈਆਂ, ਸਾਹਿਤਕ ਕ੍ਰਿਤਾਂ ਅਤੇ ਗਿਆਨ ਅਨੁਸ਼ਾਸਨਾਂ ਵਿੱਚ ਆਪਸੀ ਵਖਰੇਵੇਂ, ਸਮਾਨਤਾਵਾਂ ਅਤੇ ਉਪਲਬਧੀਆਂ ਜਾਂ ਵਿਸ਼ੇਸ਼ਤਾਵਾਂ ਦੀ ਖੋਜ ਕਰਨਾ ਹੈ। ਜਿਸ ਦਾ ਵਰਤਾਰਾ ਅੰਤਰ-ਰਾਸ਼ਟਰੀ ਪੱਧਰ ਤੱਕ ਜਾ ਫ਼ੈਲਦਾ ਹੈ।

ਤੁਲਨਾਤਮਕ ਸਾਹਿਤ ਅਧਿਐਨ ਦੇ ਸਿਧਾਂਤਕ ਪ੍ਰਬੰਧ ਦੀਆਂ ਖ਼ੂਬੀਆਂ ਇਸ ਅਧਿਐਨ ਵਿਧੀ ਨੂੰ ਹੋਰ ਵੀ ਉੱਚਆਉਂਦੀਆਂ ਹਨ ਜਿਸ ਦਾ ਮੂਲ ਕੇਂਦਰ ਇਸ ਅਧਿਐਨ ਦੀ ਤਾਰਕਿਕਤਾ ਹੈ। ਸਦ੍ਰਿਸ਼ਟ ਦੇ ਆਧਾਰ ’ਤੇ ਕੀਤੀ ਪਛਾਣ ਇਸ ਵਿਧੀ ਦੀਆਂ ਅਹਿਮ ਪ੍ਰਾਪਤੀਆਂ ਵਿੱਚੋਂ ਇੱਕ ਹੈ। ਤੁਲਨਾਤਮਕ ਅਧਿਐਨ ਵਿਧੀ ਪਰੰਪਰਾ ਦੇ ਅਧਿਐਨ ਰਾਹੀਂ ਵੱਖ ਵੱਖ ਧਰਾਤਲਾਂ ’ਤੇ ਉਸਰੀਆਂ ਸਾਹਿਤਕ ਕ੍ਰਿਤਾਂ ਦਾ ਨਿਖੇੜਾ ਕਰਦੀ ਹੈ ਅਤੇ ਪ੍ਰਭਾਵ ਦੇ ਅਧਿਐਨ ਨੂੰ ਮੁੱਖ ਰੱਖ ਕੇ ਵੱਖ ਵੱਖ ਸ੍ਰੋਤਾਂ ਨੂੰ ਉਜਾਗਰ ਕਰਦੀ ਰਚਨਾ ਦੇ ਮਨੋਵਿਗਿਆਨਕ ਅਤੇ ਸਮਾਜ ਸ਼ਾਸ਼ਤਰੀ ਪ੍ਰਸੰਗ ਨੂੰ ਸੰਚਾਰਿਤ ਕਰਦੀ ਹੈ। ਇਹ ਵਿਧੀ ਸਾਹਿਤਕਾਰਾਂ ਦੇ ਥੀਮਕ, ਮੋਟਿਫ਼, ਸੰਰਚਨਾਤਮਕ ਪੱਖ ਨੂੰ ਉਜਾਗਰ ਕਰਕੇ ਸਹੀ ਅਰਥ ਨੂੰ ਸੰਚਾਰਿਤ ਕਰਦੀ ਹੈ। ਸਪੱਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਅਧਿਐਨ ਵਿਧੀ ਗਿਆਨ ਅਤੇ ਅਨੁਭਵ ਨੂੰ ਤੀਖਣ ਕਰਨ ਵਿੱਚ ਬੜੀ ਹੀ ਕਾਰਗਰ ਭੂਮਿਕਾ ਨਿਭਾਉਂਦੀ ਹੈ।

ਤੁਲਨਾਤਮਕ ਸਾਹਿਤ ਅਧਿਐਨ ਬੜੀ ਹੀ ਬਾਰੀਕਬੀਨੀ ਵਾਲਾ ਕਾਰਜ ਹੈ। ਇਸ ਲਈ ਇਸ ਅਧਿਐਨ ਲਈ ਇਹ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ ਕਿ ਅਧਿਐਨ ਲਈ ਦ੍ਰਿਸ਼ਟੀ ਸਪੱਸ਼ਟ ਅਤੇ ਤਾਰਕਿਕ ਹੋਵੇ ਅਤੇ ਅਧਿਐਨ ਅਧੀਨ ਖੇਤਰ ਪੂਰੀ ਤਰ੍ਹਾਂ ਤਹਿ ਕੀਤਾ ਹੋਵੇ ਨਾਲ ਹੀ ਇਹ ਵੀ ਅਤਿ ਅਨਿਵਾਰੀ ਹੋ ਜਾਂਦਾ ਹੈ ਕਿ ਸਬੰਧਿਤ ਖੇਤਰ ਨਾਲ ਸਮੁੱਚੀ ਜਾਣਕਾਰੀ ਅਧਿਐਨ ਕਰਤਾ ਨੂੰ ਬਾਖ਼ੂਬੀ ਹੋਵੇ ਭਾਵ ਕਿ ਚੋਣ ਕੀਤਾ ਵਿਸ਼ਾ ਉਸ ਦੀ ਪਹੁੰਚ ਵਿੱਚ ਹੋਵੇ। ਇਸ ਦੇ  ਨਾਲ ਨਾਲ ਚਿੰਤਨ ਸਮੱਗਰੀ ਦੀ ਰੂਪ ਰੇਖਾ ਦਾ ਨਿਰਧਾਰਨ ਵੀ ਉਨਾ ਹੀ ਜ਼ਰੂਰੀ ਹੈ। ਸਾਡੇ ਅਧਿਐਨ ਵਿੱਚਲਾ ਖੇਤਰ ਗੁਰਮਤਿ ਅਤੇ ਸੂਫ਼ੀ ਕਾਵਿ ਧਾਰਾਵਾਂ ਵਿੱਚੋਂ ਗੁਰੂ ਤੇਗ ਬਹਾਦਰ ਅਤੇ ਸ਼ੇਖ਼ ਫ਼ਰੀਦ ਹਨ। ਮੱਧ ਕਾਲ ਦੀਆਂ ਇਹ ਦੋਨੋਂ ਕਾਵਿ ਧਾਰਾਵਾਂ ਵਿਚਾਰਧਾਰਕ ਪੱਧਰ ਉੱਪਰ ਮਜਬੂਤ, ਪਿਆਰੀਆਂ ਅਤੇ ਸਤਿਕਾਰੀਆਂ ਜਾਣ ਵਾਲੀਆਂ ਧਾਰਾਵਾਂ ਹਨ। ਮੱਧ ਕਾਲ ਦੀਆਂ ਇਹ ਕਾਵਿ ਧਾਰਾਵਾਂ ਇਸ ਕਾਲ ਨੂੰ ਸਾਹਿਤ ਦੇ ‘ਸੁਨਿਹਰੀ ਕਾਲ’ ਦੇ ਨਾਮ ਨਾਲ ਨਿਵਾਜਦੀਆਂ ਹਨ। ਮੱਧ ਕਾਲ ਵਿੱਚਲਾ ਗੁਰੂ ਕਾਵਿ ਇੱਕ

ਨਵੀਨ ਕ੍ਰਾਂਤੀਕਾਰੀ ਵਿਚਾਰਧਾਰਾ ਵਜੋਂ ਉਭਰ ਕੇ ਆਇਆ ਅਜਿਹਾ ਕਾਵਿ ਅਨੁਭਵ ਹੈ ਜੋ ਮਾਨਵੀ ਜੀਵਨ ਨੂੰ ਅਧਿਆਤਮਿਕ ਅਤੇ ਸਮਾਜਿਕ ਅਗਵਾਈ ਦੇਣ ਲਈ ਬਹੁਤ ਹੀ ਕਾਰਗਰ ਸਿੱਧ ਹੋਇਆ। ਇਸੇ ਪ੍ਰਕਾਰ ਸੂਫੀ ਕਾਵਿ ਧਾਰਾ ਨੇ ਵੀ ਲੋਕ ਜਨ-ਜੀਵਨ ਨੂੰ ਆਪਣੇ ਰਚਨਾਤਮਿਕ ਅਨੁਭਵ ਵਿੱਚ ਸ਼ਾਮਲ ਕੀਤਾ, ਜਿਸ ਦੇ ਕਾਰਨ ਇਹ ਕਾਵਿ ਧਾਰਾ ਵੀ ਪਿਆਰ ਅਤੇ ਸਤਿਕਾਰ ਦੀ ਪਾਤਰ ਬਣੀ। ਗੁਰਮਤਿ ਕਾਵਿ ਵਿੱਚ ਗੁਰੂ ਕਵੀਆਂ ਦੀ ਮਹੱਤਵਪੂਰਨ ਦੇਣ ਹੈ। ਸਾਡਾ ਮਨੋਰਥ ਨੌਵੇਂ ਗੁਰੂ ਤੇਗ ਬਹਾਦਰ ਨਾਲ ਜੁੜਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਪੰਦਰਾਂ (15) ਰਾਗਾਂ ਵਿੱਚ ਉਨਾਹਠ (59) ਪਦੇ ਅਤੇ ਸਤਵੰਜਾ (57) ਸਲੋਕਾਂ ਦੀ ਰਚਨਾ ਕਰਦਿਆਂ ਗੁਰੂ ਕਾਵਿ ਦੀ ਵਿਚਾਰਧਾਰਾ ਨੂੰ ਪਰੰਪਰਾਗਤ ਵਿਧੀ ਅਨੁਸਾਰ ਜਿੱਥੇ ਵਿਸਥਾਰਿਆ ਉੱਥੇ ਗੁਣਾਤਮਕ ਅਤੇ ਗਿਣਾਤਮਕ ਵਾਧਾ ਵੀ ਦਰਜ਼ ਕੀਤਾ। ਗੁਰਮਤਿ ਕਾਵਿ ਵਿੱਚ ਰਾਗਾਂ ਦੀ ਬਹੁਤ ਮਹੱਤਤਾ ਹੈ ਆਪ ਨੇ ਰਾਗ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਅਤੇ ਜੈਜਾਵੰਤੀ ਰਾਗਾਂ ਵਿੱਚ ਕਾਵਿ ਰਚਨਾ ਕੀਤੀ। ਗੁਰੂ ਤੇਗ ਬਹਾਦਰ ਨੇ ਆਪਣੇ ਗੁਰਮਤਿ ਕਾਵਿ ਦਰਸ਼ਨ ਰਾਹੀਂ ਵੈਰਾਗ ਅਤੇ ਤਿਆਗ ਨੂੰ ਬੜੀ ਹੀ ਸੂਖ਼ਮਤਾ ਨਾਲ ਪ੍ਰਸਤੁਤ ਕੀਤਾ। ਦੂਜੇ ਪਾਸੇ ਦੋ ਪਦੇ ਅਤੇ ਛੇ ਪਦੇ ਸਲੋਕਾਂ ਦੀ ਸੰਖ਼ੇਪਤਾ ਕਾਰਨ ਉਨ੍ਹਾਂ ਦੀ ਬਾਣੀ ਵਿੱਚ ਇੱਕ ਅਨੂਠਾ ਰਸ ਵਿਦਮਾਨ ਰਹਿੰਦਾ ਹੈ ਜਿਸ ਕਾਰਨ ਪਾਠਕ ਨੀਰਸ ਨਹੀਂ ਹੁੰਦਾ ਸਗੋਂ ਆਨੰਦ ਦੀ ਅਨੁਭੂਤੀ ਵੱਲ ਜੁੜਨ ਲੱਗਦਾ ਹੈ। ਮਾਨਵ ਦੀ ਬਿਰਤੀ ਕਈ ਪੱਖਾਂ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਬਿਰਤੀ ਹੀ ਹੈ ਜੋ ਇੱਕ ਕਾਰਨ ਦੇ ਰੂਪ ਵਿੱਚ ਸਾਧਕ ਨੂੰ ਮੂਲ ਤੱਤ ਨਾਲ ਜੋੜਨ ਦੇ ਸਾਧਨ ਵਜੋਂ ਭੂਮਿਕਾ ਨਿਭਾਉਂਦੀ ਹੈ। ਇਹੀ ਮਾਨਵੀ ਗੁਣ ਗੁਰਮਤਿ ਵਿੱਚੋਂ ਵੀ ਸਹਿਜੇ ਹੀ ਤਲਾਸ਼ਿਆ ਜਾ ਸਕਦਾ ਹੈ। ਜੋ ਜਗਿਆਸਾ, ਤਿਆਗ, ਸ਼ਬਦ ਤੋਂ ਤਲਵਾਰ ਅਤੇ ਸ਼ਹਾਦਤ ਤੱਕ ਜਾ ਅੱਪੜਦਾ ਹੈ। ਜੋ ਵੈਰਾਗ ਨੂੰ ਉਪਜਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਮਾਨਵੀ ਜੀਵਨ ਦੀ ਅਧਿਆਤਮਿਕ ਅਤੇ ਵਿਵਹਾਰਕ ਪੇਸ਼ਕਾਰੀ ਉਨ੍ਹਾਂ ਦੀ ਬਾਣੀ ਦੀ ਸਾਰਥਿਕਤਾ ਉੱਪਰ ਪੁਖਤਗੀ ਦੀ ਮੋਹਰ ਲਗਾਉਂਦੀ ਹੈ। ਜੀਵਨ ਦੇ ਕਰੂਰ ਯਥਾਰਥ ਦੀ ਪੇਸ਼ਕਾਰੀ ਉਨ੍ਹਾਂ ਦੀ ਬਾਣੀ ਅੰਦਰ ਕਰੁਣਾ ਅਤੇ ਸ਼ਾਂਤ ਰਸ ਦੀ ਅਨੁਭੂਤੀ ਜਗਾਉਂਦੀ ਹੈ। ਲੌਕਿਕ ਅਤੇ ਪ੍ਰਾਲੌਕਿਕ ਸੱਚ ਦੀ ਪ੍ਰਸਤੁਤੀ ਉਨ੍ਹਾਂ ਦੀ ਬਾਣੀ ਦੀ

ਅਜਿਹੀ ਪ੍ਰਾਪਤੀ ਹੋ ਨਿਬੜਦੀ ਹੈ ਜੋ ਸਾਧਕ ਨੂੰ ਆਤਮਿਕ ਹੁਲਾਰਾ ਦੇ ਕੇ ਅੰਤਰੀਵੀ ਮੰਡਲਾਂ ਦੇ ਪ੍ਰਾਲੌਕਿਕ ਵਰਤਾਰੇ ਨਾਲ ਜੋੜਦੀ ਹੈ। ਗੁਰੂ ਤੇਗ ਬਹਾਦਰ ਨੇ ਆਪਣੀ ਵਿਚਾਰਧਾਰਕ ਪ੍ਰਸੰਗਕਤਾ ਨੂੰ ਪ੍ਰਪੱਕ ਅਤੇ ਪ੍ਰਭਾਵੀ ਬਣਾਉਣ ਲਈ ਵਿਸ਼ੇਸ਼ ਕਰਕੇ ਅਨੁਪ੍ਰਾਸ, ਉਪਮਾ, ਰੂਪਕ, ਦ੍ਰਿਸ਼ਟਾਂਤ ਅਤੇ ਲੋਕੋਕਤੀ ਅਲੰਕਾਰਾਂ ਦੀ ਵਿਧੀਵਧ ਵਰਤੋਂ ਕੀਤੀ ਜਿਸ ਸਦਕਾ ਉਨ੍ਹਾਂ ਨੇ ਮਾਨਵੀ ਮਨ ਦੀ ਅਡੋਲਤਾ ਨੂੰ ਪ੍ਰਮੁੱਖ ਰੂਪ ਵਿੱਚ ਉਭਾਰਿਆ ਹੈ। ਪੰਜਾਬੀ ਭਾਸ਼ਾ ਦੀ ਨੇੜਤਾ, ਬ੍ਰਿਜ ਅਤੇ ਸਾਧ ਭਾਸ਼ਾ ਦੇ ਪ੍ਰਭਾਵ ਸਦਕਾ ਉਹ ਸੰਚਾਰੀ ਭਾਵ ਨੂੰ ਬੜੀ ਪ੍ਰਬੀਨਤਾ ਨਾਲ ਪ੍ਰਸਤੁਤ ਕਰਦੇ ਹਨ। ਗੁਰੂ ਤੇਗ ਬਹਾਦਰ ਦੇ ਕਾਵਿ ਅਨੁਭਵ ਵਿੱਚ ਇਤਿਹਾਸਕ ਬੋਧ ਉਨ੍ਹਾਂ ਦੇ ਕਾਵਿ ਨੂੰ ਵਧੇਰੇ ਫ਼ੈਲਾਉ ਪ੍ਰਦਾਨ ਕਰਦਾ ਹੈ। ਗਨਿਕਾ, ਅਜਾਮਲ, ਦ੍ਰੋਪਦੀ ਅਤੇ ਧਰੂ ਭਗਤ ਆਦਿ ਪੌਰਾਣਿਕ ਕਥਾਵਾਂ ਵਾਲੀ ਸੰਕੇਤਕ ਸ਼ੈਲੀ ਨੂੰ ਕਾਵਿ ਸੰਚਾਰ ਲਈ ਬਾਖ਼ੂਬੀ ਵਰਤਿਆ ਹੈ।

ਭਾਰਤ ਵਿੱਚ ਕਾਵਿ ਦੀ ਬੜੀ ਹੀ ਗੌਰਵਸ਼ੀਲ ਪਰੰਪਰਾ ਰਹੀ ਹੈ। ਜਿਸ ਵਿੱਚ ਬਿਰਹਾ ਦਾ ਸੰਕਲਪ ਸਦੀਆਂ ਤੋਂ ਨਿਰੰਤਰ ਸਫ਼ਰ ਕਰਦਾ ਨਜ਼ਰੀਂ ਆਉਂਦਾ ਹੈ। ਕਾਲੀਦਾਸ, ਸੂਰਦਾਸ, ਮਲਕ ਮੁਹੰਮਦ ਅਤੇ ਭਾਰਤੀ ਮਹਾਂਕਾਵਾਂ ਵਿੱਚ ਇਸ ਨੂੰ ਖੋਜਿਆ-ਪੜਤਾਲਿਆ ਜਾ ਸਕਦਾ ਹੈ। ਜਿਸ ਦੀ ਪਹੁੰਚ ਮੱਧ ਕਾਲ ਵਿੱਚਲੇ ਸੂਫੀ ਅਤੇ ਗੁਰਮਤਿ ਕਾਵਿ ਵਿੱਚੋਂ ਵੀ ਆਸਾਨੀ ਨਾਲ ਪਛਾਣੀ ਜਾ ਸਕਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਅੰਤਰੀਵੀ ਤੱਤ ਵਜੋਂ ਬਿਰਹਾ ਦੀ ਸਨਾਖ਼ਤ ਬੜੇ ਵੈਰਾਗਮਈ ਢੰਗ ਨਾਲ ਅਨੁਭਵ ਕੀਤੀ ਜਾ ਸਕਦੀ ਹੈ। ਜੋ ਰਸਾਂ ਰਾਹੀਂ ਆਪਣੀ ਹੋਂਦ ਨੂੰ ਉਜਾਗਰ ਕਰਦਾ ਹੈ। ਗੁਰਮਤਿ ਕਾਵਿ ਦੀ ਵਿਚਾਰਧਾਰਾ ਵਿੱਚ ਵਿਛੋੜੇ ਦੀ ਮਹੱਤਤਾ ਆਤਮਾ ਅਤੇ ਪਰਮਾਤਮਾ ਦੇ ਸੰਕਲਪਾਂ ਵਿੱਚੋਂ ਸਮਝੀ ਜਾ ਸਕਦੀ ਹੈ। ਬਿਰਹਾ ਜਾਂ ਵਿਛੋੜਾ ਲੋਚਾ ਦਾ ਜਨਮਦਾਤਾ ਹੈ ਅਤੇ ਲੋਚਾ ਮਿਲਾਪ ਦੀ ਪੌੜੀ ਹੋ ਨਿਬੜਦੀ ਹੈ। ਇਹ ਆਤਮਿਕ ਸਫ਼ਰ ਵਿੱਚਲਾ ਸਥਾਈ ਭਾਵ ਬਿਰਹਾ ਹੈ ਜਿਸ ਤੋਂ ਬਗੈਰ ਵੈਰਾਗੀ ਮਨ ਪਰਮ ਸੱਤਾ ਤੱਕ ਨਹੀਂ ਅੱਪੜ ਸਕਦਾ। ਗੁਰੂ ਤੇਗ ਬਹਾਦਰ ਦੀ ਬਾਣੀ ਦੇ ਅਧਿਐਨ ਉਪਰੰਤ ਇਹ ਮੱਤ ਉਜਾਗਰ ਹੁੰਦਾ ਹੈ ਕਿ ਬਿਰਹਾ ਉਨ੍ਹਾਂ ਦੀ ਬਾਣੀ ਦੇ ਅਵਚੇਤਨ ਵਿੱਚ ਸਮੋਇਆ ਹੋਇਆ ਹੈ ਜੋ ਭਾਵੇਂ ਸਪੱਸ਼ਟ ਰੂਪ ਵਿੱਚ ਉਜਾਗਰ ਨਹੀਂ ਹੁੰਦਾ ਪਰੰਤੂ ਲੁਪਤ ਰੂਪ ਵਿੱਚ ਬਿਰਹਾ ਦੇ ਅਹਿਸਾਸ ਦੀ ਪਰਤ ਆਰ-ਪਾਰ ਫ਼ੈਲਦੀ ਨਜ਼ਰ ਆਉਂਦੀ ਹੈ। ਇਹ ਵੈਰਾਗ ਭਾਰਤੀ ਚਿੰਤਨ ਦੇ ਹਰ ਚਿੰਤਕ ਅੰਦਰ

ਦੇਖਿਆ ਜਾ ਸਕਦਾ ਹੈ। ਮਹਾਮਤਾ ਬੁੱਧ ਨਿਰਵਾਣ ਪ੍ਰਾਪਤੀ ਦੀ ਪਹਿਲੀ ਮਹੱਤਵਪੂਰਨ ਪੌੜੀ ਵੈਰਾਗ ਨੂੰ ਹੀ ਨਿਸ਼ਚਿਤ ਕਰਦਾ ਹੈ। ਇਸੇ ਪ੍ਰਕਾਰ ਜੈਨ ਚਿੰਤਨ ਵੀ ਇਸੇ ਧਾਰਨਾ ਦੀ ਸ਼ਾਹਦੀ ਭਰਦਾ ਹੈ। ਪਰੰਤੂ ਇੱਥੇ ਇਹ ਦੱਸਣਾ ਅਨਿਵਾਰੀ ਹੈ ਕਿ ਗੁਰਮਤਿ ਚਿੰਤਨ ਵਿੱਚਲਾ ਵੈਰਾਗ ਸੰਸਾਰ ਨੂੰ ਤਿਆਗਣ ਜਾਂ ਰੱਦਣ ਦੇ ਤਰਕ ਦਾ ਵਿਰੋਧ ਕਰਦਾ ਹੈ। ਦੂਸਰੇ ਚਿੰਤਕ ਨਿਰਾਸ਼ਾ ਨੂੰ ਵੈਰਾਗ ਉਤਪਤੀ ਦੀ ਧਾਰਨਾ ਸਥਾਪਿਤ ਕਰਦੇ ਹਨ ਪਰੰਤੂ ਗੁਰਮਤਿ ਫ਼ਲਸਫ਼ਾ ਸੰਸਾਰ, ਸਰੀਰ ਅਤੇ ਪਦਾਰਥ ਦੀ ਨਾਸ਼ਮਾਨਤਾ ਨੂੰ ਸਪੱਸ਼ਟ ਕਰਕੇ ਆਸ਼ਾਵਾਦੀ ਚਿੰਤਨ ਵਿਅਕਤ ਕਰਦਾ ਨਜ਼ਰੀਂ ਪੈਂਦਾ ਹੈ। ਭਾਵ ਇਹ ਕਿ ਇਹ ਚਿੰਤਨ ਲੌਕਿਕ ਅਤੇ ਪ੍ਰਾਲੌਕਿਕ ਸਹਿਹੋਂਦ ਦਾ ਧਾਰਨੀ ਹੈ। ਇਸ ਲਈ ਗੁਰਮਤਿ ਵਿੱਚ ਵੈਰਾਗ ਨਿਰਾਸ਼ਾਵਾਦੀ ਨਾ ਹੋ ਕੇ ਇੱਕ ਕ੍ਰਾਂਤੀਕਾਰੀ ਸੰਕਲਪ ਵਜੋਂ ਦੇਖਿਆ ਜਾ ਸਕਦਾ ਹੈ। ਜੋ ਉਪਰਾਮਤਾ ਤੋਂ ਚਲਕੇ ਭਗਤੀ-ਜੁਗਤੀ ਦੇ ਮਹੱਤਵਪੂਰਨ ਸਾਧਨ ਵਜੋਂ ਭੂਮਿਕਾ ਨਿਭਾਉਂਦਾ ਨਜ਼ਰੀਂ ਪੈਂਦਾ ਹੈ। ਵੈਰਾਗ ਇੱਕ ਅਜਿਹੀ ਅਵਸਥਾ ਜਾਂ ਸਥਿਤੀ ਹੈ ਜੋ ਅੰਤਰੀਵੀ ਗਿਆਨ ਪ੍ਰਾਪਤੀ ਤੋਂ ਤਿਆਗ ਅਤੇ ਤਿਆਗ ਤੋਂ ਰੂਹਾਨੀਅਤ ਦੀ ਪ੍ਰਤੀਬੱਧਤਾ ਤੱਕ ਸਫ਼ਰ ਕਰਦੀ ਹੈ। ਵੈਰਾਗ ਦੀ ਅਵਸਥਾ ਅੰਦਰੂਨੀ ਅਤੇ ਬਾਹਰੀ ਤਾਰਕਿਕਤਾ ਨੂੰ ਦ੍ਰਿਸ਼ਟੀਗੋਚਰ ਕਰਦੀ ਹੋਈ ਮਾਨਵੀ ਜੀਵਨ ਵਿੱਚ ਘਟਤ ਅਟੱਲ ਸੱਚਾਈ ਨੂੰ ਸਮਝਣ ਅਤੇ ਮੰਨਣ ਯੋਗ ਬਣਾ ਕੇ ਦੁੱਖ-ਸੁੱਖ, ਜੀਵਨ-ਮੌਤ ਵਰਗੀਆਂ ਸੱਚਾਈਆਂ ਨਾਲ ਬਾਵਾਸਤਾ ਕਰਦੀ ਹੈ ਅਤੇ ਕਾਮ, ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਵਰਗੇ ਵਿਕਾਰੀ ਮਨੋਭਾਵਾਂ ਨੂੰ ਨੰਗਾ ਕਰਦਿਆਂ ਆਤਮਿਕ ਅਤੇ ਸਮਾਜਿਕ ਦੋਸ਼ਾਂ ਨੂੰ ਰੂਪਮਾਨ ਕਰਦੀ ਹੈ। ਜਿਸ ਦੇ ਬੋਧ ਤੋਂ ਸਾਧਕ ਆਤਮਿਕ ਉੱਚਤਾ ਅਤੇ ਗਿਰਾਵਟ ਦਾ ਅੰਤਰ ਨਿਖੇੜ ਕਰਨ ਦੀ ਯੋਗਤਾ ਦੀ ਪਛਾਣ ਨਾਲ ਜੁੜਦਾ ਹੈ।

ਗੁਰਮਤਿ ਕਾਵਿ ਦੇ ਸਮੁੱਚ ਵਿੱਚ ਵੈਰਾਗ ਦਾ ਕਾਫ਼ੀ ਮਹੱਤਵ ਹੈ ਜੋ ਨਾਨਕ ਤੋਂ ਗੋਬਿੰਦ ਸਿੰਘ ਤੱਕ ਆਰ-ਪਾਰ ਫ਼ੈਲਿਆ ਹੋਇਆ ਪਛਾਣਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਮਾਨਵੀ ਅੰਤਰੀਵ ਵੈਰਾਗ ਦੀ ਤੀਬਰਤਾ ਨੂੰ ਸੰਚਾਰਿਤ ਕਰਦੀ ਹੈ ਜਿਸ ਦੀ ਬਦੌਲਤ ਉਹ ਪ੍ਰਭੂ ਭਗਤੀ, ਸਿਮਰਨ ਆਦਿ ਨੂੰ ਆਪਣੇ ਕਾਵਿ ਅਨੁਭਵ ਵਿੱਚ ਢਾਲਦੇ ਨਜ਼ਰੀਂ ਪੈਂਦੇ ਹਨ। ਉਨ੍ਹਾਂ ਦੀ ਬਾਣੀ ਵਿੱਚਲੀ ਉਪਜ ਰੱਬੀ ਸਾਧਨਾ, ਸਿਮਰਨ ਅਤੇ ਤਿਆਗ ਹੈ ਜਿਸ ਦੀ ਪਿਸ਼ਟ ਭੂਮੀ ਵਿੱਚ ਵੈਰਾਗ ਨੂੰ ਪਛਾਣਿਆ ਜਾ ਸਕਦਾ ਹੈ। ਤੇਗ ਬਹਾਦਰ

ਸਾਹਿਬ ਜੀ ਦੀ ਬਾਣੀ ਦੇ ਹਵਾਲੇ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਆਪ ਸੂਖ਼ਮ ਨੂੰ ਸਥੂਲ ਵਿੱਚ ਪ੍ਰਸਤੁਤ ਕਰਦੇ ਹਨ ਜਿਸ ਨਾਲ ਆਪ ਜੀ ਦੀ ਬਾਣੀ ਉੱਤਮ ਸੰਚਾਰ ਨਾਲ ਲਬਰੇਜ਼ ਹੋ ਜਾਂਦੀ ਹੈ। ਉਨ੍ਹਾਂ ਦੀ ਬਾਣੀ ਵਿੱਚਲਾ ਲੁਪਤ ਵੈਰਾਗ ਮਾਨਵ ਅਤੇ ਸਮਾਜ ਦੇ ਰਿਸ਼ਤੇ ਨੂੰ ਸਹਿਜੇ ਹੀ ਪਰਿਭਾਸ਼ਿਤ ਕਰਦਾ ਹੋਇਆ ਅੰਤਰ-ਰਾਸ਼ਟਰੀ ਯਥਾਰਥ ਨੂੰ ਪ੍ਰਤੀਬਿੰਬਤ ਕਰਦਾ ਹੈ ਜਿਵੇਂ :-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

ਇਸੇ ਪ੍ਰਕਾਰ ਉਹ ਵੈਰਾਗਮਈ ਆਵੇਸ਼ ਵਿੱਚ ਦੁਨਿਆਵੀ ਰਿਸ਼ਤਿਆਂ ਨੂੰ ਪਰਿਭਾਸ਼ਿਤ ਕਰਦੇ ਉੱਤਮ ਅਤੇ ਸੱਚੇ ਰਿਸ਼ਤੇ ਦੀ ਪਹਿਚਾਣ ਨਾਲ ਜੋੜਦੇ ਹੋਏ ਜੀਵਨ-ਮੌਤ ਦੇ ਅਟੱਲ ਯਥਾਰਥ ਨੂੰ ਉਭਾਰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਇਹ ਤਰਕ ਉਭਾਰਦੇ ਹਨ ਕਿ ਸੰਸਾਰਕ ਅਸਵੀਕ੍ਰਿਤੀ ਪਰਮਾਤਮਾ ਦੀ ਸਵੀਕ੍ਰਿਤੀ ਪ੍ਰਦਾਨ ਕਰਦੀ ਹੈ। ਇਹ ਸਵੀਕ੍ਰਿਤੀ ਵਿਰੋਧ ਵਿੱਚੋਂ ਨਹੀਂ ਸਗੋਂ ਵਿਸਥਾਰ ਵਿੱਚੋਂ ਉਪਜਦੀ ਨਜ਼ਰੀਂ ਪੈਂਦੀ ਹੈ। ਇਹੀ ਉਨ੍ਹਾਂ ਦੀ ਬਾਣੀ ਦੀ ਵਿਸ਼ੇਸ਼ਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਿਲਕੁੱਲ ਸਪੱਸ਼ਟ ਧਾਰਨਾ ਸਥਾਪਿਤ ਕਰਦੀ ਹੋਈ ਤੁਲਨਾਤਮਕ ਪੱਧਰ ’ਤੇ ਮਹੱਤਵਪੂਰਨ ਅਰਥਾਂ ਦੀ ਧਾਰਨੀ ਹੋ ਨਿਬੜਦੀ ਹੈ। ਉਨ੍ਹਾਂ ਦੇ ਪ੍ਰਸ਼ਨ ਉੱਤਰ ਸਾਡੇ ਇਸ ਮੱਤ ਨੂੰ ਹੋਰ ਪਰੇਕਾ ਕਰਦੇ ਨਜ਼ਰੀਂ ਪੈਂਦੇ ਹਨ ਜਿਵੇਂ - ਤਿਆਗ ਕਿਸਦਾ ਕਰਨਾ, ਵੈਰਾਗੀ ਕਿਸ ਤੋਂ ਹੋਣਾ, ਲੀਨ ਕਿਸ ਵਿੱਚ ਹੋਣਾ, ਮਨ ਕਿੱਥੇ ਟਿਕਾਉਣਾ ਤੇ ਕਿੱਥੋਂ ਹਟਾਉਣਾ ਜਾਂ ਮੋੜਨਾ ਹੈ ਤੇ ਅੰਤ ਬ੍ਰਹਮੰਡ ਦੇ ਸਮੁੱਚ ਵਿੱਚ ਮਨੁੱਖੀ ਜੀਵਨ ਦਾ ਮੁੱਖ ਮਨੋਰਥ ਕੀ ਹੈ ਅਤੇ ਉਸ ਨੇ ਕਿੱਥੇ ਅਤੇ ਕਿਵੇਂ ਪਹੁੰਚਣਾ ਹੈ। ਉਨ੍ਹਾਂ ਦਾ ਸਮੁੱਚਾ ਕਾਵਿ ਅਨੁਭਵ ਅਤੇ ਕਾਵਿ ਵਿਧੀ ਉਨ੍ਹਾਂ ਨੂੰ ਵੱਖਰਿਉਂਦੀ ਨਜ਼ਰੀਂ ਪੈਂਦੀ ਹੈ। ਇਸ ਪ੍ਰਕਾਰ ਉਹ ਸਪੱਸ਼ਟ ਧਾਰਨਾ ਸਥਾਪਿਤ ਕਰਦੇ ਹਨ ਕਿ ਮੌਤ ਨਾ ਹੀ ਟਾਲਣਯੋਗ ਹੈ ਅਤੇ ਨਾ ਹੀ ਇਸਦਾ ਕੋਈ ਬਦਲ ਹੈ ਸਗੋਂ ਇਹ ਤਾਂ ਜੀਵਨ ਦੀ ਅਹਿਮ ਸੱਚਾਈ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਗੁਰਮਤਿ ਦੇ ਆਸੇ ਨੂੰ ਕੇਂਦਰ ਵਿੱਚ ਰੱਖ ਕੇ ਉਸ ਨੂੰ ਹੋਰ ਸੂਖ਼ਮਤਾ ਨਾਲ ਵਿਸਥਾਰਨ ਦਾ ਕਾਰਜ ਕਰਦਿਆਂ ਇਸ ਗੱਲ ਦੀ ਨਿਸ਼ਾਨਦੇਹੀ ਕੀਤੀ ਕਿ ਗ੍ਰਹਿਸਤੀ ਜੀਵਨ ਵਿੱਚ ਨਿਰਲੇਪਤਾ ਦਾ ਪੱਲਾ ਫੜ ਕੇ ਵਾਸ਼ਨਾਵਾਂ ਨੂੰ ਆਪਣੇ ਨਿਯੰਤਰਨ ਵਿੱਚ ਰੱਖ

ਕੇ ਅਸਲੇ ਨਾਲ ਜੁੜਨ ਦੀ ਕੋਸ਼ਿਸ਼ ਹੀ ਵੈਰਾਗ ਦੀ ਪਹਿਲੀ ਪੌੜੀ ਵੀ ਹੈ ਅਤੇ ਨਿਸ਼ਾਨੀ ਵੀ ਹੈ। ਵੈਰਾਗ ਦਾ ਅਜਿਹਾ ਵਰਤਾਰਾ ਹੀ ਸੰਸਾਰ ਨਾਲ ਘ੍ਰਿਣਾ ਭਰੇ ਤਿਆਗ ਤੋਂ ਮੁਕਤ ਕਰਕੇ ਸੰਸਾਰ ਵਿੱਚ ਰਹਿ ਕੇ ਉੱਚ ਮੁੱਲਾਂ ਵਾਲੇ ਜੀਵਨ ਦੀ ਵਿਉਂਤਬੰਦੀ ਦੀ ਉਸਾਰੀ ਕਰਦਾ ਹੈ। ਜਿਸ ਦੀ ਬਦੌਲਤ ਸਾਧਕ ਹਰ ਸਥਿਤੀ ਨੂੰ ਸਮਝ ਕੇ ਪ੍ਰਵਾਨ ਕਰਦਿਆਂ ਸਦਾ ਅਡੋਲ ਰਹਿੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਸੇ ਆਸੇ ਤੋਂ ਮਾਨਵਤਾ ਲਈ ਕੁਰਬਾਨੀ ਦਾ ਜਜ਼ਬਾ ਭਰਦੀ ਹੈ। ਉਹ ਜਜ਼ਬਾ ਸਮਾਜ ਦੇ ਸੁਧਾਰ ਜਾਂ ਮਾਨਵਤਾ ਦੇ ਕਲਿਆਣ ਲਈ ਸਿਰ ਵਾਰਨ ਦੀ ਤਾਕਤ ਵੀ ਰੱਖਦਾ ਹੈ ਅਤੇ ਸਿਰ ਉਸਾਰਨ ਦੀ ਬੁੱਧੀ ਵੀ ਰੱਖਦਾ ਹੈ। ਇਹੀ ਜਜ਼ਬਾ ਸਮੂਹਿਕ ਕਲਿਆਣ ਲਈ ਸ਼ਬਦ ਤੋਂ ਤਲਵਾਰ ਵਿੱਚ ਵਟ ਕੇ ਜ਼ਰਵਾਇਆਂ ਨੂੰ ਵੰਗਾਰਦਾ ਅਤੇ ਨਿਮਾਣਿਆਂ ਨੂੰ ਪਿਆਰਦਾ ਤੇ ਮਾਣ ਬਖ਼ਸ਼ਦਾ ਹੈ। ਇਸ ਪ੍ਰਕਾਰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿੱਚ ਸੰਚਾਰਿਤ ਵੈਰਾਗ ਮਨੁੱਖ ਨੂੰ ਚਿੱਤਸ਼ਾਂਤੀ, ਅਡੋਲਤਾ, ਨਿਰਭੈਤਾ, ਸਿਦਕ ਅਤੇ ਸੰਤੋਖ਼ ਵਰਗੇ ਉੱਚ ਮੁੱਲਾਂ ਨਾਲ ਜੋੜਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਿਰਹਾ ਅਵਸਥਾ ਵਿੱਚ ਵੀ ਆਸ਼ਾ ਦਾ ਪੱਲਾ ਨਹੀਂ ਛੱਡਣ ਦਿੰਦੇ। ਉਹ ਗੁਰਮੁੱਖ ਸਾਧਕ ਨੂੰ ਨਿਰਾਸ਼ਾ ਵਿੱਚੋਂ ਵੀ ਪਰਮ ਸੁੱਖ ਲੱਭ ਕੇ ਧਿਆਨ ਨੂੰ ਨਿਰੰਤਰ ਜਾਰੀ ਰੱਖਦਿਆਂ, ਦੁੱਖਾਂ-ਸੁੱਖਾਂ ਵਿੱਚੋਂ ਲੰਘਦਿਆਂ ਮੂਲ ਆਸੇ ਨਾਲ ਜੁੜਨ ਲਈ ਪ੍ਰੇਰਦੇ ਨਜ਼ਰੀਂ ਪੈਂਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਸਾਧਕ ਜਾਂ ਜਗਿਆਸੂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦੇ ਹੋਏ ਭਾਣਾ ਮੰਨਣ ਦੇ ਸੰਕਲਪ ਦੀ ਪੇਸ਼ਕਾਰੀ ਵੀ ਕਰਦੇ ਹਨ।

ਸੂਫੀ ਅਤੇ ਗੁਰਮਤਿ ਚਿੰਤਨ ਦੀ ਤੁਲਨਾ ਵਿੱਚ ਮਹੱਤਵਪੂਰਨ ਮੱਤ ਇਹ ਹੈ ਕਿ ਨਾਨਕ ਦੇ ਬਾਅਦ ਪੈਦਾ ਹੋਏ ਗੁਰੂ ਕਵੀ ਨਾਨਕ ਦੀ ਵਿਚਾਰਧਾਰਾ ਨੂੰ ਸਤਿਕਾਰਦੇ ਅਤੇ ਵਿਸਥਾਰਦੇ ਹਨ ਪਰੰਤੂ ਸੂਫੀ ਕਾਵਿ ਧਾਰਾ ਵਿੱਚ ਵਿਰੋਧ ਨੂੰ ਵੀ ਪਛਾਣਿਆ ਜਾ ਸਕਦਾ ਹੈ। ਸ਼ਰ੍ਹਾ ਪਾਬੰਦ ਅਤੇ ਸ਼ਰ੍ਹਾ ਭੰਜਨ ਸੂਫੀ ਕਵੀ ਇਸ ਦਾ ਪ੍ਰਤੱਖ ਉਦਾਹਰਨ ਹਨ। ਬੁੱਲ੍ਹੇ ਸ਼ਾਹ ਤਾਂ ਬਿਲਕੁੱਲ ਵਿਦਰੋਹੀ ਸੁਰ ਅਲਾਪਤਾ ਪ੍ਰਾਪਤ ਹੁੰਦਾ ਹੈ। ਪਰੰਤੂ ਗੁਰਮਤਿ ਵਿਚਾਰਧਾਰਾ ਨਾਲ ਕੁੱਝ ਕਵੀਆਂ ਦੀ ਸਾਂਝ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਜਿਸ ਦੀ ਪ੍ਰਤੱਖ ਅਤੇ ਪ੍ਰਮਾਣਿਕ ਉਦਾਹਰਨ ਬਾਬਾ ਫ਼ਰੀਦ ਸਾਹਿਬ ਹੈ। ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਬਹੁਤ ਪਹਿਲਾਂ ਸੂਫੀਵਾਦ ਆਪਣੀਆਂ ਬੁਲੰਦੀਆਂ ਛੋਹ ਰਿਹਾ ਸੀ ਅਤੇ ਪ੍ਰਚਾਰ ਤੇ ਪ੍ਰਸਾਰ ਲਈ ਵਿਸ਼ਵ ਵਿਆਪੀ ਹੋ ਰਿਹਾ ਸੀ। ਜਿਸ ਦੀ

ਬਦੌਲਤ ਉਹ ਬਹੁਤ ਸਾਰੀਆਂ ਸੰਪਰਦਾਵਾਂ ਅਤੇ ਉਪ-ਸੰਪਰਦਾਵਾਂ ਵਿੱਚ ਕਾਰਜ ਹਿੱਤ ਸੀ। ਇੰਨ੍ਹਾਂ ਸੰਪਰਦਾਵਾਂ ਨੇ ਸਮਾਜ ਸੁਧਾਰ ਹਿੱਤ ਥਾਂ ਪੁਰ ਥਾਂ ਆਪਣੇ ਕੇਂਦਰ ਕਾਇਮ ਕੀਤੇ ਹੋਏ ਸਨ। ਸਪੱਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਿਧਾਂਤਕ ਅਤੇ ਵਿਵਹਾਰਕ ਤੌਰ ’ਤੇ ਉਭਰੀ ਇਹ ਵਿਚਾਰਧਾਰਾ ਪੱਕੇ ਪੈਰੀਂ ਸੀ। ਸੂਫੀਵਾਦ ਦੇ ਸਮੁੱਚ ਵਿੱਚ ਬਿਰਹਾ ਅਤੇ ਵੈਰਾਗ ਬਹੁਤ ਹੀ ਮਹੱਤਵਪੂਰਨ ਅਤੇ ਅਹਿਮ ਸਨਾਖ਼ਤ ਰੱਖਦੇ ਹਨ। ਸੂਫੀ ਸਾਧਕ ਲਈ ਅੱਲ੍ਹਾ ਪ੍ਰਾਪਤੀ ਦਾ ਮੁੱਖ ਮਾਰਗ ਪ੍ਰੇਮ ਹੈ। ਉਹ ਇਸ਼ਕ ਹਕੀਕੀ ਜਾਂ ਮਜਾਜੀ ਵਿੱਚ ਗ੍ਰਹਿਸੇ ਵੈਰਾਗ ਨੂੰ ਇਸਦੀ ਆਤਮਾ ਸਵੀਕਾਰਦੇ ਹਨ। ਸੂਫ਼ੀ ਸਾਧਕ ਇਸ਼ਕ ’ਤੇ ਬਲ ਦਿੰਦਾ ਹੈ। ਉਹ ਬੰਧਨ ਰਹਿਤ ਪ੍ਰੇਮ ਦਾ ਲਖਾਇਕ ਹੈ। ਜਿਸ ਦਾ ਨਿਜ਼ਾਮ ਅੰਤਰਮੁਖੀ ਹੁੰਦਾ ਹੈ ਜਿਸ ਦੇ ਫ਼ਲਸਰੂਪ ਇਹ ਸਾਧਨਾ ਦੀ ਯਾਤਰਾ ਵਿੱਚ ਅਭੇਦਤਾ ਦਾ ਪੜਾਅ ਪਰਮ ਸੱਚ ਦੀ ਪੌੜੀ ਹੋ ਨਿਬੜਦਾ ਹੈ।

ਸ਼ੇਖ ਫ਼ਰੀਦ ਸੂਫ਼ੀ ਜਗਤ ਦੀ ਪਿਆਰੀ ਤੇ ਸਤਿਕਾਰੀ ਸ਼ਖ਼ਸੀਅਤ ਹਨ। ਜੋ ਆਪਣੀ ਕਾਵਿ ਅਨੁਭੂਤੀ ਰਾਹੀਂ ਸ਼ਰ੍ਹਾ ਦੇ ਨੇਮਾਂ ਉੱਪਰ ਪਾਬੰਦ ਰਹਿ ਕੇ ਰੂਹਾਨੀਅਤ ਤੋਂ ਸੱਖਣੀ ਜਾਂ ਅਡੰਬਰੀ ਫ਼ਕੀਰੀ ਦੇ ਵਿਰੋਧ ਵਿੱਚ ਖੜਦੇ ਨਜ਼ਰੀਂ ਪੈਂਦੇ ਹਨ। ਉਨ੍ਹਾਂ ਰੱਬੀ ਇਸ਼ਕ ਨੂੰ ਉੱਤਮ ਦੱਸਿਆ ਤੇ ਜਿਸ ਚਿੱਤ-ਚੇਤੇ ਵਿੱਚ ਰੱਬੀ ਇਸ਼ਕ ਦੀ ਪੀੜ੍ਹ ਨਹੀਂ ਉਹ ਮਸਾਨ ਵਾਂਗ ਹੈ। ਉਨ੍ਹਾਂ ਦਾ ਇਹ ਫੁਰਮਾਨ ਫ਼ਰੀਦ ਸਾਹਿਬ ਦੀ ਅੰਦਰੂਨੀ ਵਿਸ਼ਾਲਤਾ ਦਾ ਲਖਾਇਕ ਹੋ ਨਿਬੜਦਾ ਹੈ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

ਸੂਫ਼ੀ ਚਿੰਤਨ ਵਿੱਚ ਸਾਧਕ ਨੂੰ ਸਰੀਰ ਅਤੇ ਮਨ ਦੋਨਾਂ ਨੂੰ ਸੋਧਨ ਦੀ ਤਾਕੀਦ ਹੈ। ਸਰੀਰ ਲਈ ਕਈ ਤਰਾਂ ਦੇ ਕਸ਼ਟਾਂ ਦਾ ਵੇਰਵਾ ਹੈ ਅਤੇ ਮਨ ਨੂੰ ਅੱਲ੍ਹਾ ਨਾਲ ਜੋੜੀ ਰੱਖਣ ਲਈ ਪੰਜ ਨਮਾਜ਼ਾਂ ਦਾ ਵੇਰਵਾ ਹੈ। ਗੁਰਮਤਿ ਵਿੱਚ ਮਨ ਨੂੰ ਸੋਧਨ ਦੀ ਥਾਂ ਨਿਯੰਤਰਨ ਕਰਨ ਦਾ ਹੁਕਮ ਹੈ। ਸਰੀਰ ਅਤੇ ਮਨ, ਸਾਧਕ ਅਤੇ ਰੱਬੀ ਸ਼ਕਤੀ ਨਾਲ ਰਿਸ਼ਤਾ, ਇਹ ਦੋਨਾਂ ਵਿਚਾਰਧਾਰਾਵਾਂ ਦਾ ਤੁਲਨਾਤਮਕ ਵਖਰੇਵਾਂ ਹੈ। ਇੱਕ ਪਾਸੇ ਸਰੀਰ ਅਤੇ ਮਨ ਨੂੰ ਕਸ਼ਟਾਂ ਨਾਲ ਸਾਧਨਾ ਹੈ ਦੂਜੇ ਪਾਸੇ ਸਰੀਰ ਅਤੇ ਮਨ ਨੂੰ ਨਿਮਰਤਾ ਨਾਲ ਸੋਮਲ ਕਰਨਾ ਹੈ। ਬੰਦਗੀ ਅਤੇ

ਸਿਮਰਨ ਭਾਵੇਂ ਦੋਨਾਂ ਹੀ ਵਿਚਾਰਧਾਰਾਵਾਂ ਵਿੱਚ ਸਾਂਝਾ ਹੈ ਪਰੰਤੂ ਵਿਧੀਆਂ ਦੇ ਪੱਧਰ 'ਤੇ ਵਖਰੇਵੇਂ ਹਨ। ਇਸੇ ਮੱਤ ਦੀ ਰੋਸ਼ਨੀ ਵਿੱਚ ਅਸੀਂ ਗੁਰੂ ਤੇਗ ਬਹਾਦਰ ਅਤੇ ਬਾਬਾ ਫ਼ਰੀਦ ਜੀ ਦੇ ਵਿਚਾਰਧਾਰਕ ਅਤੇ ਵਿਵਹਾਰਕ ਵਖਰੇਵੇਂ ਅਤੇ ਸਾਂਝ ਨੂੰ ਆਪਣੇ ਖੋਜ ਕਾਰਜ ਵਿੱਚ ਵਿਚਾਰਿਆ ਹੈ। ਫ਼ਰੀਦ ਬਾਣੀ ਦੇ ਸਮੁੱਚ ਵਿੱਚ ਬਿਰਹਾ ਜਾਂ ਵੈਰਾਗ ਸਮੂਰਤ ਰੂਪ ਵਿੱਚ ਫ਼ੈਲਿਆ ਦੇਖਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਜਿੱਥੇ ਇਹ ਲੁਪਤ ਰੂਪ ਵਿੱਚ ਜਾਂ ਅਦ੍ਰਿਸ਼ਟਮਾਨ ਹੈ ਉੱਥੇ ਫ਼ਰੀਦ ਬਾਣੀ ਵਿੱਚ ਵੈਰਾਗ ਦੀ ਪੂਰਨ ਨਿਸ਼ਪਤੀ ਦਾ ਸਾਧਨ ਬਿਰਹਾ ਹੈ ਜੋ ਪ੍ਰਭੂ ਵਿਛੋੜੇ ਦੀ ਉਪਜ ਹੈ। ਫ਼ਰੀਦ ਬਾਣੀ ਅਨੁਸਾਰ ਬਿਰਹਾ ਪਰਮ ਸੱਤਾ ਨਾਲ ਅਭੇਦ ਹੋਣ ਦਾ ਵੱਡਾ ਵਸੀਲਾ ਮੰਨਿਆ ਗਿਆ ਹੈ। ਬਿਰਹਾ ਹੀ ਉੱਚ ਹਸਤੀ ਦਾ ਅਹਿਸਾਸ ਜਗਾਉਂਦਾ ਹੈ ਤੇ ਹਕੀਕਤ ਦਾ ਬੋਧ ਪੈਦਾ ਕਰਦਾ ਹੈ। ਸਾਧਕ ਆਪਣੀ ਹਸਤੀ ਤੋਂ ਲੈ ਕੇ ਮੂਲ ਤੱਤ ਦੀ ਹਸਤੀ ਦੀ ਨਿਰੋਲ ਪਰਿਭਾਸ਼ਾ ਨਾਲ ਜੁੜਦਾ ਹੈ। ਬਿਰਹਾ ਜਾਂ ਵੈਰਾਗ ਰੂਹ/ਆਤਮਾ ਨੂੰ ਤੀਬਰਤਾ ਪ੍ਰਦਾਨ ਕਰਦਾ ਹੈ ਇਹੀ ਤੀਬਰਤਾ ਉਸ ਨੂੰ ਰੱਬੀ ਇਸ਼ਕ ਦੀ ਲਗਾਤਾਰਤਾ ਨਾਲ ਜੋੜਦੀ ਹੈ ਅਤੇ ਇਹੀ ਲਗਾਤਾਰਤਾ ਇਲਾਹੀ ਗਿਆਨ ਵੱਲ ਸਫ਼ਰ ਕਰਾਉਂਦੀ ਹੈ ਜਿੱਥੇ ਜਾ ਕੇ ਉਸ ਨੂੰ ਇਹ ਸੋਝੀ ਪ੍ਰਾਪਤ ਹੁੰਦੀ ਹੈ ਕਿ ਜੇ ਗਲੀਏ ਚਿੱਕੜ ਅਤੇ ਪਿਆਰੇ ਦਾ ਘਰ ਦੂਰ ਹੋਣ ਕਰਕੇ ਕੰਬਲੀ ਭਿੱਜਦੀ ਹੈ ਤਾਂ ਰਸਤਿਓਂ ਮੁੜਨ 'ਤੇ ਪ੍ਰੇਮ ਜਾਂ ਇਸ਼ਕ ਭੰਗ ਹੁੰਦਾ ਹੈ। ਫ਼ਰੀਦ ਬਾਣੀ ਮਾਨਵੀ ਜਾਂ ਸਾਧਕ ਦੇ ਰਸਤੇ ਵਿੱਚ ਆਉਂਦੇ ਦਵੰਧਾਂ ਨੂੰ ਸਾਹਮਣੇ ਲੈ ਆਉਂਦੀ ਹੈ। ਇਹ ਦਵੰਧ ਨੂੰ ਉਪਜਾਉਣ ਵਾਲੇ ਪ੍ਰਸ਼ਨ ਸਮਾਜ ਜਾਂ ਰੂਹਾਨੀਅਤ ਦੇ ਅੰਦਰੂਨੀ ਤੇ ਬਾਹਰੀ ਪ੍ਰਸ਼ਨ ਹਨ ਜਿੰਨ੍ਹਾਂ ਦਾ ਪੈਦਾ ਹੋਣਾ ਜ਼ਰੂਰੀ ਹੈ। ਜੀਵਨ ਦੀ ਨੀਰਸਤਾ, ਮੌਤ ਦਾ ਭੈਅ, ਆਤਮਾ ਦਾ ਪਰਮਾਤਮਾ ਨਾਲੋਂ ਵਿਛੋੜਾ ਆਦਿ ਪ੍ਰਸ਼ਨ ਹੀ ਸਾਧਕ ਨੂੰ ਚਿੰਤਨ ਨਾਲ ਜੋੜਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਵੀ ਗੁਰਮਤਿ ਅਨੁਸਾਰ ਇੰਨ੍ਹਾਂ ਪ੍ਰਸ਼ਨਾਂ ਦੇ ਪ੍ਰਤੀਉੱਤਰ ਸਿਰਜਦੇ ਨਜ਼ਰੀਂ ਪੈਂਦੇ ਹਨ। ਦੋਨਾਂ ਹੀ ਮਹਾਂਕਵੀਆਂ ਦੇ ਪ੍ਰਸ਼ਨ ਮੂਲ ਰੂਪ ਵਿੱਚ ਸਾਂਝੀ ਸੁਰ ਵਾਲੇ ਹਨ। ਪਰੰਤੂ ਉੱਤਰਾਂ ਦੇ ਵਿੱਚ ਵਿਚਾਰਧਾਰਾ ਦੇ ਸਨਮੁੱਖ ਕੁੱਝ ਕੁ ਵਖਰੇਵੇਂ ਹਨ ਅਤੇ ਸਾਂਝਾਂ ਵੀ ਹਨ। ਇਹੀ ਸਾਂਝਾਂ ਫ਼ਰੀਦ ਬਾਣੀ ਨੂੰ ਗੁਰਮਤਿ ਅਨੁਸਾਰ ਸਵੀਕ੍ਰਿਤੀ ਦਿੰਦੀਆਂ ਹਨ। ਜਿਸ ਨੂੰ ਅਸੀਂ ਖੋਜ ਕਾਰਜ ਵਿੱਚ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਫ਼ਰੀਦ ਸਾਹਿਬ ਨਿਰਾਸ਼ਾ ਵਿੱਚ ਡੁੱਬੇ ਆਲਮ ਵਿੱਚੋਂ ਜ਼ਰੂਰ ਬੋਲਦੇ ਹਨ ਪਰੰਤੂ ਨਿਰਾਸ਼ਾ ਵੱਲ ਧੱਕਣ ਦੀ ਬਜਾਏ

ਆਤਮਿਕ ਬਲਸ਼ੀਲਤਾ ਉੱਪਰ ਨਿੱਗਰ ਬਲ ਦਿੰਦੇ ਹਨ। ਉਹ ਨਾਸ਼ਮਾਨਤਾ ਦੇ ਦੁੱਖ ਤੋਂ ਬਚਣ ਲਈ ਨੈਤਿਕ ਗੁਣਾਂ ਨੂੰ ਅਮਲੀ ਰੂਪ ਵਿੱਚ ਅਪਣਾਉਣ ਦਾ ਜ਼ਿਕਰ ਕਰਦੇ ਹੋਏ ਮਾਨਵ ਨੂੰ ਨਾਸ਼ਮਾਨਤਾ ਦੇ ਦੁੱਖ ਤੋਂ ਬਚਣ ਲਈ ਆਤਮਿਕ ਚਿੰਤਨ ਅਤੇ ਆਤਮਿਕ ਤੌਰ 'ਤੇ ਤੱਕੜਾ ਹੋਣ ਦੀ ਲੋੜ ਨੂੰ ਸੁਝਾਉਂਦੇ ਹਨ। ਫ਼ਰੀਦ ਬਾਣੀ ਦੇ ਅਧਿਐਨ ਉਪਰੰਤ ਇਹ ਮੱਤ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਨਿਰੋਲ ਉਪਦੇਸ਼ਾਤਮਕ ਨਹੀਂ ਸਗੋਂ ਸਵੈ ਅਨੁਭਵੀ ਅਤੇ ਕਥਨੀ ਤੇ ਕਰਨੀ ਦੇ ਪ੍ਰਪੱਕ ਸਨ। ਉਹ ਜੋ ਦੂਜਿਆਂ ਨੂੰ ਸਮਝਾਉਂਦੇ ਸਨ ਪਹਿਲਾਂ ਖੁਦ ਉਸ ਮਾਰਗ 'ਤੇ ਤੁਰਦੇ ਸਨ ਜਿਵੇਂ :-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

ਫ਼ਰੀਦ ਇੱਕ ਸੋਮਲ ਮਨੁੱਖ ਦੀ ਉਸਾਰੀ ਕਰਦੇ ਨਜ਼ਰੀਂ ਪੈਂਦੇ ਹਨ ਜੋ ਕਾਮ, ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਵਰਗੀਆਂ ਤਨ ਮਨ ਨੂੰ ਨਾਸ਼ ਕਰਨ ਵਾਲੀਆਂ ਭੈੜੀਆਂ ਵਾਦੀਆਂ ਤੋਂ ਮੁਕਤ ਹੋਵੇ ਅਤੇ ਇਨ੍ਹਾਂ ਨੂੰ ਤਾਕਤ ਦੇ ਰੂਪ ਵਿੱਚ ਵਰਤਣ ਦਾ ਮਾਰਗ ਸੁਝਾਅ ਕੇ ਚੰਗੇ ਅਮਲ ਵੱਲ ਲੈ ਜਾਵੇ। ਚੰਗੇ ਅਮਲ ਦੀ ਪ੍ਰੇਰਨਾ ਹੀ ਵੈਰਾਗੀ ਅਵਸਥਾ ਦੀ ਪਹਿਚਾਣ ਅਤੇ ਕਾਰਜ ਹੈ। ਫ਼ਰੀਦ ਸਾਹਿਬ ਇਸ ਮੱਤ ਰਾਹੀਂ ਸਪੱਸ਼ਟ ਕਰਦੇ ਹਨ ਕਿ ਵੈਰਾਗ ਅੰਦਰੂਨੀ ਹੈ। ਇਸ ਵੈਰਾਗ ਦੀ ਅਵਸਥਾ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਜੰਗਲਾਂ, ਪਹਾੜਾਂ ਵਿੱਚ ਭਟਕਣ ਦੀ ਜਾਂ ਹਠ ਤਪ ਕਰਨ ਦੀ ਲੋੜ ਨਹੀਂ ਹੈ ਸਗੋਂ ਇਹ ਤਾਂ ਘਰ ਬੈਠਿਆਂ ਹੀ ਪ੍ਰਾਪਤ ਹੋ ਸਕਦਾ ਹੈ ਪਰੰਤੂ ਵਿਵਹਾਰ (ਨੀਅਤ) ਵਿੱਚ ਇਮਾਨ ਲੈ ਆਉਣਾ ਅਤਿਅੰਤ ਜ਼ਰੂਰੀ ਹੈ। ਜਿਸ ਲਈ ਕਿਰਤ, ਪ੍ਰੇਮ ਅਤੇ ਸਾਦਗੀ ਦੇ ਧਾਰਨੀ ਹੋਣਾ ਲਾਜ਼ਮੀ ਹੈ। ਫ਼ਰੀਦ ਬਾਣੀ ਦੇ ਅਧਿਐਨ ਉਪਰੰਤ ਇਹ ਤਰਕ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਬਿਰਹਾ ਤੋਂ ਬਗੈਰ ਈਸ਼ਵਰ ਪਿਆਰੇ ਨਾਲ ਪ੍ਰੇਮ ਦੀ ਲਗਨ ਨਾ ਸੱਚੀ ਹੋ ਸਕਦੀ ਹੈ ਤੇ ਨਾ ਹੀ ਸੁਆਦਲੀ। ਇਸ ਬਿਰਹੋਂ ਦੀ ਭੱਠੀ ਅੰਦਰ ਤਪ ਕੇ ਹੀ ਮਨੁੱਖ ਦਾ ਹਿਰਦਾ ਕੋਮਲ ਅਤੇ ਸ਼ੁੱਧ ਹੋ ਸਕਦਾ ਹੈ। ਕੋਮਲ ਅਤੇ ਸੋਮਲ ਹਿਰਦੇ ਵਿੱਚ ਹੀ ਪਰਮਾਤਮਾ ਦਾ ਟਿਕਾਉ ਜਾਂ ਵਾਸਾ ਸੰਭਵ ਹੈ। ਇਹ ਅਵਸਥਾ ਹਨੇਰੇ ਵਿੱਚ ਕੀਤੇ ਚਾਨਣ ਵਾਲੀ ਹੁੰਦੀ ਹੈ।

ਦੋਨਾਂ ਕਾਵਿ ਧਾਰਾਵਾਂ ਦੇ ਇੰਨ੍ਹਾਂ ਮਹਾਂਕਵੀਆਂ ਦੀ ਬਾਣੀ ਦੇ ਅਧਿਐਨ ਨੂੰ ਅਸੀਂ ਆਪਣੇ ਖੋਜ ਕਾਰਜ ਵਿੱਚ ਸਪੱਸ਼ਟ ਕਰਦਿਆਂ ਮੁੱਖ ਰੂਪ ਵਿੱਚ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਦੋਨੋਂ ਹੀ ਕਵੀ ਵੈਰਾਗ ਦਾ ਮੂਲ ਕਾਰਨ ਨਾਸ਼ਮਾਨਤਾ ਦੇ ਸੰਕਲਪ ਵਿੱਚੋਂ ਉਸਾਰਦੇ ਅਤੇ ਪ੍ਰਵਾਨ ਕਰਦੇ ਹੋਏ ਨਜ਼ਰੀਂ ਪੈਂਦੇ ਹਨ। ਇਹ ਨਾਸ਼ਮਾਨਤਾ ਹੀ ਦੋਨਾਂ ਦੇ ਕਾਵਿ ਪ੍ਰਵਚਨ ਨੂੰ ਪ੍ਰਭਾਵਿਤ ਕਰਦੀ ਹੋਈ ਜੀਵਨ ਦੀ ਅਟੱਲ ਸੱਚਾਈ ਦਾ ਅਹਿਸਾਸ ਕਰਾਉਂਦੀ ਨਜ਼ਰੀਂ ਪੈਂਦੀ ਹੈ। ਦੋਨਾਂ ਕਵੀਆਂ ਦੀ ਰਚਨਾ ਸੰਸਾਰਕ ਭੋਗਾਂ, ਇੰਦਰੀਆਂ ਦੇ ਰਸ, ਦੇਹ ਕਲਬੂਤ ਦਾ ਮੋਹ ਆਦਿ ਦੀ ਨਾਸ਼ਮਾਨਤਾ ਨੂੰ ਮਾਨਵੀ ਚੇਤਨਤਾ ਦਾ ਹਿੱਸਾ ਬਣਾਉਂਦੀ ਹੈ। ਇਹੀ ਚੇਤਨਤਾ ਉਪਰਾਮਤਾ ਦੀ ਅਵਸਥਾ ਉਪਜਾਉਂਦੀ ਹੈ। ਜਿਸ ਦੇ ਕਾਰਨ ਵੈਰਾਗ ਆਪਣਾ ਸਫ਼ਰ ਤਹਿ ਕਰਦਾ ਹੋਇਆ ਸਾਧਨਾ ਦੀ ਬੇੜੀ ਵਿੱਚ ਪੈਰ ਧਰਨ ਦਾ ਇਸ਼ਾਰਾ ਕਰਦਾ ਹੈ। ਦੋਨਾਂ ਹੀ ਮਹਾਂਪੁਰਖਾਂ ਨੇ ਆਪਣੇ ਕਾਵਿ ਅਨੁਭਵ ਰਾਹੀਂ ਦੇਹ, ਮਹਲ-ਮਾੜੀਆਂ, ਧਨ-ਮਾਲ, ਸੁਆਸ, ਉਮਰ ਤੇ ਸੰਸਾਰ ਦੀ ਨਾਸ਼ਮਾਨਤਾ ਉੱਪਰ ਕੇਂਦਰਿਤ ਕੀਤਾ ਹੈ ਅਤੇ ਇਸ ਸੰਸਾਰੀ ਸੱਚ ਵਿੱਚ ਸੱਚਾ ਮਾਰਗ ਤਲਾਸ਼ਣ ਦੀ ਯੁਗਤ ਦੱਸੀ ਹੈ। ਦੋਨੋਂ ਹੀ ਮਹਾਂਪੁਰਖ ਮਾਨਵ ਨੂੰ ਸੁਚੇਤ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਸਿਮਰਨ ਤੋਂ ਬਿਨਾਂ ਆਤਮਿਕ ਮੁਕਤੀ ਅਸੰਭਵ ਹੈ। ਸੰਸਾਰਕ ਵਸਤਾਂ ਦੇ ਮੁਕਾਬਲੇ ਇਹੀ ਸਹੀ, ਸੱਚੀ ਅਤੇ ਨਾਲ ਜਾਣ ਵਾਲੀ ਪੂੰਜੀ ਹੈ। ਜੀਵਨ ਦੁਰਲੱਭ ਹੈ ਇਸ ਨੂੰ ਸਰੀਰਕ ਅਤੇ ਆਤਮਿਕ ਤੌਰ ’ਤੇ ਲਾਲਸਾਵਾਂ ਨਾਲ ਜੋੜੀ ਰੱਖਣਾ ਮਾਨਵਤਾ ਦੀ ਮੌਤ ਹੈ। ਮੌਤ ਇੱਕ ਅਟੱਲ ਸੱਚਾਈ ਹੈ ਜੋ ਨਾ ਟਾਲਣਯੋਗ ਹੈ ਅਤੇ ਨਾ ਹੀ ਉਸਦਾ ਕੋਈ ਬਦਲ ਹੈ। ਉਸ ਨੂੰ ਸਾਧਨਾ ਨਾਲ ਸਮਝਿਆ ਜਾ ਸਕਦਾ ਹੈ। ਦੋਨਾਂ ਹੀ ਮਹਾਂਪੁਰਖਾਂ ਨੇ ਨਾਮ ਸਿਮਰਨ ਅਤੇ ਬੰਦਗੀ ਨੂੰ ਮੁਕਤੀ ਸੂਤਰ ਵਜੋਂ ਪ੍ਰਸਾਰਿਤ ਕੀਤਾ ਹੈ ਕਿਉਂਕਿ ਸਿਮਰਨ ਬੰਦਗੀ ਮਾਨਵ ਨੂੰ ਅਜਿਹੇ ਗਿਆਨ ਨਾਲ ਜੋੜਦੇ ਹਨ ਜਿਸ ਨਾਲ ਉਹ ਲੌਕਿਕ ਜਾਂ ਧਰਾਤਲੀ ਘੁੰਮਣ ਘੇਰੀਆਂ ਵਿੱਚੋਂ ਆਪਣੇ ਆਪ ਨੂੰ ਬਚਾ ਕੇ ਅਜਿਹੀ ਸੋਝੀ ਪ੍ਰਾਪਤ ਕਰ ਸਕਦਾ ਹੈ ਜੋ ਉਸ ਨੂੰ ਅਜਿਹੇ ਪ੍ਰਾਲੌਕਿਕ ਮੰਡਲ ਵਿੱਚ ਵਿਚਰਨ ਦਿੰਦੀ ਹੈ ਜਿਸ ਦੀ ਮੱਦਦ ਨਾਲ ਉਹ ਵਿਸ਼ਮਾਦੀ ਪੂੰਜੀ ਇਕੱਠੀ ਕਰਨ ਦੇ ਕਾਬਲ ਹੋ ਜਾਂਦਾ ਹੈ ਅਤੇ ਮੂਲ ਤੱਤ ਦੇ ਮਿਲਾਪ ਵੱਲ ਵਧਣ ਲੱਗਦਾ ਹੈ। ਦੋਨਾਂ ਮਹਾਂਕਵੀਆਂ ਦੀ ਬਾਣੀ ਦੇ ਅਧਿਐਨ ਉਪਰੰਤ ਕੁੱਝ ਵਖਰੇਵੇਂ ਵੀ ਸਾਹਮਣੇ ਆਉਂਦੇ ਹਨ ਜਿੰਨ੍ਹਾਂ ਨੂੰ ਖੋਜ ਕਾਰਜ ਵਿੱਚ ਸਪੱਸ਼ਟ ਕੀਤਾ ਗਿਆ ਹੈ। ਇੰਨ੍ਹਾਂ ਵਖਰੇਵਿਆਂ ਦਾ ਮੁੱਖ ਕਾਰਨ ਦੋਨਾਂ

ਵਿਚਾਰਧਾਰਾਵਾਂ ਦਾ ਧਰਾਤਲੀ ਵਖਰੇਵਾਂ ਤਾਂ ਹੈ ਹੀ ਸਗੋਂ ਵਿਚਾਰਧਾਰਕ ਪੱਧਰ ’ਤੇ ਵੀ ਵਖਰੇਵਾਂ ਹੈ। ਇੱਥੇ ਇਹ ਦੱਸਣਯੋਗ ਹੈ ਕਿ ਵਖਰੇਵੇਂ ਦੇ ਬਾਵਜੂਦ ਜਿੱਥੇ ਇੰਨ੍ਹਾਂ ਕਵੀਆਂ ਦੀ ਵਿਚਾਰਧਾਰਾ ਮੇਲ ਖਾ ਜਾਂਦੀ ਹੈ ਉੱਥੇ ਹੀ ਦੋਨੋਂ ਕਵੀਆਂ ਦੀ ਬਾਣੀ ਸਮਕਾਲੀ ਸਮੇਂ ਵੀ ਬੜਾ ਹੀ ਸਾਰਥਿਕ ਪ੍ਰਵਚਨ ਸਿਰਜਦੀ ਹੈ। ਦੋਨਾਂ ਮਹਾਂਪੁਰਖਾਂ ਦੇ ਅਨੁਭਵ ਦਾ ਪੱਧਰ ਵਿਚਾਰਧਾਰਾਵਾਂ ਦੀ ਪਿਸ਼ਟ ਭੂਮੀ ਉੱਪਰ ਟਿਕਿਆ ਹੋਇਆ ਹੈ ਅਤੇ ਦੋਨੋਂ ਆਪਣਾ ਮੌਲਿਕ ਚਿੰਤਨ ਆਪਣੀ ਆਪਣੀ ਵਿਚਾਰਧਾਰਾ ਵਿੱਚ ਰਹਿ ਕੇ ਕਰਦੇ ਹਨ। ਫ਼ਰੀਦ ਬਾਣੀ ਗੁਰਮਤਿ ਸਿਧਾਂਤਾ ਦੇ ਅਨੁਕੂਲ ਹੋ ਨਿਬੜਦੀ ਹੈ। ਸੂਫੀ ਧਾਰਾ ਨਾਲੋਂ ਫ਼ਰੀਦ ਦਾ ਵੈਰਾਗ ਗੁਰਮਤਿ ਦੇ ਵੈਰਾਗ ਨਾਲ ਵਧੇਰੇ ਮੇਲ ਖਾਂਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਦੋਨਾਂ ਹੀ ਮਹਾਂਪੁਰਖਾਂ ਦੀ ਸੂਖ਼ਮਭਿੰਨਤਾ ਤਾਂ ਹੈ ਪਰੰਤੂ ਦੋਨਾਂ ਮਹਾਂਪੁਰਖਾਂ ਦੀ ਅਧਿਆਤਮਿਕ ਸੁਰ ਤੇ ਮਨਸ਼ਾ ਇੱਕੋ ਹੈ। ਇਨ੍ਹਾਂ ਦੀ ਕਾਵਿ ਸਿਰਜਣਾ ਦੁਆਰਾ ਬਿਰਹੋਂ ਤੇ ਵੈਰਾਗ ਦਾ ਪ੍ਰਗਟਾਅ ਢੰਗ ਭਿੰਨ ਹੋ ਸਕਦਾ ਹੈ ਪਰ ਮੂਲ ਸਰੋਕਾਰ ਨਿਰੋਲ ਪ੍ਰਮਾਰਥਕ ਹੈ। ਦੋਨਾਂ ਹੀ ਮਹਾਂਕਵੀਆਂ ਦਾ ਮਨਸ਼ਾ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਪੇਸ਼ ਕਰਕੇ ਸੋਹਣਾ ਮਨੁੱਖ ਘੜਨਾ ਹੈ।